**Reo-Bankowned Properties**

From San Jose to Sacramento

JASSI GILL Broker/Owner

Ph:510-304-9292

**Refinance Now**

@ZERO COST

Call Sukhi Gill:510-207-9067

Jassi Gill

CA DRE Lic.#01180969 CA DRE# 00966763



WEBSITE: DHOLRADIO.ORG

**Dhol Radio**

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Listen On Phone

Music 24/7

Application for android and iPhone- Dhol Radio



ਵਧੀਆ ਅਤੇ ਸਸਤੀ ਇੰਸ਼ੋਰੈਂਸ

GILL FINANCIAL AND INSURANCE SERVICES

AUTO.HOME.LIFE.BUSINESS.HEALTH

(510)888-1180 (209)524-4008

31080 UNION CITY BLVD. STE#201 UNION CITY, CA 94587

WWW.GILLFINANCIAL.COM

ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ



Fifteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 26, June 28, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਆਪਣੀ ਹੀ ਸਿਆਸਤ ਵਿਚ ਘਿਰੇ ਬਾਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਵਿਚ ਧੋਬੀ ਪਟਕਾ ਖਾਣ ਮਗਰੋਂ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ। ਇਕ ਪਾਸੇ ਅਕਾਲੀ ਦਲ ਦੇ ਅੰਦਰ ਹੀ ਬਾਦਲ ਪਰਿਵਾਰ ਦੇ ਦਬਦਬੇ ਵਿਰੁੱਧ ਆਵਾਜ਼ ਉੱਠਣੀ ਸ਼ੁਰੂ ਹੋ ਗਈ ਹੈ, ਦੂਜੇ ਪਾਸੇ ਭਾਈਵਾਲ ਪਾਰਟੀ ਭਾਜਪਾ ਨੇ ਵੀ ਖੁੱਲ੍ਹ ਕੇ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨੇ ਲੋਕ ਸਭਾ ਚੋਣਾਂ ਵਿਚ ਹਾਰ ਲਈ ਭਾਜਪਾ ਨੇ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚਾਹੇ ਭਾਜਪਾ ਤੇ ਅਕਾਲੀ ਦਲ ਦੇ ਨਹੁੰ-ਮਾਸ ਵਾਲੇ ਰਿਸ਼ਤੇ ਦੇ ਦਾਅਵੇ ਕਰ ਰਹੇ ਹਨ ਪਰ ਭਾਜਪਾ ਦੀਆਂ ਤਿੱਖੀਆਂ ਟਿੱਪਣੀਆਂ ਨੇ ਬਹੁਤ ਕੁਝ ਸਪਸ਼ਟ ਕਰ ਦਿੱਤਾ ਹੈ। ਗੱਠਜੋੜ ਵਿਚ ਇਹ ਤਰੇੜਾਂ ਦਿੱਲੀ ਤੱਕ ਵੀ ਪਹੁੰਚਣਗੀਆਂ ਜਿਸ ਨਾਲ ਬਾਦਲਾਂ ਦੇ ਸੁਫਨੇ ਚਕਨਾਚੂਰ ਹੋ ਸਕਦੇ ਹਨ। ਸ. ਬਾਦਲ ਨੂੰ ਉਮੀਦ ਹੈ ਕਿ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਬਣਨ ਨਾਲ ਉਹ ਆਪਣੀ ਹਰ ਗੱਲ ਮਨਵਾਉਣ ਵਿਚ ਸਫਲ ਹੋਣਗੇ ਪਰ ਪੰਜਾਬ ਭਾਜਪਾ ਦੇ ਤੇਵਰਾਂ ਤੋਂ ਲੱਗਦਾ ਹੈ ਕਿ ਉਨ੍ਹਾਂ ਦੀ ਇਹ ਇੱਛਾ ਪੂਰੀ ਹੋਣੀ ਔਖੀ ਹੈ।

ਭਾਜਪਾ ਹਾਈ ਕਮਾਨ ਵੱਲੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਮਾੜੇ ਨਤੀਜਿਆਂ ਤੇ ਪਾਰਟੀ ਦੀ ਕਾਰਗੁਜ਼ਾਰੀ ਦੀ ਪੜਚੋਲ ਲਈ ਬਣਾਈ ਗਈ ਕਮੇਟੀ ਨੇ ਆਪਣੀ ਰਿਪੋਰਟ ਸ਼ਾਂਤਾ ਕੁਮਾਰ ਨੂੰ ਸੌਂਪ ਦਿੱਤੀ ਹੈ। ਇਹ ਕਮੇਟੀ ਸੀਨੀਅਰ ਭਾਜਪਾ ਆਗੂ ਬਲਰਾਮਜੀ ਦਾਸ ਟੰਡਨ ਦੀ ਅਗਵਾਈ





ਹੇਠ ਬਣਾਈ ਗਈ ਸੀ। ਰਿਪੋਰਟ ਵਿਚ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਪੰਜਾਬ ਵਿਚ ਮੋਦੀ ਲਹਿਰ ਦੇ ਬੇਅਸਰ ਸਾਬਤ ਹੋਣ ਲਈ ਸਰਕਾਰ ਦੀ ਕਾਰਗੁਜ਼ਾਰੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਰੇਤਾ, ਬੱਜਰੀ, ਸ਼ਰਾਬ ਤੇ ਸੁਵਿਧਾ ਕੇਂਦਰ ਵੀ ਮਾਫੀਏ ਦੇ ਕਬਜ਼ੇ ਹੇਠ ਚਲੇ ਗਏ ਹਨ। ਇਸੇ ਕਾਰਨ ਆਮ ਆਦਮੀ ਪਿਸ ਰਿਹਾ ਹੈ। ਰਾਜ ਵਿਚ ਨਸ਼ਿਆਂ ਦੇ ਪਸਾਰ ਲਈ ਵੀ ਮੌਜੂਦਾ ਪੁਲਿਸ ਪ੍ਰਸ਼ਾਸਨ ਦੀ ਮਿਲੀਭੁਗਤ ਤੇ ਸਰਕਾਰ ਦੇ ਲਾਪ੍ਰਵਾਹੀ ਵਾਲੇ ਰਵੱਈਏ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਸਾਧਾਰਨ ਵਿਅਕਤੀ ਲਈ ਵਿਆਹ-ਸ਼ਾਦੀਆਂ ਕਰਨੀਆਂ ਵੀ ਮੁਸ਼ਕਿਲ ਹੋ ਗਈਆਂ ਹਨ ਕਿਉਂਕਿ ਮੈਰਿਜ ਪੈਲੇਸ ਵੀ ਮਾਫੀਆ ਦੇ ਕੰਟਰੋਲ ਹੇਠ ਚਲੇ ਗਏ ਹਨ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਮਿਉਂਸਪਲ ਕਮੇਟੀਆਂ ਤੇ ਕਾਰਪੋਰੇਸ਼ਨਾਂ ਦੇ ਖੇਤਰਾਂ ਵਿਚ 8 ਫ਼ੀਸਦੀ ਅਸ਼ਟਾਮ ਡਿਊਟੀ ਤੇ ਦਿਹਾਤੀ ਖੇਤਰਾਂ ਲਈ 5 ਫ਼ੀਸਦੀ ਅਸ਼ਟਾਮ ਡਿਊਟੀ ਰੱਖ ਕੇ ਸ਼ਹਿਰੀ ਖੇਤਰਾਂ ਨਾਲ ਵਿਤਕਰਾ ਕੀਤਾ ਗਿਆ ਹੈ ਤੇ ਵਪਾਰੀ ਖੇਤਰ ਨੂੰ ਵੈਟ ਦਾ ਰਿਫੰਡ ਮਹੀਨਿਆਂ ਬੱਧੀ ਲੇਟ ਕਰ ਕੇ ਵਪਾਰੀ ਵਰਗ ਨੂੰ ਨਿਰਾਸ਼ ਕਰ ਦਿੱਤਾ ਗਿਆ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਰਾਜ ਨੂੰ ਸਨਅਤਾਂ ਲਾਉਣ ਲਈ ਮਾਫਕ ਨਹੀਂ ਸਮਝਿਆ ਜਾ ਰਿਹਾ ਜਿਸ ਕਾਰਨ ਰਾਜ ਵਿਚ ਪੂੰਜੀ ਨਿਵੇਸ਼ ਬੰਦ ਹੋ ਗਿਆ

(ਬਾਕੀ ਸਫਾ 6 'ਤੇ)

# ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਆਰ-ਪਾਰ ਦਾ ਮਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਲਈ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਨੂੰ ਲੈ ਕੇ ਸਿੱਖ ਸਿਆਸਤ ਗਰਮਾ ਗਈ ਹੈ। ਇਹ ਬਾਰੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ 6 ਜੁਲਾਈ ਨੂੰ ਕੈਥਲ ਵਿਖੇ ਹੋ ਰਹੀ ਸਿੱਖ ਕਨਵੈਨਸ਼ਨ ਵਿਚ ਐਲਾਨ ਕਰ ਸਕਦੇ ਹਨ। ਇਕ ਪਾਸੇ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਹਰਿਆਣਾ ਦੇ ਸਿੱਖ ਸ੍ਰੀ ਹੁੱਡਾ ਦੇ ਇਹ ਹੁੰਗਾਰੇ ਤੋਂ ਕਾਫੀ ਉਤਸ਼ਾਹਤ ਹਨ ਪਰ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਦੇ ਦਖ਼ਲ ਨਾਲ ਇਸ ਕਵਾਇਦ ਨੂੰ ਰੁਕਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।

**ਹੁੱਡਾ 6 ਜੁਲਾਈ ਨੂੰ ਐਲਾਨ ਲਈ ਦ੍ਰਿੜ੍ਹ!**

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਕਹਿਣਾ ਹੈ ਕਿ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਦੀ ਅਗਵਾਈ ਹੇਠ ਕਾਇਮ ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ ਕਾਨੂੰਨੀ ਸਲਾਹ ਲਈ ਜਾ ਚੁੱਕੀ ਹੈ। ਰਿਪੋਰਟ ਦੇ ਆਧਾਰ 'ਤੇ ਸੂਬੇ ਦੇ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਫ਼ੈਸਲਾ ਕੀਤਾ ਜਾਵੇਗਾ। ਹਰਿਆਣਾ ਵਿਚ ਕਾਂਗਰਸ ਦੀ ਸਰਕਾਰ ਹੈ ਤੇ ਸ੍ਰੀ ਹੁੱਡਾ ਵੱਖਰੀ ਕਮੇਟੀ ਦਾ ਐਲਾਨ ਕਰ ਕੇ ਅਗਲੀਆਂ ਚੋਣਾਂ ਲਈ ਸਿੱਖਾਂ ਦੀਆਂ ਵੋਟਾਂ ਪੱਕੀਆਂ ਕਰਨ ਦੀ ਤਾਕ ਵਿਚ ਹਨ।

ਕਾਂਗਰਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵੱਖਰੀ ਕਮੇਟੀ ਦੇ ਗਠਨ ਦਾ ਵਾਅਦਾ ਕੀਤਾ ਸੀ। ਵੱਖਰੀ ਕਮੇਟੀ ਦੀ ਮੰਗ ਲਈ ਸੰਘਰਸ਼ ਕਰ ਰਹੇ ਸਿੱਖ ਆਗੂ ਦੀਦਾਰ ਸਿੰਘ ਨਲਵੀ ਨੇ ਕਿਹਾ ਹੈ ਕਿ ਸਰਕਾਰ ਦਾ ਵੱਖਰੀ ਕਮੇਟੀ ਬਣਾਉਣ ਤੋਂ ਬਗ਼ੈਰ ਛੁਟਕਾਰਾ ਨਹੀਂ ਹੋ ਸਕਦਾ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਭਾਵੇਂ ਇਸ ਦਾ ਵਿਰੋਧ ਕਰ ਰਹੇ ਹਨ ਪਰ ਮਹਾਰਾਸ਼ਟਰ, ਬਿਹਾਰ, ਦਿੱਲੀ ਤੇ ਉਤਰਾਖੰਡ ਵਿਚ ਪਹਿਲਾਂ ਹੀ ਵੱਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹਨ। ਹਰਿਆਣਾ ਵਿਚ 72 ਗੁਰਦੁਆਰੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ 180 ਕਰੋੜ ਰੁਪਏ ਹੈ।

ਕਾਬਲੇਗੌਰ ਹੈ ਕਿ ਹਰਿਆਣਾ ਦੇ ਸਿੱਖਾਂ ਵੱਲੋਂ ਪੰਜਾਬ ਰਾਜ ਪੁਨਰਗਠਨ ਐਕਟ 1966 ਦੀ ਧਾਰਾ 72 ਦੇ ਸੈਕਸ਼ਨ 3 ਤਹਿਤ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਵਿਚ 11 ਵਿਚੋਂ ਸੱਤ ਮੈਂਬਰ ਵੱਖਰੀ ਕਮੇਟੀ ਪੱਖੀ ਜਿੱਤ ਗਏ ਸਨ ਤੇ ਇਸ ਮੰਗ ਨੇ ਜ਼ੋਰ ਫੜ ਲਿਆ ਸੀ ਪਰ ਅਗਲੀਆਂ ਚੋਣਾਂ ਵਿਚ ਖ਼ਾਤਾ ਵੀ ਨਹੀਂ ਖੁੱਲ੍ਹ ਸਕਿਆ। ਇਸ ਵਾਰ ਦੀਆਂ ਗੁਰਦੁਆਰਾ ਚੋਣਾਂ ਦੋਵਾਂ ਧੜਿਆਂ ਨੇ ਅੱਡ ਅੱਡ ਹੋ ਕੇ ਲੜੀਆਂ ਸਨ। ਉਂਝ ਦੋਵਾਂ ਧੜਿਆਂ ਦੇ ਉਮੀਦਵਾਰਾਂ ਦੀਆਂ ਵੋਟਾਂ ਮਿਲਾ ਕੇ ਜੇਤੂ ਉਮੀਦਵਾਰ ਨਾਲੋਂ ਵਧੇਰੇ ਬਣਦੀਆਂ ਹਨ। ਉਧਰ, ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਲਈ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੂੰ ਕਿਹਾ ਹੈ

(ਬਾਕੀ ਸਫਾ 6 'ਤੇ)


**REAL ESTATE & HOME LOANS**

✓ Low Interest Rate
✓ 3.5% Down Payment
✓ Free Credit Report
✓ Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate
209.918.6464
ahundal@c21mm.com

Century 21 M&M and Associates



Raja SWEETS & CATERING

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi

Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que

Additional Services: Warmers, Chaffing Dishes, China & Silverware, Linen Rental, Waiters & Bartenders

Raja Sweets & Indian Cuisine — Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)

Manpreet S. Gahra
Attorney At Law

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com


STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਨਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring


ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
269.99 Installed
LP22.5
CASH PRICE
STEER OR DRIVE
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
FET, SALES TAX, MOUNTING INCLUDED
INSTALLED OUT THE DOOR PRICE
661-203-0433

# ਸੜਕਾਂ ਲਈ ਆਏ ਕੇਂਦਰੀ ਫੰਡ ਡਕਾਰ ਗਈ ਬਾਦਲ ਸਰਕਾਰ

**ਬਠਿੰਡਾ:** ਕੇਂਦਰੀ ਸੜਕ ਯੋਜਨਾ ਦੀ ਵੱਡੀ ਰਕਮ ਪੰਜਾਬ ਸਰਕਾਰ ਨੇ ਦੱਬ ਲਈ ਹੈ। ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਕਰੀਬਨ 200 ਕਰੋੜ ਰੁਪਏ ਇਧਰ-ਉਧਰ ਵਰਤ ਲਏ ਹਨ। ਕੇਂਦਰ ਸਰਕਾਰ ਨੇ ਅਪਰੈਲ ਦੇ ਆਖਰੀ ਹਫਤੇ ਵਿਚ ਪੰਜਾਬ ਸਰਕਾਰ ਨੂੰ ਇਸ ਯੋਜਨਾ ਤਹਿਤ 193 ਕਰੋੜ ਰੁਪਏ ਰਿਲੀਜ਼ ਕੀਤੇ ਪਰ ਹਾਲੇ ਤੱਕ ਇਹ ਪੈਸਾ ਨੋਡਲ ਏਜੰਸੀ ਤੱਕ ਨਹੀਂ ਪੁੱਜਿਆ। ਸੜਕ ਨਿਰਮਾਣ ਕਰਨ ਵਾਲੇ ਠੇਕੇਦਾਰਾਂ ਦੇ ਤਕਰੀਬਨ 135 ਕਰੋੜ ਰੁਪਏ ਦੇ ਬਿਲ ਸਰਕਾਰ ਕੋਲ ਪੈਂਡਿੰਗ ਪਏ ਹਨ।

ਪੰਜਾਬ ਭਰ ਵਿਚ ਤਕਰੀਬਨ ਇਕ ਹਜ਼ਾਰ ਕਿਲੋਮੀਟਰ ਸੜਕਾਂ ਦਾ ਨਿਰਮਾਣ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਹੋ ਰਿਹਾ ਸੀ। ਪੈਸਾ ਨਾ ਮਿਲਨ ਕਰਕੇ ਬਹੁਤੇ ਨਿਰਮਾਣ ਕਾਰਜ ਠੱਪ ਹਨ ਤੇ ਜੋ ਕਾਰਜ ਅਧੂਰੇ ਹੋਏ ਹਨ, ਉਨ੍ਹਾਂ ਦੀ ਕੁਆਲਿਟੀ ਵੀ ਪ੍ਰਭਾਵਿਤ ਹੋਣ ਲੱਗੀ ਹੈ। ਠੇਕੇਦਾਰਾਂ ਨੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਕੰਮ ਕਰਨੇ ਬੰਦ ਕਰ ਦਿੱਤੇ ਹਨ। ਸੂਤਰਾਂ ਮੁਤਾਬਕ ਜਦੋਂ ਕੇਂਦਰ ਸਰਕਾਰ ਨੇ 28 ਅਪਰੈਲ 2014 ਨੂੰ ਪੰਜਾਬ ਸਰਕਾਰ ਨੂੰ ਰਕਮ ਭੇਜੀ ਸੀ ਤਾਂ ਠੇਕੇਦਾਰਾਂ ਨੂੰ ਉਮੀਦ ਜਾਗੀ ਸੀ ਕਿ ਉਨ੍ਹਾਂ ਦੇ ਬਿਲ ਕਲੀਅਰ ਹੋ ਜਾਣਗੇ ਪਰ ਸੂਬਾ ਸਰਕਾਰ ਨੇ ਕੇਂਦਰੀ ਪੈਸਾ ਹਾਲੇ ਤੱਕ ਰਿਲੀਜ਼ ਨਹੀਂ ਕੀਤਾ।

ਆਹਲਾ ਮਿਆਰੀ ਸੂਤਰਾਂ ਨੇ ਦੱਸਿਆ ਕਿ ਸਰਕਾਰ ਨੇ ਕੇਂਦਰੀ ਰਕਮ ਕੁਝ ਹੋਰ ਕੰਮਾਂ ਲਈ ਵਰਤ ਲਈ ਹੈ। ਹੁਣ ਆਉਂਦੇ ਦਿਨਾਂ ਵਿਚ ਥੋੜ੍ਹੀ-ਥੋੜ੍ਹੀ ਰਕਮ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਵੀ ਇਸ ਮਾਮਲੇ 'ਤੇ ਸੂਬਾ ਸਰਕਾਰ ਦੀ ਖਿਚਾਈ ਕੀਤੀ ਹੈ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਫੇਜ਼-9 ਤੇ ਫੇਜ਼-10 ਤਹਿਤ ਪੰਜਾਬ ਵਿਚ ਕੰਮ ਚੱਲ ਰਿਹਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਇਸ ਕੇਂਦਰੀ ਸਕੀਮ ਦਾ ਪੈਸਾ ਸਿੱਧਾ ਰਾਜ ਵਿਚਲੀ ਨੋਡਲ ਏਜੰਸੀ ਦੇ ਖਾਤੇ ਵਿਚ ਟਰਾਂਸਫਰ ਕਰ ਦਿੱਤਾ ਜਾਂਦਾ ਸੀ ਪਰ ਹੁਣ ਕੇਂਦਰ ਸਰਕਾਰ ਨੇ ਇਹ ਰਕਮ ਹਰ ਸੂਬੇ ਦੇ ਵਿੱਤ ਵਿਭਾਗ ਦੇ ਰਾਹੀਂ ਦੇਣ ਦਾ ਫੈਸਲਾ ਕੀਤਾ ਹੈ। ਇਸ ਕਾਰਨ ਰਕਮ ਫਸ ਗਈ। ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਦੇ ਤਕਰੀਬਨ 40 ਕਰੋੜ ਰੁਪਏ ਦੇ ਬਿੱਲ ਸਰਕਾਰ ਕੋਲ ਫਸੇ ਪਏ ਹਨ।

ਪੰਜਾਬ ਸਰਕਾਰ ਤੋਂ ਪੈਸਾ ਨਾ ਮਿਲਨ ਕਰਕੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਸਾਰੇ ਪ੍ਰਾਜੈਕਟਾਂ ਦਾ ਕੰਮ ਬੰਦ ਹੋ ਗਿਆ ਹੈ। ਬਹੁਤੇ ਸੜਕ ਪ੍ਰਾਜੈਕਟਾਂ 'ਤੇ ਪੱਥਰ ਪੈ ਚੁੱਕਿਆ ਹੈ ਪਰ ਪ੍ਰੀਮਿਕਸ ਪਾਉਣ ਲਈ ਪੈਸਾ ਨਹੀਂ ਹੈ। ਅਜਿਹੇ ਪ੍ਰਾਜੈਕਟ ਅਧੂਰੇ ਰਹਿਣ ਕਰਕੇ ਪੱਥਰ ਵੀ ਖਰਾਬ ਹੋ ਰਿਹਾ ਹੈ। ਹੁਣ ਪੰਜਾਬ ਸਰਕਾਰ ਨੇ ਮੁੜ ਕੰਮ ਚਾਲੂ ਕਰਨ ਵਾਸਤੇ ਥੋੜ੍ਹੀ-ਥੋੜ੍ਹੀ ਰਕਮ ਰਿਲੀਜ਼ ਕਰਨ ਦਾ ਫੈਸਲਾ ਕਰ ਲਿਆ ਹੈ।

ਸਰਕਾਰੀ ਸੂਤਰ ਆਖਦੇ ਹਨ ਕਿ ਵਿੱਤ ਵਿਭਾਗ ਰਾਹੀਂ ਪੈਸਾ ਭੇਜਣ ਕਰਕੇ ਥੋੜ੍ਹੀ ਦੇਰੀ ਹੋਈ ਹੈ ਪਰ ਇਹ ਪੈਸਾ ਕਿਧਰੇ ਹੋਰ ਕੰਮ ਵਾਸਤੇ ਨਹੀਂ ਵਰਤਿਆ ਗਿਆ।

ਮੁੱਖ ਇੰਜਨੀਅਰ (ਸੜਕਾਂ ਤੇ ਪੁਲ) ਪੰਜਾਬ ਯੋਗੇਸ਼ ਗੁਪਤਾ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਅਪਰੈਲ ਦੇ ਆਖਰੀ ਹਫਤੇ ਤਕਰੀਬਨ 200 ਕਰੋੜ ਰੁਪਏ ਦੀ ਰਕਮ ਮਿਲ ਗਈ ਸੀ ਜਿਸ ਵਿਚੋਂ ਹੁਣ ਉਹ 12 ਕਰੋੜ ਰੁਪਏ ਤਾਂ ਫੌਰੀ ਰਿਲੀਜ਼ ਕਰ ਰਹੇ ਹਨ ਤਾਂ ਜੋ ਠੇਕੇਦਾਰਾਂ ਦੇ ਪੈਂਡਿੰਗ ਬਿੱਲ ਕਲੀਅਰ ਕੀਤੇ ਜਾ ਸਕਣ। ਉਨ੍ਹਾਂ ਆਖਿਆ ਕਿ ਕੇਂਦਰੀ ਰਕਮ ਦੇ ਮਾਮਲੇ ਵਿਚ ਹਰ ਪ੍ਰਾਜੈਕਟ ਵਿਚ ਥੋੜ੍ਹੀ-ਬਹੁਤੀ ਦੇਰੀ ਤਾਂ ਹੋ ਹੀ ਜਾਂਦੀ ਹੈ। ਉਹ ਅਗਲੇ ਹਫਤੇ ਵਿਚ ਹੋਰ ਰਕਮ ਰਿਲੀਜ਼ ਕਰਨਗੇ। ਕੇਂਦਰੀ ਸਕੀਮ ਦਾ ਪੈਸਾ ਹੋਰ ਕੰਮਾਂ ਬਾਰੇ ਵਰਤੇ ਜਾਣ ਬਾਰੇ ਮੁੱਖ ਇੰਜੀਨੀਅਰ ਨੇ ਆਖਿਆ ਕਿ ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਮੰਨਿਆ ਕਿ ਠੇਕੇਦਾਰਾਂ ਦੇ ਵੱਡੀ ਰਕਮ ਦੇ ਕਾਫ਼ੀ ਬਿੱਲ ਬਕਾਇਆ ਪਏ ਹਨ।

## ਐਨਫੋਰਸਮੈਂਟ ਡਾਇਰੈਕਟੋਰੇਟ ਅੱਗੇ ਪੇਸ਼ ਹੋਇਆ ਦਮਨਬੀਰ ਸਿੰਘ

**ਜਲੰਧਰ:** ਸਾਬਕਾ ਮੰਤਰੀ ਸਰਬਣ ਸਿੰਘ ਫਿਲੌਰ ਦਾ ਪੁੱਤਰ ਦਮਨਬੀਰ ਸਿੰਘ ਆਖਰ ਐਂਫੋਰਸਮੈਂਟ ਡਾਇਰੈਕਟੋਰੇਟ ਅੱਗੇ ਪੇਸ਼ ਹੋ ਹੀ ਗਿਆ। ਪੁੱਛਗਿੱਛ ਤੋਂ ਬਾਅਦ ਉਸ ਨੇ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਤਕਰੀਬਨ ਅੱਧੀ ਦਰਜਨ ਸੀਨੀਅਰ ਅਫ਼ਸਰਾਂ ਵੱਲੋਂ ਦਮਨਬੀਰ ਸਿੰਘ ਤੋਂ ਪੁੱਛਗਿੱਛ ਕੀਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਚਾਰ ਵਾਰ ਦਮਨਬੀਰ ਨੂੰ ਤਲਬ ਕੀਤਾ ਸੀ ਪਰ ਉਹ ਕਿਸੇ ਨਾ ਕਿਸੇ ਬਹਾਨੇ ਪੇਸ਼ੀ ਨੂੰ ਟਾਲਦਾ ਆ ਰਿਹਾ ਸੀ। ਇਸ ਵਾਰ ਉਸ ਨੇ ਮੈਡੀਕਲ ਆਧਾਰ 'ਤੇ ਪੇਸ਼ੀ ਤੋਂ ਛੋਟ ਲਈ ਹੋਈ ਸੀ। ਜ਼ਿਕਰਯੋਗ ਹੈ ਕਿ 27 ਮਈ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਹਾਇਕ ਡਾਇਰੈਕਟਰ ਨਰੰਜਣ ਸਿੰਘ ਨੇ ਸੰਮਨ ਜਾਰੀ ਕਰ ਦਿੱਤੇ ਸਨ ਜਿਹੜੇ ਦਮਨਬੀਰ ਸਿੰਘ ਦੇ ਅਰਬਨ ਅਸਟੇਟ ਵਾਲੇ ਘਰ ਦੀ ਕੰਧ 'ਤੇ ਚਿਪਕਾ ਦਿੱਤੇ ਗਏ ਸਨ।

ਗਾਬਾ ਦੇ ਕੋਲਡ ਸਟੋਰ ਤੋਂ ਇਨਕਮ ਟੈਕਸ ਵਿਭਾਗ ਨੂੰ ਮਿਲੀ ਇਕ ਡਾਇਰੀ ਉਨ੍ਹਾਂ ਇਨਫੋਰਸਮੈਂਟ ਡਾਇਰੈਕਟੋਰੇਟ ਹਵਾਲੇ ਕਰ ਦਿੱਤੀ ਸੀ। ਇਸ ਡਾਇਰੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਇਕ ਮੁੱਖ ਸੰਸਦੀ ਸਕੱਤਰ ਦਾ ਨਾਂ ਵੀ ਵੱਜ ਰਿਹਾ ਹੈ ਜਿਸ ਨੂੰ ਡੇਢ ਕਰੋੜ ਦੀ ਰਕਮ ਦੇ ਲੈਣ-ਦੇਣ ਦਾ ਹਿਸਾਬ ਦਰਜ ਹੈ। ਦਮਨਬੀਰ ਸਿੰਘ ਦੇ ਪਿਤਾ ਸਰਬਣ ਸਿੰਘ ਫਿਲੌਰ ਨੂੰ ਵੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਇਸੇ ਕਾਰਨ ਦੇਣਾ ਪਿਆ ਸੀ ਕਿ ਉਸ ਦਾ ਨਾਂ ਡਰੱਗ ਮਾਮਲੇ ਵਿਚ ਆ ਗਿਆ ਸੀ।

## ਸਦਾਮ ਹੁਸੈਨ ਨੂੰ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਫਾਹੇ ਲਾਇਆ

**ਬਗਦਾਦ:** ਇਸਲਾਮਿਕ ਸਟੇਟ ਆਫ ਇਰਾਕ ਤੇ ਸੀਰੀਆ ਦੇ ਅੱਤਵਾਦੀਆਂ ਨੇ ਇਰਾਕ ਦੇ ਸਾਬਕਾ ਸ਼ਾਸਕ ਸਦਾਮ ਹੁਸੈਨ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਇਹ ਦਾਅਵਾ ਸਦਾਮ ਦੇ ਨੇੜਲੇ ਰਹੇ ਇਬਰਾਹਿਮ ਅਲ ਦੌਰੀ ਦੇ ਫੇਸਬੁੱਕ ਪੇਜ 'ਤੇ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜਾਰਡਨ ਦੇ ਇਕ ਸੰਸਦ ਮੈਂਬਰ ਨੇ ਵੀ ਆਪਣੇ ਫੇਸਬੁੱਕ ਪੇਜ 'ਤੇ ਇਸ ਦਾ ਦਾਅਵਾ ਕੀਤਾ ਹੈ। ਭਾਵੇਂਕਿ ਇਰਾਕ ਸਰਕਾਰ ਨੇ ਨਾ ਤਾਂ ਮੌਤ ਦੀ ਪੁਸ਼ਟੀ ਕੀਤੀ ਹੈ ਤੇ ਨਾ ਹੀ ਅਜਿਹਾ ਹੋਣ ਤੋਂ ਇਨਕਾਰ ਕੀਤਾ ਹੈ। ਇਕ ਅੰਗਰੇਜ਼ੀ ਅਖ਼ਬਾਰ ਨੇ ਅਲ ਦੌਰੀ ਦੇ ਫੇਸਬੁੱਕ ਅਕਾਊਂਟ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਸਦਾਮ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵਾਲੇ ਜੱਜ ਰਊਫ਼ ਅਬਦੁੱਲ ਰਹਿਮਾਨ ਨੂੰ ਅਗਵਾ ਕੀਤਾ ਹੈ।

ਕਈ ਵਿਦੇਸ਼ੀ ਅਖ਼ਬਾਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ 16 ਜੂਨ ਨੂੰ ਜੱਜ ਰਹਿਮਾਨ ਨੂੰ ਅਗਵਾ ਕੀਤਾ ਗਿਆ ਤੇ 18 ਜੂਨ ਨੂੰ ਫਾਂਸੀ ਦੇ ਦਿੱਤੀ ਗਈ। ਰਿਪੋਰਟ ਮੁਤਾਬਕ ਰਹਿਮਾਨ ਬਗਦਾਦ ਦੇ ਇਕ ਡਾਂਸਰ ਦੇ ਕਾਸਟਯੂਮ ਵਿਚ ਦੌੜ ਰਹੇ ਸਨ ਕਿ ਉਨ੍ਹਾਂ ਨੂੰ ਉਥੇ ਫੜ ਲਿਆ ਗਿਆ। ਜੱਜ ਰਹਿਮਾਨ ਇਕ ਕੁਰਦ ਸਨ ਤੇ ਸਾਲ 2006 ਵਿਚ ਉਨ੍ਹਾਂ ਵੱਲੋਂ ਸਦਾਮ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਤੋਂ ਬਾਅਦ ਉਨ੍ਹਾਂ ਦੀ ਸਖ਼ਤ ਆਲੋਚਨਾ ਹੋਈ ਸੀ।

## ਬਰਕਤ ਸਿੱਧੂ ਦੇ ਇਲਾਜ ਦਾ ਖਰਚ ਪੰਜਾਬ ਸਰਕਾਰ ਚੁੱਕੇਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਦੇ ਅਧਿਕਾਰੀਆਂ ਨੂੰ ਉਘੇ ਪੰਜਾਬੀ ਸੂਫ਼ੀ ਗਾਇਕ ਬਰਕਤ ਸਿੱਧੂ ਨੂੰ ਮੁਫ਼ਤ ਇਲਾਜ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਹਨ, ਜੋ ਕਿ ਕੈਂਸਰ ਦੀ ਬਿਮਾਰੀ ਨਾਲ ਗੰਭੀਰ ਤੌਰ 'ਤੇ ਪੀੜਤ ਹਨ ਤੇ ਇਸ ਵੇਲੇ ਦਯਾਨੰਦ ਹਸਪਤਾਲ ਵਿਖੇ ਜ਼ੇਰੇ ਇਲਾਜ ਹਨ।

ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸ. ਬਾਦਲ ਨੇ ਸ੍ਰੀ ਸਿੱਧੂ ਦਾ ਇਲਾਜ ਕਰ ਰਹੇ ਡਾਕਟਰ ਨਾਲ ਫੋਨ 'ਤੇ ਗੱਲਬਾਤ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸੰਕਟ ਦੀ ਇਸ ਘੜੀ ਵਿਚ ਮਸ਼ਹੂਰ ਸੂਫ਼ੀ ਗਾਇਕ ਨੂੰ ਹਰ ਸੰਭਵ ਮਦਦ ਤੇ ਸਹਾਇਤਾ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਦੇ ਇਲਾਜ ਦਾ ਸਮੁੱਚਾ ਖਰਚਾ ਉਠਾਏਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਸ੍ਰੀ ਬਰਕਤ ਸਿੱਧੂ ਦੇ ਛੇਤੀ ਸਿਹਤਯਾਬੀ ਦੀ ਕਾਮਨਾ ਕੀਤੀ।

## ਡਾ. ਅੰਬੇਡਕਰ ਦੇ ਜਨਮ ਦਿਨ 'ਤੇ ਸਮਾਗਮ 28 ਜੂਨ ਨੂੰ

**ਸੈਕਰਾਮੈਂਟੋ (ਬਿਊਰੋ):** ਭਾਰਤ ਦੇ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਨ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ, ਰੀਓ ਲਿੰਡਾ (ਸੈਕਰਾਮੈਂਟੋ) ਵਲੋਂ 28 ਜੂਨ, ਸਨਿਚਰਵਾਰ ਨੂੰ ਸ਼ਾਮ 7 ਵਜੇ ਤੋਂ ਇੰਡੀਆ ਪਲੇਟ ਰੈਸਟੋਰੈਂਟ (3025 ਵੈਸਟ ਕੈਪੀਟਲ ਐਵਨਿਊ, ਵੈਸਟ ਸੈਕਰਾਮੈਂਟੋ) ਵਿਚ ਮਨਾਇਆ ਜਾ ਰਿਹਾ ਹੈ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਸੈਨ ਫਰਾਂਸਿਸਕੋ ਵਿਚ ਸਥਿਤ ਭਾਰਤੀ ਕੌਂਸਲਖਾਨੇ ਵਿਚ ਕੌਂਸਲ ਜਨਰਲ ਸ੍ਰੀ ਐਨ ਪਾਰਥਾਸਾਰਥੀ ਮੁੱਖ ਮਹਿਮਾਨ ਹੋਣਗੇ ਅਤੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕਰਨਗੇ। ਇਸ ਤੋਂ ਇਲਾਵਾ ਹੋਰ ਬੁੱਧੀਜੀਵੀ ਵੀ ਡਾ. ਅੰਬੇਡਕਰ ਦੇ ਜੀਵਨ ਕਾਰਜ ਅਤੇ ਉਨ੍ਹਾਂ ਵਲੋਂ ਕੀਤੇ ਕੰਮਾਂ ਦੀ ਸਾਂਝ ਪਾਉਣਗੇ। ਸਮਾਪਤੀ ਉਪਰੰਤ ਖਾਣੇ ਦਾ ਪ੍ਰਬੰਧ ਹੋਵੇਗਾ। ਇਹ ਪ੍ਰੋਗਰਾਮ ਸ੍ਰੀ ਗੁਰੂ ਰਵਿਦਾਸ ਸਭਾ-ਸੈਕਰਾਮੈਂਟੋ ਅਤੇ ਹੋਰ ਸਭਾਵਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਜੱਸੀ ਬੰਗਾ ਫੋਨ: 916-796-5003, ਜੋਗਿੰਦਰ ਚੁੰਬਰ ਫੋਨ: 916-439-4043 ਅਤੇ ਜੱਸੀ ਸ਼ੀਮਾਰ ਫੋਨ: 916-293-6030 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ 2 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਵਿਚ ਸ਼ਹੀਦੀ ਸਮਾਗਮ 2 ਅਗਸਤ ਨੂੰ ਕਰਵਾਇਆ ਜਾਵੇਗਾ। ਪ੍ਰੋਗਰਾਮ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਸਥਾਨਕ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਹੋਵੇਗਾ। ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਪ੍ਰੋਗਰਾਮ ਵਿਚ ਬੱਚਿਆਂ ਅਤੇ ਵਿਦਿਆਰਥੀਆਂ ਨੂੰ ਖਾਸ ਥਾਂ ਦਿੱਤੀ ਜਾਵੇਗੀ। ਫੋਰਮ ਨੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਦੇਸ਼ ਭਗਤੀ ਨਾਲ ਸਬੰਧਤ ਗੀਤ, ਕਵਿਤਾਵਾਂ, ਭਾਸ਼ਣ ਜਾਂ ਸਕਿੱਟ ਆਦਿ ਦੀ ਪੇਸ਼ਕਾਰੀ ਵਿਚ ਹਿੱਸਾ ਲੈਣ ਲਈ ਪ੍ਰੇਰਤ ਕਰਨ।

ਇਸ ਤੋਂ ਇਲਾਵਾ ਫੋਰਮ ਦੀ ਮੀਟਿੰਗ ਵਿਚ ਫੋਰਮ ਦੇ ਅਗਾਮੀ ਪ੍ਰੋਗਰਾਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ। ਫੋਰਮ ਨੇ ਇਲਾਕੇ ਦੀਆਂ ਸਭ ਜਥੇਬੰਦੀਆਂ ਨੂੰ ਇਸ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਦੀ ਅਪੀਲ ਕੀਤੀ ਅਤੇ ਲੋਕਾਂ ਨੂੰ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ। ਮੀਟਿੰਗ ਵਿਚ ਫੋਰਮ ਵਲੋਂ ਮਾਰਚ ਮਹੀਨੇ ਕਾਮਾਗਾਟਾ ਮਾਰੂ ਦੁਖਾਂਤ ਦੀ ਸ਼ਤਾਬਦੀ ਨੂੰ ਸਮਰਪਿਤ ਮੇਲੇ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ।

# ਖਾੜੀ ਮੁਲਕਾਂ ਦੀਆਂ ਜੇਲ੍ਹਾਂ ਵਿਚ 3500 ਭਾਰਤੀ ਬੰਦ

**ਬਠਿੰਡਾ:** ਏਜੰਟਾਂ ਦੇ ਆਖੇ ਲੱਗ ਗੈਰਕਾਨੂੰਨੀ ਢੰਗ ਨਾਲ ਵਿਦੇਸ਼ ਗਏ ਵੱਡੀ ਗਿਣਤੀ ਭਾਰਤੀ ਇਥੋਂ ਦੀਆਂ ਜੇਲ੍ਹਾਂ ਵਿਚ ਸੰਤਾਪ ਭੋਗ ਰਹੇ ਹਨ। ਖਾੜੀ ਮੁਲਕਾਂ ਵਿਚ ਅਜਿਹੇ ਭਾਰਤੀਆਂ ਦੀ ਗਿਣਤੀ 3500 ਤੋਂ ਵੱਧ ਹੈ। ਪਰਵਾਸੀ ਮਾਮਲਿਆਂ ਬਾਰੇ ਮੰਤਰਾਲੇ ਦੇ ਸਰਕਾਰੀ ਵੇਰਵਿਆਂ ਮੁਤਾਬਕ ਸਭ ਤੋਂ ਜ਼ਿਆਦਾ 1968 ਭਾਰਤੀ ਸਾਊਦੀ ਅਰਬ ਦੀਆਂ ਜੇਲ੍ਹਾਂ ਵਿਚ ਬੰਦ ਹਨ ਜਦੋਂਕਿ ਯੂ.ਏ.ਈ. ਦੀਆਂ ਜੇਲ੍ਹਾਂ ਵਿਚ 1025 ਭਾਰਤੀ ਬੰਦ ਹਨ। ਓਮਾਨ ਦੀਆਂ ਜੇਲ੍ਹਾਂ ਵਿਚ 106 ਤੇ ਬਹਿਰੀਨ ਦੀਆਂ ਜੇਲ੍ਹਾਂ ਵਿਚ 76 ਭਾਰਤੀ ਬੰਦ ਹਨ। ਕਤਰ ਵਿਚ 72 ਤੇ ਕੁਵੈਤ ਵਿਚ 50 ਭਾਰਤੀ ਬੰਦ ਹਨ।

ਮੰਤਰਾਲੇ ਮੁਤਾਬਕ ਬਹੁਤੇ ਭਾਰਤੀ ਇਮੀਗਰੇਸ਼ਨ ਨਿਯਮਾਂ ਦੀ ਉਲੰਘਣਾ ਤੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਕੇ ਬੰਦ ਹਨ। ਇਨ੍ਹਾਂ ਖਾੜੀ ਮੁਲਕਾਂ ਵਿਚ ਭਾਰਤੀ ਰੁਜ਼ਗਾਰ ਖਾਤਰ ਹੀ ਗਏ ਸਨ। ਸਾਊਦੀ ਅਰਬ ਵਿਚ 1400 ਭਾਰਤੀ ਮਜ਼ਦੂਰ ਤੇ ਓਮਾਨ ਵਿਚ 106 ਭਾਰਤੀ ਮਜ਼ਦੂਰ ਬੰਦ ਹਨ। ਲਿਬਨਾਨ ਵਿਚ 34 ਤੇ ਕਤਰ ਵਿਚ 72 ਭਾਰਤੀ ਮਜ਼ਦੂਰ ਬੰਦ ਹਨ। ਇੰਡੀਅਨ ਕਮਿਊਨਿਟੀ ਵੈੱਲਫੇਅਰ ਫੰਡ ਤਹਿਤ ਜੇਲ੍ਹਾਂ ਵਿਚ ਬੰਦ ਭਾਰਤੀਆਂ ਦੀ ਰਿਹਾਈ ਖਾਤਰ ਤਰੱਦਦ ਕੀਤੇ ਜਾ ਰਹੇ ਹਨ। ਜੇਲ੍ਹਾਂ ਵਿਚ ਬੰਦ ਬਹੁਤੇ ਭਾਰਤੀ ਤਾਂ ਅਣਰਜਿਸਟਰਡ ਏਜੰਟਾਂ ਤੇ ਰਜਿਸਟਰਡ ਭਰਤੀ ਏਜੰਟਾਂ ਕੋਲੋਂ ਠੱਗੇ ਗਏ ਹਨ। ਇਨ੍ਹਾਂ ਏਜੰਟਾਂ ਖਿਲਾਫ਼ ਬਹੁਤ ਘੱਟ ਕਾਰਵਾਈ ਹੁੰਦੀ ਹੈ। ਪੀੜਤ ਪਰਿਵਾਰਾਂ ਵੱਲੋਂ ਬਕਾਇਦਾ ਕੇਂਦਰ ਸਰਕਾਰ ਕੋਲ ਸ਼ਿਕਾਇਤਾਂ ਵੀ ਕੀਤੀਆਂ ਜਾਂਦੀਆਂ ਹਨ। ਰਜਿਸਟਰਡ ਏਜੰਟ ਖਿਲਾਫ ਇਮੀਗਰੇਸ਼ਨ ਐਕਟ 1983 ਤਹਿਤ ਕਾਰਵਾਈ ਕੀਤੀ ਜਾਂਦੀ ਹੈ, ਜਦੋਂਕਿ ਗ਼ੈਰਕਾਨੂੰਨੀ ਏਜੰਟਾਂ ਖਿਲਾਫ ਕਾਰਵਾਈ ਰਾਜ ਸਰਕਾਰਾਂ ਵੱਲੋਂ ਕੀਤੀ ਜਾਣੀ ਹੁੰਦੀ ਹੈ।

ਸੂਬਾ ਸਰਕਾਰ ਅਜਿਹੇ ਏਜੰਟਾਂ ਖਿਲਾਫ ਇਮੀਗਰੇਸ਼ਨ ਐਕਟ 1983 ਦੀ ਧਾਰਾ 10 ਤਹਿਤ ਕਾਰਵਾਈ ਕਰ ਸਕਦੀ ਹੈ। ਸੂਬਾ ਸਰਕਾਰ ਵੱਲੋਂ ਅਜਿਹੇ ਗ਼ੈਰਕਾਨੂੰਨੀ ਏਜੰਟਾਂ ਖਿਲਾਫ ਮੁਕੱਦਮਾ ਚਲਾਉਣ ਲਈ ਕੇਂਦਰ ਸਰਕਾਰ ਤੋਂ ਪ੍ਰਵਾਨਗੀ ਲੈਣੀ ਹੁੰਦੀ ਹੈ ਪਰ ਸਰਕਾਰਾਂ ਇਸ ਤਰ੍ਹਾਂ ਦੇ ਬਹੁਤੇ ਮਾਮਲੇ ਰਫ਼ਾ-ਦਫ਼ਾ ਕਰ ਦਿੰਦੀਆਂ ਹਨ। ਕੇਂਦਰ ਸਰਕਾਰ ਕੋਲ ਪਿਛਲੇ ਤਿੰਨ ਵਰ੍ਹਿਆਂ ਦੌਰਾਨ 751 ਸ਼ਿਕਾਇਤਾਂ ਗ਼ੈਰਕਾਨੂੰਨੀ ਏਜੰਟਾਂ ਖਿਲਾਫ ਆਈਆਂ ਹਨ। ਇਨ੍ਹਾਂ ਨੂੰ ਪੜਤਾਲ ਲਈ ਸੂਬਾ ਸਰਕਾਰਾਂ ਕੋਲ ਭੇਜ ਦਿੱਤਾ ਗਿਆ ਸੀ। ਸੂਬਾ ਸਰਕਾਰਾਂ ਨੇ ਇਨ੍ਹਾਂ 751 ਸ਼ਿਕਾਇਤਾਂ ਵਿਚੋਂ ਸਿਰਫ਼ 30 ਕੇਸਾਂ ਵਿਚ ਹੀ ਕੇਂਦਰ ਸਰਕਾਰ ਤੋਂ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਦੀ ਮੰਗ ਕੀਤੀ, ਜਿਸ ਦੀ ਪ੍ਰਵਾਨਗੀ ਮਿਲ ਗਈ ਸੀ।

ਰਜਿਸਟਰਡ ਏਜੰਟਾਂ ਖਿਲਾਫ ਲੰਘੇ ਤਿੰਨ ਵਰ੍ਹਿਆਂ ਦੌਰਾਨ 719 ਸ਼ਿਕਾਇਤਾਂ ਮਿਲੀਆਂ ਹਨ ਤੇ ਇਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਇਨ੍ਹਾਂ ਏਜੰਟਾਂ 'ਚੋਂ 93 ਰਜਿਸਟਰਡ ਏਜੰਟਾਂ ਦੀ ਰਜਿਸਟਰੇਸ਼ਨ ਕੇਂਦਰ ਸਰਕਾਰ ਨੇ ਸਸਪੈਂਡ ਕਰ ਦਿੱਤੀ ਸੀ, ਜਦੋਂਕਿ 66 ਏਜੰਟਾਂ ਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਸੀ।

## ਓਬਾਮਾ ਵੱਲੋਂ ਪੂਤਿਨ ਨਾਲ ਯੂਕਰੇਨ ਤਣਾਅ ਘਟਾਉਣ ਬਾਰੇ ਗੱਲਬਾਤ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨੂੰ ਫੋਨ ਕਰਕੇ ਯੂਕਰੇਨ ਤਣਾਅ ਘਟਾਉਣ ਤੇ ਸ਼ਾਂਤੀ ਯਤਨਾਂ ਦੀ ਹਮਾਇਤ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਰੂਸ-ਪੱਖੀ ਬਾਗੀਆਂ ਦੇ ਜੰਗਬੰਦੀ ਲਈ ਸਹਿਮਤ ਹੋ ਜਾਣ 'ਤੇ ਯੂਕਰੇਨ ਦੇ ਰਾਸ਼ਟਰਪਤੀ ਉਪਰ ਬਾਗੀ ਕਮਾਂਡਰਾਂ ਨਾਲ ਗੱਲਬਾਤ ਕਰਨ ਲਈ ਦਬਾਅ ਵਧ ਗਿਆ ਹੈ। ਅਮਰੀਕੀ ਰਾਸ਼ਟਰਪਤੀ ਦੇ ਪ੍ਰੈੱਸ ਸੈਕਟਰੀ ਜੋਸ਼ ਅਰਨੈਸਟ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਸ੍ਰੀ ਪੂਤਿਨ ਨਾਲ ਗੱਲ ਕੀਤੀ ਹੈ ਤੇ ਉਨ੍ਹਾਂ ਨੂੰ ਇਸ ਵਾਰ ਫਿਰ ਸਰਹੱਦ ਪਾਰੋਂ ਹਥਿਆਰ ਤੇ ਗੋਲੀ ਸਿੱਕੇ ਦੀ ਆਮਦ ਹੋਣ ਦੇਣ ਦੀ ਬਜਾਏ ਸ਼ਾਂਤੀ ਯਤਨਾਂ ਦੀ ਪੈਰਵੀ ਕਰਨ ਲਈ ਕਿਹਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਭਾਵੇਂ ਮਹਿਸੂਸ ਕਰਦੇ ਹਾਂ ਕਿ ਕੂਟਨੀਤਕ ਹੱਲ ਅਜੇ ਵੀ ਸੰਭਵ ਹੈ ਪਰ ਜੇਕਰ ਤਣਾਅ ਘਟਾਉਣ ਲਈ ਠੋਸ ਯਤਨ ਨਾ ਕੀਤੇ ਗਏ ਤਾਂ ਰੂਸ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਉਧਰ ਯੂਕਰੇਨ ਵਿਚ ਰੂਸੀ ਰਾਜਦੂਤ ਤੇ ਆਪੂੰ ਬਣੇ ਦੋਨੇਤਸਕ ਲੋਕ ਗਣਰਾਜ ਦੇ ਮੁਖੀ ਦੇ ਇਕ ਦੂਤ ਵਿਚਕਾਰ ਗੱਲਬਾਤ ਤੋਂ ਬਾਅਦ ਉਨ੍ਹਾਂ ਐਲਾਨ ਕੀਤਾ ਕਿ ਉਹ ਯੂਕਰੇਨੀ ਫੌਜ ਦੀ ਫੌਰੀ ਵਾਪਸੀ ਦੀ ਆਪਣੀ ਮੰਗ ਛੱਡ ਰਹੇ ਹਨ। ਓਲਕਸਾਂਦਰ ਬੋਰੋਦੇਈ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਜਿੰਨੀ ਦੇਰ ਦੋਵੇਂ ਧਿਰਾਂ ਵਿਚਕਾਰ ਗੋਲੀਬੰਦੀ ਰਹੇਗੀ, ਉਸ ਦੌਰਾਨ ਅਸੀਂ ਟਕਰਾਅ ਦੇ ਸ਼ਾਂਤਮਈ ਹੱਲ ਲਈ ਗੱਲਬਾਤ ਚਲਾ ਸਕਦੇ ਹਾਂ।


**Patiala Transport Inc.**

Whiteland, IN

**ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ**

**IN to NJ *Round Trip pays- $600.00**

**IN to CA *Pays .37 cents per mile**

**Most common loads are from and to these states:**

**IN- KY- NJ- PA- OH- IL- AZ- CA**

ਲੌਂਗਹਾਲ 37 ਸੈਂਟ ਮੀਲ

ਇਕ-ਦੋ ਸਾਲ ਦਾ ਤਜ਼ਰਬਾ ਜ਼ਰੂਰੀ



*Please Contact:*

**Avtar Singh (559) 351-9020**

**Jackie Seiber (317) 534-2777**

Issue 26

# ਰਾਖਵੇਂ ਬਜਟ ਦਾ ਅੱਧ ਹੀ ਜਾਰੀ ਕਰ ਸਕੀ ਬਾਦਲ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਮਾਲੀ ਸੰਕਟ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ। ਇਥੋਂ ਤੱਕ ਕਿ ਸਰਕਾਰ ਨੇ ਲੰਘੇ ਮਾਲੀ ਸਾਲ ਦੌਰਾਨ ਮਹੱਤਵਪੂਰਨ ਕੰਮਾਂ ਲਈ ਪੈਸਾ ਜਾਰੀ ਤੋਂ ਵੀ ਟਾਲਾ ਵੱਟੀ ਰੱਖਿਆ ਹੈ। ਸਰਕਾਰ ਵੱਲੋਂ ਸਾਲ 2013-14 ਦੌਰਾਨ 7547.80 ਕਰੋੜ ਰੁਪਏ ਦੇ ਰਾਖਵੇਂ ਰੱਖੇ ਬਜਟ ਵਿਚੋਂ 4456.58 ਕਰੋੜ ਰੁਪਏ ਦੀ ਰਕਮ ਹੀ ਜਾਰੀ ਕੀਤੀ ਜਾ ਸਕੀ। ਸਰਕਾਰ ਨੇ ਮਾਲੀ ਸੰਕਟ ਕਾਰਨ ਸੜਕਾਂ ਦੀ ਉਸਾਰੀ, ਮੁਰੰਮਤ ਤੇ ਹੋਰਨਾਂ ਵਿਕਾਸ ਕਾਰਜਾਂ ਲਈ ਪੈਸਾ ਜਾਰੀ ਕਰਨ ਸਮੇਂ ਤਾਂ ਹੱਥ ਘੁੱਟਿਆ ਸੀ ਸਗੋਂ ਸਿਹਤ ਤੇ ਖੇਤੀਬਾੜੀ ਵਰਗੇ ਅਹਿਮ ਖੇਤਰਾਂ ਨੂੰ ਵੀ ਅੱਖੋਂ ਪਰੋਖੇ ਕਰੀ ਰੱਖਿਆ।




ਪੰਜਾਬ ਦੇ ਯੋਜਨਾ ਵਿਭਾਗ ਮੁਤਾਬਕ ਖੇਤੀਬਾੜੀ ਲਈ ਰਾਖਵੇਂ ਰੱਖੇ 417.01 ਕਰੋੜ ਰੁਪਏ ਵਿਚੋਂ 268.11 ਕਰੋੜ ਰੁਪਏ ਜਾਰੀ ਹੋ ਸਕੇ। ਸਿਹਤ ਖੇਤਰ ਵਿਚ ਹਾਲਤ ਇਥੋਂ ਤੱਕ ਪਹੁੰਚ ਗਈ ਹੈ ਕਿ ਸਰਕਾਰ ਨੇ 626.21 ਕਰੋੜ ਰੁਪਏ ਖਰਚ ਕਰਨ ਦਾ ਟੀਚਾ ਮਿਥਿਆ ਪਰ ਖ਼ਜ਼ਾਨੇ ਵਿਚੋਂ ਮਹਿਜ਼ 292.31 ਕਰੋੜ ਰੁਪਏ ਹੀ ਜਾਰੀ ਹੋ ਸਕੇ। ਦਿਹਾਤੀ ਜਲ ਸਪਲਾਈ ਲਈ 377.33 ਕਰੋੜ ਰੁਪਏ ਵਿਚੋਂ 206.38 ਕਰੋੜ ਰੁਪਏ ਜਾਰੀ ਹੋਏ। ਸ਼ਹਿਰੀ ਜਲ ਸਪਲਾਈ ਲਈ 104.97 ਕਰੋੜ ਰੁਪਏ ਦੀ ਥਾਂ 25.62 ਕਰੋੜ ਰੁਪਏ ਹੀ ਜਾਰੀ ਹੋ ਸਕੇ। ਇਸੇ ਤਰ੍ਹਾਂ ਸੜਕਾਂ ਤੇ ਪੁਲਾਂ ਲਈ 821.23 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਤੇ ਖਰਚ ਹੋਇਆ 255.04 ਕਰੋੜ ਰੁਪਏ। ਹੜ੍ਹ ਰੋਕੂ ਪ੍ਰਬੰਧਾਂ 'ਤੇ ਸਰਕਾਰ ਨੇ ਲੰਘੇ ਮਾਲੀ ਸਾਲ ਦੌਰਾਨ 195.97 ਕਰੋੜ ਰੁਪਏ ਦਾ ਬਜਟ ਰੱਖਿਆ ਤੇ ਖਰਚ ਕੀਤੇ ਗਏ ਸਿਰਫ਼ 57.09 ਕਰੋੜ ਰੁਪਏ। ਦਰਮਿਆਨੇ ਤੇ ਛੋਟੇ ਨਹਿਰੀ ਪ੍ਰਾਜੈਕਟਾਂ ਲਈ ਸਰਕਾਰ ਨੇ 107.22 ਕਰੋੜ ਰੁਪਏ ਦਾ ਬਜਟ ਰੱਖ ਕੇ 43.16 ਕਰੋੜ ਰੁਪਏ ਖਰਚ ਕੀਤੇ। ਛੋਟੇ ਨਹਿਰੀ ਕੰਮਾਂ ਲਈ ਸਰਕਾਰ ਨੇ 199.64 ਕਰੋੜ ਰੁਪਏ ਦਾ ਬਜਟ ਰੱਖਿਆ ਤੇ ਇਸ ਵਿਚੋਂ ਖਰਚ ਸਿਰਫ਼ 50.96 ਕਰੋੜ ਰੁਪਏ ਹੀ ਕੀਤੇ ਜਾ ਸਕੇ।

ਦਲਿਤਾਂ ਤੇ ਘੱਟ ਗਿਣਤੀਆਂ ਦੇ ਬੱਚਿਆਂ ਨੂੰ ਵਜ਼ੀਫਾ ਤੇ ਇਨ੍ਹਾਂ ਵਰਗਾਂ ਦੀਆਂ ਹੋਰਨਾਂ ਸਕੀਮਾਂ ਲਈ ਲੰਘੇ ਸਾਲ ਦੌਰਾਨ 292.35 ਕਰੋੜ ਰੁਪਏ ਖਰਚ ਕੀਤੇ ਜਾਣੇ ਸਨ। ਇਨ੍ਹਾਂ ਯੋਜਨਾਵਾਂ ਲਈ 159.74 ਕਰੋੜ ਰੁਪਏ ਖਰਚ ਕੀਤੇ ਜਾ ਸਕੇ। ਸਿੱਖਿਆ ਖੇਤਰ ਵਿਚ ਸਰਕਾਰ ਨੇ 1502 ਕਰੋੜ ਰੁਪਏ ਦਾ ਬਜਟ ਰੱਖਿਆ, ਵਿੱਤ ਵਿਭਾਗ ਨੇ 1407.32 ਕਰੋੜ ਰੁਪਏ 31 ਮਾਰਚ ਤੱਕ ਜਾਰੀ ਕਰ ਦਿੱਤੇ ਪਰ ਖ਼ਜ਼ਾਨਾ ਖਾਲੀ ਹੋਣ ਕਾਰਨ 1222.54 ਕਰੋੜ ਰੁਪਏ ਜਾਰੀ ਕੀਤੇ ਜਾ ਸਕੇ। ਤਕਨੀਕੀ ਸਿੱਖਿਆ ਲਈ 25.96 ਕਰੋੜ ਰੁਪਏ ਦੀ ਥਾਂ ਮਹਿਜ਼ 1.23 ਕਰੋੜ ਰੁਪਏ ਹੀ ਜਾਰੀ ਕੀਤੇ ਗਏ। ਦਿਹਾਤੀ ਵਿਕਾਸ ਪ੍ਰੋਗਰਾਮ ਲਈ 97.26 ਕਰੋੜ ਰੁਪਏ ਦੇ ਰਾਖਵੇਂ ਬਜਟ ਵਿਚੋਂ 62.19 ਕਰੋੜ ਰੁਪਏ ਜਾਰੀ ਕੀਤੇ ਜਾ ਸਕੇ। ਰੋਜ਼ਗਾਰ ਉਤਪਤੀ ਲਈ ਸਰਕਾਰ ਨੇ 12.05 ਕਰੋੜ ਰੁਪਏ ਦਾ ਬਜਟ ਰੱਖਿਆ ਤੇ 8.91 ਕਰੋੜ ਰੁਪਏ ਖਰਚ ਕੀਤੇ।

## ਸਿਰਫ ਲੋਕ ਲਭਾਊ ਸਕੀਮਾਂ 'ਤੇ ਹੀ ਖਰਚਿਆ ਪੈਸਾ

ਯੋਜਨਾ ਵਿਭਾਗ ਵੱਲੋਂ ਪਿਛਲੇ ਮਾਲੀ ਸਾਲ ਦੀ ਜੋ ਰਿਪੋਰਟ ਤਿਆਰ ਕੀਤੀ ਗਈ ਹੈ ਉਸ ਮੁਤਾਬਕ ਅਕਾਲੀ-ਭਾਜਪਾ ਸਰਕਾਰ ਨੇ ਸਿਰਫ਼ ਉਨ੍ਹਾਂ ਯੋਜਨਾਵਾਂ ਜਾਂ ਸਕੀਮਾਂ ਲਈ ਹੀ ਪੈਸਾ ਜਾਰੀ ਕੀਤਾ ਜਿਹੜੀਆਂ ਸਕੀਮਾਂ ਵੋਟਾਂ ਬਟੋਰਨ ਲਈ ਲਾਭਕਾਰੀ ਸਿੱਧ ਹੋ ਸਕਦੀਆਂ ਹਨ। ਯੋਜਨਾ ਵਿਭਾਗ ਦੀ ਇਸ ਰਿਪੋਰਟ ਦਾ ਰੌਚਕ ਪੱਖ ਇਹ ਵੀ ਹੈ ਕਿ ਵਿੱਤ ਵਿਭਾਗ ਨੇ ਵੱਖ-ਵੱਖ ਵਿਭਾਗਾਂ ਤੇ ਯੋਜਨਾਵਾਂ ਲਈ ਕੁੱਲ 7547.80 ਕਰੋੜ ਰੁਪਏ ਦੇ ਬਜਟ ਵਿਚੋਂ 6399.85 ਕਰੋੜ ਰੁਪਏ ਜਾਰੀ ਕੀਤੇ ਪਰ ਖ਼ਜ਼ਾਨੇ ਵਿਚੋਂ 4456.58 ਕਰੋੜ ਰੁਪਏ ਹੀ ਨਿਕਲ ਸਕੇ। ਉਂਜ ਸਰਕਾਰ ਨੇ ਪੁੱਡਾ ਤੇ ਹੋਰਨਾਂ ਵਿਕਾਸ ਅਥਾਰਟੀਆਂ ਦੇ ਬਜਟ ਨੂੰ ਮਿਲਾ ਕੇ (ਯੋਜਨਾ ਵਿਭਾਗ ਮੁਤਾਬਕ ਐਕਸਟਰਾ ਬਜਟਰੀ) 15464.80 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਬਣਾਈ ਸੀ।

## ਸਰਕਾਰ ਲਈ ਬੇਹੱਦ ਚੁਣੌਤੀਆਂ ਭਰਿਆ ਰਿਹਾ ਵਰ੍ਹਾ

ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਗਲੇ ਮਹੀਨੇ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਨਗੇ। ਇਹ ਸਾਲ ਸਰਕਾਰ ਲਈ ਮਾਲੀ ਪੱਖ ਤੋਂ ਬੇਹੱਦ ਚੁਣੌਤੀਆਂ ਭਰਿਆ ਮੰਨਿਆ ਜਾ ਰਿਹਾ ਹੈ। ਇਸ ਸਾਲ ਦੌਰਾਨ ਮੁਲਾਜ਼ਮਾਂ ਦੀ ਸੇਵਾ ਮੁਕਤੀ ਦਾ ਦੌਰ ਵੀ ਸ਼ੁਰੂ ਹੋ ਜਾਣਾ ਹੈ। ਸਰਕਾਰ ਨੇ 2012 ਵਿਚ ਮੁਲਾਜ਼ਮਾਂ ਨੂੰ ਦੋ ਸਾਲ ਦੇ ਸੇਵਾ ਕਾਲ ਵਾਧਾ ਦਾ ਲਾਭ ਦਿੱਤਾ ਸੀ ਜੋ ਕਿ ਇਸ ਸਾਲ ਪੂਰਾ ਹੋ ਜਾਣਾ ਹੈ। ਸਰਕਾਰ ਦੀ ਹੋਰਨਾਂ ਯੋਜਨਾਵਾਂ ਵਿਚ ਵੀ ਅੱਗਾ ਦੌੜ ਪਿੱਛਾ ਚੌੜ ਵਾਲੀ ਹਾਲਤ ਬਣੀ ਹੋਈ ਹੈ। ਵਿੱਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਮਾਲੀ ਸੰਕਟ ਕਾਰਨ ਸਾਲਾਨਾ ਯੋਜਨਾ ਤੇ ਬਜਟ ਮੁਕੰਮਲ ਸਿਰੇ ਨਹੀਂ ਚੜ੍ਹ ਸਕਿਆ। ਪ੍ਰਮੁੱਖ ਸਕੱਤਰ (ਵਿੱਤ) ਸ੍ਰੀਮਤੀ ਵਿੰਨੀ ਮਹਾਜਨ ਨੇ ਸਾਲਾਨਾ ਯੋਜਨਾਂ ਦੇ ਮੁਕੰਮਲ ਨਾ ਹੋਣ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦੇ ਮਾਲੀ ਸੰਕਟ ਦੀ ਤਸਵੀਰ ਤਾਂ ਸਭ ਦੇ ਸਾਹਮਣੇ ਹੀ ਹੈ ਪਰ ਸਰਕਾਰ ਤਰਜੀਹੀ ਕੰਮਾਂ ਲਈ ਪੈਸਾ ਦੇ ਰਹੀ ਹੈ।

# ਸੁਖਬੀਰ ਸਮੇਤ ਕਈ ਮੰਤਰੀ ਵਿਦੇਸ਼ 'ਚ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਪੰਜਾਬ ਦੇ ਤਿੰਨ ਮੰਤਰੀ ਗਰਮੀ ਦੀਆਂ ਛੁੱਟੀਆਂ ਮਨਾਉਣ ਵਿਦੇਸ਼ ਗਏ ਹੋਏ ਹਨ। ਕਾਂਗਰਸੀ ਵਿਧਾਇਕ ਵੀ ਪਿੱਛੇ ਨਹੀਂ ਹਨ। ਪਤਾ ਲੱਗਾ ਹੈ ਕਿ ਛੇ ਕਾਂਗਰਸ ਵਿਧਾਇਕ ਵੀ ਵਿਦੇਸ਼ ਦੌਰੇ 'ਤੇ ਹਨ। ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਆਗੂਆਂ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਰਹੀ। ਉਨ੍ਹਾਂ ਦੇ ਦਫ਼ਤਰਾਂ ਵੱਲੋਂ ਵਿਦੇਸ਼ ਦੌਰੇ ਬਾਰੇ ਬਿਲਕੁਲ ਭੇਤ ਬਣਾ ਕੇ ਰੱਖਿਆ ਗਿਆ ਹੈ।

ਇਨ੍ਹਾਂ ਸਾਰੇ ਆਗੂਆਂ ਵਿਚੋਂ ਸਭ ਤੋਂ ਵੱਧ ਚਰਚਾ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਗੈਰਹਾਜ਼ਰੀ ਨੂੰ ਲੈ ਕੇ ਹੋ ਰਹੀ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਉਹ ਲਗਾਤਾਰ ਗੈਰਹਾਜ਼ਰ ਚੱਲ ਰਹੇ ਹਨ। ਉਨ੍ਹਾਂ ਦੇ ਨਿੱਜੀ ਅਮਲੇ ਦਾ ਕਹਿਣਾ ਹੈ ਕਿ ਉਹ ਵਿਦੇਸ਼ ਵਿਚ ਹਨ ਪਰ ਮੀਡੀਆ ਨੂੰ ਜਾਣਕਾਰੀ ਦੇਣ ਵਾਲੇ ਇਕ ਅਧਿਕਾਰੀ ਨੇ ਕਿਹਾ ਕਿ ਉਹ ਦਿੱਲੀ ਵਿਚ ਹਨ। ਜ਼ਿਕਰਯੋਗ ਹੈ ਕਿ ਸ. ਮਜੀਠੀਆ ਵੱਲੋਂ ਸਰਕਾਰੀ ਮੀਟਿੰਗ ਜਾਂ ਸਮਾਗਮ ਵਿਚ ਹਾਜ਼ਰ ਰਹਿਣ ਬਾਰੇ ਕੋਈ ਤਸਵੀਰ ਜਾਂ ਪ੍ਰੈਸ ਨੋਟ ਤੱਕ ਪਿਛਲੇ ਕਈ ਦਿਨਾਂ ਤੋਂ ਨਹੀਂ ਮਿਲਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਜੂਨ ਨੂੰ ਪੰਜਾਬ ਸਕੱਤਰੇਤ ਦੇ ਅਚਾਨਕ ਦੌਰੇ ਦੌਰਾਨ ਸ. ਮਜੀਠੀਆ ਸਮੇਤ ਪੀਡਬਲਿਊਡੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਡਿਊਟੀ ਤੋਂ ਗੈਰਹਾਜ਼ਰ ਪਾਇਆ ਸੀ।

ਉਂਜ ਲੋਕ ਸੰਪਰਕ ਮੰਤਰੀ ਦੇ ਨਿੱਜੀ ਅਮਲੇ ਦਾ ਕਹਿਣਾ ਹੈ ਕਿ ਉਹ 16 ਮਈ ਨੂੰ ਆਏ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪੂਰੀ ਤਰ੍ਹਾਂ ਸਰਗਰਮ ਰਹੇ ਤੇ ਵਿਦੇਸ਼ ਜਾਣ ਤੋਂ ਪਹਿਲਾਂ ਉਨ੍ਹਾਂ ਸੱਤ ਜੂਨ ਨੂੰ ਫਾਈਲਾਂ ਵੀ ਕੱਢੀਆਂ ਸਨ। ਅਧਿਕਾਰੀ ਨੇ ਦਾਅਵਾ ਕੀਤਾ ਕਿ ਸ. ਮਜੀਠੀਆ ਨੇ ਬਾਹਰ ਜਾਣ ਦੀ ਪ੍ਰਵਾਨਗੀ ਲਈ ਸੀ ਤੇ ਉਹ ਇਸ ਹਫ਼ਤੇ ਦੇ ਅਖੀਰ ਜਾਂ ਅਗਲੇ ਹਫ਼ਤੇ ਦੇ ਸ਼ੁਰੂ ਵਿਚ ਪਰਤ ਆਉਣਗੇ। ਵਿਦੇਸ਼ੀ ਦੌਰੇ ਦਾ ਆਨੰਦ ਮਾਣ ਰਹੇ ਕਾਂਗਰਸ ਵਿਧਾਇਕਾਂ ਵਿਚ ਸੁਰਿੰਦਰ ਡਾਵਰ, ਅਮਰਿੰਦਰ ਸਿੰਘ ਰਾਜਾ ਵੜਿੰਗ, ਰਣਦੀਪ ਸਿੰਘ ਨਾਭਾ, ਰਮਨਜੀਤ ਸਿੰਘ ਸਿੱਕੀ, ਅਰੁਣਾ ਚੌਧਰੀ ਤੇ ਗੁਰਕੀਰਤ ਸਿੰਘ ਕੋਟਲੀ ਸ਼ਾਮਲ ਹਨ।

# ਪੰਜਾਬ ਯੂਨੀਵਰਸਿਟੀ ਨੂੰ ਮਿਲਿਆ ਸਿਖਰਲਾ ਰੈਂਕ

**ਨਵੀਂ ਦਿੱਲੀ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਭਾਰਤ ਦੇ ਉੱਚ ਵਿੱਦਿਅਕ ਸੰਸਥਾਨ ਵਜੋਂ ਸਿਖਰਲਾ ਰੈਂਕ ਹਾਸਲ ਹੋਇਆ ਹੈ। ਟਾਈਮਸ ਹਾਇਰ ਐਜੂਕੇਸ਼ਨ ਏਸ਼ੀਆ ਵੱਲੋਂ ਜਾਰੀ ਕੀਤੀ ਗਈ ਦਰਜਾਬੰਦੀ ਵਿਚ ਪੰਜਾਬ ਯੂਨੀਵਰਸਿਟੀ ਨੇ ਇਹ ਨਾਮਣਾ ਖੱਟਿਆ ਹੈ। ਪੰਜਾਬ ਯੂਨੀਵਰਸਿਟੀ ਨੇ ਸਾਰੇ ਆਈ.ਆਈ.ਟੀ. ਨੂੰ ਰੈਂਕਿੰਗ ਦੇ ਹਰ ਮਾਪਦੰਡਾਂ 'ਤੇ ਪਛਾੜ ਦਿੱਤਾ ਹੈ। ਟਾਈਮਸ ਹਾਇਰ ਐਜੂਕੇਸ਼ਨ ਏਸ਼ੀਆ ਦੀ ਦਰਜਾਬੰਦੀ ਵਿਚ ਪੰਜਾਬ ਯੂਨੀਵਰਸਿਟੀ ਨੂੰ ਏਸ਼ੀਆ ਦੇ 100 ਸਿਖਰਲੇ ਸੰਸਥਾਨਾਂ ਵਿਚੋਂ 32ਵਾਂ ਸਥਾਨ ਹਾਸਲ ਹੋਇਆ ਹੈ। ਉਂਜ ਟੋਕੀਓ ਯੂਨੀਵਰਸਿਟੀ ਨੇ ਇਸ ਸੂਚੀ ਵਿਚ ਸਿਖਰਲਾ ਸਥਾਨ ਹਾਸਲ ਕੀਤਾ ਹੈ।

ਪੰਜਾਬ ਯੂਨੀਵਰਸਿਟੀ ਤੋਂ ਬਾਅਦ ਆਈ.ਆਈ.ਟੀ. ਖੜਗਪੁਰ (45ਵਾਂ), ਆਈ.ਆਈ.ਟੀ. ਕਾਨਪੁਰ (55ਵਾਂ), ਆਈ.ਆਈ.ਟੀ. ਦਿੱਲੀ ਤੇ ਰੁੜਕੀ (59ਵਾਂ), ਆਈ.ਆਈ.ਟੀ. ਗੁਹਾਟੀ (74ਵਾਂ) ਤੇ ਆਈ.ਆਈ.ਟੀ. ਮਦਰਾਸ (76ਵਾਂ) ਦਾ ਨੰਬਰ ਆਉਂਦਾ ਹੈ।

2014 ਦੀ ਰੈਂਕਿੰਗ ਵਿਚ ਤਿੰਨ ਨਵੀਆਂ ਯੂਨੀਵਰਸਿਟੀਆਂ ਦੇ ਨਾਂ ਸ਼ਾਮਲ ਹੋਏ ਹਨ। ਇਨ੍ਹਾਂ ਵਿਚੋਂ ਜਾਧਵਪੁਰ ਯੂਨੀਵਰਸਿਟੀ ਨੂੰ 76ਵਾਂ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੂੰ 80ਵਾਂ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ 90ਵਾਂ ਸਥਾਨ ਮਿਲਿਆ ਹੈ। ਟਾਈਮਸ ਏਸ਼ੀਆ ਰੈਂਕਿੰਗ ਦੇ ਸੰਪਾਦਕ ਫਿਲ ਬੈਟੀ ਨੇ ਕਿਹਾ ਕਿ ਭਾਰਤ ਦੇ ਵਿੱਦਿਅਕ ਅਦਾਰਿਆਂ ਵਿਚ ਸੁਧਾਰ ਨਾਲ ਇਸ ਦੀ ਏਸ਼ੀਆ ਰੈਂਕਿੰਗ ਵਿਚ ਸੁਧਾਰ ਹੋਇਆ ਹੈ ਤੇ ਇਸ ਸਾਲ 10 ਭਾਰਤੀ ਵਿੱਦਿਅਕ ਅਦਾਰੇ ਸੂਚੀ ਵਿਚ ਸ਼ਾਮਲ ਹੋਏ ਹਨ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਬ੍ਰਿਟੇਨ ਆਧਾਰਤ ਕੁਐਕੁਆਰੇਲੀ ਸਾਈਮੰਡਸ ਵੱਲੋਂ ਪ੍ਰਕਾਸ਼ਤ ਦਰਜਾਬੰਦੀ ਵਿਚ ਪੰਜਾਬ ਯੂਨੀਵਰਸਿਟੀ ਭਾਰਤ ਦੀਆਂ ਸਿਖਰਲੀਆਂ 17 ਯੂਨੀਵਰਸਿਟੀਆਂ ਵਿਚ ਸ਼ਾਮਲ ਨਹੀਂ ਸੀ।

## ਨਸ਼ਾ ਤਸਕਰ ਦੀ ਮਦਦ ਕਰਨ ਵਾਲੇ ਮੁਲਾਜ਼ਮ ਮੁਅੱਤਲ

**ਫ਼ਰੀਦਕੋਟ:** ਜ਼ਿਲ੍ਹਾ ਪੁਲਿਸ ਨੇ ਜੇਲ੍ਹ ਵਿਚ ਬੰਦ ਨਸ਼ਾ ਤਸਕਰ ਦੀ ਮਦਦ ਕਰਨ ਦੇ ਦੋਸ਼ ਹੇਠ ਚਾਰ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਹੈ। ਮੁਲਜ਼ਮ ਸੁਰਜੀਤ ਸਿੰਘ ਵਾਸੀ ਰੂੜੀਵਾਲਾ ਜ਼ਿਲ੍ਹਾ ਤਰਨਤਾਰਨ ਨੂੰ 18 ਜੂਨ ਨੂੰ ਇਥੋਂ ਦੀ ਪੁਲਿਸ ਦੇ ਚਾਰ ਮੁਲਾਜ਼ਮ ਹੌਲਦਾਰ ਕੇਵਲ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ ਤੇ ਗੁਰਦਿਆਲ ਸਿੰਘ ਅੰਮ੍ਰਿਤਸਰ ਪੇਸ਼ੀ ਲਈ ਲੈ ਕੇ ਗਏ ਸਨ। ਸੁਰਜੀਤ ਸਿੰਘ ਦੀ ਜੇਲ੍ਹ ਵਿਚ ਵਾਪਸੀ 'ਤੇ ਜਦੋਂ ਤਲਾਸ਼ੀ ਹੋਈ ਤਾਂ ਉਸ ਕੋਲੋਂ 50 ਗਰਾਮ ਹੈਰੋਇਨ ਮਿਲੀ। ਜੇਲ੍ਹ ਸੁਪਰਡੈਂਟ ਕੁਲਵਿੰਦਰ ਸਿੰਘ ਥਿਆੜਾ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਪੱਤਰ ਲਿਖਿਆ ਕਿ ਪੁਲਿਸ ਗਾਰਡ ਦੀ ਮਿਲੀਭੁਗਤ ਤੋਂ ਬਿਨਾਂ ਸੁਰਜੀਤ ਸਿੰਘ ਪੱਗ ਵਿਚ ਹੈਰੋਇਨ ਨਹੀਂ ਛੁਪਾ ਸਕਦਾ ਸੀ।

ਜੇਲ੍ਹ ਅਧਿਕਾਰੀਆਂ ਨੇ ਸੁਰਜੀਤ ਨਾਲ ਗਏ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਜੇਲ੍ਹ ਸੁਪਰਡੈਂਟ ਨੇ ਦੱਸਿਆ ਕਿ ਚਾਰ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

# ਚੁੰਨੀ ਲਾਲ ਗਾਬਾ ਨੂੰ ਨਿਆਂਇਕ ਹਿਰਾਸਤ ਵਿਚ ਭੇਜਿਆ

**ਪਟਿਆਲਾ:** ਡਰੱਗਜ਼ ਮਾਮਲੇ ਵਿਚ ਜ਼ਿਲ੍ਹਾ ਪੁਲਿਸ ਵੱਲੋਂ ਚੁੰਨੀ ਲਾਲ ਗਾਬਾ (80) ਨੂੰ ਇਥੇ ਡਿਊਟੀ ਮੈਜਿਸਟ੍ਰੇਟ ਮਾਨਯੋਗ ਗਗਨਦੀਪ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਾਨਯੋਗ ਅਦਾਲਤ ਨੇ ਉਸ ਨੂੰ ਪੰਜ ਜੁਲਾਈ ਤੱਕ ਨਿਆਇਕ ਹਿਰਾਸਤ ਅਧੀਨ ਜੇਲ੍ਹ ਭੇਜ ਦਿੱਤਾ ਹੈ। ਸਫ਼ਾਈ ਧਿਰ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਚੁੰਨੀ ਲਾਲ ਗਾਬਾ ਦਿਲ ਦੇ ਰੋਗ ਤੋਂ ਪੀੜਤ ਹੈ ਤੇ ਉਹ ਇਲਾਜ ਅਧੀਨ ਹੈ। ਜਿਸ ਦਿਨ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਗਈ ਸੀ ਉਸ ਦਿਨ ਵੀ ਤਬੀਅਤ ਠੀਕ ਨਾ ਹੋਣ ਕਾਰਨ ਉਸ ਨੂੰ ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।

ਅਦਾਲਤ ਨੇ ਸਫ਼ਾਈ ਧਿਰ ਵੱਲੋਂ ਇਲਾਜ ਬਾਰੇ ਮਾਮਲਾ ਉਠਾਉਣ 'ਤੇ ਪੁਲਿਸ ਨੂੰ ਹੁਕਮ ਦਿੱਤੇ ਕਿ ਚੁੰਨੀ ਲਾਲ ਗਾਬਾ ਦਾ ਪਹਿਲਾਂ ਰਜਿੰਦਰਾ ਹਸਪਤਾਲ ਤੋਂ ਮੈਡੀਕਲ ਕਰਵਾ ਕੇ ਹੀ ਜੇਲ੍ਹ ਭੇਜਿਆ ਜਾਵੇ ਤੇ ਜੇਲ੍ਹ ਅੰਦਰ ਵੀ ਇਲਾਜ ਜਾਰੀ ਰੱਖਿਆ ਜਾਵੇ।

# ਪੰਜਾਬ ਸਰਕਾਰ ਆਟਾ-ਦਾਲ ਯੋਜਨਾ ਦੀ ਅਦਾਇਗੀ ਤੋਂ ਮੁੱਕਰੀ

**ਚੰਡੀਗੜ੍ਹ:** ਪੰਜਾਬ ਵਿੱਤ ਵਿਭਾਗ ਨੇ ਇਕ ਵਾਰ ਫਿਰ ਪੁਰਾਣੀ ਆਟਾ-ਦਾਲ ਯੋਜਨਾ ਦੀ ਕੋਈ 1846 ਕਰੋੜ ਰੁਪਏ ਰਕਮ ਸਰਕਾਰੀ ਏਜੰਸੀਆਂ ਨੂੰ ਅਦਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਵਿਭਾਗ ਨੇ ਖੁਰਾਕ ਵਿਭਾਗ ਨੂੰ ਪੱਤਰ ਲਿਖ ਕੇ ਕੋਰਾ ਜਵਾਬ ਦਿੱਤਾ ਹੈ ਕਿ ਵਿਭਾਗ ਲਈ ਇਸ ਵਿੱਤੀ ਵਰ੍ਹੇ ਦੌਰਾਨ ਇਸ ਰਕਮ ਦੀ ਅਦਾਇਗੀ ਸੰਭਵ ਨਹੀਂ ਹੈ। ਸੂਤਰਾਂ ਮੁਤਾਬਕ ਵਿੱਤ ਵਿਭਾਗ ਦੇ ਇਸ ਜਵਾਬ ਕਾਰਨ ਸਭ ਤੋਂ ਵੱਡਾ ਝਟਕਾ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ) ਨੂੰ ਲੱਗਾ ਹੈ, ਜਿਸ ਨੇ ਸੂਬੇ ਵਿਚ ਆਟਾ-ਦਾਲ ਯੋਜਨਾ ਸਿਰੇ ਚਾੜ੍ਹਨ ਲਈ ਬੈਂਕ ਕਰਜ਼ਿਆਂ ਰਾਹੀਂ ਤੇ ਆਪਣੇ ਕੋਲੋਂ ਕੋਈ 1100 ਕਰੋੜ ਰੁਪਏ ਰਕਮ ਖਰਚ ਦਿੱਤੀ।

ਮਿਲੀ ਜਾਣਕਾਰੀ ਮੁਤਾਬਕ ਪਨਸਪ ਕੋਲ ਆਟਾ-ਦਾਲ ਯੋਜਨਾ ਲਈ ਕੋਈ ਫੰਡ ਨਾ ਹੋਣ ਕਾਰਨ ਉਸ ਨੇ 290 ਕਰੋੜ ਰੁਪਏ ਰਕਮ ਯੂਕੋ ਬੈਂਕ ਤੋਂ ਹਾਸਲ ਕੀਤੀ ਸੀ। ਇਸ ਤੋਂ ਇਲਾਵਾ ਪਨਸਪ ਨੇ ਆਟਾ-ਦਾਲ ਸਕੀਮ ਲਈ ਭਾਰਤੀ ਰਿਜ਼ਰਵ ਬੈਂਕ ਦੇ ਵੀ 767.86 ਕਰੋੜ ਰੁਪਏ ਵਰਤ ਦਿੱਤੇ, ਜਦਕਿ ਇਹ ਰਕਮ ਤਾਂ ਕਣਕ-ਝੋਨੇ ਲਈ ਕਿਸਾਨਾਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਲਈ ਹਾਸਲ ਹੋਈ ਸੀ। ਅਸਲ ਵਿਚ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਹਰ ਸਾਲ 'ਫੂਡ ਕ੍ਰੈਡਿਟ ਸਕੀਮ' ਤਹਿਤ ਪੰਜਾਬ, ਹਰਿਆਣਾ ਤੇ ਹੋਰ ਸੂਬਿਆਂ ਨੂੰ ਹਜ਼ਾਰਾਂ ਕਰੋੜ ਰੁਪਏ ਅਗਾਊਂ ਦਿੰਦਾ ਹੈ। ਨਿਗਮ ਵੱਲੋਂ ਸੂਬਿਆਂ ਨੂੰ ਇਹ ਰਕਮ ਰਿਜ਼ਰਵ ਬੈਂਕ ਰਾਹੀਂ ਦਿੱਤੀ ਜਾਂਦੀ ਹੈ ਤੇ ਪੰਜਾਬ ਦੀਆਂ ਖਰੀਦ ਏਜੰਸੀਆਂ ਕਿਸਾਨਾਂ ਤੋਂ ਕਣਕ-ਝੋਨਾ ਖਰੀਦ ਕੇ ਰਿਜ਼ਰਵ ਬੈਂਕ ਦੀ ਉਪਰੋਕਤ ਰਾਸ਼ੀ ਵਿਚੋਂ ਹੀ ਭੁਗਤਾਨ ਕਰਦੀਆਂ ਹਨ ਤੇ ਇਹ ਅਨਾਜ ਖਰੀਦ ਏਜੰਸੀਆਂ ਰਾਹੀਂ ਕੇਂਦਰੀ ਪੂਲ ਤੱਕ ਪਹੁੰਚ ਦਿੱਤਾ ਜਾਂਦਾ ਹੈ। ਰਿਜ਼ਰਵ ਬੈਂਕ ਦੀ ਉਸ ਹੀ ਰਕਮ ਵਿਚੋਂ ਪਨਸਪ ਨੇ ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ ਲਈ 767.86 ਕਰੋੜ ਰੁਪਏ ਖਰਚ ਦਿੱਤੇ। ਪਨਸਪ ਇਸ ਬਾਰੇ ਪੱਤਰ ਲਿਖ ਕੇ ਸਰਕਾਰ ਨੂੰ ਵੀ ਦੱਸ ਚੁੱਕੀ ਹੈ ਕਿ ਹੁਣ ਰਿਜ਼ਰਵ ਬੈਂਕ ਇਸ ਰਕਮ ਦਾ ਲੇਖਾ-ਜੋਖਾ ਮੰਗ ਰਿਹਾ ਹੈ। ਵਿੱਤ ਵਿਭਾਗ ਨੇ ਖੁਰਾਕ ਵਿਭਾਗ ਨੂੰ ਪੱਤਰ ਲਿਖਦਿਆਂ ਦੱਸਿਆ ਹੈ ਕਿ ਆਟਾ-ਦਾਲ ਸਕੀਮ ਲਈ ਸਰਕਾਰ ਨੇ 400 ਕਰੋੜ ਰੁਪਏ ਦਾ ਬਜਟ ਰੱਖਿਆ ਹੋਇਆ ਹੈ, ਇਸ ਲਈ ਮੌਜੂਦਾ ਵਿੱਤੀ ਸਾਲ ਦੌਰਾਨ ਕੋਈ ਹੋਰ ਪ੍ਰਬੰਧ ਕਰਨਾ ਸੰਭਵ ਨਹੀਂ।




## ਪਨਸਪ ਆਖਰੀ ਸਾਹਾਂ 'ਤੇ

ਪਨਸਪ ਨੇ ਸੂਬੇ ਵਿਚ ਆਟਾ-ਦਾਲ ਯੋਜਨਾ ਸਿਰੇ ਚਾੜ੍ਹਨ ਲਈ ਬੈਂਕ ਕਰਜ਼ਿਆਂ ਰਾਹੀਂ ਤੇ ਆਪਣੇ ਕੋਲੋਂ ਕੋਈ 1100 ਕਰੋੜ ਰੁਪਏ ਰਕਮ ਖਰਚ ਦਿੱਤੀ। ਪਨਸਪ ਆਪਣੀ ਰਕਮ ਹਾਸਲ ਕਰਨ ਲਈ ਦਸੰਬਰ 2013 ਤੋਂ ਹੁਣ ਤੱਕ ਤਿੰਨ ਵਾਰ ਸਰਕਾਰ ਨੂੰ ਲਿਖ ਚੁੱਕੀ ਹੈ ਪਰ ਹਰ ਵਾਰ ਵਿੱਤ ਵਿਭਾਗ ਤੋਂ ਕੋਰੀ ਨਾਂਹ ਹੀ ਹੋਈ ਹੈ। ਇਸ ਵਿੱਤੀ ਵਰ੍ਹੇ ਦੌਰਾਨ ਸਰਕਾਰ ਨੇ ਪਨਸਪ ਨੂੰ ਅੱਧੀ ਅਦਾਇਗੀ ਵੀ ਨਾ ਕੀਤੀ ਤਾਂ ਪਨਸਪ ਦੇ ਬੰਦ ਹੋ ਜਾਣ ਵਾਲੇ ਹਾਲਾਤ ਪੈਦਾ ਹੋ ਜਾਣਗੇ। ਪੰਜਾਬ ਸਰਕਾਰ ਦੀਆਂ ਚਾਰ ਏਜੰਸੀਆਂ, ਜਿਨ੍ਹਾਂ ਰਾਹੀਂ ਸਰਕਾਰ ਨੇ ਅਗਸਤ 2007 ਤੋਂ ਅਕਤੂਬਰ 2013 ਤੱਕ ਲਾਭਪਾਤਰੀਆਂ ਨੂੰ ਆਟਾ-ਦਾਲ ਵੰਡੀ, ਉਨ੍ਹਾਂ ਵਿਚ ਪਨਸਪ ਤੋਂ ਇਲਾਵਾ ਮਾਰਕਫੈਡ, ਪੰਜਾਬ ਰਾਜ ਗੋਦਾਮ ਕਾਰਪੋਰੇਸ਼ਨ ਤੇ ਪੰਜਾਬ ਐਗਰੋ ਸ਼ਾਮਲ ਹਨ। ਵਿਭਾਗ ਨੇ ਮਾਰਕਫੈਡ ਦੀ 298.70 ਕਰੋੜ, ਗੋਦਾਮ ਕਾਰਪੋਰੇਸ਼ਨ ਦੀ 205.87 ਕਰੋੜ ਤੇ ਪੰਜਾਬ ਐਗਰੋ ਦੀ 206.70 ਕਰੋੜ ਰੁਪਏ ਰਕਮ ਅਦਾ ਕਰਨੀ ਹੈ।

# ਪੰਜਾਬ ਲਈ ਵਿਸ਼ੇਸ਼ ਰਣਨੀਤੀ ਤਿਆਰ ਕਰੇਗੀ 'ਆਪ'

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਹੈ ਕਿ ਪਾਰਟੀ ਆਉਣ ਵਾਲੇ ਹਫ਼ਤੇ ਵਿਚ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਲਈ ਮੋਰਚਾ ਖੋਲ੍ਹਣ ਲਈ ਆਪਣੀਆਂ ਨੀਤੀਆਂ ਦਾ ਖਰੜਾ ਤਿਆਰ ਕਰੇਗੀ। ਜਿਸ ਨੂੰ ਚੋਣ ਮਾਮਲਿਆਂ ਬਾਰੇ ਕਮੇਟੀ ਤੋਂ ਪ੍ਰਵਾਨਗੀ ਮਿਲਣ ਤੇ ਲੋੜੀਂਦੀਆਂ ਤਬਦੀਲੀਆਂ ਨਾਲ ਨੀਤੀਆਂ ਦਾ ਰੂਪ ਦਿੱਤਾ ਜਾਵੇਗਾ। ਭਾਵੇਂ ਇਸ ਅਮਲ ਵਿਚ ਤਕਰੀਬਨ ਦੋ ਮਹੀਨੇ ਦਾ ਸਮਾਂ ਲੱਗਣ ਦੀ ਉਮੀਦ ਹੈ ਪਰ ਹਰ 10-15 ਦਿਨਾਂ ਦੇ ਵਕਫ਼ੇ ਤੋਂ ਬਾਅਦ ਸੂਬੇ ਦਾ ਦੌਰਾ ਕਰਕੇ ਇਸ ਨੀਤੀ ਤੇ ਇਸ ਵਿਚ ਆਉਣ ਵਾਲੀਆਂ ਵਿਹਾਰਕ ਸਮੱਸਿਆਵਾਂ ਨੂੰ ਵੀ ਨੇੜਿਉਂ ਸਮਝਿਆ ਜਾਵੇਗਾ।

ਆਪਣੇ ਪੰਜਾਬ ਦੌਰੇ ਤੋਂ ਪਰਤੇ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਅਕਾਲੀ ਦਲ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਜਿਨ੍ਹਾਂ ਪੰਜਾਬ ਨੂੰ ਮਾਫੀਆ ਦੀ ਧਰਤੀ ਬਣਾ ਦਿੱਤਾ ਹੈ। 'ਆਪ' ਨੇਤਾ ਨੇ ਕਿਹਾ ਕਿ ਸਾਡੀ ਪਾਰਟੀ ਇਸ ਨਾਲ ਨਜਿੱਠਣ ਲਈ ਸੂਬੇ ਦੇ ਨੌਜਵਾਨਾਂ ਦਾ ਇਕ ਵੱਖਰਾ ਦਲ ਤਿਆਰ ਕਰੇਗੀ ਜੋ ਮੁਹੱਲਾ ਪੱਧਰ 'ਤੇ ਮੁਹਿੰਮ ਦੀ ਸ਼ੁਰੂਆਤ ਕਰੇਗੀ। ਇਸ ਮੁਹਿੰਮ ਤਹਿਤ ਨਸ਼ਿਆਂ ਦੇ ਖਿਲਾਫ਼ ਪਰਚੇ ਵੰਡਣਗੇ। ਸਰਕਾਰ ਦੇ ਸਾਰੇ ਪੋਲ ਚਿੱਠੇ ਖੋਲ੍ਹਣਾ ਤੇ ਮੁਹੱਲਾ ਪੱਧਰ 'ਤੇ ਹਰ ਲੋੜੀਂਦੀ ਜਾਣਕਾਰੀ ਪਾਰਟੀ ਨੂੰ ਦੇਣਾ ਇਸ ਪਾਰਟੀ ਦੀ ਜ਼ਿੰਮੇਵਾਰੀ ਹੋਵੇਗੀ। ਇਸ ਤੋਂ ਇਲਾਵਾ 'ਆਪ' ਪੰਜਾਬ ਵਿਚੋਂ ਪਾਰਟੀ ਦੀ ਜ਼ਿਲ੍ਹਾ ਤੇ ਰਾਜ ਕਮੇਟੀ ਦਾ ਵੀ ਪੁਨਰਗਠਨ ਕਰ ਰਹੀ ਹੈ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਅਜਿਹਾ ਨਹੀਂ ਹੈ ਕਿ ਸਰਕਾਰ ਖ਼ਿਲਾਫ਼ ਲੋਕ ਆਵਾਜ਼ ਨਹੀਂ ਉਠਾ ਰਹੇ। ਲੋਕ ਆਪਣੇ ਪੱਧਰ 'ਤੇ ਕੋਸ਼ਿਸ਼ਾਂ ਕਰ ਰਹੇ ਹਨ। ਕੋਈ ਆਰ.ਟੀ.ਆਈ. ਰਾਹੀਂ ਆਪਣੀ ਆਵਾਜ਼ ਉਠਾ ਰਿਹਾ ਹੈ ਤੇ ਕੋਈ ਕੇਬਲ ਮਾਫੀਆ ਨੂੰ ਨਿਸ਼ਾਨਾ ਬਣਾ ਰਿਹਾ ਹੈ ਤੇ ਕੋਈ ਨਸ਼ਿਆਂ ਨੂੰ ਰੋਕਣ ਲਈ ਯਤਨਸ਼ੀਲ ਹੈ। ਆਮ ਆਦਮੀ ਪਾਰਟੀ ਅਜਿਹੇ ਲੋਕਾਂ ਨੂੰ ਪਾਰਟੀ ਨਾਲ ਜੋੜ ਕੇ ਪਾਰਟੀ ਨੂੰ ਮਜ਼ਬੂਤ ਤਾਂ ਕਰੇਗੀ ਹੀ, ਨਾਲ ਹੀ ਉਨ੍ਹਾਂ ਨੂੰ ਮੋਰਚਾ ਖੋਲ੍ਹਣ ਲਈ ਮੰਚ ਵੀ ਮੁਹੱਈਆ ਕਰਵਾਏਗੀ।

ਪੰਜਾਬ ਵਿਚ ਚਾਰ ਸੀਟਾਂ 'ਤੇ ਮਿਲੀ ਜਿੱਤ ਨੂੰ ਮਨੀਸ਼ ਸਿਸੋਦੀਆ ਨੇ ਲੋਕਾਂ ਦੀ 'ਉਮੀਦ' ਦਾ ਦਰਜਾ ਦਿੱਤਾ। ਸਾਬਕਾ ਮੰਤਰੀ ਨੇ ਸਵੀਕਾਰ ਕੀਤਾ ਕਿ ਦੇਸ਼ ਵਿਚ ਭਾਜਪਾ ਨੂੰ ਮਿਲੇ ਪੂਰਨ ਬਹੁਮਤ ਵਿਚ ਮੋਦੀ ਲਹਿਰ ਦਾ ਹੀ ਯੋਗਦਾਨ ਹੈ ਪਰ ਮੋਦੀ ਲਹਿਰ ਦੇ ਪੰਜਾਬ ਵਿਚ ਅਸਫ਼ਲ ਹੋਣ ਦਾ ਕਾਰਨ ਭਾਜਪਾ ਦੇ ਉਹ ਸਹਿਯੋਗੀ ਹੀ ਹਨ, ਜਿਨ੍ਹਾਂ ਨੂੰ ਪੰਜਾਬ ਦੀ ਜਨਤਾ ਆਪਣਾ ਦੋਸ਼ੀ ਮੰਨਦੀ ਹੈ। ਸਮੇਂ-ਸਮੇਂ ਸਿਰ ਪਾਰਟੀ ਵਿਧਾਇਕਾਂ ਤੇ ਨੇਤਾਵਾਂ ਦੀਆਂ ਪਾਰਟੀ ਛੱਡ ਕੇ ਜਾਣ ਦੀਆਂ ਖ਼ਬਰਾਂ ਨੂੰ ਵੀ ਆਪ ਨੇਤਾ 'ਅੱਧਪਕਿਆ ਸੱਚ' ਹੀ ਮੰਨਦੇ ਹਨ। ਮਨੀਸ਼



ਨੀਸ਼ ਸਿਸੋਦੀਆ

ਸਿਸੋਦੀਆ ਨੇ ਕਿਹਾ ਕਿ ਪਾਰਟੀ ਨਾਲ ਦੋ ਤਰ੍ਹਾਂ ਦੇ ਲੋਕ ਜੁੜੇ ਸਨ, ਇਕ ਉਹ ਜੋ ਸਿਰਫ ਆਪਣੀਆਂ ਸਿਆਸੀ ਤਾਂਘਾਂ ਪੂਰੀਆਂ ਕਰਨ ਲਈ ਪਾਰਟੀ ਨੂੰ ਪੌੜੀ ਵਾਂਗ ਇਸਤੇਮਾਲ ਕਰ ਰਹੇ ਸਨ ਤੇ ਅਜਿਹਾ ਨਾ ਹੋਣ 'ਤੇ ਨਰਾਜ਼ਗੀ ਵਜੋਂ ਪਾਰਟੀ ਖਿਲਾਫ਼ ਬਿਆਨਬਾਜ਼ੀ ਵਿਚ ਉਲਝੇ ਜਾਂ ਪਾਰਟੀ ਛੱਡ ਕੇ ਜਾ ਰਹੇ ਹਨ ਪਰ ਇਨ੍ਹਾਂ ਦੀ ਗਿਣਤੀ 2-4 ਫੀਸਦੀ ਹੈ। ਬਾਕੀ ਨੇਤਾ ਹਰ ਵੇਲੇ ਪਾਰਟੀ ਦੇ ਨਾਲ ਹਨ।

**ਜਲੰਧਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੁਨੀਸ਼ ਸਿਸੋਦੀਆ ਨੇ ਕਿਹਾ ਹੈ ਕਿ ਅਗਲੇ ਦੋ ਮਹੀਨਿਆਂ ਵਿਚ ਪੰਜਾਬ ਦਾ ਜਥੇਬੰਦਕ ਢਾਂਚਾ ਬਣਾ ਦਿੱਤਾ ਜਾਵੇਗਾ। ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਲਈ ਬੂਥ ਪੱਧਰ 'ਤੇ ਨਿਯੁਕਤੀਆਂ ਜਾਣਗੀਆਂ, ਜਿਸ ਦੀ ਪ੍ਰਕ੍ਰਿਆ ਆਰੰਭ ਹੋ ਚੁੱਕੀ ਹੈ। ਇਸ ਮੌਕੇ ਉਨ੍ਹਾਂ ਵਰਕਰਾਂ ਨੂੰ ਇਕ ਫਾਰਮ ਵੀ ਭਰਨ ਲਈ ਦਿੱਤਾ, ਜਿਸ ਵਿਚ ਉਨ੍ਹਾਂ ਨੇ ਜਿਥੇ ਬੂਥ ਪੱਧਰ 'ਤੇ ਚਾਹਵਾਨ ਆਗੂਆਂ ਕੋਲੋਂ ਉਨ੍ਹਾਂ ਦੇ ਨਾਵਾਂ ਦੀ ਮੰਗ ਕੀਤੀ ਹੈ, ਉਥੇ ਉਨ੍ਹਾਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਵਿਰੋਧੀ ਸਰਗਰਮੀਆਂ ਕਰਨ ਵਾਲੇ ਆਗੂਆਂ ਦੀ ਸੂਚੀ ਵੀ ਮੰਗ ਲਈ ਹੈ।

ਸ੍ਰੀ ਸਿਸੋਦੀਆ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਬੂਥ ਪੱਧਰ 'ਤੇ ਨਿਯੁਕਤੀਆਂ ਕੀਤੀਆਂ ਜਾਣਗੀਆਂ ਤੇ ਫਿਰ ਬੂਥ ਪੱਧਰੀ ਆਗੂ ਜ਼ਿਲ੍ਹਾ ਪੱਧਰ 'ਤੇ ਚੋਣ ਕਰਨਗੇ ਤੇ ਇਸੇ ਤਰ੍ਹਾਂ ਪੰਜਾਬ ਪੱਧਰ 'ਤੇ ਚੋਣ ਹੋਵੇਗੀ। ਨਵੇਂ ਜਥੇਬੰਦਕ ਢਾਂਚੇ ਵਿਚ ਬੂਥ ਪੱਧਰ ਤੋਂ ਲੈ ਕੇ ਉੱਪਰ ਤੱਕ ਹਰੇਕ ਆਗੂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਸ੍ਰੀ ਸਿਸੋਦੀਆ ਨੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਪੰਜਾਬੀਆਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬੀਆਂ ਨੇ ਮੋਦੀ ਦੀ ਲਹਿਰ ਨੂੰ ਰੋਕ ਕੇ ਸਾਬਤ ਕਰ ਦਿੱਤਾ ਕਿ ਉਹ ਆਮ ਆਦਮੀ ਪਾਰਟੀ ਵੱਲੋਂ ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਨਸ਼ਿਆਂ ਖ਼ਿਲਾਫ਼ ਲੜੀ ਜਾ ਰਹੀ ਲੜਾਈ ਵਿਚ ਉਨ੍ਹਾਂ ਦੇ ਨਾਲ ਹਨ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਹੜ੍ਹ ਤੇ ਅਕਾਲੀ ਸਰਕਾਰ ਵੱਲੋਂ ਫੈਲਾਏ ਗਏ ਭ੍ਰਿਸ਼ਟਾਚਾਰ ਕਾਰਨ ਪੰਜਾਬ ਦੀ ਹਾਲਾਤ ਦਿਨੋ ਦਿਨ ਨਿੱਘਰਦੇ ਜਾ ਰਹੇ ਹਨ ਤੇ ਜੇਕਰ ਅਜੇ ਵੀ ਪੰਜਾਬੀ ਨਾ ਸੰਭਲੇ ਤਾਂ ਬਹੁਤ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਰਾਕ ਵਿਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਕੱਢਣ ਲਈ ਤਰੁੰਤ ਜੰਗੀ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ, ਜਿਨ੍ਹਾਂ ਵਿਚ 95 ਫੀਸਦੀ ਪੰਜਾਬੀ ਨੌਜਵਾਨ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਵਿਚ ਭਾਜਪਾ ਜਾਣਬੁੱਝ ਕੇ ਵਿਧਾਨ ਸਭਾ ਭੰਗ ਨਹੀਂ ਕਰਵਾ ਰਹੀ ਕਿਉਂਕਿ ਭਾਜਪਾ ਦਾ ਮਕਸਦ 'ਆਪ' ਦੇ ਕੁਝ ਵਿਧਾਇਕਾਂ ਨੂੰ ਖਰੀਦ ਕੇ ਪਾਰਟੀ ਨੂੰ ਤੋੜਨ ਦਾ ਹੈ।


## Matrimonial

### ਕੰਨਿਆ ਦੀ ਲੋੜ

Suitable girl wanted for Jatt Sikh, US citizen boy, B Sc, 24, 5'-10". Girl should be 22-24, 5'-5", MBBS /B Tech./Nursing degree/ B. Pharmacy. Send photo & bio-data @ mbrar31@hotmail.com, Cell: 608-695-3475 25 to 28

### ਵਰ ਦੀ ਲੋੜ

Suitable Match for Green Card holder, Jat Sikh girl, 28, 5'-3", fair complexion, BSc nursing, innocently divorcee after brief marriage, working as a RN. Divorcees considerable. Send bio-data and photo to 26 to 29

### ਸਾਥੀ ਦੀ ਭਾਲ

US citizen 51 year old Sikh man wanted companion 5'-10" divorcee, no kids. Contact: 812-265-8238 26 to 29


## ਐਲਿਜ਼ਬਥ ਨੇ ਪੋਤੇ ਨੂੰ ਤੋਹਫੇ ਵਜੋਂ ਹੈਲੀਕਾਪਟਰ ਦਿੱਤਾ

**ਲੰਡਨ:** ਮਹਾਰਾਣੀ ਐਲਿਜ਼ਬਥ (ਦੋਇਮ) ਨੇ ਆਪਣੇ ਪੋਤੇ ਸ਼ਹਿਜ਼ਾਦਾ ਵਿਲੀਅਮ ਲਈ 80 ਲੱਖ ਪੌਂਡ ਦਾ ਹੈਲੀਕਾਪਟਰ ਖਰੀਦਿਆ ਹੈ। ਵਿਲੀਅਮ ਤੇ ਉਸ ਦੀ ਪਤਨੀ ਕੇਟ ਇਹ ਹੈਲੀਕਾਪਟਰ (ਅਗਸਤਾ ਏ 109 ਐਸ ਗਰੈਂਡ) ਸ਼ਾਹੀ ਰੁਝੇਵਿਆਂ ਲਈ ਵਰਤ ਸਕਣਗੇ। ਇਹ ਤੋਹਫਾ ਜਨਮ ਦਿਨ ਮੌਕੇ ਦਿੱਤਾ ਗਿਆ ਹੈ। ਵਿਲੀਅਮ ਭਲਕੇ 32 ਸਾਲਾਂ ਦਾ ਹੋ ਰਿਹਾ ਹੈ।


LAW OFFICE OF NIRWAN & ASSOCIATES



Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਨੇ ਵੀ ਕੀਤੀ ਵੱਖਰੀ ਕਮੇਟੀ ਦੀ ਹਮਾਇਤ

**ਅੰਮ੍ਰਿਤਸਰ:** ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਇਆ। ਇਸ ਬਾਰੇ ਜਾਰੀ ਕੀਤੇ ਇਕ ਬਿਆਨ ਵਿਚ ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਵੰਡ ਲਈ ਅਕਾਲੀ ਆਗੂ ਹੀ ਦੋਸ਼ੀ ਹਨ ਤੇ ਇਨ੍ਹਾਂ ਕਾਰਨ ਹੀ ਪੰਜਾਬ ਦੇ ਟੋਟੇ ਹੋਏ ਤੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਬਣਿਆ। ਉਨ੍ਹਾਂ ਆਖਿਆ ਕਿ ਜੇਕਰ ਹਰਿਆਣਾ ਦੇ ਸਿੱਖ ਉਥੋਂ ਦੇ ਗੁਰਦੁਆਰਿਆਂ ਦੀ ਸੰਭਾਲ ਲਈ ਆਜ਼ਾਦ ਢੰਗ ਨਾਲ ਕੰਮ ਕਰਨਾ ਚਾਹੁੰਦੇ ਹਨ ਤੇ ਵੱਖਰੀ ਕਮੇਟੀ ਬਣਾਉਣਾ ਚਾਹੁੰਦੇ ਹਨ ਤਾਂ ਇਸ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਹੋਰਨਾਂ ਨੂੰ ਕੀ ਇਤਰਾਜ਼ ਹੈ।

ਉਨ੍ਹਾਂ ਨੇ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਸਮਰਥਨ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਵਿਰੋਧ ਕਰਨ ਵਾਲੇ ਆਗੂ ਗੁਰਦੁਆਰਿਆਂ ਦੀ ਸੰਭਾਲ ਦੇ ਨਾਂ 'ਤੇ ਆਪਣਾ ਗਲਬਾ ਰੱਖਣਾ ਚਾਹੁੰਦੇ



ਹਨ। ਮੁੱਖ ਮੰਤਰੀ ਬਾਦਲ ਇਸ ਮਾਮਲੇ ਵਿਚ ਆਪਣੇ ਸਿਆਸੀ ਮੁਫਾਦਾਂ ਨੂੰ ਪਾਸੇ ਰੱਖਣ ਤੇ ਵੱਖਰੀ ਕਮੇਟੀ ਨੂੰ ਸਮਰਥਨ ਦੇਣ। ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣਾ ਕਿਸੇ ਤਰ੍ਹਾਂ ਵੀ ਅਣਉਚਿਤ ਨਹੀਂ ਹੈ ਕਿਉਂਕਿ ਇਸ ਤੋਂ ਪਹਿਲਾ ਦਿੱਲੀ, ਪਟਨਾ ਤੇ ਮਹਾਰਾਸ਼ਟਰ ਵਿਚ ਵੱਖ-ਵੱਖ ਕਮੇਟੀਆਂ ਬਣ ਚੁੱਕੀਆਂ ਹਨ।

## ਹਰ ਸੂਬੇ ਵਿਚ ਬਣੇ ਅੱਡਰੀ ਕਮੇਟੀ: ਸਰਨਾ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿਚ ਫ਼ਤਵਾ ਦਿੰਦਿਆ ਕਿਹਾ ਕਿ ਸਿਰਫ ਹਰਿਆਣਾ ਕਮੇਟੀ ਹੀ ਵੱਖਰੀ ਨਹੀਂ ਬਣਾਈ ਜਾਣੀ ਚਾਹੀਦੀ ਸਗੋਂ ਵੱਖ-ਵੱਖ ਸੂਬਿਆਂ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਲਈ ਵੱਖੋ-ਵੱਖਰੀਆਂ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਜਿਹੜੇ ਲੋਕ ਹਰਿਆਣਾ ਦੀ ਵੱਖਰੀ ਕਮੇਟੀ ਦਾ ਵਿਰੋਧ ਕਰ ਰਹੇ ਹਨ ਉਨ੍ਹਾਂ ਨੇ ਹੁਣ ਤੱਕ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ ਤੇ ਹਮੇਸ਼ਾਂ ਹੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਕੇ ਆਪਣੇ ਹਿੱਤਾਂ ਦੀ ਪੂਰਤੀ ਕੀਤੀ ਹੈ। ਹਰਿਆਣਾ ਦੀ ਵੱਖਰੀ ਕਮੇਟੀ ਬਣਨ ਨਾਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੋਰ ਵੀ ਵਧੀਆ ਤਰੀਕੇ ਨਾਲ ਹੋ ਸਕੇਗੀ। ਜਿਹੜੇ ਲੋਕ ਹਰਿਆਣਾ ਕਮੇਟੀ ਦਾ ਵਿਰੋਧ ਕਰ ਰਹੇ ਹਨ ਉਨ੍ਹਾਂ ਨੇ ਪਾਕਿਸਤਾਨ ਦੀ ਵੱਖਰੀ ਕਮੇਟੀ ਬਣਨ ਸਮੇਂ ਵੀ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਦੀ ਪਾਕਿਸਤਾਨ ਸਰਕਾਰ ਨੇ ਵੱਖਰੀ ਕਮੇਟੀ ਬਣਾਈ ਹੈ ਉਸ ਸਮੇਂ ਤੋਂ ਗੁਰਦੁਆਰਿਆਂ ਦੀ ਕਾਇਆ ਕਲਪ ਹੋ ਰਹੀ ਹੈ। ਹਰਿਆਣੇ ਦੇ ਸਿੱਖਾਂ ਦਾ ਵੀ ਸ਼੍ਰੋਮਣੀ ਕਮੇਟੀ 'ਤੇ ਇਹੀ ਦੋਸ਼ ਹੈ ਕਿ ਉਹ ਗੋਲਕ ਤਾਂ ਲੈ ਕੇ ਜਾ ਰਹੇ ਹਨ ਪਰ ਹਰਿਆਣਾ ਦੇ ਗੁਰਦੁਆਰਿਆਂ ਦੇ ਵਿਕਾਸ ਲਈ ਕੋਈ ਉਪਰਾਲਾ ਨਹੀਂ ਹੋ ਰਿਹਾ। ਸ. ਸਰਨਾ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਪਤਿਤਪੁਣੇ, ਗੁਰੂ ਡੰਮ ਤੇ ਨਸ਼ਿਆਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਸਿੱਧੇ ਰੂਪ ਵਿਚ ਦੋਸ਼ੀ ਹੈ। ਅੱਜ ਪੰਜਾਬ ਵਿਚ ਸਰਕਾਰ ਨੇ 429 ਸਕੂਲ ਬੰਦ ਕਰ ਦਿੱਤੇ ਹਨ ਤੇ 1600 ਨਵੇਂ ਠੇਕੇ ਖੋਲ੍ਹ ਦਿੱਤੇ ਹਨ। ਅਕਾਲੀ ਦਲ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਲਈ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨ ਦੀ ਗੱਲ ਤਾਂ ਕਰਦਾ ਹੈ ਪਰ ਸਿੱਖਾਂ ਦੇ ਅਧਿਕਾਰਾਂ ਦੀ ਗੱਲ ਨਹੀਂ ਕਰਦਾ।

# ਇਰਾਕ ਵਿਚ ਫਸੇ ਭਾਰਤੀਆਂ ਦੀ ਸਲਾਮਤੀ ਲਈ ਅਰਦਾਸ

**ਅੰਮ੍ਰਿਤਸਰ:** ਇਰਾਕ ਵਿਚ ਫਸੇ ਪੰਜਾਬੀ ਨੌਜਵਾਨ ਤੇ ਹੋਰ ਭਾਰਤੀਆਂ ਦੀ ਸਲਾਮਤੀ ਤੇ ਸੁਰੱਖਿਅਤ ਵਤਨ ਵਾਪਸੀ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਤਕਰੀਬਨ 80 ਗੁਰਦੁਆਰਿਆਂ ਵਿਚ ਅਰਦਾਸ ਕੀਤੀ ਗਈ।

ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹਰੇਕ ਸਿੱਖ ਹਮੇਸ਼ਾਂ ਹੀ ਸਰਬੱਤ ਦਾ ਭਲਾ ਮੰਗਦਾ ਹੈ। ਇਸ ਸਿਧਾਂਤ 'ਤੇ ਪਹਿਰਾ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਆਦੇਸ਼ ਦਿੱਤੇ ਗਏ ਕਿ ਕਮੇਟੀ ਦੇ ਪ੍ਰਬੰਧ ਵਾਲੇ ਸਾਰੇ ਹੀ ਗੁਰਦੁਆਰਿਆਂ ਵਿਚ ਅਖੰਡ ਪਾਠ ਕਰਵਾ ਕੇ ਇਰਾਕ ਸੰਕਟ ਵਿਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਲਈ ਅਰਦਾਸ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਵਿਚ 22 ਜੂਨ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ। ਇਸ ਤੋਂ ਹੋਰ ਵੀ ਹਰ ਸੰਭਵ ਸਹਾਇਤਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਵੱਖਰੀ ਗੁਰਦੁਆਰਾ ਕਮੇਟੀ ਬਣੀ ਆਰ ਪਾਰ ਦਾ ਮਸਲਾ

*(ਸਫਾ ਇਕ ਦੀ ਬਾਕੀ)*

ਕਿ ਉਹ ਹਰਿਆਣਾ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਣ। ਕੈਪਟਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਕਿਹਾ ਕਿ ਉਹ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਕਮੇਟੀ ਦਾ ਵਿਰੋਧ ਕਰਨ ਬਾਰੇ ਉਨ੍ਹਾਂ ਦੀ ਮਜ਼ਬੂਰੀਆਂ ਨੂੰ ਸਮਝਦੇ ਹਨ ਕਿਉਂਕਿ ਉਹ ਹੋਰ ਕੁਝ ਕਰ ਵੀ ਨਹੀਂ ਸਕਦੇ।

ਵੇਲੇ ਦੀ ਨਜ਼ਾਕਤ ਨੂੰ ਵੇਖਦਿਆਂ ਜਥੇਦਾਰ ਅਵਤਾਰ ਸਿੰਘ ਨੇ ਹਰਿਆਣਾ ਦੇ ਸਿੱਖ ਆਗੂਆਂ ਦੀਦਾਰ ਸਿੰਘ ਨਲਵੀ ਤੇ ਜਗਦੀਸ਼ ਸਿੰਘ ਝੀਂਡਾ ਨੂੰ ਸੱਦਾ ਦਿੱਤਾ ਹੈ ਕਿ ਉਹ ਕਾਂਗਰਸ ਦੀ ਸ਼ਹਿ 'ਤੇ ਵੱਖਰੀ ਕਮੇਟੀ ਬਣਾਉਣ ਲਈ ਜਿੱਦ ਛੱਡਦਿਆਂ ਗਿਲੇ-ਸ਼ਿਕਵੇ ਦੂਰ ਕਰਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਤੇ ਪਰਮਜੀਤ ਸਿੰਘ ਸਰਨਾ ਸਾਬਕਾ ਪ੍ਰਧਾਨ ਦਿੱਲੀ ਕਮੇਟੀ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਹ ਵੱਖਰੀ ਕਮੇਟੀ ਬਣਾਉਣ ਲਈ ਬਹੁਤ ਉਤਾਵਲੇ ਹਨ। ਉਨ੍ਹਾਂ ਕਾਂਗਰਸ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਤੋਂ ਬਾਜ਼ ਆਵੇ।

ਲੋਕ ਸਭਾ ਚੋਣਾਂ ਵਿਚ ਵੱਡਾ ਝਟਕਾ ਲੱਗਣ ਮਗਰੋਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਿੱਖ ਵੋਟਰਾਂ ਨੂੰ ਲਭਾਉਣ ਦੀ ਤਾਕ ਵਿਚ ਹਨ। ਹਰਿਆਣਾ ਦੇ ਸਿੱਖ ਕਾਫੀ ਸਮੇਂ ਤੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਹਨ ਪਰ ਲੰਮੀ ਜੱਦੋ-ਜਹਿਦ ਮਗਰੋਂ ਵੀ ਉਨ੍ਹਾਂ ਦੀ ਇਹ ਮੰਗ ਪੂਰੀ ਨਹੀਂ ਹੋਈ। ਹਰਿਆਣਾ ਦੀ ਹੁੱਡਾ ਸਰਕਾਰ ਨੇ ਇਕ ਵਾਰ ਪਹਿਲਾਂ ਵੀ ਸਿੱਖਾਂ ਦੀ ਇਹ ਮੰਗ ਪੂਰੀ ਕਰਨ ਲਈ ਤਿਆਰੀ ਖਿੱਚੀ ਸੀ ਪਰ ਐਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਪਹੁੰਚ ਕਰਕੇ ਹਰਿਆਣਾ ਸਰਕਾਰ ਦੀ ਇਸ ਕਵਾਇਦ ਨੂੰ ਰੁਕਵਾ ਦਿੱਤਾ ਸੀ। ਹਰਿਆਣਾ ਕਾਂਗਰਸ ਨੇ 2005 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਚੋਣ ਮੈਨੀਫੈਸਟੋ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਸਰਕਾਰ ਬਣਨ 'ਤੇ ਕਾਂਗਰਸ ਨੇ ਇਸ ਮਸਲੇ ਨੂੰ ਲਟਕਾ ਦਿੱਤਾ। ਉਸ ਵੇਲੇ ਮੁੱਖ ਮੰਤਰੀ ਹੁੱਡਾ ਨੇ ਸਿੱਖਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਦੀ ਥਾਂ 22 ਅਗਸਤ, 2005 ਨੂੰ ਕਮੇਟੀ ਦਾ ਗਠਨ ਕਰ ਦਿੱਤਾ। ਇਸ ਕਮੇਟੀ ਦਾ ਚੇਅਰਮੈਨ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਲਾਇਆ ਗਿਆ ਪਰ ਕਮੇਟੀ ਨੇ ਸਾਢੇ ਅੱਠ ਸਾਲਾਂ ਬਾਅਦ ਪਿਛਲੇ ਦਿਨੀਂ ਰਿਪੋਰਟ ਪੇਸ਼ ਕੀਤੀ ਹੈ। ਇਸ ਮਗਰੋਂ 2010 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਮੁੜ ਕਾਂਗਰਸ ਨੇ ਸਿੱਖ ਨੂੰ ਇਹ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ। ਸ੍ਰੀ ਹੁੱਡਾ ਮੁੜ ਮੁੱਖ ਮੰਤਰੀ ਬਣਨ ਵਿਚ ਸਫਲ ਰਹੇ ਤੇ ਸਿੱਖਾਂ ਨਾਲ ਕੀਤੇ ਵਾਅਦੇ ਮੁਤਾਬਕ ਵੱਖਰੀ ਕਮੇਟੀ ਬਣਾਉਣ ਲਈ ਸਰਗਰਮੀ ਵਿਖਾਈ ਪਰ ਹਾਈਕਮਾਨ ਦੇ ਦਾਬੇ ਕਰਕੇ ਉਹ ਸਫਲ ਨਾ ਹੋ ਸਕੇ। ਇਸ ਵਾਅਦਾ ਖਿਲਾਫੀ ਕਰਕੇ ਸਿੱਖ ਵੋਟਰ ਹੁੱਡਾ ਸਰਕਾਰ ਤੋਂ ਨਰਾਜ਼ ਹੋ ਗਏ। ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿਚ ਕਾਂਗਰਸ ਖਾਤਾ ਵੀ ਨਾ ਖੋਲ੍ਹ ਸਕੀ। ਹੁਣ ਅਗਲੇ ਸਾਲ ਸੂਬੇ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਜਿਸ ਕਰਕੇ ਹੁੱਡਾ ਸਰਕਾਰ ਇਕ ਵਾਰ ਮੁੜ ਸਿੱਖਾਂ ਨੂੰ ਲਭਾਉਣ ਦੇ ਕਾਰਜ ਵਿਚ ਜੁੱਟ ਗਈ ਹੈ। ਹਰਿਆਣਾ ਦੇ ਕੁੱਲ 90 ਵਿਧਾਨ ਸਭਾ ਹਲਕਿਆਂ ਵਿਚੋਂ 36 'ਤੇ ਸਿੱਖ ਵੋਟਰਾਂ ਦਾ ਚੰਗਾ ਪ੍ਰਭਾਵ ਹੈ ਜਦਕਿ ਚਾਰ ਲੋਕ ਸਭਾ ਸੀਟਾਂ 'ਤੇ ਜਿੱਤ ਹਾਰ ਦਾ ਫੈਸਲਾ ਸਿੱਖ ਵੋਟਰਾਂ ਦੇ ਹੱਥ ਹੈ।

# ਆਪਣੀ ਹੀ ਸਿਆਸਤ ਵਿਚ ਘਿਰੇ ਬਾਦਲ

*(ਸਫਾ ਇਕ ਦੀ ਬਾਕੀ)*

ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਜ ਦੀ ਮਾਲੀ ਸਥਿਤੀ ਖਰਾਬ ਹੋਣ ਕਾਰਨ ਮਿਊਂਸਪਲ ਕਮੇਟੀਆਂ ਦੇ ਮੁਲਾਜ਼ਮਾਂ ਨੂੰ ਕਈ-ਕਈ ਮਹੀਨੇ ਤਨਖ਼ਾਹ ਨਹੀਂ ਮਿਲ ਰਹੀ ਤੇ ਮਿਊਂਸਪਲ ਖੇਤਰਾਂ ਵਿਚ ਸੜਕਾਂ 'ਤੇ ਟਾਕੀਆਂ ਲਾਉਣ ਲਈ ਵੀ ਫ਼ੰਡ ਨਹੀਂ ਹਨ ਜਦੋਂਕਿ ਬਜ਼ੁਰਗਾਂ, ਵਿਧਵਾਵਾਂ ਆਦਿ ਨੂੰ ਪੈਨਸ਼ਨਾਂ ਵੀ ਕਈ-ਕਈ ਮਹੀਨੇ ਪਛੜ ਕੇ ਮਿਲ ਰਹੀਆਂ ਹਨ। ਰਿਪੋਰਟ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਦੱਸਦਿਆਂ ਕਿਹਾ ਗਿਆ ਹੈ ਕਿ ਪ੍ਰਸ਼ਾਸਨ 'ਤੇ ਕੰਟਰੋਲ ਕਮਜ਼ੋਰ ਹੋਣ ਕਾਰਨ ਆਮ ਆਦਮੀ ਨੂੰ ਕਿਤੇ ਵੀ ਇਨਸਾਫ਼ ਮਿਲਣਾ ਮੁਸ਼ਕਿਲ ਬਣ ਗਿਆ ਹੈ ਜਿਸ ਕਾਰਨ ਪੰਜਾਬ ਵਿਚ ਭਾਜਪਾ ਨੂੰ ਸਥਾਨਕ ਪੱਧਰ 'ਤੇ ਸਰਕਾਰ ਵਿਚ ਭਾਈਵਾਲ ਹੋਣ ਕਾਰਨ ਵੱਡੇ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਰਿਪੋਰਟ ਵਿਚ ਮੌਜੂਦਾ ਭਾਜਪਾ ਮੰਤਰੀਆਂ ਦੀ ਕਾਰਗੁਜ਼ਾਰੀ 'ਤੇ ਵੀ ਟਿੱਪਣੀ ਕੀਤੀ ਗਈ ਤੇ ਆਉਂਦੇ ਸਮੇਂ ਲਈ ਸੁਧਾਰ ਬਾਰੇ ਵੀ ਕੁਝ ਤਜਵੀਜ਼ਾਂ ਦਿੱਤੀਆਂ ਗਈਆਂ। ਬਾਦਲ ਕੈਬਨਿਟ ਵਿਚ ਭਾਜਪਾ ਦੇ ਚਾਰ ਮੰਤਰੀ ਹਨ। ਭਾਜਪਾ ਕੋਲ ਉਦਯੋਗ ਤੇ ਤਕਨੀਕੀ ਸਿੱਖਿਆ), ਕਿਰਤ ਤੇ ਜੰਗਲਾਤ, ਸਿਹਤ ਤੇ ਸਮਾਜਕ ਸੁਰੱਖਿਆ ਤੇ ਸਥਾਨਕ ਸਰਕਾਰ ਤੇ ਮੈਡੀਕਲ ਸਿੱਖਿਆ ਵਿਭਾਗ ਹਨ। ਇਸ ਤੋਂ ਇਲਾਵਾ ਤਿੰਨ ਮੁੱਖ ਸੰਸਦੀ ਸਕੱਤਰ ਤੇ ਡਿਪਟੀ ਸਪੀਕਰ ਦਾ ਅਹੁਦਾ ਭਾਜਪਾ ਕੋਲ ਹੈ।

ਉਧਰ, ਸੁਖਬੀਰ ਸਿੰਘ ਬਾਦਲ ਦੇ ਹੱਥ ਪਾਰਟੀ ਦੀ ਕਮਾਨ ਆਉਣ ਤੋਂ ਬਾਅਦ ਨੁੱਕਰੇ ਲੱਗੇ ਟਕਸਾਲੀ ਆਗੂ ਵੀ ਆਵਾਜ਼ ਬੁਲੰਦ ਕਰਨ ਲੱਗੇ ਹਨ। ਪਾਰਟੀ ਦੇ ਚੋਣਾਂ ਵਿਚ ਪ੍ਰਦਰਸ਼ਨ ਦਾ ਲੇਖਾ-ਜੋਖਾ ਕਰਨ ਲਈ ਲੰਘੇ ਦਿਨੀਂ ਹੋਈ ਮੀਟਿੰਗ ਵਿਚ ਕਈ ਟਕਸਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਕਾਰਜਸ਼ੈਲੀ 'ਤੇ ਸਵਾਲ ਉਠਾਏ।

ਦਰਅਸਲ ਵਿਦੇਸ਼ ਤੋਂ ਵਾਪਰਕ ਪ੍ਰਬੰਧਨ ਦੀ ਡਿਗਰੀ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕੰਪਨੀ ਵਾਂਗ ਚਲਾ ਰਹੇ ਹਨ। ਉਹ ਪਾਰਟੀ ਦੇ ਪ੍ਰਧਾਨ ਵਜੋਂ ਨਹੀਂ ਬਲਕਿ ਸੀ.ਈ.ਓ. ਵਾਂਗ ਕੰਮ ਕਰਦੇ ਹਨ। ਇਸ ਤੋਂ ਟਕਸਾਲੀ ਆਗੂ ਕਾਫੀ ਖਫਾ ਸਨ ਪਰ ਸੁਖਬੀਰ ਬਾਦਲ ਦੀ ਅਗਵਾਈ ਹੇਠ ਹਾਸਲ ਕੀਤੀਆਂ ਲਗਾਤਾਰ ਜਿੱਤਾਂ ਕਰਕੇ ਉਹ ਕੁਝ ਵੀ ਬੋਲਣ ਤੋਂ ਅਸਮਰੱਥ ਸਨ। ਇਹ ਪਹਿਲਾ ਮੌਕਾ ਹੈ, ਜਦੋਂ ਟਕਸਾਲੀ ਆਗੂਆਂ ਨੇ ਆਵਾਜ਼ ਚੁੱਕੀ ਹੈ। ਟਕਸਾਲੀ ਆਗੂਆਂ ਨੇ ਦੋਸ਼ ਲਾਇਆ ਹੈ ਕਿ ਪਾਰਟੀ ਪੰਥਕ ਏਜੰਡੇ ਤੋਂ ਦੂਰ ਚਲੀ ਗਈ ਹੈ ਜਿਸ ਦਾ ਖਮਿਆਜ਼ਾ ਚੋਣਾਂ ਵਿਚ ਭੁਗਤਣਾ ਪਿਆ।

ਇਸ ਵਾਰ ਲੋਕ ਸਭਾ ਚੋਣਾਂ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਵੋਟ ਨੂੰ ਵੱਡਾ ਖੋਰਾ ਲਾਇਆ ਤੇ ਸਾਢੇ ਚੌਵੀ ਫੀਸਦੀ ਵੋਟ ਹਾਸਲ ਕਰਕੇ ਵੱਡੀ ਤੀਜੀ ਧਿਰ ਵਜੋਂ ਉਭਰੀ ਹੈ। ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਮਸਾਂ ਸਾਢੇ ਛੱਬੀ ਫੀਸਦੀ ਵੋਟਾਂ ਹੀ ਮਿਲੀਆਂ ਤੇ ਬਠਿੰਡੇ ਹਲਕੇ ਤੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਸਿਰਫ 19000 ਵੋਟਾਂ ਦੇ ਫਰਕ ਨਾਲ ਹੀ ਜਿੱਤ ਹਾਸਲ ਕਰ ਸਕੀ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਮੰਨਿਆ ਹੈ ਕਿ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਦਾ ਕਾਰਨ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਰਹੀ। ਚੋਣਾਂ ਵਿਚ ਰੇਤਾ ਬਜਰੀ, ਨਸ਼ਾ ਤਸਕਰੀ, ਬੇਲੋੜੇ ਟੈਕਸ ਤੇ ਅਮਨ ਕਾਨੂੰਨ ਦੀ ਮਾੜੀ ਹਾਲਤ ਵੱਡੇ ਮੁੱਦੇ ਬਣੇ ਰਹੇ। ਪਾਰਟੀ ਪਹਿਲੀ ਵਾਰ ਪੰਥਕ ਮੁੱਦਿਆਂ 'ਤੇ ਵੀ ਘਿਰੀ ਹੋਈ ਮਹਿਸੂਸ ਹੋਈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਤੋਂ ਚੋਣ ਲੜਦਿਆਂ ਅਜਿਹੇ ਮੁੱਦੇ ਉਭਾਰੇ ਜਿਨ੍ਹਾਂ ਦਾ ਜਵਾਬ ਦੇਣਾ ਅਕਾਲੀ ਦਲ ਲਈ ਔਖਾ ਹੋ ਗਿਆ। ਇਨ੍ਹਾਂ ਪੰਥਕ ਮੁੱਦਿਆਂ 'ਤੇ ਕੈਪਟਨ ਦੀ ਬਿਆਨਬਾਜ਼ੀ ਤੇ ਬਾਦਲਾਂ ਦੀ ਚੁੱਪੀ ਅਕਾਲੀ ਦਲ ਲਈ ਘਾਤਕ ਸਿੱਧ ਹੋਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਗੁਰੂ ਰਾਮਦਾਸ ਲੰਗਰ ਘਰ ਦੀ ਸਮਰੱਥਾ ਵਧਾਉਣ ਦਾ ਕੰਮ ਜ਼ੋਰਾਂ 'ਤੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵਧ ਰਹੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸ਼ਰਧਾਲੂਆਂ ਦੇ ਬੈਠਣ ਵਾਸਤੇ ਸਮਰੱਥਾ ਨੂੰ ਵੀ ਵਧਾਇਆ ਜਾ ਰਿਹਾ ਹੈ। ਇਸ ਲਈ ਨਵੀਂ ਬਣ ਰਹੀ ਇਮਾਰਤ ਵਿਚ ਜਿਥੇ ਅਤਿ-ਆਧੁਨਿਕ ਰਸੋਈ ਬਣਾਈ ਜਾ ਰਹੀ ਹੈ, ਉਥੇ ਇਕ ਲੰਗਰ ਹਾਲ ਵੀ ਬਣਾਇਆ ਜਾ ਰਿਹਾ ਹੈ, ਜਿਸ ਨੂੰ ਮੌਜੂਦਾ ਲੰਗਰ ਹਾਲ ਨਾਲ ਜੋੜ ਦਿੱਤਾ ਜਾਵੇਗਾ।

ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਮੌਜੂਦਾ ਇਮਾਰਤ 1979-80 ਵਿਚ ਬਾਬਾ ਖੜਕ ਸਿੰਘ ਵੱਲੋਂ ਤਿਆਰ ਕਰਵਾਈ ਗਈ ਸੀ। ਇਸ ਦੀ ਦੋ ਮੰਜ਼ਿਲਾ ਇਮਾਰਤ ਵਿਚ ਉਪਰ ਹੇਠਾਂ ਦੋ ਹਾਲ ਹਨ ਤੇ ਇਥੇ ਇਕੋ ਸਮੇਂ ਪੰਜ ਹਜ਼ਾਰ ਸ਼ਰਧਾਲੂ ਇਕੱਠੇ ਬੈਠ ਕੇ ਲੰਗਰ ਛਕ ਸਕਦੇ ਹਨ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਲੰਗਰ ਹਾਲ ਦੀ ਨਵੀਂ ਅਤਿ-ਆਧੁਨਿਕ ਰਸੋਈ ਦੀ ਵੱਡੀ ਇਮਾਰਤ ਬਣਾਈ ਜਾ ਰਹੀ ਹੈ, ਜਿਸ ਦਾ ਨਕਸ਼ਾ ਲੁਧਿਆਣਾ ਦੇ ਭਵਨ ਨਿਰਮਾਣਕਾਰ ਵੱਲੋਂ ਤਿਆਰ ਕੀਤਾ ਗਿਆ ਹੈ। ਨਵੀਂ ਇਮਾਰਤ ਚਾਰ ਮੰਜ਼ਿਲਾ ਹੋਵੇਗੀ, ਜਿਸ ਦਾ ਇਕ ਜ਼ਮੀਨਦੋਜ ਹਿੱਸਾ ਤੇ ਇਸ ਦੇ ਉਪਰ ਤਿੰਨ ਮੰਜ਼ਿਲਾ ਇਮਾਰਤ ਹੋਵੇਗੀ। ਜ਼ਮੀਨਦੋਜ਼ ਹਿੱਸੇ ਵਿਚ ਲੰਗਰ ਲਈ ਰਾਸ਼ਨ ਤੇ



ਹੋਰ ਵਸਤਾਂ ਨੂੰ ਭੰਡਾਰ ਕੀਤਾ ਜਾਵੇਗਾ ਜਦੋਂਕਿ ਧਰਾਤਲ ਵਾਲੀ ਮੰਜ਼ਿਲ ਨੂੰ ਬਰਤਨ ਸਾਫ ਕਰਨ ਲਈ ਵਰਤਿਆ ਜਾਵੇਗਾ।

ਇਸ ਦੀ ਪਹਿਲੀ ਮੰਜ਼ਿਲ ਨੂੰ ਮੌਜੂਦਾ ਲੰਗਰ ਹਾਲ ਦੀ ਪਹਿਲੀ ਮੰਜ਼ਿਲ ਨਾਲ ਜੋੜ ਦਿੱਤਾ ਜਾਵੇਗਾ, ਜਿਸ ਨਾਲ ਲੰਗਰ ਹਾਲ ਦੀ ਸਮਰੱਥਾ ਤਕਰੀਬਨ 30 ਫੀਸਦੀ ਵਧ ਜਾਵੇਗੀ। ਆਖਰੀ ਮੰਜ਼ਿਲ 'ਤੇ ਸਬਜ਼ੀਆਂ ਕੱਟਣ ਤੇ ਉਨ੍ਹਾਂ ਨੂੰ ਧੋਣ ਤੇ ਸਾਫ ਕਰਨ ਆਦਿ ਲਈ ਵਰਤਿਆ ਜਾਵੇਗਾ। ਇਸ ਦੇ ਨਾਲ ਹੀ ਬਣ ਰਹੀ ਰਸੋਈ ਵਿਚ ਅਤਿਆਧੁਨਿਕ ਸਾਜ਼ੋ-ਸਾਮਾਨ ਸਥਾਪਤ ਕੀਤਾ ਜਾਵੇਗਾ, ਜੋ ਕਿ ਵਾਤਾਨੂਕਲਿਤ ਹੋਵੇਗੀ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਇਮਾਰਤ ਦਾ 80 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਛੇਤੀ ਹੀ ਕੰਮ ਮੁਕੰਮਲ ਹੋਣ ਮਗਰੋਂ ਇਸ ਇਮਾਰਤ ਨੂੰ ਵੀ ਮੌਜੂਦਾ ਲੰਗਰ ਹਾਲ ਦੀ ਇਮਾਰਤ ਨਾਲ ਜੋੜ ਕੇ ਲੰਗਰ ਵਾਸਤੇ ਸ਼ੁਰੂ ਕਰ ਦਿੱਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ ਦਾ ਐਲਾਨ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਨਸ਼ਿਆਂ ਵਿਚ ਗ਼ਲਤਾਨ ਹੁੰਦੀ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਵਿਸ਼ੇਸ਼ ਨਸ਼ਾ ਛੁਡਾਊ ਕੈਂਪ ਲਾਏ ਜਾਣਗੇ। ਇਹ ਕੈਂਪ ਹਰੇਕ ਵੱਡੇ ਗੁਰਦੁਆਰੇ ਵਿਚ ਇਕ-ਇਕ ਮਹੀਨੇ ਲਈ ਲਾਏ ਜਾਣਗੇ। ਜਥੇਦਾਰ ਮੱਕੜ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਗੁਰੂ ਗੋਬਿੰਦ ਸਿੰਘ ਵੱਲੋਂ ਕੌਮ ਤੇ ਧਰਮ ਲਈ ਪਰਿਵਾਰ ਸਮੇਤ ਦਿੱਤੀ ਅਦੁੱਤੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਨਾਂ 'ਤੇ ਅੰਤਰਰਾਸ਼ਟਰੀ ਪੱਧਰ ਦੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ 1999 ਵਿਚ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਜੋ ਡਿਫੈਂਸ ਅਕੈਡਮੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਉਸ 'ਤੇ ਵੀ ਛੇਤੀ ਅਮਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਵੈਬਸਾਈਟ ਜਾਰੀ ਕੀਤੀ। ਇਸ ਵੈਬਸਾਈਟ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇਗੀ। ਪਾਕਿਸਤਾਨ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਉਣ ਬਾਰੇ ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਸਰਨਾ ਨੇ ਹਮੇਸ਼ਾਂ ਹੀ ਪੰਥ ਵਿਚ ਦੁਵਿਧਾ ਪਾਉਣ ਦਾ ਯਤਨ ਕੀਤਾ ਹੈ।




Security Cameras
Special promotion
for limited time only

1000 TVL camera for the price of 700 TVL camera
Limit 4 for each customer only

*For more Details, Contact:*
Balbir S Sidhu-209-495-3905 (Cell)
Toll Free (888) 233-4566

DVRunlimited Inc. Fax-(209) 982-9133



40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869



# Golden State Realty

Sacramento Office: 9912 Kapalua Ln., Elk Grove, CA 95624
Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |




Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਬਾਦਲ ਨੇ ਮਿੰਟਾਂ ਵਿਚ ਹੀ ਪਲੋਸ ਲਏ ਧਰਨਾ ਦੇਣ ਆਏ ਕਾਂਗਰਸੀ



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਸਾਹਮਣੇ ਜ਼ੋਰ-ਸ਼ੋਰ ਨਾਲ ਧਰਨਾ ਦੇਣ ਆਏ ਕਾਂਗਰਸੀ ਵਿਧਾਇਕਾਂ ਨੂੰ ਮੁੱਖ ਮੰਤਰੀ ਨੇ ਆਪਣੇ ਜਾਦੂਈ ਅੰਦਾਜ਼ ਨਾਲ ਕੁਝ ਮਿੰਟਾਂ ਵਿਚ ਹੀ ਸ਼ਾਂਤ ਕਰਕੇ ਤੋਰ ਦਿੱਤਾ। ਕਾਂਗਰਸੀ ਵਿਧਾਇਕ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਦੀ ਸੈਕਟਰ-2 ਸਥਿਤ ਸਰਕਾਰੀ ਰਿਹਾਇਸ਼ (ਕੋਠੀ ਨੰਬਰ 46) ਵਿਖੇ ਇਕੱਠੇ ਹੋਏ। ਸ੍ਰੀ ਜਾਖੜ ਦੀ ਰਿਹਾਇਸ਼ ਮੁੱਖ ਮੰਤਰੀ ਦੀ ਰਿਹਾਇਸ਼ ਦੇ ਨਾਲ ਹੀ ਹੈ। ਚੰਡੀਗੜ੍ਹ ਪੁਲਿਸ ਨੇ ਸਵੇਰ ਤੋਂ ਹੀ ਸਮੁੱਚੇ ਸ਼ਹਿਰ ਦੀ ਨਾਕਾਬੰਦੀ ਕੀਤੀ ਹੋਈ ਸੀ ਤੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ (ਕੋਠੀ ਨੰਬਰ 45) ਦੇ ਚੁਫੇਰੇ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ।

ਸੂਤਰਾਂ ਮੁਤਾਬਕ ਸ. ਬਾਦਲ ਨੇ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੂੰ ਪਹਿਲਾਂ ਹੀ ਗੱਲਬਾਤ ਲਈ ਸੱਦਾ ਭੇਜ ਦਿੱਤਾ ਸੀ ਜਿਸ ਕਰਕੇ ਡੀ.ਸੀ. ਵੱਲੋਂ ਇਸ ਖੇਤਰ ਵਿਚ ਧਾਰਾ 144 ਲਾਉਣ ਦੇ ਬਾਵਜੂਦ ਪੁਲਿਸ ਨੇ ਕਾਂਗਰਸੀਆਂ ਵਿਰੁੱਧ ਕੋਈ ਵੀ ਕਾਰਵਾਈ ਨਹੀਂ ਕੀਤੀ। ਇਸ ਦੌਰਾਨ ਸ੍ਰੀ ਜਾਖੜ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕ ਹੱਥਾਂ ਵਿਚ ਮੰਗਾਂ ਦੀਆਂ ਤਖ਼ਤੀਆਂ ਫੜ ਕੇ ਸ. ਬਾਦਲ ਦੀ ਕੋਠੀ ਵੱਲ ਵਧੇ ਤੇ 'ਮਜੀਠੀਆ ਨੂੰ ਗ੍ਰਿਫ਼ਤਾਰ ਕਰੋ' ਤੇ 'ਪੰਜਾਬ ਮਾਰੂ ਬਾਦਲ ਸਰਕਾਰ ਮੁਰਦਾਬਾਦ' ਆਦਿ ਦੇ ਨਾਅਰੇ ਲਾਏ। ਪਹਿਲਾਂ ਹੀ ਮਿਥੇ ਪ੍ਰੋਗਰਾਮ ਤਹਿਤ ਪੁਲਿਸ ਨੇ ਕਾਂਗਰਸੀਆਂ ਨੂੰ ਰੋਕਣ ਤੋਂ ਗੁਰੇਜ਼ ਕੀਤਾ ਤੇ ਵਿਧਾਇਕ ਪੌਣੇ ਬਾਰਾਂ ਵਜੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਗੇਟ ਅੱਗੇ ਦਰੀ ਵਿਛਾ ਕੇ ਧਰਨਾ ਮਾਰ ਕੇ ਬੈਠ ਗਏ। ਦੋ ਮਿੰਟਾਂ ਬਾਅਦ ਹੀ ਸ. ਬਾਦਲ ਗੇਟ ਤੋਂ ਬਾਹਰ ਆ ਗਏ ਤੇ ਕਾਂਗਰਸੀਆਂ ਦੇ ਨਾਅਰਿਆਂ ਦੀ ਆਵਾਜ਼ ਹੋਰ ਉੱਚੀ ਹੋ ਗਈ ਪਰ ਉਹ ਸ਼ਾਂਤ ਚਿਤ ਖੜ੍ਹੇ ਰਹੇ। ਇਸ ਮੌਕੇ ਸ. ਬਾਦਲ ਵਿਧਾਇਕਾਂ ਨੂੰ ਰਿਹਾਇਸ਼ ਅੰਦਰ ਆ ਕੇ ਗੱਲ ਕਰਨ ਲਈ ਕਹਿ ਕੇ ਅੰਦਰ ਚਲੇ ਗਏ ਪਰ ਕਾਂਗਰਸੀ ਆਗੂ ਅੰਦਰ ਜਾਣ ਲਈ ਰਾਜ਼ੀ ਨਾ ਹੋਏ। ਸ. ਬਾਦਲ ਮੁੜ ਬਾਹਰ ਆਏ ਤੇ ਸ੍ਰੀ ਜਾਖੜ ਨੇ ਪ੍ਰਾਪਰਟੀ ਟੈਕਸ ਰੱਦ ਕਰਨ, ਕਿਸਾਨਾਂ ਦੇ ਗੰਨੇ ਦੀ ਕਰੋੜਾਂ ਰੁਪਏ ਦੀ ਅਦਾਇਗੀ ਰਿਲੀਜ਼ ਕਰਨ, ਨਸ਼ਿਆਂ ਨੂੰ ਠੱਲ੍ਹ ਪਾਉਣ ਤੇ ਦਲਿਤ ਵਰਗ ਦੀਆਂ ਪੈਨਸ਼ਨਾਂ ਤੇ ਸ਼ਗਨ ਦੀਆਂ ਅਦਾਇਗੀਆਂ ਸਮੇਤ ਵਿਦਿਆਰਥੀਆਂ ਦੇ ਵਜ਼ੀਫੇ ਜਾਰੀ ਕਰਨ ਦੀਆਂ ਮੰਗਾਂ ਪੰਜਾਬ ਵਿਧਾਨ ਸਭਾ ਦੇ 15 ਜੁਲਾਈ ਨੂੰ ਸ਼ੁਰੂ ਹੋ ਰਹੇ ਸੈਸ਼ਨ ਤੋਂ ਪਹਿਲਾਂ ਮੰਨਣ ਦੀ ਮੰਗ ਕੀਤੀ। ਸ੍ਰੀ ਜਾਖੜ ਨੇ ਸ. ਬਾਦਲ ਨੂੰ ਮਿਹਣਾ ਮਾਰਿਆ ਕਿ ਪੰਜਾਬ ਸਰਕਾਰ ਪਹਿਲਾਂ ਦੋਸ਼ ਲਾਉਂਦੀ ਸੀ ਕਿ ਯੂ.ਪੀ.ਏ. ਸਰਕਾਰ ਦੀਆਂ ਹਦਾਇਤਾਂ 'ਤੇ ਪ੍ਰਾਪਰਟੀ ਟੈਕਸ ਲਾਇਆ ਹੈ ਪਰ ਹੁਣ ਤਾਂ ਉਨ੍ਹਾਂ ਦੇ ਭਾਈਵਾਲਾ ਦੀ ਸਰਕਾਰ ਹੈ। ਇਸ ਦੇ ਜਵਾਬ ਵਿਚ ਸ. ਬਾਦਲ ਨੇ ਕਾਂਗਰਸੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਦੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਪ੍ਰਾਪਰਟੀ ਟੈਕਸ ਨਾ ਲਾਉਣ ਦੀ ਸੂਰਤ ਵਿਚ ਇਕ ਕੌਡੀ ਵੀ ਗਰਾਂਟ ਦੇਣ ਤੋਂ ਨਾਂਹ ਕੀਤੀ ਸੀ ਤਾਂ ਉਨ੍ਹਾਂ ਨੂੰ ਮਜਬੂਰੀ ਵਿਚ ਇਹ ਕਦਮ ਚੁੱਕਣਾ ਪਿਆ ਸੀ।

ਮੁੱਖ ਮੰਤਰੀ ਨੇ ਆਪਣੇ ਅੰਦਾਜ਼ ਵਿਚ ਕਿਹਾ ਕਿ ਉਨ੍ਹਾਂ ਨੇ ਤਾਂ ਕਾਂਗਰਸੀ ਵਿਧਾਇਕਾਂ ਨੂੰ ਕੋਠੀ ਅੰਦਰ ਆ ਕੇ ਚਾਹ ਦੇ ਕੱਪ ਉੱਤੇ ਮੰਗਾਂ ਵਿਚਾਰਨ ਦਾ ਸੱਦਾ ਦਿੱਤਾ ਸੀ ਪਰ ਸ਼ਾਇਦ ਆਪਣੀਆਂ ਸਿਆਸੀ ਮਜਬੂਰੀਆਂ ਕਾਰਨ ਸ੍ਰੀ ਜਾਖੜ ਅੰਦਰ ਆਉਣ ਤੋਂ ਝਿਜਕ ਰਹੇ ਹਨ। ਇਸ ਮੌਕੇ ਉਨ੍ਹਾਂ ਕਾਂਗਰਸੀਆਂ ਦੇ ਨਾਅਰਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਸ. ਬਾਜਵਾ ਉਨ੍ਹਾਂ ਨੂੰ ਸਬੂਤਾਂ ਸਮੇਤ ਕਿਸੇ ਵੀ ਅਕਾਲੀ ਆਗੂ ਦੀ ਡਰੱਗ ਮਾਫੀਏ ਨਾਲ ਮਿਲੀਭੁਗਤ ਹੋਣ ਦੇ ਸਬੂਤ ਦੇਣਗੇ ਤਾਂ ਉਹ ਤੁਰੰਤ ਉਸ ਦੀ ਪੜਤਾਲ ਕਰਵਾਉਣਗੇ। ਐਵੇਂ ਕਿਸੇ ਨੂੰ ਫੜ ਕੇ ਜੇਲ੍ਹ ਵਿਚ ਸੁੱਟਣ ਦਾ ਉਨ੍ਹਾਂ ਕੋਲ ਅਧਿਕਾਰ ਨਹੀਂ ਹੈ। ਇਸ ਮਾਮਲੇ ਵਿਚ ਉਨ੍ਹਾਂ ਦਾ ਇਕ ਮੰਤਰੀ ਸਰਵਣ ਸਿੰਘ ਫਿਲੌਰ ਅਸਤੀਫਾ ਵੀ ਦੇ ਚੁੱਕਾ ਹੈ।


# ਪੰਚਾਇਤੀ ਜ਼ਮੀਨ ਖਾਤਰ ਤਿੰਨ ਭਰਾਵਾਂ ਦੀ ਹੱਤਿਆ

**ਫਿਰੋਜ਼ਪੁਰ:** ਨੇੜਲੇ ਪਿੰਡ ਕਰੀਆਂ ਪਹਿਲਵਾਨ ਵਿਚ ਪੰਚਾਇਤੀ ਜ਼ਮੀਨ ਦੇ ਝਗੜੇ ਨੂੰ ਲੈ ਕੇ ਤਿੰਨ ਭਰਾਵਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਜਦਕਿ ਚੌਥਾ ਭਰਾ ਜ਼ਖ਼ਮੀ ਹੋ ਗਿਆ। ਹਮਲਾਵਰ ਮ੍ਰਿਤਕਾਂ ਦੇ ਸ਼ਰੀਕ ਦੱਸੇ ਜਾਂਦੇ ਹਨ। ਝਗੜੇ ਵਿਚ ਮੁਲਜ਼ਮ ਧਿਰ ਦੇ ਵੀ ਦੋ ਮੈਂਬਰ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਹਨ। ਪੁਲਿਸ ਨੇ 14 ਜਣਿਆਂ ਖਿਲਾਫ਼ ਕਤਲ ਦਾ ਪਰਚਾ ਦਰਜ ਕਰ ਲਿਆ ਹੈ।

ਦੋਹਾਂ ਧਿਰਾਂ ਦਰਮਿਆਨ ਚੱਲੀ ਗੋਲੀ ਦੌਰਾਨ ਕਰਨੈਲ ਸਿੰਘ, ਕੁਲਬੀਰ ਸਿੰਘ ਤੇ ਗੁਰਮੀਤ ਸਿੰਘ ਦੀ ਮੌਤ ਹੋ ਗਈ ਜਦਕਿ ਚੌਥਾ ਭਰਾ ਦਰਸ਼ਨ ਸਿੰਘ ਜ਼ਖ਼ਮੀ ਹੋ ਗਿਆ। ਦੱਸਿਆ ਜਾਂਦਾ ਹੈ ਕਿ ਹਮਲਾਵਰ ਧਿਰ ਦਾ ਜਰਮਲ ਸਿੰਘ ਤੇ ਉਸ ਦਾ ਭਰਾ ਰਣਜੀਤ ਸਿੰਘ ਵੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਏ ਹਨ। ਜ਼ਿਲ੍ਹਾ ਪੁਲਿਸ ਕਪਤਾਨ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਹੈ ਕਿ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ। ਸ੍ਰੀ ਤੂਰ ਜਦ ਇਸ ਘਟਨਾ ਦਾ ਜਾਇਜ਼ਾ ਲੈ ਰਹੇ ਸਨ ਤਾਂ ਗੁੱਸੇ ਵਿਚ ਆਏ ਪੀੜਤ ਪਰਿਵਾਰ ਦੇ ਇਕ ਮੈਂਬਰ ਨੇ ਐਸ.ਐਸ.ਪੀ. ਦੀ ਗੱਡੀ ਦਾ ਸ਼ੀਸ਼ਾ ਇੱਟ ਮਾਰ ਕੇ ਤੋੜ ਦਿੱਤਾ। ਪੀੜਤ ਪਰਿਵਾਰ ਵਿਚ ਇਸ ਗੱਲ ਦਾ ਭਾਰੀ ਰੋਸ ਹੈ ਕਿ ਜੇਕਰ ਪੁਲਿਸ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੁੰਦਾ ਤਾਂ ਇਹ ਭਾਣਾ ਨਹੀਂ ਵਾਪਰਨਾ ਸੀ। ਉਧਰ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੇ ਦੋਸ਼ ਲਾਇਆ ਹੈ ਕਿ ਇਸ ਪੂਰੇ ਫਸਾਦ ਦੀ ਜੜ੍ਹ ਭਾਜਪਾ ਪ੍ਰਧਾਨ ਕਮਲ ਸ਼ਰਮਾ ਦਾ ਨਜ਼ਦੀਕੀ ਕਿੱਕਰ ਸਿੰਘ ਹੈ। ਕਿੱਕਰ ਸਿੰਘ ਇਸ ਤੋਂ ਪਹਿਲਾਂ ਨੰਨੂ ਦਾ ਨਿੱਜੀ ਸਕੱਤਰ ਰਹਿ ਚੁੱਕਾ ਹੈ। ਕਿੱਕਰ ਦਾ ਨਾਂ ਵੀ ਮੁਕੱਦਮੇ ਵਿਚ ਸ਼ਾਮਲ ਕੀਤਾ ਗਿਆ ਹੈ। ਸ੍ਰੀ ਨੰਨੂ ਦਾ ਕਹਿਣਾ ਹੈ ਕਿ ਕਮਲ ਦੇ ਸਮਰਥਕ ਕਈ ਪਿੰਡਾਂ ਵਿਚ ਇਸੇ ਤਰ੍ਹਾਂ ਪੰਚਾਇਤੀ ਜ਼ਮੀਨਾਂ ਨੱਪ ਕੇ ਬੈਠੇ ਲੋਕਾਂ ਦੀ ਮਦਦ ਕਰ ਰਹੇ ਹਨ ਤੇ ਇਹ ਸਭ ਕੁਝ ਉਨ੍ਹਾਂ ਦੀ ਸ਼ਹਿ 'ਤੇ ਹੋ ਰਿਹਾ ਹੈ। ਉਨ੍ਹਾਂ ਇਸ ਘਟਨਾ ਲਈ ਸਬੰਧਤ ਅਧਿਕਾਰੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ। ਦੂਜੇ ਪਾਸੇ ਸ਼ਰਮਾ ਦੇ ਸਮਰਥਕਾਂ ਨੇ ਨੰਨੂ ਦੇ ਬਿਆਨ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਹੈ ਕਿ ਉਹ ਇਸ ਮਾਮਲੇ ਨੂੰ ਸਿਆਸੀ ਰੰਗਤ ਦੇ ਕੇ ਆਪਣੀਆਂ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰ ਰਹੇ ਹਨ।

# ਪਾਵਰਕੌਮ ਨੇ ਬਿਜਲੀ ਚੋਰਾਂ ਤੋਂ ਕੀਤੀ ਮੋਟੀ ਕਮਾਈ

**ਪਟਿਆਲਾ:** ਪੰਜਾਬ ਬਿਜਲੀ ਨਿਗਮ ਦੀਆਂ ਟੀਮਾਂ ਨੇ ਸਾਲ 2013-14 ਵਿਚ ਹੁਣ ਤੱਕ 12 ਲੱਖ 92 ਹਜ਼ਾਰ ਚਾਰ ਘਰਾਂ 'ਤੇ ਛਾਪੇ ਮਾਰੇ। ਇਸ ਦੌਰਾਨ 62 ਹਜ਼ਾਰ 196 ਲੋਕਾਂ ਨੂੰ ਰੰਗੇ ਹੱਥੀਂ ਚੋਰੀ ਕਰਦਿਆਂ ਫੜਿਆ ਗਿਆ। ਇਨ੍ਹਾਂ ਨੂੰ 11047. 49 ਲੱਖ ਰੁਪਏ ਦੇ ਜੁਰਮਾਨੇ ਕੀਤੇ ਗਏ। ਗੁਰਦਾਸਪੁਰ ਜ਼ਿਲ੍ਹਾ ਇਸ ਕੰਮ ਵਿਚ ਸਭ ਤੋਂ ਅੱਗੇ ਰਿਹਾ ਹੈ। ਜ਼ਿਲ੍ਹੇ ਵਿਚ ਇਕ ਲੱਖ 97 ਹਜ਼ਾਰ 475 ਘਰਾਂ 'ਤੇ ਮਾਰੇ ਛਾਪੇ ਦੌਰਾਨ 4317 ਲੋਕਾਂ ਨੂੰ ਰੰਗੇ ਹੱਥੀਂ ਚੋਰੀ ਕਰਦੇ ਫੜਿਆ ਗਿਆ। ਇਨ੍ਹਾਂ 'ਤੇ 632 ਲੱਖ ਦੇ ਜੁਰਮਾਨੇ ਪਾਏ ਗਏ ਜਿਨ੍ਹਾਂ ਵਿਚੋਂ 205 ਲੱਖ ਰੁਪਏ ਬਿਜਲੀ ਨਿਗਮ ਨੇ ਵਸੂਲ ਲਏ ਹਨ। ਅੰਮ੍ਰਿਤਸਰ ਸਬ-ਅਰਬਨ ਵਿਚ 99879 ਘਰਾਂ 'ਤੇ ਮਾਰੇ ਛਾਪੇ ਦੌਰਾਨ 3885 ਲੋਕ ਚੋਰੀ ਕਰਦੇ ਫੜੇ ਗਏ ਜਿਨ੍ਹਾਂ 'ਤੇ 899 ਲੱਖ ਰੁਪਏ ਪਾਏ ਜੁਰਮਾਨੇ ਵਿਚੋਂ 313 ਲੱਖ ਬਿਜਲੀ ਨਿਗਮ ਨੇ ਵਸੂਲ ਲਏ ਹਨ।



ਅੰਮ੍ਰਿਤਸਰ ਸ਼ਹਿਰ ਵਿਚ 95721 ਘਰਾਂ 'ਤੇ ਕੀਤੀ ਛਾਪੇਮਾਰੀ ਦੌਰਾਨ ਚੋਰੀ ਕਰਦੇ ਫੜੇ ਗਏ 2362 ਲੋਕਾਂ ਨੂੰ 437 ਲੱਖ ਦੇ ਜੁਰਮਾਨੇ ਲਾਏ ਗਏ। ਬਿਜਲੀ ਨਿਗਮ 256 ਲੱਖ ਰੁਪਏ ਵਸੂਲਣ ਵਿਚ ਕਾਮਯਾਬ ਰਿਹਾ।

ਤਰਨਤਾਰਨ-ਟੀ-ਜ਼ੋਨ ਤੇ ਵੀ ਜ਼ੋਨ ਦੇ ਕ੍ਰਮਵਾਰ 510 ਤੇ 517 ਘਰਾਂ 'ਤੇ ਮਾਰੇ ਛਾਪੇ ਦੌਰਾਨ 16884 ਲੋਕਾਂ ਨੂੰ ਚੋਰੀ ਕਰਦੇ ਪਾਇਆ ਗਿਆ। ਇਨ੍ਹਾਂ 'ਤੇ ਕੀਤੇ 3100 ਲੱਖ ਜੁਰਮਾਨੇ ਵਿਚੋਂ 1100 ਲੱਖ ਰੁਪਏ ਵਸੂਲੇ ਗਏ। ਕਪੂਰਥਲਾ ਵਿਖੇ 50077 ਘਰਾਂ 'ਤੇ ਮਾਰੇ ਛਾਪੇ ਤਹਿਤ 2584 ਲੋਕ ਚੋਰੀ ਕਰਦੇ ਪਾਏ ਗਏ। ਇਨ੍ਹਾਂ 'ਤੇ ਕੀਤੇ 425 ਲੱਖ ਦੇ ਜੁਰਮਾਨੇ ਵਿਚੋਂ 247 ਲੱਖ ਵਸੂਲ ਕੀਤੇ ਗਏ। ਜਲੰਧਰ ਵਿਖੇ 80380 ਘਰਾਂ 'ਤੇ ਕੀਤੇ ਛਾਪੇ ਵਿਚ 3378 ਲੋਕ ਚੋਰੀ ਕਰਦੇ ਫੜੇ ਗਏ ਜਿਨ੍ਹਾਂ 'ਤੇ ਕੀਤੇ 610 ਲੱਖ ਰੁਪਏ ਦੇ ਜੁਰਮਾਨੇ ਵਿਚੋਂ 632 ਲੱਖ ਵਸੂਲ ਕੀਤੇ। ਹੁਸ਼ਿਆਰਪੁਰ ਵਿਖੇ 187081 ਘਰਾਂ 'ਤੇ ਮਾਰੇ ਛਾਪੇ ਦੌਰਾਨ 6609 ਲੋਕ ਚੋਰੀ ਕਰਦੇ ਫੜੇ ਗਏ ਤੇ ਇਨ੍ਹਾਂ 'ਤੇ 378 ਲੱਖ ਦੇ ਕੀਤੇ ਜੁਰਮਾਨੇ ਵਿਚੋਂ 187 ਲੱਖ ਰੁਪਏ ਬਿਜਲੀ ਨਿਗਮ ਵਸੂਲਣ ਵਿਚ ਕਾਮਯਾਬ ਰਿਹਾ। ਫ਼ਰੀਦਕੋਟ ਵਿਖੇ 85351 ਘਰਾਂ 'ਤੇ ਮਾਰੇ ਛਾਪੇ ਤਹਿਤ 5033 ਲੋਕ ਚੋਰੀ ਕਰਦੇ ਫੜੇ ਗਏ ਜਿਨ੍ਹਾਂ 'ਤੇ 1161 ਲੱਖ ਦੇ ਹੋਏ ਜੁਰਮਾਨੇ ਵਿਚੋਂ 772 ਲੱਖ ਰੁਪਏ ਵਸੂਲ ਕੀਤੇ।

ਇਸ ਬਾਰੇ ਬਿਜਲੀ ਨਿਗਮ ਦੇ ਚੇਅਰਮੈਨ ਇੰਜ. ਕੇ.ਡੀ. ਚੌਧਰੀ ਨੇ ਕਿਹਾ ਕਿ ਪੰਜਾਬ ਦੇ ਉਪਰੋਕਤ ਬਿਜਲੀ ਚੋਰਾਂ ਨੇ ਬਿਜਲੀ ਨਿਗਮ ਦੀਆਂ 2131.5 ਲੱਖ ਯੂਨਿਟਾਂ ਦੀ ਚੋਰੀ ਕੀਤੀ ਸੀ ਜਿਸ ਤਹਿਤ ਇਨ੍ਹਾਂ ਨੂੰ 11047.5 ਲੱਖ ਜੁਰਮਾਨੇ ਕੀਤੇ ਗਏ ਹਨ। ਬਿਜਲੀ ਨਿਗਮ 6187.9 ਲੱਖ ਰੁਪਏ ਵਸੂਲਣ ਵਿਚ ਕਾਮਯਾਬ ਰਿਹਾ ਤੇ ਬਕਾਇਆ ਰਹਿੰਦੀ ਰਿਕਵਰੀ ਛੇਤੀ ਹੀ ਹੋਣ ਦੀ ਸੰਭਾਵਨਾ ਹੈ।

# ਭਾਰਤ ਵਿਚ ਜੰਮੇ ਵਿਗਿਆਨੀ ਨੂੰ ਮਿਲੇਗਾ ਕੌਮਾਂਤਰੀ ਇਨਾਮ

**ਵਾਸ਼ਿੰਗਟਨ:** ਭਾਰਤ ਵਿਚ ਜੰਮੇ ਵਨਸਪਤੀ ਵਿਗਿਆਨੀ ਸੰਜੇ ਰਾਜਾਰਾਮ ਨੂੰ ਦੁਨੀਆਂ ਵਿਚ ਕਣਕ ਦੀ ਪੈਦਾਵਾਰ ਨੂੰ ਵਧਾਉਣ ਵਿਚ ਯੋਗਦਾਨ ਪਾਉਣ ਲਈ ਢਾਈ ਲੱਖ ਡਾਲਰ ਦੇ ਵਿਸ਼ਵ ਖੁਰਾਕ ਪੁਰਸਕਾਰ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਰਾਜਾਰਾਮ ਨੇ ਸਰਦ ਤੇ ਪੱਤਝੜ ਰੁੱਤ ਦੀਆਂ ਕਣਕ ਦੀਆਂ ਹਾਈਬ੍ਰਿਡ ਕਿਸਮਾਂ ਨੂੰ ਸਫਲਤਾਪੂਰਵਕ ਤਿਆਰ ਕੀਤਾ ਹੈ। ਇਨ੍ਹਾਂ ਕਿਸਮਾਂ ਨੂੰ ਉਗਾਉਣ ਨਾਲ ਕਣਕ ਦਾ ਵਧ ਝਾੜ ਲਿਆ ਜਾ ਸਕਦਾ ਹੈ। ਸ੍ਰੀ ਰਾਜਾਰਾਮ ਵੱਲੋਂ ਕਣਕ ਦੀਆਂ 480 ਤੋਂ ਵੱਧ ਕਿਸਮਾਂ ਤਿਆਰ ਕੀਤੀਆਂ ਗਈਆਂ ਜਿਨ੍ਹਾਂ ਨੂੰ ਛੇ ਮਹਾਂਦੀਪਾਂ ਦੇ 51 ਮੁਲਕਾਂ ਵਿਚ ਬੀਜਣ ਲਈ ਭੇਜਿਆ ਗਿਆ। ਛੋਟੇ ਤੇ ਵੱਡੇ ਕਿਸਾਨਾਂ ਨੇ ਇਨ੍ਹਾਂ ਕਿਸਮਾਂ ਨੂੰ ਲਗਾਇਆ ਤੇ ਕਣਕ ਦਾ ਵੱਧ ਝਾੜ ਹਾਸਲ ਕੀਤਾ। ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਡਾਕਟਰ ਰਾਜਾ ਰਾਮ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਤੋਂ ਸਾਨੂੰ ਸਾਰਿਆਂ ਨੂੰ ਵੱਧ ਕਰਨ ਦੀ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡਾਕਟਰ ਰਾਜਾਰਾਮ ਵੱਲੋਂ ਕਣਕ ਦੀਆਂ ਤਿਆਰ ਨਵੀਆਂ ਸੈਂਕੜੇ ਕਿਸਮਾਂ ਲਈ ਅਸੀਂ ਧੰਨਵਾਦੀ ਹਾਂ ਜਿਸ ਨਾਲ ਹਰ ਸਾਲ ਮੰਡੀਆਂ ਵਿਚ 20 ਕਰੋੜ ਟਨ ਤੋਂ ਵੱਧ ਕਣਕ ਪਹੁੰਚਦੀ ਹੈ ਤੇ ਕਰੋੜਾਂ ਲੋਕਾਂ ਨੂੰ ਖਾਣ ਲਈ ਰੋਟੀ ਮਿਲਦੀ ਹੈ।

# ਮੋਦੀ ਸਰਕਾਰ ਦੇ ਕਾਲੇ ਦਿਨ ਸ਼ੁਰੂ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਰੇਲ ਕਿਰਾਏ ਵਿਚ ਵਾਧੇ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਹੈ ਕਿ ਨਰੇਂਦਰ ਮੋਦੀ ਸਰਕਾਰ ਦੇ ਕਾਲੇ ਦਿਨਾਂ ਦੀ ਸ਼ੁਰੂਆਤ ਹੋ ਗਈ ਹੈ। ਸ. ਬਾਜਵਾ ਨੇ ਕਿਹਾ ਕਿ 'ਅੱਛੇ ਦਿਨੋਂ' ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਐਨ.ਡੀ.ਏ. ਸਰਕਾਰ ਬਿਨਾਂ ਸਮਾਂ ਗੁਆਏ ਆਪਣੇ ਛਿਪੇ ਹੋਏ ਏਜੰਡੇ 'ਤੇ ਉਤਰ ਆਈ ਹੈ।

ਸਰਕਾਰ ਨੇ ਰੇਲ ਕਿਰਾਏ ਵਿਚ ਵਾਧੇ ਲਈ ਰੇਲ ਬਜਟ ਪੇਸ਼ ਕਰਨ ਦਾ ਇੰਤਜ਼ਾਰ ਵੀ ਨਹੀਂ ਕੀਤਾ ਹੈ। ਯੂ.ਪੀ.ਏ. ਸਰਕਾਰ ਨੇ ਰੇਲ ਕਿਰਾਇਆਂ ਵਿਚ ਕਦੇ ਵੀ 14.2 ਫੀਸਦੀ ਦਾ ਵੱਡਾ ਵਾਧਾ ਨਹੀਂ ਕੀਤਾ ਸੀ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਐਨ.ਡੀ.ਏ. ਸਰਕਾਰ ਦੇ ਇਸ ਲੋਕ ਵਿਰੋਧੀ ਫੈਸਲੇ ਖਿਲਾਫ ਸਟੈਂਡ ਲੈਣ ਲਈ ਕਿਹਾ ਹੈ।

ਪੰਜਾਬ ਦੇ ਲੋਕਾਂ ਨੂੰ ਜਾਣਨ ਦਾ ਅਧਿਕਾਰ ਹੈ ਕਿ ਕੇਂਦਰ ਵਿਚ ਅਕਾਲੀ ਦਲ ਦਾ ਪ੍ਰਤੀਨਿਧਤਾ ਕਰਦੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਵਾਧੇ ਦਾ ਵਿਰੋਧ ਕੀਤਾ ਹੈ ਜਾਂ ਨਹੀਂ। ਉਨ੍ਹਾਂ ਨੇ ਯਾਦ ਦਿਵਾਇਆ ਕਿ ਸ. ਬਾਦਲ ਪੈਟਰੋਲ ਤੇ ਡੀਜ਼ਲ ਦੇ ਰੇਟਾਂ ਵਿਚ ਥੋੜ੍ਹੇ ਜਿਹੇ ਵਾਧੇ ਦਾ ਵਿਰੋਧ ਕਰਦੇ ਰਹੇ ਹਨ।

# ਤੱਥ ਖੋਜ ਕਮੇਟੀ ਅੱਗੇ ਵੀ ਧੜਿਆਂ 'ਚ ਪੇਸ਼ ਹੋਏ ਕਾਂਗਰਸੀ ਆਗੂ

**ਚੰਡੀਗੜ੍ਹ:** ਕਾਂਗਰਸ ਹਾਈਕਮਾਂਡ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਦੀ ਹੋਈ ਅਣਕਿਆਸੀ ਹਾਰ ਦੇ ਕਾਰਨਾਂ ਦੀ ਘੋਖ ਕਰਨ ਲਈ ਬਣਾਈ ਗਈ ਤੱਥ ਖੋਜ ਕਮੇਟੀ ਨੇ ਪੰਜਾਬ ਦੇ ਵੱਖ-ਵੱਖ ਆਗੂਆਂ ਨਾਲ ਮੀਟਿੰਗਾਂ ਕਰਕੇ ਹਾਰ ਦੇ ਕਾਰਨਾਂ ਦੀ ਜਾਣਕਾਰੀ ਲੈਣ ਦਾ ਯਤਨ ਕੀਤਾ ਹੈ। ਇਨ੍ਹਾਂ ਮੀਟਿੰਗਾਂ ਵਿਚ ਪੰਜਾਬ ਕਾਂਗਰਸ ਦੇ ਹਾਰੇ ਤੇ ਜਿੱਤੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਦੀ ਧੜੇਬੰਦੀ ਮੁਤਾਬਕ ਹੀ ਆਪਣੇ ਵਿਚਾਰ ਰੱਖੇ ਗਏ ਜਿਸ ਤੋਂ ਸਾਬਤ ਹੁੰਦਾ ਹੈ ਕਿ ਕਾਂਗਰਸ ਦੇ ਸੀਨੀਅਰ ਆਗੂ ਹਾਈਕਮਾਂਡ ਦੀ ਇਸ ਕਮੇਟੀ ਨੂੰ ਰਾਹ ਦੇਣ ਦੇ ਮੂਡ ਵਿਚ ਨਹੀਂ ਹਨ।

ਹਿਮਾਚਲ ਪ੍ਰਦੇਸ਼ ਦੇ ਮੰਤਰੀ ਧਨੀ ਰਾਮ ਸ਼ਾਂਡਿਲ ਦੀ ਅਗਵਾਈ ਹੇਠ ਤੱਥ ਖੋਜ ਕਮੇਟੀ ਨੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨਾਲ ਬੰਦ ਕਮਰਾ ਮੀਟਿੰਗ ਕਰਕੇ ਹਾਰ ਦੇ ਕਾਰਨਾਂ ਦਾ ਜਾਇਜ਼ਾ ਲਿਆ ਸੀ। ਇਹ ਕਮੇਟੀ ਪਹਿਲਾਂ ਹੀ ਇਥੇ ਕਾਂਗਰਸ ਭਵਨ ਵਿਚ ਦੋ ਦਿਨ ਪੰਜਾਬ ਦੇ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਚਲਾ ਚੁੱਕੀ ਹੈ। ਪਹਿਲਾਂ ਇਸ ਕਮੇਟੀ ਅੱਗੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਹਾਰੇ ਪ੍ਰਤਾਪ ਸਿੰਘ ਬਾਜਵਾ, ਫਰੀਦਕੋਟ ਤੋਂ ਹਾਰੇ ਜੋਗਿੰਦਰ ਸਿੰਘ ਪੰਜਗਰਾਈਂ, ਫਤਿਹਗੜ੍ਹ ਸਾਹਿਬ ਤੋਂ ਹਾਰੇ ਸਾਧੂ ਸਿੰਘ ਧਰਮਸੋਤ, ਹੁਸ਼ਿਆਰਪੁਰ ਤੋਂ ਹਾਰੇ ਮਹਿੰਦਰ ਸਿੰਘ ਕੇ.ਪੀ., ਖਡੂਰ ਸਾਹਿਬ ਤੋਂ ਹਾਰੇ ਹਰਮਿੰਦਰ ਸਿੰਘ ਗਿੱਲ ਤੇ ਸੰਗਰੂਰ ਲੋਕ ਸਭਾ ਹਲਕੇ ਤੋਂ ਹਾਰੇ ਕਾਂਗਰਸ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਪੇਸ਼ ਹੋ ਕੇ ਹਾਰ ਦੇ ਕਾਰਨਾਂ ਦੀ ਜਾਣਕਾਰੀ ਦੇ ਚੁੱਕੇ ਹਨ।





ਜ਼ਿਕਰਯੋਗ ਹੈ ਕਿ ਕਾਂਗਰਸ ਹਾਈਕਮਾਂਡ ਵੱਲੋਂ ਹਿਮਾਚਲ ਪ੍ਰਦੇਸ਼ ਦੇ ਮੰਤਰੀ ਧਨੀ ਰਾਮ ਸ਼ਾਂਡਿਲ ਦੀ ਅਗਵਾਈ ਹੇਠ ਬਣਾਈ ਤੱਥ ਖੋਜ ਕਮੇਟੀ ਦੀ ਜ਼ਿੰਮੇਵਾਰੀ ਸਿਰਫ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਹਾਰੇ ਤੇ ਜਿੱਤੇ ਉਮੀਦਵਾਰਾਂ ਨਾਲ ਮੀਟਿੰਗਾਂ ਕਰ ਕੇ ਹਾਰ ਦੇ ਕਾਰਨਾਂ ਦਾ ਪਤਾ ਕਰਨਾ ਸੀ। ਸ੍ਰੀ ਸ਼ਾਂਡਿਲ ਨੇ ਪਹਿਲੇ ਦੌਰ ਦੀਆਂ ਮੀਟਿੰਗਾਂ ਦੌਰਾਨ ਕਿਹਾ ਸੀ ਕਿ ਉਹ ਹਾਰੇ ਤੇ ਜਿੱਤੇ ਕਾਂਗਰਸੀ ਉਮੀਦਵਾਰਾਂ ਨਾਲ ਮੀਟਿੰਗਾਂ ਕਰ ਕੇ ਇਕ ਮਹੀਨੇ ਵਿਚ ਆਪਣੀ ਰਿਪੋਰਟ ਹਾਈਕਮਾਂਡ ਨੂੰ ਸੌਂਪਣਗੇ। ਇਸ ਪ੍ਰਕਿਰਿਆ ਦੌਰਾਨ ਅਚਨਚੇਤ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਨੌਂ ਜੂਨ ਨੂੰ ਇਸ ਕਮੇਟੀ ਨੂੰ ਦਿੱਲੀ ਤਲਬ ਕਰ ਲਿਆ ਸੀ। ਕਮੇਟੀ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਆਪਣੀ ਪੜਤਾਲੀ ਪ੍ਰਕਿਰਿਆ ਨੂੰ ਇਕਦਮ ਨਵਾਂ ਮੋੜ ਦੇ ਦਿੱਤਾ ਹੈ।

ਇਸ ਨੇ ਆਪਣੀ ਪੜਤਾਲ ਦਾ ਦਾਇਰਾ ਲੋਕ ਸਭਾ ਚੋਣਾਂ ਦੇ ਮਹਿਜ਼ ਕਾਂਗਰਸੀ ਉਮੀਦਵਾਰਾਂ ਤੱਕ ਸੀਮਤ ਰੱਖਣ ਦੀ ਥਾਂ ਇਸ ਵਿਚ ਕਾਂਗਰਸ ਦੇ ਸਮੂਹ ਵਿਧਾਇਕਾਂ ਤੇ ਜ਼ਿਲ੍ਹਾ ਪ੍ਰਧਾਨਾਂ ਨੂੰ ਵੀ ਲੈ ਲਿਆ ਹੈ ਜਿਸਦੇ ਪਹਿਲੇ ਦੌਰ ਵਜੋਂ ਕਮੇਟੀ ਨੇ ਵਿਧਾਇਕ ਕੁਲਜੀਤ ਸਿੰਘ ਨਾਗਰਾ, ਅਮਰੀਕ ਸਿੰਘ ਢਿੱਲੋਂ ਤੇ ਗੁਰਚਰਨ ਸਿੰਘ ਬੋਪਾਰਾਏ ਨਾਲ ਮੀਟਿੰਗਾਂ ਕੀਤੀਆਂ ਹਨ।

ਕਮੇਟੀ ਨੇ ਮੋਗਾ ਜ਼ਿਲ੍ਹੇ ਦੇ ਪ੍ਰਧਾਨ ਦਰਸ਼ਨ ਸਿੰਘ ਬਰਾੜ, ਮੋਗਾ ਵਿਧਾਨ ਸਭਾ ਹਲਕੇ ਤੋਂ ਚੋਣ ਹਾਰੇ ਵਿਜੈ ਸਾਥੀ ਤੇ ਧਰਮਕੋਟ ਤੋਂ ਚੋਣ ਹਾਰੇ ਕਾਕਾ ਲੋਹਗੜ੍ਹ ਨਾਲ ਮੀਟਿੰਗਾਂ ਕੀਤੀਆਂ ਹਨ। ਪਤਾ ਲੱਗਾ ਹੈ ਕਿ ਹੁਣ ਤੱਥ ਖੋਜ ਕਮੇਟੀ ਮੁੜ ਜ਼ਿਲ੍ਹਾ ਪ੍ਰਧਾਨਾਂ ਤੇ ਵਿਧਾਇਕਾਂ ਨਾਲ ਮੀਟਿੰਗਾਂ ਦਾ ਗੇੜ ਸ਼ੁਰੂ ਕਰੇਗੀ ਜਿਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕਮੇਟੀ ਪੰਜਾਬ ਕਾਂਗਰਸ ਦੀ ਫੁੱਟ ਦੀ ਜੜ੍ਹ ਨੂੰ ਫੜਨ ਲਈ ਲੰਮਾ ਸਮਾਂ ਲਗਾ ਸਕਦੀ ਹੈ। ਉਂਜ ਪੰਜਾਬ ਵਿਚ ਆ ਰਹੀਆਂ ਵਿਧਾਨ ਸਭਾ ਦੀਆਂ ਦੋ ਜ਼ਿਮਨੀ ਚੋਣਾਂ ਤੋਂ ਪਹਿਲਾਂ ਕਮੇਟੀ ਆਪਣੀ ਰਿਪੋਰਟ ਨੂੰ ਮੁਕੰਮਲ ਕਰ ਸਕਦੀ ਹੈ। ਸੂਤਰਾਂ ਮੁਤਾਬਕ ਕਮੇਟੀ ਦੀ ਇਸ ਪ੍ਰਕਿਰਿਆ ਦੌਰਾਨ ਵੀ ਧੜੇਬੰਦੀ ਦੀ ਲਕੀਰ ਕਾਇਮ ਹੈ। ਹਰੇਕ ਉਮੀਦਵਾਰ, ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਸ. ਬਾਜਵਾ ਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਚੱਲ ਰਹੀ ਧੜੇਬੰਦੀ ਦੇ ਆਧਾਰ 'ਤੇ ਹੀ ਆਪਣੇ ਵਿਚਾਰ ਕਮੇਟੀ ਅੱਗੇ ਰੱਖ ਰਿਹਾ ਹੈ।

# ਰਸੋਈ ਗੈਸ ਦੀ ਕੀਮਤ ਹਰ ਮਹੀਨੇ ਵਧਾਉਣ ਦੀ ਤਜਵੀਜ਼

**ਨਵੀਂ ਦਿੱਲੀ:** ਡੀਜ਼ਲ ਤੋਂ ਬਾਅਦ ਹੁਣ ਸਰਕਾਰ ਰਸੋਈ ਗੈਸ ਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ ਵਿਚ ਮਾਹਵਾਰ ਵਾਧਾ ਕਰਨ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਈਂਧਨ 'ਤੇ ਦਿੱਤੀ ਜਾ ਰਹੀ 80,000 ਕਰੋੜ ਰੁਪਏ ਦੀ ਸਬਸਿਡੀ ਖਤਮ ਕੀਤੀ ਜਾ ਸਕੇ। ਰਸੋਈ ਗੈਸ ਸਿਲੰਡਰ ਦੀ ਕੀਮਤ ਹਰ ਮਹੀਨੇ ਪੰਜ ਰੁਪਏ ਤੇ ਮਿੱਟੀ ਦੇ ਤੇਲ ਦੀ ਕੀਮਤ 50 ਪੈਸੇ ਤੋਂ ਇਕ ਰੁਪਏ ਤੱਕ ਵਧਾਉਣ ਦੀ ਤਜਵੀਜ਼ ਹੈ। ਪਿਛਲੀ ਯੂਪੀਏ ਸਰਕਾਰ ਵੇਲੇ ਜਨਵਰੀ 2013 ਵਿਚ ਡੀਜ਼ਲ ਦੀ ਕੀਮਤ ਹਰ ਮਹੀਨੇ 50 ਪੈਸੇ ਵਧਾਉਣ ਦਾ ਫੈਸਲਾ ਕੀਤਾ ਗਿਆ ਸੀ। ਹੁਣ ਤੱਕ ਦੋ ਵਾਰ ਹੀ ਵਾਧਾ ਖੁੰਝਿਆ ਹੈ ਤੇ ਡੀਜ਼ਲ ਦੀ ਕੀਮਤ ਵਿਚ ਲਗਾਤਾਰ ਵਾਧੇ ਕਰਕੇ ਇਸ 'ਤੇ ਪ੍ਰਤੀ ਲਿਟਰ ਸਬਸਿਡੀ 1.62 ਰੁਪਏ ਰਹਿ ਗਈ ਹੈ।

ਸੂਤਰਾਂ ਮੁਤਾਬਕ ਇਸੇ ਤਰਜ਼ 'ਤੇ ਹੁਣ ਤੇਲ ਮੰਤਰਾਲੇ ਵੱਲੋਂ ਐਲ.ਪੀ.ਜੀ. ਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ ਵਿਚ ਨਿਰੰਤਰ ਮਾਹਵਾਰ ਵਾਧਾ ਕਰਨ ਦੀ ਤਜਵੀਜ਼ ਹੈ। ਐਲ.ਪੀ.ਜੀ. 'ਤੇ 14.2 ਕਿਲੋ ਦੇ ਗੈਸ ਸਿਲੰਡਰ ਉਪਰ 432.71 ਰੁਪਏ ਸਬਸਿਡੀ ਦਿੱਤੀ ਜਾਂਦੀ ਹੈ ਤੇ ਪੰਜ ਰੁਪਏ ਮਾਹਵਾਰ ਵਾਧੇ ਦੇ ਹਿਸਾਬ ਨਾਲ ਇਹ ਸਬਸਿਡੀ ਖਤਮ ਕਰਨ ਲਈ ਸੱਤ ਸਾਲ ਲੱਗਣਗੇ।

ਇਸ ਵਰਤਾਰੇ ਦੇ ਜਾਣਕਾਰ ਸੂਤਰਾਂ ਨੇ ਕਿਹਾ ਕਿ ਜੇਕਰ ਸਿਆਸੀ ਲੀਡਰਸ਼ਿਪ ਸਟੈਂਡ ਲਵੇ ਤਾਂ ਮਾਹਵਾਰ ਵਾਧਾ 10 ਰੁਪਏ ਵੀ ਕੀਤਾ ਜਾ ਸਕਦਾ ਹੈ। ਮਿੱਟੀ ਦੇ ਤੇਲ ਉਪਰ ਇਸ ਸਮੇਂ 32.87 ਰੁਪਏ ਫੀ ਲਿਟਰ ਸਬਸਿਡੀ ਦਿੱਤੀ ਜਾ ਰਹੀ ਹੈ ਤੇ ਕੀਮਤ ਵਿਚ ਮਾਹਵਾਰ ਇਕ ਰੁਪਏ ਵਾਧੇ ਨਾਲ ਸਬਸਿਡੀ ਖਤਮ ਕਰਨ ਲਈ ਢਾਈ ਸਾਲ ਲੱਗ ਜਾਣਗੇ।

ਸੂਤਰਾਂ ਦਾ ਕਹਿਣਾ ਹੈ ਕਿ ਈਂਧਨ ਸਬਸਿਡੀ ਸਰਕਾਰੀ ਖਜ਼ਾਨੇ 'ਤੇ ਸਭ ਤੋਂ ਵੱਡਾ ਬੋਝ ਹੈ। ਚਾਲੂ ਮਾਲੀ ਸਾਲ ਦੌਰਾਨ ਡੀਜ਼ਲ, ਰਸੋਈ ਗੈਸ ਤੇ ਮਿੱਟੀ ਦੇ ਤੇਲ ਉਪਰ ਅੰਦਾਜ਼ਨ 115,548 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਵਿਚੋਂ ਰਸੋਈ ਗੈਸ 'ਤੇ 50324 ਕਰੋੜ ਰੁਪਏ ਤੇ ਮਿੱਟੀ ਦੇ ਤੇਲ ਉਪਰ 29488 ਕਰੋੜ ਰੁਪਏ ਸਬਸਿਡੀ ਬਣਦੀ ਹੈ। 2013-14 ਦੌਰਾਨ ਸਰਕਾਰ ਨੇ 70772 ਕਰੋੜ ਰੁਪਏ ਦੀ ਸਿੱਧੀ ਨਕਦ ਸਬਸਿਡੀ ਦਿੱਤੀ ਸੀ, ਜਦਕਿ ਮੋਹਰੀ ਫਰਮਾਂ ਨੇ 67021 ਕਰੋੜ ਰੁਪਏ ਦਾ ਬੋਝ ਚੁੱਕਿਆ ਸੀ। ਇਸ ਤੋਂ ਪਹਿਲੇ ਸਾਲ ਸਰਕਾਰ ਨੇ 100,000 ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ ਤੇ 60000 ਕਰੋੜ ਰੁਪਏ ਫਰਮਾਂ ਨੇ ਯੋਗਦਾਨ ਦਿੱਤਾ ਸੀ।

## ਸਿੱਖ ਭਾਈਚਾਰੇ ਖਿਲਾਫ ਟਿੱਪਣੀ ਕਰਨ ਵਾਲਾ ਕਾਬੂ

**ਜੰਮੂ:** ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਵਿਚ ਜੰਮੂ ਦੇ ਇਕ ਨੌਜਵਾਨ ਵੱਲੋਂ ਸਿੱਖ ਭਾਈਚਾਰੇ ਤੇ ਗੁਰੂ ਨਾਨਕ ਦੇਵ ਬਾਰੇ ਕੀਤੀ ਗਈ ਅਭੱਦਰ ਟਿੱਪਣੀ ਤੋਂ ਬਾਅਦ ਸਿੱਖ ਭਾਈਚਾਰੇ ਵੱਲੋਂ ਬਣਾਏ ਗਏ ਦਬਾਅ ਦੇ ਚਲਦੇ ਜੰਮੂ ਪੁਲਿਸ ਨੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਪਿਛਲੇ ਕੁਝ ਦਿਨਾਂ ਤੋਂ ਫੇਸਬੁੱਕ ਤੇ ਫੇਰ ਵੱਟਸਐਪ 'ਤੇ ਇੰਜੀਨੀਅਰ ਵਿਪੁਲ ਸ਼ਰਮਾ ਵਾਸੀ ਜੰਮੂ ਦੇ ਨਾਂ ਤੋਂ ਇਕ ਮੈਸੇਜ ਜਾਰੀ ਕੀਤਾ ਗਿਆ ਸੀ ਜਿਸ ਵਿਚ ਗੁਰੂ ਨਾਨਕ ਦੇਵ ਤੇ ਸਿੱਖ ਭਾਈਚਾਰੇ ਬਾਰੇ ਗਲਤ ਟਿੱਪਣੀਆਂ ਲਿਖੀਆਂ ਗਈਆਂ ਸਨ। ਸਾਬਕਾ ਡੀ.ਐਸ.ਪੀ. ਮੱਖਣ ਸਿੰਘ ਦੀ ਅਗਵਾਈ ਹੇਠ ਸਿੱਖ ਨੌਜਵਾਨਾਂ ਨੇ ਥਾਣਾ ਦਮਾਣਾ ਵਿਖੇ ਵਿਪੁਲ ਸ਼ਰਮਾ ਵਿਰੁੱਧ ਸ਼ਿਕਾਇਤ ਦਰਜ ਕੀਤੀ। ਜਿਸ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਨੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਤਹਿਤ ਕੇਸ ਦਰਜ ਕਰ ਲਿਆ।

## ਨਿਤੀਸ਼ ਖੰਨਾ ਕਤਲ ਕੇਸ ਵਿਚ ਦੋ ਪੰਜਾਬੀਆਂ ਨੂੰ ਕੈਦ

**ਟੋਰਾਂਟੋ:** ਤਿੰਨ ਵਰ੍ਹੇ ਪਹਿਲਾਂ ਇਥੋਂ ਦੇ ਇਕ ਰੈਸਟੋਰੈਂਟ ਦੇ ਬਾਹਰ ਲੜਾਈ ਵਿਚ 19 ਸਾਲਾ ਨਿਤੀਸ਼ ਖੰਨਾ ਨੂੰ ਕੁੱਟ-ਕੁੱਟ ਕੇ ਮਾਰਨ ਦੇ ਦੋਸ਼ ਤਹਿਤ ਦੋ ਪੰਜਾਬੀ ਨੌਜਵਾਨਾਂ ਨੂੰ ਸਾਢੇ ਅੱਠ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਰੈਂਪਟਨ ਦੇ ਹਰਸਿਮਰਨ ਬੱਲ (22) ਤੇ ਦਲਜਿੰਦਰ ਸਿੱਧੂ (26) 'ਤੇ ਦੂਜੇ ਦਰਜੇ ਦੇ ਕਤਲ ਕੇਸ ਦੇ ਦੋਸ਼ ਲੱਗੇ ਸਨ ਜਿਸ ਤੋਂ ਉਹ ਇਨਕਾਰੀ ਚਲੇ ਆ ਰਹੇ ਸਨ।

ਜੱਜਾਂ ਦੇ ਪੈਨਲ ਮੁਤਾਬਕ ਦੋਹਾਂ ਦੋਸ਼ੀਆਂ ਨੇ ਜਾਣਬੁੱਝ ਕੇ ਨਿਤੀਸ਼ 'ਤੇ ਹਮਲਾ ਕੀਤਾ ਪਰ ਉਹ ਉਸ ਨੂੰ ਮਾਰਨਾ ਨਹੀਂ ਚਾਹੁੰਦੇ ਸਨ। ਇਸ ਵਹਿਸ਼ਿਆਨਾ ਹਮਲੇ ਵਿਚ ਸ਼ਾਮਲ ਸਮਝੇ ਜਾਂਦੇ ਦੋ ਹੋਰ ਮੁੰਡੇ ਮਨਮੀਤ ਕੰਗ (22) ਤੇ ਮਨਜੀਤ ਸਿੰਘ (21) ਭਾਰਤ ਭੱਜ ਆਏ ਸਨ ਤੇ ਅਜੇ ਤੱਕ ਫਰਾਰ ਹਨ। ਸੂਤਰਾਂ ਮੁਤਾਬਕ ਬੱਲ ਤੇ ਸਿੱਧੂ ਨੂੰ ਸਜ਼ਾ ਭੁਗਤਣ ਬਾਅਦ ਭਾਰਤ ਭੇਜ ਦਿੱਤਾ ਜਾਵੇਗਾ। ਪਿਛਲੇ ਮਹੀਨੇ ਬੱਲ ਨੇ ਅਦਾਲਤ ਵਿਚ ਇਸ ਗੱਲ ਤੋਂ ਇਨਕਾਰ ਕੀਤਾ ਸੀ ਕਿ ਉਸ ਨੇ ਨਿਤੀਸ਼ ਨੂੰ ਨੱਪੀ ਰੱਖਿਆ ਜਦੋਂ ਕਿ ਉਸ ਦੇ ਦੋਸਤਾਂ ਨੇ ਉਸ ਨੂੰ ਗੌਲਫ ਸਟਿਕ ਤੇ ਹਾਕੀਆਂ ਨਾਲ ਬੇਕਿਰਕੀ ਨਾਲ ਕੁੱਟਿਆ। ਹਮਲੇ ਤੋਂ ਬਾਅਦ ਸਾਰੇ ਮੁੰਡੇ ਮੌਕੇ ਤੋਂ ਭੱਜ ਗਏ ਸਨ ਤੇ ਖੂਨ ਵਿਚ ਲੱਥਪੱਥ ਨਿਤੀਸ਼ ਕਿਸੇ ਤਰ੍ਹਾਂ ਰੈਸਟੋਰੈਂਟ ਦੇ ਅੰਦਰ ਆ ਕੇ ਡਿੱਗ ਪਿਆ ਸੀ।

ਇਹ ਘਟਨਾ 20 ਜੂਨ 2011 ਨੂੰ ਮਾਲਟਨ ਦੇ 'ਟੇਸਟੀ ਬਾਈਟ' ਰੈਸਟੋਰੈਂਟ ਵਿਚ ਦੋ ਧੜਿਆਂ ਵਿਚ ਆਪਸੀ ਤਕਰਾਰ ਬਾਅਦ ਵਾਪਰੀ ਸੀ। ਦਲਜਿੰਦਰ ਸਿੱਧੂ ਉਦੋਂ ਪੰਜਾਬ ਤੋਂ ਨਵਾਂ-ਨਵਾਂ ਕੈਨੇਡਾ ਆਇਆ ਸੀ ਤੇ ਹਰਸਿਮਰਨ ਬੱਲ ਆਪਣੇ ਕੁਝ ਹੋਰ ਮਿੱਤਰਾਂ ਨਾਲ ਉਸ ਦੇ ਆਉਣ ਦੀ ਪਾਰਟੀ ਵਿਚ ਸ਼ਾਮਲ ਸੀ। ਬੱਲ ਵੀ 2010 ਵਿਚ ਟੋਰਾਂਟੋ ਆਇਆ ਸੀ।

# ਸਮੁੰਦਰੀ ਵਾਤਾਵਰਨ ਦਾ ਵੱਡਾ ਘਾਣ ਕਰ ਰਿਹੈ ਪਲਾਸਟਿਕ ਕਚਰਾ

**ਸੰਯੁਕਤ ਰਾਸ਼ਟਰ (ਬਿਊਰੋ):** ਸੰਯੁਕਤ ਰਾਸ਼ਟਰ ਦੀਆਂ ਦੋ ਰਿਪੋਰਟਾਂ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਪਲਾਸਟਿਕ ਦਾ ਕਚਰਾ ਸਮੁੰਦਰੀ ਆਲੇ-ਦੁਆਲੇ ਤੇ ਪ੍ਰਸਥਿਤੀਆਂ ਦਾ ਹਰ ਸਾਲ 13 ਅਰਬ ਡਾਲਰ ਦਾ ਨੁਕਸਾਨ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਵਾਤਾਵਰਨ ਬਾਰੇ ਪ੍ਰੋਗਰਾਮ (ਯੂ.ਐਨ.ਈ.ਪੀ.) ਦੀ ਈਅਰ ਬੁੱਕ ਦੇ 11ਵੇਂ ਐਡੀਸ਼ਨ ਵਿਚ ਕਿਹਾ ਗਿਆ ਹੈ ਕਿ ਪਲਾਸਟਿਕ ਦੇ ਪ੍ਰਦੂਸ਼ਣ ਕਾਰਨ ਜਨਜੀਵਨ, ਸੈਰ ਸਪਾਟੇ, ਮੱਛੀ ਪਾਲਨ ਤੇ ਕਾਰੋਬਾਰਾਂ ਉਤੇ ਮੰਦਾ ਅਸਰ ਪੈ ਰਿਹਾ ਹੈ।

ਯੂ.ਐਨ.ਈ.ਪੀ. ਦੇ ਕਾਰਜਕਾਰੀ ਡਾਇਰੈਕਟਰ ਆਚਿਮ ਸਟੀਅਨਰ ਨੇ ਕਿਹਾ ਕਿ ਬੇਸ਼ੱਕ ਆਧੁਨਿਕ ਜੀਵਨ ਸ਼ੈਲੀ ਵਿਚ ਪਲਾਸਟਿਕ ਦੀ ਅਹਿਮ ਭੂਮਿਕਾ ਹੈ, ਪਰ ਜਿਸ ਤਰ੍ਹਾਂ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸ ਦੇ ਵਾਤਾਵਰਨ ਉਤੇ ਪੈ ਰਹੇ ਪ੍ਰਭਾਵਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਯੂ.ਐਨ.ਈ.ਪੀ. ਦੀ ਸ਼ਮੂਲੀਅਤ ਵਾਲੀ 'ਪਲਾਸਟਿਕ ਦਾ ਮੁੱਲਾਂਕਣ' ਕਰਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਆਪਕ ਪੱਧਰ 'ਤੇ ਫੈਲੇ ਪਲਾਸਟਿਕ ਦੇ ਕਚਰੇ ਨਾਲ ਜਲ ਵਾਤਾਵਰਨ ਤੇ ਆਲੇ-ਦੁਆਲੇ ਦਾ 13 ਅਰਬ ਡਾਲਰ ਸਾਲਾਨਾ ਵਿੱਤੀ ਨੁਕਸਾਨ ਹੁੰਦਾ ਹੈ।

ਖਪਤਕਾਰੀ ਵਸਤਾਂ ਦੀ ਸਨਅਤ ਵਿਚ ਪਲਾਸਟਿਕ ਦੀ ਵਰਤੋਂ ਤੇ ਪ੍ਰਬੰਧਨ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਸਲ ਵਿਚ ਪਲਾਸਟਿਕ ਕਾਰਨ ਇਸ ਤੋਂ ਕਿਤੇ ਵੱਧ ਨੁਕਸਾਨ ਹੋ ਰਿਹਾ ਹੈ। ਵੱਡੀ ਮਾਤਰਾ ਵਿਚ ਪਲਾਸਟਿਕ ਕਚਰਾ ਸਮੁੰਦਰਾਂ ਵਿਚ ਜਾ ਰਿਹਾ ਹੈ। ਫਿਰ ਅੱਗੋਂ ਇਹ ਸਮੁੰਦਰੀ ਲਹਿਰਾਂ ਨਾਲ ਕਿਤੇ ਦਾ ਕਿਤੇ ਚਲਿਆ ਜਾਂਦਾ ਹੈ ਤੇ ਕਈ ਵਾਰ ਸਮੁੰਦਰੀ ਤਲ 'ਤੇ ਜਾ ਟਿਕਦਾ ਹੈ।

ਇਨ੍ਹਾਂ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਪਲਾਸਟਿਕ ਦੀ ਵਰਤੋਂ ਘਟਾ ਕੇ, ਰੀਸਾਈਕਲਿੰਗ ਤੇ ਰੀਡਿਜ਼ਾਈਨਿੰਗ ਕਰਕੇ ਬਹੁਦਿਸ਼ਾਵੀ ਹਰਿਤ ਆਰਥਿਕ ਲਾਭ ਹੋ ਸਕਦੇ ਹਨ। ਇਸ ਨਾਲ ਸਮੁੰਦਰੀ ਵਾਤਾਵਰਨ ਸੈਰ-ਸਪਾਟੇ ਤੇ ਮੱਛੀ ਪਾਲਣ ਨੂੰ ਪੁੱਜਦਾ ਆਰਥਿਕ ਨੁਕਸਾਨ ਠੱਲਿਆ ਜਾ ਸਕਦਾ ਹੈ। ਕਈ ਵਾਰ ਸਮੁੰਦਰੀ ਜਲ ਜੀਵਾਂ ਦੇ ਅੰਦਰ ਪਲਾਸਟਿਕ ਦਾ ਕਚਰਾ ਚਲਿਆ ਜਾਂਦਾ ਹੈ। ਇਹ ਮਾਈਕਰੋਪਲਾਸਟਿਕ ਸੀਵਰੇਜ ਟਰੀਟਮੈਂਟ ਵਿਚ ਫਿਲਟਰ ਨਾ ਹੋ ਕੇ ਸਿੱਧਾ ਦਰਿਆਵਾਂ, ਝੀਲਾਂ ਤੇ ਸਮੁੰਦਰਾਂ ਵਿਚ ਜਾ ਰਿਹਾ ਹੈ। ਇਹ ਅੱਗੋਂ ਅਹਿਮ ਜੀਵਾਂ ਲਈ ਘਾਤਕ ਸਿੱਧ ਹੋ ਰਿਹਾ ਹੈ।

## ਅਲ-ਸੀਸੀ ਵੱਲੋਂ ਪੱਤਰਕਾਰਾਂ ਨੂੰ ਮੁਆਫ਼ੀ ਦੇਣ ਤੋਂ ਨਾਂਹ

**ਕਾਹਿਰਾ:** ਅਲ-ਜਜ਼ੀਰਾ ਦੇ ਤਿੰਨ ਪੱਤਰਕਾਰਾਂ ਨੂੰ 7 ਤੋਂ 10 ਸਾਲ ਤੱਕ ਦੀ ਸਜ਼ਾ ਸੁਣਾਏ ਜਾਣ ਮਗਰੋਂ ਰਾਸ਼ਟਰਪਤੀ ਅਬਦੁਲ ਫਤਾਹ ਅਲ-ਸੀਸੀ ਨੇ ਕਿਹਾ ਹੈ ਕਿ ਮਿਸਰ ਸਰਕਾਰ ਨਿਆਇਕ ਮਾਮਲਿਆਂ ਵਿਚ ਦਖਲ ਨਹੀਂ ਦੇਵੇਗੀ। ਸੰਯੁਕਤ ਰਾਸ਼ਟਰ ਵੱਲੋਂ ਸੀਸੀ ਨੂੰ ਇਨ੍ਹਾਂ ਪੱਤਰਕਾਰਾਂ ਨੂੰ ਮੁਆਫ ਕਰਨ ਲਈ ਜ਼ੋਰ-ਸ਼ੋਰ ਨਾਲ ਕਿਹਾ ਜਾ ਰਿਹਾ ਹੈ।

ਕਤਰ ਦੇ ਨੈੱਟਵਰਕ ਲਈ ਕੰਮ ਕਰਦੇ ਇਨ੍ਹਾਂ ਪੱਤਰਕਾਰਾਂ 'ਤੇ ਕਾਲੀ ਸੂਚੀ ਵਿਚ ਸ਼ੁਮਾਰ ਮੁਸਲਿਮ ਬ੍ਰਦਰਹੁੱਡ ਇਸਲਾਮਿਕ ਲਹਿਰ ਦੀ ਮਦਦ ਕਰਨ ਤੇ 'ਝੂਠੀਆਂ ਖਬਰਾਂ ਫੈਲਾਉਣ' ਦੇ ਦੋਸ਼ ਲੱਗੇ ਸਨ। ਇਕ ਡਚ ਤੇ ਦੋ ਬਰਤਾਨਵੀ ਪੱਤਰਕਾਰਾਂ ਸਮੇਤ 11 ਵਿਰੁੱਧ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਕਾਰਵਾਈ ਹੋਈ ਤੇ ਇਨ੍ਹਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ। ਰਾਸ਼ਟਰਪਤੀ ਸਕੱਤਰੇਤ ਦੇ ਇਕ ਅਧਿਕਾਰੀ ਮੁਤਾਬਕ ਅਪੀਲ ਮਗਰੋਂ ਅੰਤਿਮ ਅਦਾਲਤੀ ਫੈਸਲੇ ਤੱਕ ਅਲ-ਸੀਸੀ ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਮੁਆਫੀਨਾਮਾ ਨਹੀਂ ਦੇ ਸਕਦੇ।

## ਮਾਂ-ਪਿਉ ਹੀ ਨਿਕਲੇ ਪੁੱਤ ਦੇ ਕਾਤਲ

**ਜਗਰਾਉਂ:** ਪਿੰਡ ਮੱਲ੍ਹਾ ਵਿਚ 27 ਸਾਲਾ ਨੌਜਵਾਨ ਦੀ ਭੇਦਭਰੇ ਹਾਲਾਤ ਵਿਚ ਹੋਈ ਮੌਤ ਦੇ ਬਣੇ ਰਹਿਸ ਤੋਂ ਪਰਦਾ ਚੁੱਕਦੇ ਹੋਏ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਨੌਜਵਾਨ ਦੀ ਮੌਤ ਕੁਦਰਤੀ ਨਹੀਂ ਬਲਕਿ ਉਸਦੇ ਮਾਤਾ-ਪਿਤਾ ਵੱਲੋਂ ਹੀ ਉਸ ਦਾ ਕਤਲ ਕੀਤਾ ਗਿਆ ਸੀ।

ਪੁਲਿਸ ਮੁਤਾਬਕ ਅਜੈਬ ਸਿੰਘ ਤੇ ਉਸ ਦੀ ਪਤਨੀ ਕਰਮਜੀਤ ਕੌਰ ਨੇ ਆਪਣੇ ਨਸ਼ੇੜੀ ਪੁੱਤਰ ਲਖਵਿੰਦਰ ਸਿੰਘ ਦਾ ਕਤਲ ਉਸ ਨੂੰ ਨਸ਼ੇ ਦੀ ਹਾਲਤ ਵਿਚ ਰਾਤ ਨੂੰ ਰੱਸੇ ਨਾਲ ਬੰਨ੍ਹ ਕੇ ਤੇ ਸਿਰ ਵਿਚ ਇੱਟ ਮਾਰ ਕੇ ਕੀਤਾ ਤੇ ਸਵੇਰੇ ਰੌਲਾ ਪਾ ਦਿੱਤਾ ਕਿ ਉਨ੍ਹਾਂ ਦੇ ਪੁੱਤਰ ਦੀ ਵੱਧ ਨਸ਼ੇ ਕਾਰਨ ਮੌਤ ਹੋ ਗਈ ਹੈ, ਜਿਸ ਦਾ ਉਹ ਪਿੰਡ ਦੇ ਸ਼ਮਸ਼ਾਨਘਾਟ ਵਿਚ ਚੋਰੀ-ਚੋਰੀ ਸਸਕਾਰ ਕਰ ਲੱਗੇ ਸਨ ਪਰ ਪੁਲਿਸ ਨੂੰ ਸੂਚਨਾ ਮਿਲਣ 'ਤੇ ਉਕਤ ਨੌਜਵਾਨ ਦਾ ਸਸਕਾਰ ਮੌਕੇ 'ਤੇ ਰੋਕ ਦਿੱਤਾ ਤੇ ਮ੍ਰਿਤਕ ਦੇ ਸਰੀਰ ਦੀ ਮੁੱਢਲੀ ਜਾਂਚ 'ਤੇ ਸਾਹਮਣੇ ਆਇਆ ਕਿ ਉਸ ਦੀ ਮੌਤ ਸਰੀਰ ਦੇ ਹਿੱਸਿਆਂ 'ਤੇ ਵੱਜੀਆਂ ਗੰਭੀਰ ਸੱਟਾਂ ਕਾਰਨ ਹੋਈ ਹੈ। ਜਿਸ ਤੋਂ ਬਾਅਦ ਮ੍ਰਿਤਕ ਦੇ ਮਾਤਾ-ਪਿਤਾ ਕੋਲੋਂ ਬਾਰੀਕੀ ਨਾਲ ਪੁਛਗਿੱਛ ਕੀਤੀ ਤਾਂ ਉਨ੍ਹਾਂ ਕਬੂਲ ਕੀਤਾ ਕਿ ਉਨ੍ਹਾਂ ਨੇ ਹੀ ਆਪਣੇ ਨਸ਼ੇੜੀ ਪੁੱਤ ਦਾ ਕਤਲ ਕੀਤਾ ਹੈ।

ਲਖਵਿੰਦਰ ਸਿੰਘ ਦੇ ਕਤਲ ਦੇ ਦੋਸ਼ ਵਿਚ ਉਸ ਦੇ ਪਿਤਾ ਅਜੈਬ ਸਿੰਘ ਤੇ ਮਾਤਾ ਕਰਮਜੀਤ ਕੌਰ ਖਿਲਾਫ਼ ਪੁਲਿਸ ਥਾਣਾ ਹਠੂਰ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਅਜੈਬ ਸਿੰਘ ਤੇ ਕਰਮਜੀਤ ਕੌਰ ਦਾ ਕਹਿਣਾ ਹੈ ਕਿ ਉਹ ਆਪਣੇ ਨਸ਼ੇੜੀ ਪੁੱਤ ਦੀਆਂ ਹਰਕਤਾਂ ਕਾਰਨ ਬੇਹੱਦ ਪ੍ਰੇਸ਼ਾਨ ਸਨ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply


Gurdip Singh Sandhu

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਨਾਰਾਜ਼ ਕਿਉਂ ਹਨ ਹਰਿਆਣਾ ਦੇ ਸਿੱਖ?

ਹਰਿਆਣਾ ਦੇ ਸਿਆਸਤਦਾਨਾਂ ਉਤੇ ਸਿੱਖਾਂ ਵੱਲੋਂ ਦੋਸ਼ ਲਾਇਆ ਜਾਂਦਾ ਹੈ ਕਿ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਆਪਣੀ ਸਾਂਝ ਕਾਰਨ ਸ਼੍ਰੋਮਣੀ ਅਕਾਲੀ ਦਲ, ਗੁਰਦੁਆਰਿਆਂ ਦੇ ਮੰਚ ਨੂੰ ਸਿੱਖ ਵੋਟਰਾਂ ਨੂੰ ਇਨੈਲੋ ਦੇ ਹੱਕ ਵਿਚ ਭੁਗਤਾਉਣ ਲਈ ਸਦਾ ਵਰਤਦਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਹਰਿਆਣਾ ਦੇ ਗੁਰਦੁਅਰਿਆਂ ਦਾ ਚੜ੍ਹਾਵਾ ਲੈ ਜਾਂਦੀ ਹੈ ਪਰ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਲੋੜੀਂਦਾ ਧਨ ਮੁਹੱਈਆ ਨਹੀਂ ਕਰਵਾਉਂਦੀ। ਸਿੱਖ ਗੁਰਦੁਆਰਾ ਐਕਟ 1925 ਜੋ ਇਤਿਹਾਸਕ ਗੁਰਦੁਆਰਿਆਂ ਨੂੰ ਸੰਘਰਸ਼ ਮਗਰੋਂ ਮਸੰਦਾਂ ਤੇ ਮਹੰਤਾਂ ਦੇ ਚੁੰਗਲ ਵਿਚੋਂ ਆਜ਼ਾਦ ਕਰਾਉਣ ਮਗਰੋਂ ਹੋਂਦ ਵਿਚ ਆਇਆ ਸੀ, ਅਨੁਸਾਰ ਸ਼੍ਰੋਮਣੀ ਕਮੇਟੀ ਚੜ੍ਹਾਵੇ ਵਿਚੋਂ 10 ਫੀਸਦੀ ਰਕਮ ਗੁਰਦੁਆਰਿਆਂ ਦੀ ਸਾਂਭ-ਸੰਭਾਲ ਤੇ ਪ੍ਰਬੰਧਾਂ ਲਈ, ਪੰਜ ਫੀਸਦੀ ਰਕਮ ਸਿੱਖਿਆ ਫੰਡ ਵਜੋਂ ਤੇ 10 ਫੀਸਦੀ ਰਕਮ ਧਰਮ ਪ੍ਰਚਾਰ ਫੰਡ ਅਧੀਨ ਰੱਖ ਸਕਦੀ ਹੈ। ਹਰਿਆਣਾ ਦੇ ਸਿੱਖਾਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਚੜ੍ਹਾਵੇ ਦਾ 25 ਫੀਸਦੀ ਤੋਂ ਵੱਧ ਹਿੱਸਾ ਆਪਣੇ ਕੋਲ ਰੱਖ ਲਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਦਾ ਕਹਿਣਾ ਹੈ ਕਿ ਝਗੜੇ ਦਾ ਕਾਰਨ ਕੇਵਲ ਚੜ੍ਹਾਵਾ ਨਹੀਂ, ਸਗੋਂ ਹਰਿਆਣਾ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿੱਖਾਂ ਨੂੰ ਇਨੈਲੋ ਦੇ ਹੱਕ ਵਿਚ ਭੁਗਤਾਉਣ ਲਈ ਗੁਰਦੁਆਰਿਆਂ ਦੇ ਮੰਚ ਨੂੰ ਵਰਤਣਾ ਵੀ ਹੈ। ਸੂਬੇ ਦੀਆਂ ਹੋਰ ਸਿਆਸੀ ਪਾਰਟੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਅਜਿਹੀ ਸਿਆਸੀ ਦਖ਼ਲਅੰਦਾਜ਼ੀ ਦਾ ਵਿਰੋਧ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਚਲਾਈਆਂ ਜਾਂਦੀਆਂ ਸਿੱਖਿਆ ਸੰਸਥਾਵਾਂ ਤੇ ਗੁਰਦੁਆਰਿਆਂ ਵਿਚ ਹਰਿਆਣਾ ਦੇ ਸਿੱਖਾਂ ਨੂੰ ਨੌਕਰੀ ਵੀ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਉਨ੍ਹਾਂ ਦੀ ਗੱਲ ਵੀ ਨਹੀਂ ਸੁਣੀ ਜਾਂਦੀ।




## ਵੱਖਰੀ ਗੁਰਦੁਆਰਾ ਕਮੇਟੀ 'ਤੇ ਫਿਰ ਹੋਣ ਲੱਗੀ ਸਿਆਸਤ...

**ਚੰਡੀਗੜ੍ਹ:** ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਜਿੱਥੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਿੱਖ ਵੋਟਰਾਂ ਨੂੰ ਖੁਸ਼ ਕਰਨ ਲਈ ਜਲਦ ਹੀ ਵੱਖਰੀ ਕਮੇਟੀ ਬਣਾਉਣ ਦਾ ਐਲਾਨ ਕਰਨ ਜਾ ਰਹੇ ਹਨ, ਉਥੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ (ਬ) ਇਸ ਫੈਸਲੇ ਨੂੰ ਰੁਕਵਾਉਣ ਲਈ ਮੋਦੀ ਸਰਕਾਰ ਦਾ ਸਹਾਰਾ ਲੈਣ ਲਈ ਜ਼ੋਰ ਲਾ ਰਹੇ ਹਨ।

ਹਰਿਆਣਾ ਲਈ ਵੱਖਰੀ ਕਮੇਟੀ ਦੀ ਮੰਗ ਦਾ ਅਸਲ ਮਕਸਦ ਗੁਰਦੁਆਰਿਆਂ ਦੀ ਬਿਹਤਰ ਸਾਂਭ-ਸੰਭਾਲ ਦੀ ਥਾਂ ਇਨ੍ਹਾਂ ਉਤੇ ਸਿਆਸੀ ਤੇ ਪ੍ਰਸ਼ਾਸਕੀ ਕਬਜ਼ਾ ਕਰਨਾ ਹੈ। ਹਰਿਆਣਾ ਦੇ ਸਿੱਖਾਂ ਵੱਲੋਂ ਵੱਖਰੀ ਕਮੇਟੀ ਦਾ ਮਕਸਦ ਹਰਿਆਣਾ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਸਿਆਸੀ ਦਖ਼ਲ ਨੂੰ ਖ਼ਤਮ ਕਰਨਾ ਹੈ। ਇਸ ਵੇਲੇ ਇਹ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਹਨ। ਸਿੱਖ ਗੁਰਦੁਆਰਿਆਂ 'ਤੇ ਕਬਜ਼ੇ ਲਈ ਚੱਲ ਰਿਹਾ ਮੌਜੂਦਾ ਸੰਘਰਸ਼ ਸਿੱਖ ਲੀਡਰਸ਼ਿਪ ਵੱਲੋਂ ਗੁਰਦੁਆਰਿਆਂ 'ਤੇ ਕਬਜ਼ੇ ਰਾਹੀਂ ਆਪਣਾ ਸਿਆਸੀ ਪ੍ਰਭਾਵ ਵਧਾਉਣਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮੇਂ ਸਮੇਂ 'ਤੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕੀਤੀ ਜਾਂਦੀ ਰਹੀ ਹੈ ਕਿਉਂਕਿ ਇਸ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਇਹ ਦੇਸ਼ ਦੇ ਸਿੱਖ ਵਸੋਂ ਵਾਲੇ ਹੋਰ ਹਿੱਸਿਆਂ ਵਿਚ ਵੀ ਆਪਣਾ ਸਿਆਸੀ ਪ੍ਰਭਾਵ ਕਾਇਮ ਕਰ ਸਕਦਾ ਹੈ ਜੋ ਕੌਮੀ ਸਿਆਸਤ ਵਿਚ ਅਕਾਲੀ ਦਲ ਦੀ ਭੱਲ ਬਣਾਉਣ ਵਿਚੋਂ ਸਹਾਇਕ ਸਾਬਤ ਹੋ ਸਕਦਾ ਹੈ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਆਲ ਇੰਡੀਆ ਗੁਰਦੁਆਰਾ ਐਕਟ ਕਾਇਮ ਕਰਨ ਦੀ ਮੰਗ ਕੀਤੀ। ਇਸ ਐਕਟ ਦੇ ਹੋਂਦ ਵਿਚ ਆਉਣ ਨਾਲ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਸਿਆਸੀ ਪ੍ਰਭਾਵ ਕਾਇਮ ਕਰਨ ਦਾ ਮੌਕਾ ਮਿਲੇਗਾ। ਇਸ ਕਦਮ ਦਾ ਤਖਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਤਖ਼ਤ ਪਟਨਾ ਸਾਹਿਬ (ਬਿਹਾਰ) ਤੇ ਕਈ ਸਿੱਖ ਸੰਗਠਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੀ ਇਸ ਐਕਟ ਦੇ ਵਿਰੁੱਧ ਸੀ ਪਰ ਹੁਣ ਇਸ ਕਮੇਟੀ 'ਤੇ ਵੀ ਸ਼ੋਮਣੀ ਅਕਾਲੀ ਦਲ ਕਾਬਜ਼ ਹੋ ਗਿਆ ਹੈ।

## ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼: ਜਥੇਦਾਰ

**ਆਨੰਦਪੁਰ ਸਾਹਿਬ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ-ਘਰਾਂ ਵਿਚੋਂ ਮਹੰਤ ਪ੍ਰਥਾ ਨੂੰ ਖ਼ਤਮ ਕਰਨ ਤੇ ਗੁਰਦੁਆਰਿਆਂ ਵਿਚ ਸੰਗਤ ਪ੍ਰਬੰਧ ਲਿਆਉਣ ਲਈ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ, ਜਿਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਦੇਸ਼-ਵਿਦੇਸ਼ ਵਿਚ ਬੈਠਾ ਹਰੇਕ ਸਿੱਖ ਜਦੋਂ ਉਸ 'ਤੇ ਕੋਈ ਵੀ ਮੁਸ਼ਕਲ ਬਣਦੀ ਹੈ, ਸ਼੍ਰੋਮਣੀ ਕਮੇਟੀ ਪਾਸੋਂ ਸਹਾਇਤਾ ਦੀ ਉਮੀਦ ਰੱਖਦਾ ਹੈ ਕਿਉਂਕਿ ਇਹ ਸੰਸਥਾ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ ਤੇ ਸਿੱਖ ਇਸ ਵਿਚ ਆਸਥਾ ਰੱਖਦੇ ਹਨ ਪਰ ਕੁਝ ਪੰਥ ਵਿਰੋਧੀ ਸ਼ਕਤੀਆਂ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਨਾਲ ਮਿਲ ਕੇ ਇਸ ਨੂੰ ਕਮਜ਼ੋਰ ਕਰਨ ਦੀ ਤਾਕ ਵਿਚ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਭੰਨਣ, ਤੋੜਨ ਤੇ ਕਮਜ਼ੋਰ ਕਰਨ ਲਈ ਇਸ ਤੋਂ ਪਹਿਲਾਂ ਵੀ ਕਈ ਵਾਰ ਹਮਲੇ ਹੋਏ ਜਿਨ੍ਹਾਂ ਦਾ ਸਿੱਖ ਪੰਥ ਨੇ ਮੂੰਹ ਤੋੜ ਜਵਾਬ ਦਿੱਤਾ ਸੀ ਕਿਉਂਕਿ ਸੰਸਾਰ ਵਿਚ ਵਸਦੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਸਮੇਂ-ਸਮੇਂ ਆਉਂਦੀਆਂ ਮੁਸ਼ਕਲਾਂ ਦੇ ਸਥਾਈ ਹੱਲ ਲਈ ਹਮੇਸ਼ਾ ਸ਼੍ਰੋਮਣੀ ਕਮੇਟੀ ਹੀ ਅੱਗੇ ਆਈ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਸੁਨਾਮੀ ਆਈ ਹੋਵੇ, ਗੁਜਰਾਤ ਵਿਚ ਭੁਚਾਲ ਹੋਵੇ ਜਾਂ ਉੱਤਰਾਖੰਡ ਵਿਚ ਵਰਤਿਆ ਕੁਦਰਤੀ ਕਹਿਰ ਹੋਵੇ, ਸ਼੍ਰੋਮਣੀ ਕਮੇਟੀ ਨੇ ਆਪਣੇ ਫ਼ਰਜ਼ਾਂ ਨੂੰ ਪਛਾਣਦਿਆਂ ਅੱਗੇ ਹੋ ਕੇ ਮਨੁੱਖਤਾ ਦੀ ਸੇਵਾ ਕੀਤੀ ਹੈ। ਇਸੇ ਤਰ੍ਹਾਂ ਵਿਦੇਸ਼ੀ ਏਅਰਪੋਰਟਾਂ 'ਤੇ ਸੁਰੱਖਿਆ ਦੇ ਨਾਮ 'ਤੇ ਸਿੱਖਾਂ ਨੂੰ ਦਸਤਾਰ ਉਤਾਰਨ ਲਈ ਮਜਬੂਰ ਕਰਨਾ ਜਾਂ ਕ੍ਰਿਪਾਨ ਉਤਾਰਨ ਦੇ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੋਣ ਦਾ ਸਬੂਤ ਦਿੰਦਿਆਂ ਸਬੰਧਤ ਦੇਸ਼ਾਂ ਦੇ ਸਫੀਰਾਂ, ਸਰਕਾਰਾਂ ਤੇ ਕੌਮਾਂਤਰੀ ਸੰਸਥਾਵਾਂ ਨਾਲ ਤਾਲਮੇਲ ਕਰਕੇ ਸਿੱਖ ਮਸਲਿਆਂ ਨੂੰ ਹੱਲ ਕਰਵਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਕੁਝ ਲੋਕ ਚੌਧਰ ਖਾਤਰ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨਾਲ ਮਿਲ ਕੇ ਸ਼੍ਰੋਮਣੀ ਕਮੇਟੀ ਦੀ ਸ਼ਕਤੀ ਨੂੰ ਵੰਡਣਾ ਚਾਹੁੰਦੇ ਹਨ। ਉਨ੍ਹਾਂ ਤਾੜਨਾ ਕੀਤੀ ਕਿ ਵੋਟਾਂ ਖਾਤਰ ਸਿੱਖਾਂ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਬੰਦ ਕਰਨ। ਉਨ੍ਹਾਂ ਦੇਸ਼-ਵਿਦੇਸ਼ ਤੇ ਖਾਸਕਰ ਹਰਿਆਣਾ ਸੂਬੇ ਦੇ ਸਿੱਖਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਕਾਂਗਰਸ ਦੀ ਸਿੱਖ ਵਿਰੋਧੀ ਚਾਲ ਨੂੰ ਪਛਾਣਨ।

### ਜਥੇਦਾਰ ਨੰਦਗੜ੍ਹ ਵੱਲੋਂ ਹੁੱਡਾ ਨੂੰ ਚਿਤਾਵਨੀ

**ਤਲਵੰਡੀ ਸਾਬੋ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਹੈ ਕਿ ਸਿੱਖ ਪੰਥ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਕਾਰਨ ਨਿਕਲਣ ਵਾਲੇ ਭਿਆਨਕ ਨਤੀਜਿਆਂ ਦੇ ਜ਼ਿੰਮੇਵਾਰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਹੋਣਗੇ।

ਜਥੇਦਾਰ ਨੰਦਗੜ੍ਹ ਨੇ ਤਾੜਨਾ ਕੀਤੀ ਕਿ ਸ੍ਰੀ ਹੁੱਡਾ ਸਿੱਖ ਪੰਥ ਨਾਲ ਜੁੜੇ ਇਸ ਮੁੱਦੇ ਬਾਰੇ ਕੋਈ ਵੀ ਫੈਸਲਾ ਲੈਣ ਤੋਂ ਗੁਰੇਜ਼ ਕਰਨ। ਸਿੱਖ ਆਪਣੇ ਮਸਲੇ ਆਪੇ ਹੀ ਨਜਿੱਠ ਲੈਣਗੇ।

## ਵੱਖਰੀ ਗੁਰਦੁਆਰਾ ਕਮੇਟੀ ਦੇ ਬਾਈਕਾਟ ਦਾ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਹਰਿਆਣਾ ਦੀਆਂ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ 6 ਜੁਲਾਈ ਨੂੰ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਸਬੰਧੀ ਹੋਣ ਵਾਲੇ ਸਿੱਖ ਸੰਮੇਲਨ ਦਾ ਬਾਈਕਾਟ ਕਰਨ ਕਿਉਂਕਿ ਇਹ ਕਾਰਵਾਈ ਸਿੱਖਾਂ ਨੂੰ ਵੰਡਣ ਦੀ ਸਾਜਿਸ਼ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਦੀ ਸਿੱਖ ਸੰਗਤ ਸ਼੍ਰੋਮਣੀ ਕਮੇਟੀ ਦੇ ਨਾਲ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਉਥੋਂ ਦੀ ਸਿੱਖ ਸੰਗਤ ਨੇ ਪੂਰੀ ਤਰ੍ਹਾਂ ਵੱਖਰੀ ਕਮੇਟੀ ਦੀ ਮੰਗ ਕਰਨ ਵਾਲਿਆਂ ਨੂੰ ਨਕਾਰ ਦਿੱਤਾ ਸੀ।



ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੁੜ ਸ਼ੁਰੂ ਕੀਤੀ ਗਈ ਮੁਹਿੰਮ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਵੀ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤਹਿਤ ਉਨ੍ਹਾਂ ਨੇ ਹਰਿਆਣਾ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕੀਤਾ ਤੇ ਰੈਲੀਆਂ ਕਰਕੇ ਲੋਕਾਂ ਨੂੰ ਵੱਖਰੀ ਗੁਰਦੁਆਰਾ ਕਮੇਟੀ ਖ਼ਿਲਾਫ਼ ਇਕਜੁੱਟ ਹੋਣ ਲਈ ਆਖਿਆ। ਜਥੇਦਾਰ ਮੱਕੜ ਪਿਛਲੇ ਹਫਤੇ ਵਿਚ ਕੈਥਲ ਤੇ ਕਰਨਾਲ ਵਿਚ ਕਈ ਥਾਵਾਂ ਦਾ ਦੌਰਾ ਕਰਕੇ ਆਏ ਜਿਥੇ ਰੈਲੀਆਂ ਵੀ ਕੀਤੀਆਂ ਗਈਆਂ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਕੈਥਲ ਵਿਚ ਕਰੀਬ 160 ਸਿੱਖ ਪਟੇਦਾਰ ਕਿਸਾਨਾਂ ਨੂੰ ਉਥੋਂ ਦੀ ਸਰਕਾਰ ਨੇ ਉਜਾੜ ਦਿੱਤਾ ਹੈ ਜਿਨ੍ਹਾਂ ਦੇ ਮੁੜ ਵਸੇਬੇ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਪਰਿਵਾਰਾਂ ਨੂੰ ਰਾਸ਼ਨ, ਪਾਣੀ, ਬਿਜਲੀ ਮੁਹੱਈਆ ਕਰਨ ਵਾਸਤੇ ਪ੍ਰਬੰਧ ਕੀਤੇ ਗਏ ਹਨ।

116 ਪੀੜਤ ਪਰਿਵਾਰਾਂ ਨੂੰ 21 ਲੱਖ ਰੁਪਏ ਦੇ ਚੈੱਕ ਵੀ ਵੰਡੇ ਗਏ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਪੀੜਤ ਪਰਿਵਾਰਾਂ ਦੀ ਉਸ ਵੇਲੇ ਤੱਕ ਬਾਂਹ ਫੜ ਕੇ ਰੱਖੇਗੀ, ਜਦੋਂ ਤੱਕ ਇਨ੍ਹਾਂ ਨੂੰ ਨਿਆਂ ਨਹੀਂ ਮਿਲ ਜਾਂਦਾ। ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਪਟੇਦਾਰ ਕਿਸਾਨਾਂ ਦੇ ਪਰਿਵਾਰਾਂ ਦੇ ਬੇਰੁਜ਼ਗਾਰ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਹਰਿਆਣਾ ਦੇ ਗੁਰਦੁਆਰਿਆਂ ਵਿਚ ਹੀ ਨੌਕਰੀ ਦਿੱਤੀ ਜਾਵੇਗੀ।

## ਬਾਦਲ ਫਿਰ ਪਹੁੰਚੇ ਦਿੱਲੀ ਦੇ ਦਰਬਾਰ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਦੇ ਵਫ਼ਦ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਹਰਿਆਣਾ ਸਰਕਾਰ ਵੱਲੋਂ ਸੂਬੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਸਬੰਧੀ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਫੌਰੀ ਤੌਰ 'ਤੇ ਰੋਕੇ। ਵਫ਼ਦ ਨੇ ਸਹਿਜਧਾਰੀਆਂ ਦੇ ਮਾਮਲੇ ਦੇ ਹੱਲ ਲਈ ਵੀ ਕੇਂਦਰ ਸਰਕਾਰ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ।



ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਵਫ਼ਦ ਵੱਲੋਂ ਦਿੱਤੇ ਯਾਦ ਪੱਤਰ ਵਿਚ ਕਿਹਾ ਗਿਆ ਕਿ ਹਰਿਆਣਾ ਵਿਚ ਸਰਕਾਰ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਫ਼ਦ ਨੇ ਕਿਹਾ ਕਿ ਕਾਂਗਰਸ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਮੁੱਦੇ ਨੂੰ ਉਭਾਰਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਆਮ ਚੋਣਾਂ ਦੌਰਾਨ ਕਾਂਗਰਸ ਦੇ ਸਪਾਂਸਰ ਤੱਤਾਂ ਵੱਲੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਨੂੰ ਮੁੱਖ ਚੋਣ ਮੁੱਦਾ ਬਣਾਇਆ ਗਿਆ ਸੀ। ਹਰਿਆਣਾ ਦੇ ਸਿੱਖ ਭਾਈਚਾਰੇ ਦੇ ਲੋਕ ਵੱਖਰੀ ਕਮੇਟੀ ਦੇ ਵਿਰੁੱਧ ਹਨ ਪਰ ਕਾਂਗਰਸ ਵੱਲੋਂ ਖੇਡੀ ਜਾ ਰਹੀ ਖੇਡ ਸ਼ਾਂਤੀ ਲਈ ਘਾਤਕ ਹੋਵੇਗੀ।

ਵਫ਼ਦ ਨੇ ਇਕ ਹੋਰ ਯਾਦ ਪੱਤਰ ਵਿਚ ਕਿਹਾ ਕਿ ਕੇਂਦਰ ਸਹਿਜਧਾਰੀਆਂ ਦੇ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਨੂੰ ਕਾਨੂੰਨੀ ਰੂਪ ਦੇਵੇ। ਵਫ਼ਦ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਵਿਚ 1944 ਵਿਚ ਇਕ ਸੋਧ ਕੀਤੀ ਗਈ ਸੀ ਜਿਸ ਅਨੁਸਾਰ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਿਚ ਮਤਾ ਪਾਸ ਕਰ ਕੇ ਸਹਿਜਧਾਰੀਆਂ ਨੂੰ ਦਿੱਤੇ ਗਏ ਅਧਿਕਾਰ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਵਫ਼ਦ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਨੇ 8 ਅਕਤੂਬਰ, 2003 ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਸਹਿਜਧਾਰੀਆਂ ਦੇ ਵੋਟ ਦੇ ਅਧਿਕਾਰ ਨੂੰ ਖ਼ਤਮ ਕਰ ਦਿੱਤਾ ਸੀ ਪਰ ਇਸ ਨੂੰ 20 ਦਸੰਬਰ, 2011 ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ। ਵਫ਼ਦ ਨੇ ਅਪੀਲ ਕੀਤੀ ਕਿ ਨੋਟੀਫਿਕੇਸ਼ਨ ਅਨੁਸਾਰ ਸਿੱਖ ਗੁਰਦੁਆਰਾ ਐਕਟ 1925 ਦੀ ਸਬੰਧਤ ਵਿਵਸਥਾ ਨੂੰ ਸੋਧਿਆ ਜਾਵੇ।

# ਬਾਦਲ ਵੱਲੋਂ ਨਸ਼ਾ ਤਸਕਰੀ ਬਾਰੇ ਹੁਣ 'ਸਭ ਅੱਛਾ' ਹੋਣ ਦਾ ਦਾਅਵਾ

**ਚੰਡੀਗੜ੍ਹ:** ਨਸ਼ਿਆਂ ਦੇ ਮੁੱਦੇ 'ਤੇ ਘਿਰੀ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਵੱਡੀ ਸਫਲਤਾ ਮਿਲੀ ਹੈ ਤੇ ਸਥਿਤੀ ਹੁਣ ਕਾਬੂ ਹੇਠ ਹੈ। ਸਰਕਾਰ ਦਾ ਦਾਅਵਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ ਤਕਰੀਬਨ 27 ਹਜ਼ਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਤਕਰੀਬਨ 200 ਡਰੱਗ ਮਾਫੀਆ ਦੇ ਮੁੱਖ ਸਰਗਨੇ ਹਨ, ਜਿਨ੍ਹਾਂ ਵਿਚੋਂ 140 ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਪੰਜਾਬ ਪੁਲਿਸ ਦੇ 24 ਮੁਲਾਜ਼ਮ ਇਸ ਮਾਮਲੇ ਵਿਚ ਡਿਸਮਿਸ ਕੀਤੇ ਜਾ ਚੁੱਕੇ ਹਨ ਤੇ ਬੀ.ਐਸ.ਐਫ਼. ਦੇ ਜਵਾਨ ਵੀ ਗ੍ਰਿਫ਼ਤਾਰ ਹੋਏ ਹਨ।



ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਿਆਂ ਵਿਰੁੱਧ ਮੁਹਿੰਮ ਦੀ ਨਿਗਰਾਨੀ ਲਈ ਸਥਾਪਤ ਕੀਤਾ 'ਪੰਜਾਬ ਸਟੇਟ ਨਾਰਕੌਟਿਕ ਬਿਊਰੋ' ਆਈ.ਜੀ. ਈਸ਼ਵਰ ਸਿੰਘ ਦੀ ਨਿਗਰਾਨੀ ਹੇਠ ਅਜ਼ਾਦਾਨਾ ਤੌਰ 'ਤੇ ਕੰਮ ਕਰੇਗਾ, ਜਿਸ ਵਿਚ ਸਿਹਤ ਵਿਭਾਗ ਤੋਂ ਡਾ. ਅਵਸਥੀ ਤੇ ਪੰਜਾਬ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦੇ ਚੇਅਰਮੈਨ ਪ੍ਰਮੋਦ ਕੁਮਾਰ ਵੀ ਸ਼ਾਮਲ ਹਨ। ਪੰਜਾਬ ਸਟੇਟ ਨਾਰਕੌਟਿਕ ਕੰਟਰੋਲ ਬਿਊਰੋ ਨੂੰ ਡਾਇਰੈਕਟੋਰੇਟ ਆਫ਼ ਰੈਵੀਨਿਊ ਇੰਟੈਲੀਜੈਂਸ ਤੇ ਬੀ.ਐਸ.ਐਫ਼. ਨਾਲ ਤਾਲਮੇਲ ਕਰਕੇ ਕੰਮ ਕਰਨ ਦੀ ਜ਼ਿੰਮੇਵਾਰੀ ਲਾਈ ਗਈ ਹੈ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨਾਲ ਮਿਲ ਕੇ ਨਸ਼ਾ ਛੁਡਾਉਣ ਲਈ ਡੀ.ਆਈ.ਜੀ. ਪੱਧਰ ਦਾ ਇਕ ਅਧਿਕਾਰੀ ਨਿਗਰਾਨੀ ਰੱਖੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪੁਲਿਸ ਦੀ ਸਖ਼ਤੀ ਕਾਰਨ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ, ਜਿਸ ਕਰਕੇ ਹੁਣ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਉਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਸਾਰੇ 141 ਮੁੱਢਲੇ ਸਿਹਤ ਕੇਂਦਰਾਂ ਵਿਚ ਨਸ਼ਾ ਛੁਡਾਉਣ ਦੇ ਪ੍ਰਬੰਧ ਕੀਤੇ ਗਏ ਹਨ। ਕੇਂਦਰਾਂ ਨੂੰ ਨਸ਼ਾ ਛੁਡਾਉਣ ਵਾਲੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਮੁੜ ਵਸੇਬੇ ਲਈ 220 ਮੁੜ ਵਸੇਬਾ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ ਤੇ ਇਸ ਸਾਰੀ ਪ੍ਰਕਿਰਿਆ ਦੀ ਦੇਖ-ਰੇਖ 11 ਆਈ.ਏ.ਐਸ. ਤੇ ਆਈ.ਪੀ.ਐਸ. ਅਧਿਕਾਰੀ ਕਰਨਗੇ। ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰੀ ਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਫਾਸਟ ਟਰੈਕ ਅਦਾਲਤ ਦੀ ਸਥਾਪਨਾ ਲਈ ਬੇਨਤੀ ਕੀਤੀ ਗਈ ਹੈ। ਸ. ਬਾਦਲ ਨੇ ਕਿਹਾ ਕਿ ਪੁਲਿਸ ਵਿਭਾਗ ਨੂੰ ਪਿੰਡਾਂ ਵਿਚ ਪੰਚਾਇਤਾਂ ਤੇ ਸ਼ਹਿਰੀ ਖੇਤਰਾਂ ਵਿਚ ਚੁਣੇ ਹੋਏ ਪ੍ਰਤੀਨਿਧੀਆਂ ਨਾਲ ਮਿਲ ਕੇ ਨਸ਼ਿਆਂ ਦੀ ਰੋਕਥਾਮ ਲਈ ਕੰਮ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਥਾਨਕ ਪੱਧਰ 'ਤੇ ਪੁਲਿਸ ਅਧਿਕਾਰੀ ਪੰਚਾਇਤਾਂ ਨਾਲ ਮਿਲ ਕੇ ਨਸ਼ੇ ਦਾ ਸ਼ਿਕਾਰ ਨੌਜਵਾਨਾਂ ਬਾਰੇ ਜਾਣਕਾਰੀ ਇਕੱਤਰ ਕਰਨਗੇ ਤੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਪ੍ਰੇਰ ਕੇ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਵਾਇਆ ਜਾਵੇਗਾ।

ਪੁਲਿਸ, ਡਿਪਟੀ ਕਮਿਸ਼ਨਰ ਤੇ ਸਿਹਤ ਵਿਭਾਗ ਦੇ ਅਧਿਕਾਰੀ ਰੋਜ਼ਾਨਾ ਕਾਰਵਾਈ ਦੀ ਰਿਪੋਰਟ ਚੰਡੀਗੜ੍ਹ ਵਿਖੇ ਏ.ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਤੇ ਪ੍ਰਮੁੱਖ ਸਕੱਤਰ ਸਿਹਤ ਨੂੰ ਭੇਜਣਗੇ। ਨਸ਼ਾ ਛੁਡਾਉਣ ਵਾਲੀਆਂ ਦਵਾਈਆਂ ਦੀ ਖਰੀਦ ਲਈ ਬਣੀ ਕਮੇਟੀ ਦੇ ਪ੍ਰਧਾਨ ਤੇ ਪੰਜਾਬ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ 141 ਮੁੱਢਲੇ ਸਿਹਤ ਕੇਂਦਰਾਂ 'ਤੇ ਦਵਾਈਆਂ ਦੀ ਕੋਈ ਘਾਟ ਨਾ ਆਉਣ ਦੇਣ ਲਈ ਕਿਹਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਦਵਾਈਆਂ ਦੀ ਸੰਭਾਲ ਲਈ ਬਠਿੰਡਾ, ਵੇਰਕਾ ਤੇ ਖਰੜ ਵਿਖੇ ਗੋਦਾਮਾਂ ਦੀ ਚੋਣ ਕੀਤੀ ਹੈ, ਜਿਥੋਂ ਦਵਾਈਆਂ ਸਾਰੇ ਮੁੱਢਲੇ ਸਿਹਤ ਕੇਂਦਰਾਂ ਵਿਚ ਭੇਜੀਆਂ ਜਾਣਗੀਆਂ। ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।

## ਸੁਖਬੀਰ ਵੱਲੋਂ ਮਜੀਠੀਆ ਤੇ ਫਿਲੌਰ ਨੂੰ ਕਲੀਨ ਚਿੱਟ





**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਡਰੱਗ ਮਾਫੀਏ ਨੂੰ ਕੋਈ ਸਿਆਸੀ ਸਰਪ੍ਰਸਤੀ ਹਾਸਲ ਨਹੀਂ ਹੈ। ਉਨ੍ਹਾਂ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਕਿ ਮੀਡੀਆ ਸਮੇਤ ਕੁਝ ਧਿਰਾਂ ਪੰਜਾਬ ਦੇ ਪੂਰੀ ਤਰ੍ਹਾਂ ਨਸ਼ਿਆਂ ਵਿਚ ਡੁੱਬਣ ਦਾ ਗਲਤ ਪ੍ਰਚਾਰ ਕਰਕੇ ਪੰਜਾਬੀਆਂ ਨੂੰ ਬਦਨਾਮ ਕਰ ਰਹੀਆਂ ਹਨ।

ਸ. ਬਾਦਲ ਨੇ ਪ੍ਰੈਸ ਕਾਨਫ਼ਰੰਸ ਕਰਕੇ ਅਸਤੀਫ਼ਾ ਦੇਣ ਵਾਲੇ ਮੰਤਰੀ ਸਰਵਣ ਸਿੰਘ ਫਿਲੌਰ ਦਾ ਵੀ ਨਸ਼ੇ ਦੀ ਤਸਕਰੀ ਨਾਲ ਕੋਈ ਸਬੰਧ ਨਾ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸੇ ਤਰ੍ਹਾਂ ਦੀ ਡਰੱਗ ਪੈਦਾ ਨਹੀਂ ਹੋ ਰਹੀ ਤੇ ਪਾਕਿਸਤਾਨ ਤੋਂ ਆਉਂਦੇ ਡਰੱਗ ਮਾਫੀਆ ਵੱਲੋਂ ਪੰਜਾਬ ਨੂੰ ਕੌਮਾਂਤਰੀ ਰੂਟ ਵਜੋਂ ਵਰਤਣ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਡਰੱਗ ਮਾਫੀਏ ਦੇ ਹਰੇਕ ਸਰੋਤ ਦੀ ਛਾਣਬੀਣ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਨਸ਼ਾ ਪਾਕਿਸਤਾਨ ਤੋਂ ਸਪਲਾਈ ਹੋ ਰਿਹਾ ਹੈ।

# ਪੰਜਾਬ ਪੁਲਿਸ ਵੱਲੋਂ ਛੇ ਨਾਇਜੀਰੀਅਨ ਕਾਬੂ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ ਵਿਚ ਨਾਇਜੀਰੀਆਈ ਮੂਲ ਦੇ ਛੇ ਜਣਿਆਂ ਨੂੰ ਨਵੀਂ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲ ਪਾਕਿਸਤਾਨ ਤੋਂ ਆਉਂਦੀ ਹੈਰੋਇਨ ਦੀਆਂ ਖੇਪਾਂ ਪੁੱਜਦੀਆਂ ਸਨ। ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਤਸਕਰਾਂ ਨੇ ਆਪਣੇ ਨਾਂ ਸਿਡਨੀ ਬੀਨਾ, ਊਜੋਚੇਖਣੂ ਕਲੀਮੈਂਟ, ਅਲੌਸਸਿਸ ਏਜੀਚਿਨੇਲੂ, ਮਾਇਕ, ਵਿਕਟਰ ਤੇ ਪੀਟਰ ਦੱਸੇ ਹਨ। ਇਨ੍ਹਾਂ ਨੂੰ ਦਿੱਲੀ ਦੇ ਉੱਤਮ ਨਗਰ ਸਥਿਤ ਇਕ ਕਿਰਾਏ ਦੇ ਮਕਾਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਮੁੱਢਲੀ ਜਾਂਚ ਵਿਚ ਪ੍ਰਗਟਾਵਾ ਹੋਇਆ ਹੈ ਕਿ ਨਾਇਜੀਰੀਆਈ ਤਸਕਰ ਪਾਕਿ ਅਧਾਰਤ ਤਸਕਰਾਂ ਆਬਿਦ ਅਲੀ, ਚੌਧਰੀ ਸਜਾਬਦ ਤੇ ਭੋਲਾ ਨਾਲ ਸੰਪਰਕ ਵਿਚ ਸਨ। ਆਬਿਦ ਅਲੀ ਤੇ ਸਜਾਬਦ ਨੇ ਹਾਲ ਹੀ ਵਿਚ 22 ਕਿਲੋ ਹੈਰੋਇਨ ਦੀ ਖੇਪ ਭੇਜੀ ਸੀ। ਤਸਕਰ ਭੋਲਾ ਦੇ ਪਾਂਡੀ (ਕੂਰੀਅਰ) ਮੁਹੰਮਦ ਇਸ਼ਫਾਕ ਉਰਫ ਮਲੰਗੀ, ਜੋ ਕਿ ਪਾਕਿ ਨਾਗਰਿਕ ਹੈ ਤੇ ਹੁਣ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਹੈ, ਨੂੰ ਪੰਜਾਬ ਪੁਲਿਸ ਵੱਲੋਂ ਛੇ ਕਿਲੋ ਹੈਰੋਇਨ, ਵੱਡੀ ਮਾਤਰਾ ਵਿਚ ਜਾਅਲੀ ਭਾਰਤੀ ਕਰੰਸੀ ਤੇ ਇਕ ਐਮ.ਪੀ-5 ਹਥਿਆਰ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਨਾਇਜੀਰੀਆਈ ਇਕ ਕੌਮਾਂਤਰੀ ਤੇ ਕੌਮੀ ਡਰੱਗ ਨੈੱਟਵਰਕ ਦੇ ਸਰਗਣੇ ਸਨ ਤੇ ਉਨ੍ਹਾਂ ਦੇ ਬ੍ਰਾਜ਼ੀਲ, ਪਾਕਿਸਤਾਨ, ਦੱਖਣੀ ਅਫ਼ਰੀਕਾ, ਕੈਨੇਡਾ ਤੇ ਅਮਰੀਕਾ ਜਿਹੇ ਮੁਲਕਾਂ ਤੋਂ ਇਲਾਵਾ ਕਈ ਭਾਰਤੀ ਸੂਬਿਆਂ ਛੱਤੀਸਗੜ੍ਹ, ਮਹਾਰਾਸ਼ਟਰ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਗੁਜਰਾਤ ਵਿਚ ਵੀ ਸੰਪਰਕ ਸਨ। ਇਨ੍ਹਾਂ ਵੱਲੋਂ ਪਾਕਿਸਤਾਨ ਤੇ ਜੰਮੂ ਕਸ਼ਮੀਰ ਸਰਹੱਦ ਰਾਹੀਂ ਪਾਕਿਸਤਾਨ ਤੋਂ ਹੈਰੋਇਨ ਦੀਆਂ ਖੇਪਾਂ ਨਵੀਂ ਦਿੱਲੀ ਵਿਚ ਹਾਸਲ ਕੀਤੀਆਂ ਜਾਂਦੀਆਂ ਸਨ ਤੇ ਮਾਲ ਅੱਗੇ ਦੇਸ਼ਾਂ-ਵਿਦੇਸ਼ਾਂ ਵਿਚ ਭੇਜਿਆ ਜਾਂਦਾ ਸੀ।

## ਸੁਹਾਗ ਖ਼ਿਲਾਫ਼ ਪਟੀਸ਼ਨ 'ਤੇ ਸੁਣਵਾਈ ਜੁਲਾਈ ਵਿਚ

**ਨਵੀਂ ਦਿੱਲੀ:** ਥਲ ਸੈਨਾ ਦੇ ਨਵੇਂ ਮੁਖੀ ਥਾਪੇ ਗਏ ਲੈਫਟੀਨੈਂਟ ਜਨਰਲ ਦਲਬੀਰ ਸਿੰਘ ਸੁਹਾਗ ਦੀ ਨਿਯੁਕਤੀ 'ਤੇ ਸੁਪਰੀਮ ਕੋਰਟ ਵਿਚ ਹੁਣ ਜੁਲਾਈ ਦੇ ਦੂਜੇ ਹਫਤੇ ਵਿਚ ਸੁਣਵਾਈ ਹੋਏਗੀ। ਜਸਟਿਸ ਵਿਕਰਮ ਜੀਤ ਸੈਨ ਦੀ ਅਗਵਾਈ ਹੇਠਲੇ ਬੈਂਚ ਨੇ ਸਤੰਬਰ ਵਿਚ ਕੇਸ ਦੀ ਸੁਣਵਾਈ ਦੀ ਥਾਂ 'ਤੇ ਇਸ ਉਪਰ ਜੁਲਾਈ ਵਿਚ ਸੁਣਵਾਈ ਕਰਨ ਦਾ ਫੈਸਲਾ ਲਿਆ ਹੈ। ਲੈਫਟੀਨੈਂਟ ਜਨਰਲ ਰਵੀ ਦਸਤਾਨੇ ਨੇ ਇਹ ਪਟੀਸ਼ਨ ਦਾਖਲ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਲੈਫਟੀਨੈਂਟ ਜਨਰਲ ਸੁਹਾਗ ਦੀ ਥਲ ਸੈਨਾ ਦੇ ਅਗਲੇ ਮੁਖੀ ਵਜੋਂ ਚੋਣ ਭਾਈ-ਭਤੀਜਾਵਾਦ ਦਾ ਨਤੀਜਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545 London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜ਼ਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ਼ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫ਼ਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਜੂਨ 2014*

## ਪੰਜਾਬ, ਪਰਵਾਸ ਤੇ ਇਰਾਕ

ਦੂਰ ਦੇਸ਼ ਇਰਾਕ ਵਿਚ ਸ਼ੀਆ ਅਤੇ ਸੁੰਨੀਆਂ ਦੀ ਫਿਰਕੇਦਾਰਾਨਾ ਲੜਾਈ ਦਾ ਸੇਕ ਪੰਜਾਬ ਉਤੇ ਵੀ ਪਿਆ ਹੈ। ਆਪਣੇ ਪਰਿਵਾਰ ਪਾਲਣ ਖਾਤਰ ਪੰਜਾਬ ਦੇ ਕਈ ਬਾਸ਼ਿੰਦੇ ਇਸ ਦੇਸ਼ ਗਏ ਹੋਏ ਹਨ। ਦੱਸਣਾ ਬਣਦਾ ਹੈ ਕਿ ਇਰਾਕ ਉਦੋਂ ਤੋਂ ਹੀ ਡੂੰਘੀ ਬਦ-ਅਮਨੀ ਵਿਚੋਂ ਲੰਘ ਰਿਹਾ ਹੈ ਜਦੋਂ ਤੋਂ (2003) ਉਥੇ ਸੱਦਾਮ ਹੁਸੈਨ ਦਾ ਤਖਤਾ ਪਲਟ ਕੇ ਨਵੀਂ ਸਰਕਾਰ ਕਾਇਮ ਕੀਤੀ ਗਈ ਸੀ। ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਇਹ ਕਹਿ ਕੇ ਪਲਟਾਇਆ ਸੀ ਕਿ ਉਸ ਨੇ ਅਤਿਅੰਤ ਘਾਤਕ ਰਸਾਇਣੀ ਹਥਿਆਰ ਜਮ੍ਹਾਂ ਕੀਤੇ ਹੋਏ ਹਨ ਜੋ ਉਸ ਖਿੱਤੇ ਦੇ ਦੇਸ਼ਾਂ ਲਈ ਹੀ ਨਹੀਂ, ਸਗੋਂ ਸਮੁੱਚੀ ਲੋਕਾਈ ਲਈ ਖਤਰਾ ਹਨ। ਇਹ ਗੱਲ ਵੱਖਰੀ ਹੈ ਕਿ ਇਰਾਕ ਉਤੇ ਅਮਰੀਕੀ ਕਬਜ਼ੇ ਤੋਂ ਬਾਅਦ ਅੱਜ ਤੱਕ ਵੀ ਇਰਾਕ ਵਿਚੋਂ ਅਜਿਹੇ ਹਥਿਆਰ ਨਹੀਂ ਮਿਲੇ ਹਨ। ਅਮਰੀਕੀ ਦਖਲ ਤੋਂ ਬਾਅਦ ਇਰਾਕ ਵਿਚ ਸ਼ੀਆ ਸ਼ਾਸਕ ਸੱਤਾ ਵਿਚ ਆਏ ਸਨ। ਉਨ੍ਹਾਂ ਨੇ ਫਿਰ ਸੱਤਾ ਆਪਣੇ ਹਿਸਾਬ ਨਾਲ ਹੀ ਚਲਾਉਣੀ ਸੀ; ਸੋ, ਛੇਤੀ ਹੀ ਸੁੰਨੀ ਫਿਰਕੇ ਨਾਲ ਸਬੰਧਤ ਲੋਕ ਹਾਸ਼ੀਏ ਉਤੇ ਧੱਕੇ ਗਏ। ਇਹ ਗੱਲ ਤਾਂ ਹੁਣ ਅਮਰੀਕਾ ਨੇ ਵੀ ਨੋਟ ਕੀਤੀ ਹੈ ਕਿ ਸ਼ੀਆ ਸ਼ਾਸਕ ਇਰਾਕ ਦੇ ਸਮੁੱਚੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਵਿਚ ਅਸਫਲ ਰਹੇ ਹਨ। ਅੱਜ ਕੱਲ੍ਹ ਇਰਾਕ ਦੀ ਕਮਾਨ ਪ੍ਰਧਾਨ ਮੰਤਰੀ ਨੂਰੀ ਅਲ-ਮਲਿਕੀ ਦੇ ਹੱਥ ਹੈ ਅਤੇ ਸਭ ਦਾ ਨਿਸ਼ਾਨਾ ਉਹੀ ਬਣੇ ਹੋਏ ਹਨ। ਇਹ ਉਹੀ ਆਗੂ ਹੈ ਜੋ ਸੱਦਾਮ ਹੁਸੈਨ ਦਾ ਕੱਟੜ ਵਿਰੋਧੀ ਹੁੰਦਾ ਸੀ ਅਤੇ ਸੱਦਾਮ ਦਾ ਤਖਤਾ ਪਲਟਣ ਤੋਂ ਬਾਅਦ ਉਸ ਨੂੰ ਉਚੇਚੇ ਤੌਰ 'ਤੇ ਇਰਾਕ ਸੱਦ ਕੇ ਸੱਤਾ ਸੌਂਪੀ ਗਈ ਸੀ। ਉਸ ਨੇ ਸੱਦਾਮ ਨੂੰ ਦਿੱਤੀ ਫਾਂਸੀ ਦੀ ਸਜ਼ਾ ਉਤੇ ਨਜ਼ਰਸਾਨੀ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਹੁਣ ਅੱਲਾ ਨੂੰ ਵੀ ਇਹੀ ਮਨਜ਼ੂਰ ਹੈ, ਪਰ ਪਿਛਲੇ ਇਕ ਦਹਾਕੇ ਦੌਰਾਨ ਉਹ ਦੇਸ਼ ਨੂੰ ਸੰਕਟ ਵਿਚੋਂ ਉਭਾਰਨ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ। ਦੇਸ਼ ਵਿਚ ਫਿਰਕੂ ਤਣਾਅ ਤਾਂ ਵਧਿਆ ਹੀ ਹੈ; ਆਰਥਿਕ, ਸਮਾਜਕ ਤੇ ਹੋਰ ਖੇਤਰਾਂ ਵਿਚ ਵੀ ਦੇਸ਼ ਬਹੁਤ ਪਛੜ ਰਿਹਾ ਹੈ। ਕਿਸੇ ਵੀ ਮੁਹਾਜ਼ 'ਤੇ ਇਰਾਕ ਅੱਜ ਤੱਕ ਪੈਰਾਂ ਸਿਰ ਨਹੀਂ ਹੋ ਸਕਿਆ। ਇਸੇ ਕਰ ਕੇ ਸੰਜੀਦਾ ਲੋਕ ਇਹ ਸਵਾਲ ਅਕਸਰ ਪੁੱਛਦੇ ਹਨ ਕਿ ਇਰਾਕ ਨੂੰ ਤਬਾਹੀ ਤੋਂ ਸਿਵਾ ਹੋਰ ਮਿਲਿਆ ਕੀ ਹੈ? ਇਸੇ ਕਰ ਕੇ ਇਹ ਅੰਕੜੇ ਆਮ ਛਪਦੇ ਹਨ ਕਿ ਅਮਰੀਕੀ ਅਤੇ ਹੋਰ ਪੱਛਮੀ ਮੁਲਕਾਂ ਦੀਆਂ ਵੱਡੀਆਂ ਕੰਪਨੀਆਂ ਕਿਸ ਤਰ੍ਹਾਂ ਇਰਾਕ ਵਿਚ ਆਪਣਾ ਕਾਰੋਬਾਰ ਵਧਾ ਰਹੀਆਂ ਹਨ ਅਤੇ ਮੋਟੀ ਕਮਾਈ ਵੀ ਕਰ ਰਹੀਆਂ ਹਨ।

ਸੱਦਾਮ ਹੁਸੈਨ ਦਾ ਸਬੰਧ ਇਰਾਕ ਦੇ ਘੱਟ-ਗਿਣਤੀ ਸੁੰਨੀ ਫਿਰਕੇ ਨਾਲ ਸੀ। ਉਦੋਂ ਪੱਛਮੀ ਆਗੂਆਂ ਨੇ ਸੱਦਾਮ ਹੁਸੈਨ ਦੇ ਖਿਲਾਫ ਸ਼ੀਆ ਆਗੂਆਂ ਨੂੰ ਪੂਰੀ ਹੱਲਸ਼ੇਰੀ ਦਿੱਤੀ। ਉਥੇ ਅਸਲ ਵਿਚ ਮਾਮਲਾ ਸ਼ੀਆ-ਸੁੰਨੀ ਝੇੜਿਆਂ ਨਾਲੋਂ ਵੀ ਜ਼ਿਆਦਾ ਤੇਲ ਕਾਰੋਬਾਰ ਦਾ ਸੀ। ਦਰਅਸਲ ਪੱਛਮੀ ਦੇਸ਼ਾਂ ਦੀ ਨਿਗ੍ਹਾ ਏਸ਼ੀਆ ਦੇ ਇਸ ਖਿੱਤੇ ਵਾਲੇ ਦੇਸ਼ਾਂ ਉਤੇ ਸਦਾ ਹੀ ਰਹੀ ਹੈ ਜਿਥੇ ਤੇਲ ਦੇ ਅਥਾਹ ਖੂਹ ਹਨ। ਇਨ੍ਹਾਂ ਤੇਲ ਭੰਡਾਰਾਂ ਨਾਲ ਹੀ ਇਨ੍ਹਾਂ ਦੇਸ਼ਾਂ ਦੀ ਸਮੁੱਚੀ ਆਰਥਿਕਤਾ ਜੁੜੀ ਹੋਈ ਹੈ। ਇਹ ਤੱਥ ਹੁਣ ਜੱਗ-ਜ਼ਾਹਿਰ ਹੈ ਕਿ ਸੱਦਾਮ ਹੁਸੈਨ ਤੋਂ ਅਮਰੀਕੀ ਕਾਰੋਬਾਰੀਆਂ ਨੂੰ ਜਿੰਨਾ ਕਾਰੋਬਾਰ ਇਰਾਕ ਵਿਚ ਮਿਲਿਆ ਹੈ, ਹੋਰ ਕਿਸੇ ਨੂੰ ਨਹੀਂ। ਸਮੁੱਚੇ ਇਰਾਕ ਨੂੰ ਭੰਨ੍ਹ-ਢਾਹ ਕੇ ਨਵੇਂ ਸਿਰਿਉਂ ਵਿਉਂਤਬੰਦੀ ਕੀਤੀ ਗਈ ਅਤੇ ਇਸ ਵਿਉਂਤਬੰਦੀ ਵਿਚ ਅਮਰੀਕੀਆਂ ਦਾ ਅਹਿਮ ਯੋਗਦਾਨ ਰਿਹਾ। ਇਰਾਕ ਵਿਚ ਪਹਿਲਾਂ ਵੀ ਉਸਾਰੀ ਦਾ ਕੰਮ ਵਾਹਵਾ ਚੱਲਦਾ ਰਿਹਾ ਹੈ ਅਤੇ ਉਦੋਂ ਵੀ ਪੰਜਾਬੀ ਕਾਮੇ ਉਥੇ ਕੰਮ ਖਾਤਰ ਪਰਵਾਸੀ ਬਣਦੇ ਰਹੇ ਹਨ। ਉਂਜ, ਹੁਣ ਇਰਾਕ ਦੇ ਬਹਾਨੇ ਜਿਹੜਾ ਸਵਾਲ ਪੰਜਾਬ ਬਾਰੇ ਉਭਰ ਕੇ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਲੋਕ ਕਿਨ੍ਹਾਂ ਹਾਲਾਤ ਵਿਚ ਪਰਦੇਸ ਜਾਣ ਲਈ ਮਜਬੂਰ ਹਨ? ਕਿਸ ਤਰ੍ਹਾਂ ਅਖੌਤੀ ਏਜੰਟ ਉਨ੍ਹਾਂ ਦੀ ਲੁੱਟ ਕਰਦੇ ਹਨ। ਹੁਣ ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਏਜੰਟ ਕਾਮਿਆਂ ਨੂੰ ਕਿਸੇ ਹੋਰ ਦੇਸ਼ ਪਹੁੰਚਾਉਣ ਦਾ ਲਾਰਾ ਲਾ ਕੇ ਇਰਾਕ ਵਿਚ ਉਤਾਰ ਆਏ। ਕਾਮਿਆਂ ਨੂੰ ਉਥੇ ਅੱਪੜ ਕੇ ਹੀ ਪਤਾ ਲੱਗਿਆ ਕਿ ਉਨ੍ਹਾਂ ਨੂੰ ਹੁਣ ਹਿੰਸਾ ਦੀ ਮਾਰ ਸਹਿ ਰਹੇ ਇਰਾਕ ਵਿਚ ਕੰਮ ਕਰਨਾ ਪੈਣਾ ਹੈ। ਉਧਰ ਪੰਜਾਬ ਦੀਆਂ ਸਭ ਸਿਆਸੀ ਧਿਰਾਂ ਦਾ ਹਾਲ ਇਹ ਹੈ ਕਿ ਸੰਕਟ ਦੇ ਇਨ੍ਹਾਂ ਹਾਲਾਤ ਵਿਚ ਵੀ ਸਿਆਸਤ ਕਰਨ ਤੋਂ ਬਾਜ ਨਹੀਂ ਆਈਆਂ। ਅਜਿਹੇ ਹਾਲਾਤ ਵਿਚ ਸਭ ਤੋਂ ਪਹਿਲਾ ਕੰਮ ਫੌਰੀ ਰਾਹਤ ਅਤੇ ਭਰੋਸੇ ਦਾ ਹੁੰਦਾ ਹੈ, ਪਰ ਪਿਛਲੇ ਦਿਨਾਂ ਦੌਰਾਨ ਹੋ ਰਹੀਆਂ ਸਰਗਰਮੀਆਂ ਦੱਸਦੀਆਂ ਹਨ ਕਿ ਸਿਆਸੀ ਲੀਡਰ ਇਸ ਮਸਲੇ ਬਾਰੇ ਕਿੰਨੇ ਕੁ ਗੰਭੀਰ ਹਨ। ਹੁਣ ਤੱਕ ਕਿਸੇ ਨੇ ਵੀ ਪੰਜਾਬ ਵਿਚੋਂ ਹੋ ਰਹੇ ਉਜਾੜੇ (ਪਰਵਾਸ) ਦੇ ਕਾਰਨਾਂ ਵੱਲ ਝਾਤੀ ਮਾਰਨ ਦੀ ਲੋੜ ਨਹੀਂ ਸਮਝੀ। ਕਦੀ ਕੋਈ ਚਰਚਾ ਨਹੀਂ ਕੀਤੀ ਗਈ ਕਿ ਹੱਥੀਂ ਕੰਮ ਛੱਡਣ ਵਾਲੇ ਪੰਜਾਬੀ ਆਖਰਕਾਰ ਕਿਉਂ ਪਰਵਾਸੀ ਹੋਣ ਲਈ ਕਤਾਰਾਂ ਬੰਨ੍ਹੀ ਖੜ੍ਹੇ ਹਨ। ਠੀਕ ਹੈ ਕਿ ਪਰਵਾਸ, ਪੰਜਾਬੀਆਂ ਦੀਆਂ ਜੜ੍ਹਾਂ ਵਿਚ ਵੱਸਿਆ ਹੋਇਆ ਹੈ ਅਤੇ ਤਰੱਕੀ ਖਾਤਰ ਬੰਦਾ ਕਿਤੇ ਵੀ ਜਾਣ ਲਈ ਤਤਪਰ ਰਹਿੰਦਾ ਹੈ; ਪਿਛਲੀ ਤਕਰੀਬਨ ਇਕ ਸਦੀ ਦੌਰਾਨ ਪੰਜਾਬੀਆਂ ਨੇ ਸੰਸਾਰ ਦੇ ਵੱਖ-ਵੱਖ ਦੇਸ਼ ਵੱਡੀ ਪੱਧਰ ਉਤੇ ਗਾਹੇ ਹਨ ਅਤੇ ਤਕਰੀਬਨ ਹਰ ਖੇਤਰ ਵਿਚ ਮੱਲਾਂ ਵੀ ਮਾਰੀਆਂ ਹਨ, ਪਰ ਇਸ ਪਰਵਾਸ ਦਾ ਮੁੱਢਲਾ ਅਤੇ ਮੁੱਖ ਮਸਲਾ ਰੋਜ਼ੀ-ਰੋਟੀ ਹੀ ਤਾਂ ਹੈ। ਕੁਝ ਪੱਛਮੀ ਮੁਲਕਾਂ ਵਿਚ ਪੰਜਾਬੀ ਭਾਵੇਂ ਵਸੇਬੇ ਲਈ ਜਾਂਦੇ ਹਨ ਪਰ ਇਰਾਕ ਸਮੇਤ ਹੋਰ ਏਸ਼ੀਆਈ ਦੇਸ਼ਾਂ ਵਿਚ ਜਾਣ ਦਾ ਮਕਸਦ ਰੋਜ਼ੀ-ਰੋਟੀ ਹੀ ਹੁੰਦਾ ਹੈ। ਹੁਣ ਇਰਾਕ ਵਿਚ ਜਿਹੜੇ ਕਾਮੇ ਫਸੇ ਹੋਏ ਹਨ, ਉਨ੍ਹਾਂ ਵਿਚੋਂ ਤਕਰੀਬਨ ਸਾਰੇ ਹੀ ਕਿਰਤੀਆਂ ਦੀ ਜਮਾਤ ਵਿਚੋਂ ਹਨ। ਇਹ ਲੋਕ ਆਪੋ-ਆਪਣੇ ਪਰਿਵਾਰਾਂ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਖਾਤਰ ਹੀ ਉਥੇ ਗਏ ਸਨ। ਹੁਣ ਸਵਾਲਾਂ ਦਾ ਸਵਾਲ ਹੈ ਕਿ ਪੰਜਾਬ ਦੇ ਸਮੁੱਚੇ ਕਿਰਤੀਆਂ ਨੂੰ ਸੰਕਟ ਤੋਂ ਨਿਜਾਤ ਕਿਵੇਂ ਮਿਲੇਗੀ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚਿੰਤਾ ਵਿਰਸੇ ਦੀ!*

ਭੁੱਲੀ ਮਾਤਾ ਗੁਜਰੀ ਨਾਲੇ ਮਾਈ ਭਾਗੋ, ਗਾਥਾ ਭੁੱਲੀ ਸਤਵੰਤੀਆਂ ਨਾਰੀਆਂ ਦੀ।
ਸੰਗ-ਸ਼ਰਮ ਸਤਿਕਾਰ ਦੀ ਜਾਚ ਭੁੱਲੀ, ਹੈ ਸੀ ਸ਼ਾਨ ਪੰਜਾਬਣਾਂ ਸਾਰੀਆਂ ਦੀ।
ਸਿਰ ਦੀ ਚੁੰਨੀ ਰਵਾਇਤੀ ਲਿਬਾਸ ਭੁੱਲਾ, ਘੂਕੀ ਚੜ੍ਹੀ ਏ 'ਫੈਸ਼ਨ ਖੁਮਾਰੀਆਂ' ਦੀ।
ਲਾਲ-ਪੀਲੀਆਂ ਪੱਗਾਂ ਦਾ ਸ਼ੌਕ ਭੁੱਲਾ, ਉਜੜ ਗਈ ਦੁਕਾਨ ਲਲਾਰੀਆਂ ਦੀ।
ਮੱਖਣ ਚਾਟੀਆਂ ਲੱਸੀ ਮਧਾਣੀਆਂ ਦੀ, ਯਾਦ ਵਿੱਸਰੀ ਮੱਝੀਆਂ ਚਾਰੀਆਂ ਦੀ।
ਹੋਰ ਸਾਰਾ ਕੁਝ ਭੁੱਲਣ ਦਾ ਫਿਕਰ ਨਾਹੀਂ, ਚਿੰਤਾ ਭੰਗੜੇ-ਗਿੱਧੇ ਫੁਲਕਾਰੀਆਂ ਦੀ!

# ਸਿੱਖ ਭਾਈਚਾਰੇ ਵੱਲੋਂ ਆਪ ਸਹੇੜੇ ਜ਼ਖਮ

ਕੰਵਰ ਸੰਧੂ

ਦਰਬਾਰ ਸਾਹਿਬ ਕੰਪਲੈਕਸ ਵਿਚ ਲੰਘੀ 6 ਜੂਨ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਦਰਮਿਆਨ ਹੋਏ ਟਕਰਾਅ ਨੇ ਮੁੜ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਭਾਈਚਾਰੇ ਨੇ 30 ਸਾਲ ਪਹਿਲਾਂ ਇਸੇ ਸਥਾਨ ਉੱਤੇ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ। ਹਾਲਾਤ ਦਾ ਦੁਖਾਂਤ ਇਹ ਹੈ ਕਿ ਇਹ ਟਕਰਾਅ ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਵਾਲੇ ਦਿਨ ਹੋਇਆ। ਇਸ ਗੰਭੀਰ ਮੌਕੇ ਉੱਤੇ ਦੋਵਾਂ ਧਿਰਾਂ ਨੇ ਇੱਕ-ਦੂਜੇ ਉੱਤੇ ਤਲਵਾਰਾਂ ਨਾਲ ਹਮਲੇ ਕੀਤੇ। ਸਿੱਖਾਂ ਦੀ ਸਰਵਉੱਚ ਦੁਨਿਆਵੀ ਸ਼ਕਤੀ ਦੇ ਕੇਂਦਰ ਅਕਾਲ ਤਖ਼ਤ ਅੰਦਰ ਖੁੱਲ੍ਹ ਕੇ ਲੜਾਈ ਹੋਈ। ਪੁਲੀਸ ਕਰਮਚਾਰੀ ਜੋ ਆਮ ਤੌਰ 'ਤੇ ਪਵਿੱਤਰ ਚੌਗਿਰਦੇ ਅੰਦਰ ਆਉਣ ਤੋਂ ਗੁਰੇਜ਼ ਕਰਦੇ ਹਨ, ਉਹ ਕੰਪਲੈਕਸ ਦੇ ਬਾਹਰ ਦਰਸ਼ਕ ਬਣ ਕੇ ਖੜ੍ਹੇ ਸਨ।

ਪਵਿੱਤਰ ਕੰਪਲੈਕਸ ਅੰਦਰ ਨੰਗੀਆਂ ਤਲਵਾਰਾਂ ਨਾਲ ਲੜਨ ਵਾਲੇ ਸ਼ਾਇਦ ਇਸ ਤੱਥ ਤੋਂ ਅਣਜਾਣ ਸਨ ਕਿ ਕਿਰਪਾਨ ਪਹਿਨਣ ਦੀ ਆਜ਼ਾਦੀ ਹਾਸਲ ਕਰਨ ਵਾਸਤੇ 20ਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਭਾਈਚਾਰੇ ਨੂੰ ਵਿਆਪਕ ਲੜਾਈ ਲੜਨੀ ਪਈ ਸੀ। ਅਜਿਹੀਆਂ ਘਟਨਾਵਾਂ ਵਿਦੇਸ਼ਾਂ ਵਿਚ ਜਨਤਕ ਥਾਵਾਂ ਉੱਤੇ ਕਿਰਪਾਨ ਪਹਿਨਣ ਦਾ ਅਧਿਕਾਰ ਹਾਸਲ ਕਰਨ ਦੇ ਰਾਹ ਵਿਚ ਰੋੜਾ ਵੀ ਬਣਦੀਆਂ ਹਨ।

**ਵਿਸ਼ਵਾਸ ਦਾ ਚਿੰਨ੍ਹ:** ਕਿਰਪਾਨ ਸਿੱਖ ਧਰਮ ਦੇ ਪੰਜ ਕੱਕਾਰਾਂ ਵਿਚੋਂ ਇੱਕ ਹੈ ਜੋ ਸ਼ਕਤੀ ਅਤੇ ਗੌਰਵ ਦੇ ਨਾਲ-ਨਾਲ ਜ਼ਿੰਮੇਵਾਰੀ ਦੀ ਵੀ ਪ੍ਰਤੀਕ ਹੈ। ਭਾਰਤੀ ਸੰਵਿਧਾਨ ਦਾ ਅਨੁਛੇਦ 25 ਸਿੱਖਾਂ ਨੂੰ ਕਿਰਪਾਨ ਪਹਿਨਣ ਅਤੇ ਨਾਲ ਰੱਖਣ ਦਾ ਵਿਲੱਖਣ ਅਧਿਕਾਰ ਦਿੰਦਾ ਹੈ, ਭਾਵੇਂ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਕਿਰਪਾਨ ਆਪਣੇ ਨਾਲ ਰੱਖਦੇ ਹਨ। ਇਹ ਵਿਸ਼ੇਸ਼ ਅਧਿਕਾਰ ਆਸਾਨੀ ਨਾਲ ਨਹੀਂ ਮਿਲਿਆ। ਪੁਰਾਣੇ ਸਮੇਂ ਵਿਚ ਜਦੋਂ ਕੁਝ ਸਮੇਂ ਲਈ ਸਿੱਖ ਆਪਣੇ ਪ੍ਰਭਾਵ ਵਾਲੇ ਇਲਾਕੇ ਵਿਚ ਪ੍ਰਭੂਸੱਤਾ ਸੰਪੰਨ ਸਨ, ਉਸ ਵਕਤ ਉਹ ਆਜ਼ਾਦੀ ਨਾਲ ਕਿਰਪਾਨ ਪਹਿਨਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਬਾਅਦ ਜਦੋਂ ਸਿੱਖ ਫ਼ੌਜ ਅੰਗਰੇਜ਼ਾਂ ਨਾਲ ਆਖਰੀ ਯੁੱਧ ਹਾਰ ਗਈ ਸੀ ਤਾਂ ਸਿੱਖਾਂ ਤੋਂ ਕਿਰਪਾਨ ਪਹਿਨਣ ਦਾ ਹੱਕ ਵੀ ਖੋਹ ਲਿਆ ਗਿਆ ਸੀ। ਰਾਵਲਪਿੰਡੀ ਨਜ਼ਦੀਕ ਮਨਕਿਆਲਾ ਦੀ ਲੜਾਈ ਵਿਚ ਸਿੱਖ ਫ਼ੌਜੀਆਂ ਵੱਲੋਂ ਜਨਰਲ ਸਰ ਵਾਲਟਰ ਗਿਲਬਰਟ ਦੇ ਸਾਹਮਣੇ ਆਪਣੇ ਹਥਿਆਰ ਸੁੱਟਣ ਦੇ ਦ੍ਰਿਸ਼ ਦਰਦਨਾਕ ਸਨ। ਆਪਣੀਆਂ ਕਿਰਪਾਨਾਂ ਸੌਂਪਣ ਸਮੇਂ ਬਹੁਤਿਆਂ ਦੀਆਂ ਅੱਖਾਂ ਛਲਕ ਰਹੀਆਂ ਸਨ।

ਕਮਾਂਡਰ ਇਨ ਚੀਫ਼ ਸਰ ਓ ਮੂਰੇ ਕਰੀਘ ਨੇ ਹਮਦਰਦੀ ਵਿਖਾਉਂਦੇ ਹੋਏ 25 ਜੂਨ 1914 ਨੂੰ ਸਿੱਖਾਂ ਨੂੰ ਪੰਜਾਬ ਅੰਦਰ ਕਿਰਪਾਨ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਸੀ। ਫਿਰ ਵੀ ਪੰਜਾਬ ਤੋਂ ਬਾਹਰ ਭਾਰਤ ਅਤੇ ਵਿਦੇਸ਼ ਵਿਚ ਕਿਰਪਾਨ ਪਹਿਨਣ ਦੇ ਕਾਰਨ ਸਿੱਖਾਂ ਨੂੰ ਲਗਾਤਾਰ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਵਾਰ-ਵਾਰ ਦਰਖ਼ਾਸਤਾਂ ਦੇਣ ਦੇ ਨਤੀਜੇ ਵਜੋਂ 19 ਮਈ 1917 ਨੂੰ ਸਿੱਖਾਂ ਨੂੰ ਭਾਰਤ ਅੰਦਰ ਕਿਰਪਾਨ ਪਹਿਨਣ ਦਾ ਕਾਨੂੰਨੀ ਹੱਕ ਮਿਲਿਆ। ਸਤੰਬਰ 1920 ਤਕ ਸਿੱਖਾਂ ਨੂੰ ਫ਼ੌਜ ਵਿਚ ਕਿਰਪਾਨ ਪਹਿਨਣ ਦਾ ਅਧਿਕਾਰ ਨਹੀਂ ਸੀ। ਇਹ ਹੱਕ ਸਿੱਖਾਂ ਨੂੰ ਪਹਿਲੀ ਸੰਸਾਰ ਜੰਗ ਵਿਚ ਨਿਭਾਈ ਭੂਮਿਕਾ ਕਾਰਨ ਮਿਲਿਆ ਸੀ, ਹਾਲਾਂਕਿ ਕਈ ਫ਼ੌਜੀ ਯੂਨਿਟਾਂ ਅੰਦਰ ਕਿਰਪਾਨ ਦਾ ਆਕਾਰ ਤੈਅ ਕਰਨ ਦਾ ਅਧਿਕਾਰ ਉਨ੍ਹਾਂ ਦੇ ਕਮਾਂਡਰਾਂ ਕੋਲ ਸੀ।

**ਗੁਰਦੁਆਰਾ ਸੁਧਾਰ ਲਹਿਰ:** ਗੁਰਦੁਆਰਾ ਸੁਧਾਰ ਲਹਿਰ ਦੌਰਾਨ 1921 ਵਿਚ ਹੋਏ ਟਕਰਾਵਾਂ ਤੋਂ ਬਾਅਦ ਮੁੜ ਕਿਰਪਾਨ ਪਹਿਨਣ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ। ਸਿੱਖਾਂ ਅਤੇ ਸਰਕਾਰ ਦਰਮਿਆਨ ਕਿਰਪਾਨ ਦੇ ਮੁੱਦੇ ਉੱਤੇ ਸਹਿਮਤੀ ਹੋਣ ਮਗਰੋਂ 1925 ਦਾ ਗੁਰਦੁਆਰਾ ਕਾਨੂੰਨ ਬਣਨ ਤੋਂ ਬਾਅਦ ਕਿਰਪਾਨ ਤੋਂ ਪਾਬੰਦੀ ਹਟਾਈ ਗਈ। ਜੇ ਸਿੱਖ ਭਾਈਚਾਰਾ ਇਸ ਵਿਸ਼ੇਸ਼ ਅਧਿਕਾਰ ਨੂੰ ਕਾਇਮ ਰੱਖਣਾ ਚਾਹੁੰਦਾ ਹੈ ਤਾਂ ਇਹ ਸਿੱਖ ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਗ਼ੈਰ-ਜ਼ਿੰਮੇਵਾਰਾਨਾ ਗਤੀਵਿਧੀਆਂ ਕਰਨ ਵਾਲੇ ਲੋਕਾਂ ਨੂੰ ਨੱਥ ਪਾਵੇ।

ਇੱਥੋਂ ਤਕ ਕਿ ਸੁਰੱਖਿਆ ਸਬੰਧੀ ਮੌਜੂਦਾ ਚਿੰਤਾਵਾਂ, ਖ਼ਾਸ ਤੌਰ 'ਤੇ ਹਵਾਈ ਅੱਡਿਆਂ ਅਤੇ ਜਨਤਕ ਥਾਵਾਂ ਦੇ ਮਾਮਲੇ ਵਿਚ ਸਿੱਖ ਧਾਰਮਿਕ ਆਗੂਆਂ (ਤਖ਼ਤ ਜਥੇਦਾਰਾਂ) ਨੂੰ ਕਿਰਪਾਨ ਦੇ ਅਲੱਗ-ਅਲੱਗ ਆਕਾਰਾਂ ਬਾਰੇ ਵਿਵਹਾਰਕ ਪਹੁੰਚ ਅਪਣਾਉਣੀ ਚਾਹੀਦੀ ਹੈ। ਇਹ ਇਸ ਲਈ ਮਹੱਤਵਪੂਰਨ ਹੈ ਤਾਂ ਕਿ ਜਨਤਕ ਥਾਵਾਂ ਉੱਤੇ ਅੰਮ੍ਰਿਤਧਾਰੀ ਸਿੱਖਾਂ ਨੂੰ ਹੁਣ ਵਾਂਗ ਖੱਜਲ-ਖੁਆਰ ਨਾ ਹੋਣਾ ਪਵੇ। ਇਸ ਮੁੱਦੇ ਉੱਤੇ ਭਾਈਚਾਰੇ ਦੇ ਆਗੂਆਂ ਵੱਲੋਂ ਵੀ ਚਰਚਾ ਕੀਤੇ ਜਾਣ ਦੀ ਜ਼ਰੂਰਤ ਹੈ। ਭਾਵੇਂ ਇਹ ਧਾਰਮਿਕ ਕਾਰਨਾਂ ਕਰ ਕੇ ਨਹੀਂ ਪਰ ਇੱਕ ਕਟਾਰ ਰਵਾਇਤੀ ਸਕੌਟਿਸ਼ ਪਹਿਰਾਵੇ ਦਾ ਹਿੱਸਾ ਹੈ ਜਿਸ ਕਰ ਕੇ ਯੂਨਾਈਟਿਡ ਕਿੰਗਡਮ ਵਿਚ ਅਕਸਰ ਵਿਵਾਦ ਪੈਦਾ ਹੁੰਦੇ ਰਹਿੰਦੇ ਹਨ। ਹਵਾਈ ਯਾਤਰੀ ਆਪਣੇ ਕਟਾਰ ਨੂੰ ਚੈੱਕ ਕੀਤੇ ਬੈਗਾਂ ਵਿਚ ਪਾ ਦਿੰਦੇ ਹਨ।

ਸਿੱਖ ਰਾਜਨੀਤਕ ਅਤੇ ਧਾਰਮਿਕ ਆਗੂਆਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਕਾਲ ਤਖ਼ਤ ਦੇ ਪਵਿੱਤਰ ਚੌਗਿਰਦੇ ਅੰਦਰ ਗਰੁੱਪਾਂ ਦੀ ਲੜਾਈ ਕਦਾਚਿਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਛੇ ਜੂਨ ਨੂੰ ਵਾਪਰੀ ਘਟਨਾ ਦੇ ਮੁੜ ਵਾਪਰਨ 'ਤੇ ਰੋਕ ਲਗਾਉਣ ਦਾ ਸ਼ਾਇਦ ਇਹੀ ਤਰੀਕਾ ਹੈ ਕਿ ਅਕਾਲ ਤਖ਼ਤ ਉਤੇ ਹਰ ਤਰ੍ਹਾਂ ਦੀ ਸਿਆਸੀ ਗਤੀਵਿਧੀ 'ਤੇ ਰੋਕ ਲਾ ਦਿੱਤੀ ਜਾਵੇ।

ਕਈ ਇਸ ਸੋਚ ਵਾਲੇ ਵੀ ਹੋਣਗੇ ਅਤੇ ਦਲੀਲ ਦੇਣਗੇ ਕਿ ਇਤਿਹਾਸਕ ਤੌਰ ਉੱਤੇ ਅਕਾਲ ਤਖ਼ਤ ਵੱਡੀਆਂ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ ਪਰ ਇਹ ਉਦੋਂ ਸੀ ਜਦੋਂ ਸਿੱਖ ਪ੍ਰਭੂਸੱਤਾ ਸੰਪਨ ਕੌਮ ਸੀ, ਭਾਵੇਂ ਇਹ ਬਹੁਤ ਛੋਟੇ ਖੇਤਰ ਵਿਚ ਹੀ ਸੀ। ਉਨ੍ਹਾਂ ਸਮਿਆਂ ਵਿਚ ਸਿੱਖ ਮਿਸਲਾਂ ਦੇ ਸਰਦਾਰ ਆਪਣੇ ਨਿੱਜੀ ਝਗੜਿਆਂ ਅਤੇ ਹੋਰ ਸਭ ਕਿਸਮ ਦੇ ਮੁੱਦੇ ਨਜਿੱਠਣ ਲਈ ਅਕਾਲ ਤਖ਼ਤ ਉੱਤੇ ਮਿਲ ਬੈਠਦੇ ਸਨ। ਅਜਿਹੇ ਤੱਥ ਵੀ ਮਿਲਦੇ ਹਨ ਜੋ ਸੰਕੇਤ ਕਰਦੇ ਹਨ ਕਿ ਉਸ ਸਮੇਂ ਵੀ ਮਿਸਲਾਂ ਦੇ ਸਰਦਾਰ ਅਕਾਲ ਤਖ਼ਤ ਉੱਤੇ ਗੱਲਬਾਤ ਲਈ ਆਉਣ ਤੋਂ ਪਹਿਲਾਂ ਆਪੋ-ਆਪਣੇ ਹਥਿਆਰ ਬੁੰਗਿਆਂ ਵਿਚ ਰੱਖ ਆਉਂਦੇ ਸਨ।

**ਸਿਆਸੀ ਸ਼ਕਤੀ:** ਹੁਣ ਸਿੱਖ ਇੱਕ ਰਾਸ਼ਟਰੀ ਰਾਜ ਦਾ ਹਿੱਸਾ ਹਨ, ਅਕਾਲ ਤਖ਼ਤ ਨੂੰ ਰਾਜਨੀਤਕ ਸ਼ਕਤੀ ਦਾ ਸੋਮਾ ਸਾਬਤ ਕਰਨ ਦੀ ਹਰ ਕੋਸ਼ਿਸ਼ ਸਟੇਟ ਨਾਲ ਟਕਰਾਅ ਪੈਦਾ ਕਰਨ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੋਵੇਗੀ। ਬੀਤੇ ਸਮੇਂ 1984 ਵਿਚ ਇਸ ਤਰ੍ਹਾਂ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਨਤੀਜਾ ਸਾਡੇ ਸਾਹਮਣੇ ਹੈ। ਅਕਾਲ ਤਖ਼ਤ ਵੱਲੋਂ ਸਿੱਖ ਭਾਈਚਾਰੇ ਲਈ ਦਿੱਤੀਆਂ ਆਮ ਧਾਰਮਿਕ ਹਦਾਇਤਾਂ ਮੰਨੀਆਂ ਜਾਣਗੀਆਂ ਪਰ ਅਕਾਲ ਤਖ਼ਤ ਦੇ ਅੰਦਰ ਜਾਂ ਇਰਦ-ਗਿਰਦ ਸਿਆਸੀ ਇਕੱਠ ਵਿਚ ਵਧਾ ਚੜ੍ਹਾ ਕੇ ਕੀਤੀਆਂ ਜਾਣ ਵਾਲੀਆਂ ਗੱਲਾਂ 6 ਜੂਨ ਵਰਗੇ ਖ਼ਤਰੇ ਸਹੇੜਨਗੀਆਂ। ਅਜਿਹੇ ਟਕਰਾਵਾਂ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਇਹ ਜ਼ਰੂਰੀ ਹੈ ਕਿ ਪਵਿੱਤਰ ਦਰਬਾਰ ਸਾਹਿਬ ਕੰਪਲੈਕਸ ਅੰਦਰ ਧਾਰਮਿਕ ਨੂੰ ਛੱਡ ਕੇ ਬਾਕੀ ਹਰ ਤਰ੍ਹਾਂ ਦੇ ਭਾਸ਼ਣਾਂ ਉੱਤੇ ਰੋਕ ਲਗਾ ਦਿੱਤੀ ਜਾਵੇ। ਸਿਆਸੀ ਸੁਰ ਵਾਲੇ ਪ੍ਰੋਗਰਾਮ ਮੁੱਖ ਕੰਪਲੈਕਸ ਅਤੇ ਹੋਸਟਲ ਕੰਪਲੈਕਸ ਦੇ ਦਰਮਿਆਨ ਬਣੇ ਮੰਜੀ ਸਾਹਿਬ ਹਾਲ ਵਿਚ ਕੀਤੇ ਜਾ ਸਕਦੇ ਹਨ। ਇਹ ਘੱਟੋ-ਘੱਟ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂ ਅਤੇ ਯਾਤਰੀ ਭਾਈਚਾਰੇ ਦੇ ਅੰਦਰੂਨੀ ਕਲੇਸ਼ਾਂ ਤੋਂ ਬਾਹਰ ਰਹਿਣਗੇ।

ਕੁਝ ਸਿੱਖ ਇਸ ਨੂੰ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਦਿੱਤੇ ਸਿਧਾਂਤ ਦੇ ਵਿਰੋਧ ਵਿਚ ਵੇਖਣਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਸਨ ਜੋ ਮਨੁੱਖੀ ਜੀਵਨ ਦੇ ਦੁਨਿਆਵੀ ਅਤੇ ਰੂਹਾਨੀ ਦਰਮਿਆਨ ਨੇੜਲੇ ਸਬੰਧਾਂ ਦੀਆਂ ਪ੍ਰਤੀਕ ਹਨ ਪਰ ਮੌਜੂਦਾ ਸੰਸਾਰ ਅਤੇ ਯੁੱਗ ਵਿਚ ਇਨ੍ਹਾਂ (ਮੀਰੀ ਅਤੇ ਪੀਰੀ) ਦੋਵਾਂ ਨੂੰ ਬਰਾਬਰੀ ਉੱਤੇ ਰੱਖਣਾ ਗ਼ੈਰ-ਵਿਹਾਰਕ ਹੈ। ਮਜ਼ਹਬੀ (ਥਿਓਕਰੇਟਿਕ) ਸਿਸਟਮ ਸਿੱਖਇਜ਼ਮ ਲਈ ਹਰਾਮ ਹੈ। ਗੁਰੂਆਂ ਨੇ ਖ਼ੁਦ ਪੁਜਾਰੀ ਜਮਾਤ ਦੀ ਸਥਾਪਨਾ ਦਾ ਵਿਰੋਧ ਕੀਤਾ ਸੀ ਅਤੇ ਜਦੋਂ ਸਮੇਂ ਨਾਲ ਮਹੰਤਾਂ ਨੇ ਧਰਮ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਸੀ।

ਇੱਥੋਂ ਤਕ ਕਿ ਸਿੱਖਇਜ਼ਮ ਵਿਚ ਵੀ ਮੀਰੀ ਅਤੇ ਪੀਰੀ ਬਾਰੇ ਜੇ ਵਿਹਾਰਕ ਨਹੀਂ ਤਾਂ ਦਾਰਸ਼ਨਿਕ ਨਜ਼ਰੀਆ ਅਪਣਾਉਣ ਦੀ ਜ਼ਰੂਰਤ ਹੈ। ਜ਼ਰੂਰੀ ਗੱਲ ਇੱਕ ਸਿਸਟਮ ਦੀ ਹੈ ਜਿੱਥੇ ਪੀਰੀ (ਨੈਤਿਕ ਕਦਰਾਂ ਕੀਮਤਾਂ) ਵੱਲੋਂ ਸਟੇਟ ਨੂੰ ਨੈਤਿਕ ਦਿਸ਼ਾ ਪ੍ਰਦਾਨ ਕਰੇ ਅਤੇ ਸਟੇਟ ਸਭ ਨੂੰ ਸੁਰੱਖਿਆ ਪ੍ਰਦਾਨ ਕਰੇ। ਇਹ ਆਧੁਨਿਕ ਕਾਨੂੰਨ ਦੇ ਰਾਜ ਦਾ ਰਾਹ ਹੋਵੇਗਾ। ਇੱਕ ਸਿੱਖ ਵਿਦਵਾਨ ਮਰਹੂਮ ਮੇਜਰ ਗੁਰਮੁਖ ਸਿੰਘ ਸੰਖੇਪ ਰੂਪ ਵਿਚ ਇਸ ਦੀ ਗੱਲ ਕਰਦੇ ਕਹਿੰਦੇ ਹਨ, "ਧਾਰਮਿਕ ਵਿਸ਼ਵਾਸ ਸਿਆਸੀ ਅਥਾਰਟੀ ਦੀਆਂ ਗਤੀਵਿਧੀਆਂ ਨੂੰ ਦਿਸ਼ਾ ਦੇਣ ਅਤੇ ਨਿਯਮਤ ਕਰਨ ਵਾਲੀ ਮਨੁੱਖੀ ਚੇਤਨਾ ਅਤੇ ਨੈਤਿਕ ਸਾਲਸ ਹੈ ਜੋ ਹਮੇਸ਼ਾਂ ਸੋਚਣ, ਵਿਚਾਰ ਪ੍ਰਗਟਾਵੇ ਅਤੇ ਪੂਜਾ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਦੀ ਰੱਖਿਆ ਕਰਦਾ ਹੈ। ਵਿਅਕਤੀ ਦੀ ਨੈਤਿਕ ਅਤੇ ਧਰਮ ਨਿਰਪੱਖ ਜ਼ਿੰਮੇਵਾਰੀਆਂ ਦੇ ਸੁਮੇਲ ਨੂੰ ਬਰਕਰਾਰ ਰੱਖਣਾ ਹੀ ਮੀਰੀ ਪੀਰੀ ਦੇ ਸਿੱਖ ਸਿੱਧਾਂਤ ਦਾ ਕੇਂਦਰੀ ਨੁਕਤਾ ਹੈ।"

ਇਹ ਕਹਿਣਾ ਗ਼ੈਰ ਪ੍ਰਸੰਗਕ ਨਹੀਂ ਹੋਵੇਗਾ ਕਿ 6 ਜੂਨ ਦੀ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ 1984 ਤੋਂ ਬਾਅਦ ਜਿਸ ਤਰ੍ਹਾਂ ਦੀ ਸਵੈ ਪੜਚੋਲ ਦੀ ਜ਼ਰੂਰਤ ਸੀ, ਉਹ ਨਹੀਂ ਕੀਤੀ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਹਥਿਆਰਬੰਦ ਸਮਰਥਕਾਂ ਨੂੰ ਦਰਬਾਰ ਸਾਹਿਬ 'ਚੋਂ ਬਾਹਰ ਕੱਢਣ ਲਈ 3 ਤੋਂ 6 ਜੂਨ ਤਕ ਕੀਤੀ ਫ਼ੌਜੀ ਕਾਰਵਾਈ ਗ਼ਲਤ ਸਮੇਂ ਅਤੇ ਭੈੜੇ ਤਰੀਕੇ ਨਾਲ ਕੀਤੀ ਗਈ। ਇਸੇ ਕਰ ਕੇ ਅਜੇ ਤਕ ਇਹ ਰੜਕ ਰਹੀ ਹੈ ਪਰ ਸਿੱਖ ਆਗੂਆਂ ਕੋਲ ਵੀ ਕੋਈ ਜਵਾਬ ਨਹੀਂ ਹੈ ਕਿ ਉਨ੍ਹਾਂ ਵੱਲੋਂ ਲੰਮੇ ਸਮੇਂ ਤੋਂ ਲਟਕਦੀਆਂ ਆਪਣੀਆਂ ਮੰਗਾਂ ਲਈ ਲਗਾਏ ਧਰਮ ਯੁੱਧ ਮੋਰਚੇ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹਥਿਆਰਬੰਦ ਸੰਘਰਸ਼ ਦੇ ਸਪੁਰਦ ਕਿਵੇਂ ਕਰ ਦਿੱਤਾ ਗਿਆ ਸੀ? ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੰਦੋਲਨ ਦੀ ਆੜ ਵਿਚ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ ਉੱਤੇ ਅਤਿ ਆਧੁਨਿਕ ਹਥਿਆਰ ਅਤੇ ਅਸਲਾ ਵੱਡੇ ਪੈਮਾਨੇ ਉੱਤੇ ਜਮ੍ਹਾਂ ਹੋਣ ਨੇ ਵੀ ਸਾਕਾ ਨੀਲਾ ਤਾਰਾ ਲਈ ਰਾਹ ਸਾਫ਼ ਕੀਤਾ। ਸਰਕਾਰਾਂ ਅਤੇ ਸੁਰੱਖਿਆ ਫੋਰਸਾਂ ਆਮ ਤੌਰ ਉੱਤੇ ਸੰਕਟ ਵਾਲੀਆਂ ਸਥਿਤੀਆਂ ਤੋਂ ਸਬਕ ਸਿੱਖਦੀਆਂ ਹਨ। ਕੋਈ ਹੈਰਾਨੀ ਨਹੀਂ ਹੈ ਕਿ 1984 ਤੋਂ ਬਾਅਦ 1988 ਵਿਚ ਅਪਰੇਸ਼ਨ ਬਲੈਕ ਥੰਡਰ ਅਲੱਗ ਤਰੀਕੇ ਨਾਲ ਅਤੇ ਘੱਟ ਨੁਕਸਾਨ ਨਾਲ ਕੀਤਾ ਗਿਆ।

**ਕੋਈ ਸਬਕ ਨਹੀਂ ਸਿੱਖਿਆ:** ਸੰਨ ਚੁਰਾਸੀ ਤੋਂ ਬਾਅਦ ਕੰਪਲੈਕਸ ਦੇ ਅੰਦਰ ਵਾਪਰ ਰਹੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਨਾ ਤਾਂ ਸਿੱਖ ਆਗੂਆਂ ਅਤੇ ਨਾ ਹੀ ਸਿੱਖ ਭਾਈਚਾਰੇ ਦੇ ਆਗੂਆਂ ਨੇ ਕੋਈ ਸਬਕ ਸਿੱਖਿਆ ਹੈ। ਕੋਈ ਵੀ ਇਹ ਯਾਦ ਕਰ ਸਕਦਾ ਹੈ ਕਿ 1986 ਵਿਚ ਕੁਝ ਖ਼ਰੂਦੀ ਵਿਅਕਤੀਆਂ ਨੂੰ ਬਾਹਰ ਕੱਢਣ ਲਈ ਕਿਵੇਂ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੂੰ ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਭੇਜਣੀ ਪਈ ਸੀ। ਇਸ ਤੋਂ ਬਾਅਦ 1988 ਵਿਚ ਹਥਿਆਰਬੰਦ ਖਾੜਕੂਆਂ ਨੇ ਦਰਬਾਰ ਸਾਹਿਬ ਕੰਪਲੈਕਸ ਉੱਤੇ ਕਬਜ਼ਾ ਕਰ ਲਿਆ ਸੀ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਲਈ ਸਰਕਾਰ ਨੇ ਕੌਮੀ ਸੁਰੱਖਿਆ ਗਾਰਡਾਂ ਦਾ ਸਹਾਰਾ ਲਿਆ ਸੀ। ਅਖ਼ਬਾਰਾਂ ਵਿਚ ਛਪੀਆਂ ਹੱਥ ਖੜ੍ਹੇ ਕਰੀ ਬਾਹਰ ਆਉਂਦੇ ਖਾੜਕੂਆਂ ਦੀਆਂ ਤਸਵੀਰਾਂ ਮੁੜ-ਮੁੜ ਸ਼ਰਮਨਾਕ ਘਟਨਾ ਦੀ ਯਾਦ ਦਿਵਾਉਂਦੀਆਂ ਸਨ। ਇਸੇ ਤਰ੍ਹਾਂ ਟੀ.ਵੀ. ਨੇ 6 ਜੂਨ ਦੀ ਘਟਨਾ ਨੂੰ ਕੈਦ ਕਰ ਲਿਆ ਹੈ, ਭਾਵੇਂ ਅਲੱਗ ਪੈਮਾਨੇ ਅਤੇ ਤਰੀਕੇ ਦੀ ਘਟਨਾ ਸੀ ਪਰ ਇਹ ਭਾਈਚਾਰੇ ਲਈ ਸਵੈ ਸਹੇੜੇ ਜ਼ਖ਼ਮਾਂ ਦੀ ਇੱਕ ਹੋਰ ਮਿਸਾਲ ਹੈ।

# ਇਨਕਲਾਬੀ ਵਿਰਾਸਤ ਦੀਆਂ ਅਮਿੱਟ ਪੈੜਾਂ

## ਪ੍ਰਸੰਗ ਮਿਸਾਲੀ ਆਗੂ ਸੁਸ਼ੀਲ ਰਾਏ


ਪੱਛਮੀ ਬੰਗਾਲ ਦੇ ਜੰਮਪਲ, ਚੋਟੀ ਦੇ ਮਾਓਵਾਦੀ ਆਗੂ ਕਾਮਰੇਡ ਸੁਸ਼ੀਲ ਰਾਏ ਨੇ ਚੜ੍ਹਦੀ ਜਵਾਨੀ 'ਚ ਜੰਗੇ-ਆਜ਼ਾਦੀ ਦੇ ਜਾਂਬਾਜ਼ ਇਨਕਲਾਬੀਆਂ ਦੇ ਆਜ਼ਾਦੀ ਦੇ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਅਤੇ ਇਸ ਨਾ-ਬਰਾਬਰੀ ਤੇ ਨੰਗੀ ਬੇਇਨਸਾਫ਼ੀ 'ਤੇ ਆਧਾਰਤ ਨਿਜ਼ਾਮ ਨੂੰ ਉਖਾੜ ਕੇ, ਇਸ ਦੀ ਥਾਂ ਇਨਸਾਨ ਦੇ ਜਿਉਣ ਦੇ ਕਾਬਲ ਸਮਾਜ ਉਸਾਰਨ ਲਈ ਇਨਕਲਾਬੀ ਜੱਦੋ-ਜਹਿਦ ਦਾ ਬਿਖੜਾ ਰਾਹ ਅਖ਼ਤਿਆਰ ਕੀਤਾ ਸੀ। ਇਨਕਲਾਬ ਦੇ ਇਸ ਬਿਖੜੇ ਰਸਤੇ ਉਪਰ ਚੱਲਦਿਆਂ ਆਪਣੇ ਪੰਜ ਦਹਾਕੇ ਲੰਮੇ ਅਡੋਲ ਸਫ਼ਰ ਦੀ ਸ਼ਾਨਦਾਰ ਵਿਰਾਸਤ ਅਗਲੀ ਪੀੜ੍ਹੀ ਦੇ ਹਵਾਲੇ

**ਬੂਟਾ ਸਿੰਘ**
ਫੋਨ: 91-94634-74342

ਕਰ ਕੇ ਉਹ 19 ਜੂਨ 2014 ਨੂੰ ਸਦੀਵੀ ਵਿਛੋੜਾ ਦੇ ਗਿਆ। ਇਕ ਮਹਾਨ ਦੇਸ਼ ਭਗਤ ਇਨਕਲਾਬੀ ਪਰਿਵਾਰ ਵਿਚ ਜਨਮ ਲੈਣ ਕਾਰਨ ਇਨਕਲਾਬੀ ਸਿਆਸਤ ਦੀ ਗੁੜਤੀ ਉਸ ਨੂੰ ਵਿਰਸੇ 'ਚ ਮਿਲੀ ਸੀ, ਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਮੁਕਾਬਲਾ ਕਰਦਿਆਂ ਪੂਰੀ ਹਯਾਤੀ ਇਸੇ ਰਾਹ ਉਪਰ ਡਟੇ ਰਹਿ ਕੇ ਇਨਕਲਾਬੀ ਰਵਾਇਤ ਉਸ ਨੇ ਆਖ਼ਰੀ ਸਾਹਾਂ ਤਕ ਨਿਭਾ ਕੇ ਵੀ ਦਿਖਾ ਦਿੱਤੀ ਜੋ ਆਪਣੇ-ਆਪ ਵਿਚ ਇਕ ਵਿਰਲੀ ਮਿਸਾਲ ਹੈ।

ਦਿਨੇਸ਼ ਚੰਦਰ ਗੁਪਤਾ ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਦੇ ਜ਼ਮਾਨੇ 'ਚ ਬੰਗਾਲ ਦਾ ਬੜਾ ਮਸ਼ਹੂਰ ਇਨਕਲਾਬੀ ਹੋਇਆ ਹੈ। ਉਹ ਉਨ੍ਹਾਂ ਯੁਗ-ਪਲਟਾਊ ਨੌਜਵਾਨਾਂ ਵਿਚੋਂ ਸਿਰਕੱਢ ਨਾਂ ਸੀ ਜੋ ਸੁਭਾਸ਼ ਚੰਦਰ ਬੋਸ ਵਲੋਂ ਮਹਾਤਮਾ ਗਾਂਧੀ ਦੀ ਸਮਝੌਤਾਪ੍ਰਸਤ ਨੀਤੀ ਨੂੰ ਰੱਦ ਕਰ ਕੇ ਬਣਾਈ ਜਥੇਬੰਦੀ 'ਬੰਗਾਲ ਵਲੰਟੀਅਰਜ਼' ਵਿਚ ਸ਼ਾਮਲ ਹੋਏ ਅਤੇ ਜਿਨ੍ਹਾਂ ਨੇ ਮੌਤ ਨੂੰ ਮਖੌਲਾਂ ਕਰਦਿਆਂ ਅੰਗਰੇਜ਼ ਰਾਜ ਉਪਰ ਵਦਾਣੀ ਸੱਟਾਂ ਮਾਰਨ ਲਈ ਇਨਕਲਾਬੀ ਢੰਗ ਅਖ਼ਤਿਆਰ ਕਰਨ 'ਤੇ ਜ਼ੋਰ ਦਿੱਤਾ। ਦਿਨੇਸ਼ ਤੇ ਉਸ ਦੇ ਸਾਥੀ, ਸੁਭਾਸ਼ ਚੰਦਰ ਬੋਸ ਦੇ ਇਸ ਪ੍ਰੋਗਰਾਮ ਤੱਕ ਹੀ ਮਹਿਦੂਦ ਨਹੀਂ ਰਹੇ। ਉਨ੍ਹਾਂ ਨੇ ਇਸ ਤੋਂ ਵੀ ਅੱਗੇ ਵਧ ਕੇ ਅੰਗਰੇਜ਼ ਬਸਤੀਵਾਦੀ ਰਾਜ ਵਿਰੁੱਧ ਜਾਨ-ਹੂਲਵੀਂ ਲੜਾਈ ਲੜਨ ਲਈ ਇਨਕਲਾਬੀ ਐਸੋਸੀਏਸ਼ਨ ਬਣਾਈ ਅਤੇ ਮਿਦਨਾਪੁਰ ਤੇ ਹੋਰ ਇਲਾਕਿਆਂ ਦੇ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇ ਕੇ ਜੰਗੇ-ਆਜ਼ਾਦੀ ਲਈ ਤਿਆਰ ਕੀਤਾ। ਇਸੇ ਸਿਖਲਾਈ ਅਤੇ ਇਨਕਲਾਬੀ ਜਜ਼ਬੇ ਦਾ ਹੀ ਕ੍ਰਿਸ਼ਮਾ ਸੀ ਕਿ ਦਿਨੇਸ਼ ਚੰਦਰ ਗੁਪਤਾ ਨੇ ਜਿਨ੍ਹਾਂ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਇਨਕਲਾਬੀ ਬਣਾਇਆ, ਉਨ੍ਹਾਂ ਨੇ ਉਪਰੋਥਲੀ ਤਿੰਨ ਜ਼ਿਲ੍ਹਾ ਮੈਜਿਸਟਰੇਟਾਂ- ਡ੍ਰਗਲਸ, ਬਰਜ ਅਤੇ ਪੈਡੀ, ਉਪਰ ਹਮਲੇ ਕਰ ਕੇ ਉਨ੍ਹਾਂ ਨੂੰ ਮਾਰ ਮੁਕਾਇਆ ਸੀ।

ਫਿਰ ਇਨਕਲਾਬੀ ਐਸੋਸੀਏਸ਼ਨ ਨੇ ਜੇਲ੍ਹਾਂ ਦੇ ਆਈ.ਜੀ. (ਇੰਸਪੈਕਟਰ ਜਨਰਲ) ਕਰਨਲ ਐੱਨ.ਐੱਸ. ਸਿੰਪਸਨ ਨੂੰ ਮਾਰਨ ਅਤੇ ਅੰਗਰੇਜ਼ ਹਕੂਮਤ ਦੇ ਸੈਕਟਰੀਏਟ, ਕਲਕੱਤਾ ਦੇ ਡਲਹੌਜ਼ੀ ਸਕੇਅਰ ਸਥਿਤ ਰਾਈਟਰਜ਼ ਬਿਲਡਿੰਗ ਜੋ 1947 ਤੋਂ ਪਿੱਛੋਂ ਪੱਛਮੀ ਬੰਗਾਲ ਦੀ ਹਕੂਮਤ ਦਾ ਸਦਰ-ਮੁਕਾਮ ਹੈ, ਉਪਰ ਹਮਲਾ ਕਰ ਕੇ ਅੰਗਰੇਜ਼ ਰਾਜ ਦੀਆਂ ਨੀਂਹਾਂ ਹਿਲਾਉਣ ਦਾ ਫ਼ੈਸਲਾ ਕੀਤਾ। ਚੇਤੇ ਰਹੇ ਕਿ ਇਹ ਚੌਕ ਉਸ ਲਾਰਡ ਡਲਹੌਜ਼ੀ ਨੂੰ ਸਮਰਪਿਤ ਹੈ ਜੋ 1847 ਤੋਂ 1856 ਤਕ ਹਿੰਦੁਸਤਾਨ ਦਾ ਗਵਰਨਰ ਜਨਰਲ ਰਿਹਾ ਅਤੇ ਬਸਤੀਵਾਦ ਰਾਜ ਨੂੰ ਪੱਕਾ ਕਰਨ ਲਈ ਹਿੰਦੁਸਤਾਨ ਦੇ ਲੋਕਾਂ ਉਪਰ ਅਕਹਿ ਜ਼ੁਲਮ ਢਾਹੁਣ ਦਾ ਸਿਹਰਾ ਜਿਸ ਨੂੰ ਜਾਂਦਾ ਹੈ। 8 ਦਸੰਬਰ 1930 ਨੂੰ ਦਿਨੇਸ਼ ਗੁਪਤਾ ਅਤੇ ਉਸ ਦੇ ਸਾਥੀ ਬਿਨੋਏ ਬਾਸੂ ਤੇ ਬਾਦਲ ਗੁਪਤਾ ਯੂਰਪੀ ਭੇਸ ਵਟਾ ਕੇ ਰਾਈਟਰਜ਼ ਬਿਲਡਿੰਗ ਵਿਚ ਜਾ ਵੜੇ ਅਤੇ ਇਮਾਰਤ ਦੀ ਬਾਲਕੋਨੀ ਵਿਚ ਸਿੰਪਸਨ ਨੂੰ ਗੋਲੀਆਂ ਮਾਰ ਕੇ ਥਾਏਂ ਮਾਰ ਦਿੱਤਾ। ਇਸ ਪਿੱਛੋਂ ਉਥੇ ਤਾਇਨਾਤ ਪੁਲਿਸ ਨਾਲ ਹੋਏ ਗਹਿ-ਗੱਚ ਮੁਕਾਬਲੇ ਵਿਚ ਬਾਦਲ ਗੁਪਤਾ ਨੇ ਪੁਲਿਸ ਦੇ ਹੱਥ ਨਾ ਆਉਣ ਦਾ ਪ੍ਰਣ ਪੂਰਾ ਕਰਦਿਆਂ ਸਾਈਨਾਈਡ ਖਾ ਕੇ ਜਾਨ ਦੇ ਦਿੱਤੀ, ਜਦਕਿ ਦਿਨੇਸ਼ ਅਤੇ ਬਿਨੋਏ ਨੇ ਖ਼ੁਦ ਨੂੰ ਗੋਲੀ ਮਾਰ ਲਈ। ਦੋਵੇਂ ਜ਼ਖ਼ਮੀ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 13 ਦਸੰਬਰ 1930 ਨੂੰ ਬਿਨੋਏ ਵੀ ਹਸਪਤਾਲ ਵਿਚ ਜ਼ਿੰਦਗੀ-ਮੌਤ ਦੀ ਲੜਾਈ ਲੜਦਿਆਂ ਸ਼ਹੀਦਾਂ ਦੀ ਕਤਾਰ ਵਿਚ ਜਾ ਸ਼ਾਮਲ ਹੋਇਆ।



ਦਿਨੇਸ਼ ਚੰਦਰ ਗੁਪਤਾ



ਸੁਸ਼ੀਲ ਰਾਏ

ਇਹ ਜ਼ਖ਼ਮੀ ਦਿਨੇਸ਼ ਗੁਪਤਾ ਸੀ ਜਿਸ ਉਪਰ ਅੰਗਰੇਜ਼ ਹਕੂਮਤ ਦੀ ਜੰਗਲੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਮੁਕੱਦਮੇ ਦੇ ਫ਼ੈਸਲੇ ਅਨੁਸਾਰ 7 ਜੁਲਾਈ 1931 ਨੂੰ ਇਸ ਇਨਕਲਾਬੀ ਨੂੰ ਅਲੀਪੁਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਸ ਦੀ ਉਮਰ ਉਦੋਂ ਮਹਿਜ਼ 19 ਸਾਲ 7 ਮਹੀਨੇ ਦੀ ਸੀ। ਇਨ੍ਹਾਂ ਜਾਂਬਾਜ਼ ਇਨਕਲਾਬੀਆਂ ਦੀ ਸ਼ਾਨਾਮੱਤੀ ਸ਼ਹਾਦਤ ਦੇ ਸਤਿਕਾਰ ਵਿਚ 1947 ਤੋਂ ਪਿੱਛੋਂ ਡਲਹੌਜ਼ੀ ਸਕੇਅਰ ਖੇਤਰ ਦਾ ਨਾਂ ਬਦਲ ਕੇ ਬਸਤੀਵਾਦੀ ਰਾਜ ਦਾ ਚਿੰਨ੍ਹ ਮਿਟਾ ਦਿੱਤਾ ਗਿਆ ਅਤੇ ਇਸ ਦਾ ਨਾਂ ਬੀ.ਬੀ.ਡੀ. ਬਾਗ਼ (ਬਿਨੋਏ-ਬਾਦਲ-ਦਿਨੇਸ਼ ਬਾਗ਼) ਰੱਖਿਆ ਗਿਆ।

1947 ਦੀ ਸੱਤਾ ਬਦਲੀ ਨਾਲ ਸੱਤਾਧਾਰੀ ਹੋਏ 'ਕਾਲੇ ਅੰਗਰੇਜ਼ਾਂ' ਦੇ ਦਾਅਵੇ ਅਤੇ ਵਾਅਦੇ ਅਸਲ ਹਕੀਕਤ ਨੂੰ ਛੁਪਾ ਨਹੀਂ ਸੀ ਸਕਦੇ। ਹਕੀਕਤ ਇਹ ਸੀ ਕਿ ਸੱਤਾ ਬਦਲੀ ਅਤੇ ਡਲਹੌਜ਼ੀ ਚੌਕ ਦਾ ਨਾਂ ਬਦਲ ਕੇ ਨੌਜਵਾਨ ਇਨਕਲਾਬੀਆਂ ਬਿਨੋਏ-ਬਾਦਲ-ਦਿਨੇਸ਼ ਦੇ ਨਾਂ 'ਤੇ ਰੱਖ ਦੇਣਾ ਬੇਸ਼ੁਮਾਰ ਇਨਕਲਾਬੀਆਂ ਅਤੇ ਹੋਰ ਦੇਸ਼ਭਗਤਾਂ ਦੇ ਖ਼ਵਾਬਾਂ ਦੀ ਆਜ਼ਾਦੀ ਨਹੀਂ ਸੀ। ਬੰਗਾਲ ਦੇ ਅਗਲੀ ਪੀੜ੍ਹੀ ਦੇ ਜਿਨ੍ਹਾਂ ਤਬਦੀਲੀਪਸੰਦ ਨੌਜਵਾਨਾਂ ਨੇ ਆਜ਼ਾਦੀ ਦੇ ਉਸ ਧੂਮ-ਧੜੱਕੇ ਦਰਮਿਆਨ ਇਸ ਹਕੀਕਤ ਨੂੰ ਸਮਝਿਆ, ਉਨ੍ਹਾਂ ਵਿਚ ਦਿਨੇਸ਼ ਗੁਪਤਾ ਦਾ ਭਤੀਜਾ ਸੁਸ਼ੀਲ ਰਾਏ ਵੀ ਸੀ ਜਿਸ ਨੇ ਅਗਲੇ ਦਹਾਕਿਆਂ ਵਿਚ ਸਿਰਮੌਰ ਕਮਿਊਨਿਸਟ ਇਨਕਲਾਬੀ ਆਗੂ ਬਣ ਕੇ ਉਭਰਨਾ ਸੀ।

ਜਦੋਂ 1962 'ਚ ਹਿੰਦ-ਚੀਨ ਦਾ ਯੁੱਧ ਹੋਇਆ, ਉਦੋਂ ਨੌਜਵਾਨ ਸੁਸ਼ੀਲ ਰਾਏ ਬੰਗਾਲ ਦੀ ਊਸ਼ਾ ਪੱਖਾ ਫੈਕਟਰੀ ਵਿਚ ਨੌਕਰੀ ਕਰ ਰਿਹਾ ਸੀ। ਉਥੇ ਉਹ ਕਮਿਊਨਿਸਟ ਲਹਿਰ ਦੇ ਸੰਪਰਕ ਵਿਚ ਆਇਆ ਅਤੇ ਇਸ ਫੈਕਟਰੀ ਵਿਚ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਜੋ ਹੜਤਾਲ ਛੇ ਮਹੀਨੇ ਤਕ ਚੱਲੀ ਅਤੇ ਆਖ਼ਿਰ ਜੇਤੂ ਹੋਈ, ਉਸ ਦੌਰਾਨ ਇਹ ਨੌਜਵਾਨ ਖਾੜਕੂ ਮਜ਼ਦੂਰ ਆਗੂ ਬਣ ਕੇ ਉਭਰਿਆ। ਇਹ ਆਲਮੀ ਅਤੇ ਇਸੇ ਤਰ੍ਹਾਂ ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਵਿਚ ਵਿਚਾਰਧਾਰਕ ਭੇੜ ਅਤੇ ਤਰਥੱਲੀਆਂ ਦਾ ਦੌਰ ਸੀ। ਸੁਸ਼ੀਲ ਰਾਏ ਐੱਸ.ਏ. ਡਾਂਗੇ ਦੀ ਰਵਾਇਤੀ ਕਮਿਊਨਿਸਟ ਲੀਡਰਸ਼ਿਪ ਤੋਂ ਬਾਗ਼ੀ ਉਨ੍ਹਾਂ ਖਾੜਕੂ ਕਮਿਊਨਿਸਟ ਸਫ਼ਾਂ ਨਾਲ ਸੀ ਜਿਹੜੇ ਸਮਝੌਤੇਬਾਜ਼ ਸਿਆਸਤ ਦੀ ਥਾਂ ਆਰ-ਪਾਰ ਦੀ ਇਨਕਲਾਬੀ ਲੜਾਈ ਦੇ ਹਾਮੀ ਸਨ। ਇਸੇ ਸਿਆਸੀ ਅਮਲ ਵਿਚ ਕਮਿਊਨਿਸਟ ਲਹਿਰ ਦੇ ਦੋਫਾੜ ਹੋਣ 'ਤੇ 1964 'ਚ ਉਹ ਸੀ.ਪੀ.ਐੱਮ. ਵਿਚ ਸਰਗਰਮ ਹੋ ਗਿਆ। ਜਦੋਂ ਸੀ.ਪੀ.ਐੱਮ. ਦੀ ਲੀਡਰਸ਼ਿਪ ਯੁਗ-ਪਲਟਾਊ ਏਜੰਡਾ ਨੂੰ ਤਿਲਾਂਜਲੀ ਦੇ ਕੇ ਸਥਾਪਤੀ ਦਾ ਹਿੱਸਾ ਬਣ ਗਈ ਅਤੇ ਸਿਲੀਗੁੜੀ ਦੇ ਕਮਿਊਨਿਸਟ ਇਨਕਲਾਬੀਆਂ ਨੇ ਨਕਸਲਬਾੜੀ ਬਗ਼ਾਵਤ ਛੇੜ ਦਿੱਤੀ, ਤਾਂ ਇਸ ਸਫ਼ਬੰਦੀ ਦੇ ਸਵਾਲ 'ਤੇ 1968 'ਚ ਸੁਸ਼ੀਲ ਰਾਏ ਨੇ ਸੀ.ਪੀ.ਐੱਮ. ਨਾਲੋਂ ਨਾਤਾ ਤੋੜ ਲਿਆ। ਉਹ ਨੌਕਰੀ ਤਿਆਗ ਕੇ ਪੇਸ਼ੇਵਰ ਇਨਕਲਾਬੀ ਬਣ ਗਿਆ ਅਤੇ ਪਿੰਡਾਂ ਵਿਚ ਲਹਿਰ ਉਸਾਰਨ ਦੇ ਕਾਜ ਨੂੰ ਸਮਰਪਿਤ ਹੋ ਗਿਆ। ਇਹ ਉਸ ਦੀ ਜ਼ਿੰਦਗੀ ਦਾ ਐਸਾ ਫ਼ੈਸਲਾਕੁਨ ਮੋੜ ਸੀ ਜਿੱਥੋਂ ਉਸ ਨੇ ਇਨਕਲਾਬੀ ਰਾਹ ਫੜ ਕੇ ਮੁੜ ਕੇ ਪੂਰੀ ਜ਼ਿੰਦਗੀ ਪਿਛੇ ਮੁੜ ਕੇ ਨਹੀਂ ਦੇਖਿਆ।

ਅਗਲੇ ਦਹਾਕਿਆਂ ਵਿਚ ਉਹ ਪਹਿਲਾਂ ਅਹਿਮ ਮਾਓਵਾਦੀ ਆਗੂ ਬਣ ਕੇ ਉਭਰਿਆ ਅਤੇ ਆਖ਼ਿਰ ਮਾਓਵਾਦੀ ਕਮਿਊਨਿਸਟ ਕੇਂਦਰ (ਐੱਮ.ਸੀ.ਸੀ.) ਦੇ ਜਨਰਲ ਸਕੱਤਰ ਦੇ ਸਿਰਮੌਰ ਆਗੂ ਅਹੁਦੇ 'ਤੇ ਪਹੁੰਚਿਆ। ਸਤੰਬਰ 2004 'ਚ ਐੱਮ.ਸੀ.ਸੀ. ਅਤੇ ਸੀ.ਪੀ.ਆਈ. (ਐੱਮ.ਐੱਲ.-ਪੀਪਲਜ਼ ਵਾਰ) ਦਾ ਰਲੇਵਾਂ ਕਰ ਕੇ ਸੀ.ਪੀ.ਆਈ.(ਮਾਓਵਾਦੀ) ਬਣਾਉਣ ਵਾਲੇ ਮੁੱਖ ਆਗੂਆਂ ਵਿੱਚ ਸੁਸ਼ੀਲ ਰਾਏ ਦੀ ਸਿਰਕੱਢ ਭੂਮਿਕਾ ਸੀ। 1990 ਤੋਂ ਲੈ ਕੇ ਉਦੋਂ ਤਾਈਂ ਉਹ ਕਲਕੱਤਾ-ਹਾਵੜਾ-ਹੁਗਲੀ ਸਨਅਤੀ ਖੇਤਰ ਅੰਦਰ ਮਜ਼ਦੂਰ ਜਮਾਤ ਵਿਚ ਵਿਚਾਰਧਾਰਕ-ਸਿਆਸੀ ਕੰਮ ਜੁਟਿਆ ਹੋਇਆ ਸੀ ਜਦੋਂ 22 ਮਈ 2005 ਨੂੰ ਉਸ ਨੂੰ ਅਚਾਨਕ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਤੋਂ ਪਿੱਛੋਂ ਹੀ ਪੁਲਿਸ ਅਧਿਕਾਰੀਆਂ ਨੂੰ ਉਸ ਦੀ ਆਗੂ ਹੈਸੀਅਤ ਮਾਲੂਮ ਹੋਈ।

ਇਸ ਤੋਂ ਅੱਗੇ ਫਰਜ਼ੀ ਕੇਸਾਂ ਅਤੇ ਅਮੁੱਕ ਜੇਲ੍ਹਬੰਦੀ ਦਾ ਉਹ ਸਿਲਸਿਲਾ ਸ਼ੁਰੂ ਹੋਇਆ ਜੋ ਅੰਗਰੇਜ਼ ਬਸਤੀਵਾਦੀ ਰਾਜ ਦੇ ਸਮੇਂ ਤੋਂ ਹੀ ਇਨਕਲਾਬੀਆਂ ਦੀ ਹੋਣੀ ਚਲਿਆ ਆ ਰਿਹਾ ਹੈ। ਹੁਣ ਇਕ ਕਮਿਊਨਿਸਟ ਇਨਕਲਾਬੀ ਨੂੰ ਜੇਲ੍ਹ ਵਿਚ ਸਾੜਨ ਵਾਲੀ 'ਕਮਿਊਨਿਸਟ' ਹਕੂਮਤ ਸੀ। ਉਸ ਉਪਰ ਕਈ ਸੂਬਿਆਂ ਵਿਚ ਦਰਜਨਾਂ ਫਰਜ਼ੀ ਕੇਸ ਪਾ ਕੇ 2005 ਤੋਂ ਲੈ ਕੇ 2012 ਤਕ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਰੱਖਿਆ ਗਿਆ। ਸੀ.ਪੀ.ਐੱਮ. ਦੀ ਖੱਬਾ ਮੋਰਚਾ ਸਰਕਾਰ ਵਲੋਂ ਉਸ ਦੇ ਪਰਿਵਾਰ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੀਆਂ ਅਪੀਲਾਂ ਨੂੰ ਹਕਾਰਤ ਨਾਲ ਰੱਦ ਕਰਦਿਆਂ ਉਸ ਦੀ ਗੰਭੀਰ ਹਾਲਤ ਦੇ ਬਾਵਜੂਦ ਬਿਨਾਂ ਇਲਾਜ ਉਸ ਨੂੰ ਜੇਲ੍ਹ ਵਿਚ ਸਾੜਿਆ ਗਿਆ ਅਤੇ ਸੁਚੇਤ ਤੌਰ 'ਤੇ ਮੌਤ ਦੇ ਮੂੰਹ ਧੱਕਿਆ ਗਿਆ। ਕਈ ਜਾਨਲੇਵਾ ਬਿਮਾਰੀਆਂ ਨਾਲ ਉਸ ਦੀ ਨਾਜ਼ੁਕ ਹਾਲਤ ਦੇ ਮੱਦੇਨਜ਼ਰ ਬੁੱਧੀਜੀਵੀਆਂ ਵਲੋਂ ਉਸ ਦੇ ਇਲਾਜ ਲਈ ਵਾਰ-ਵਾਰ ਆਵਾਜ਼ ਉਠਾਈ ਗਈ ਜਿਸ ਦੇ ਦਬਾਅ ਤਹਿਤ ਉਸ ਨੂੰ ਪਹਿਲਾਂ ਰਾਂਚੀ ਮੈਡੀਕਲ ਕਾਲਜ ਤੇ ਫਿਰ ਦਿੱਲੀ ਏਮਜ਼ ਵਿਚ ਦਾਖ਼ਲ ਕਰਵਾਇਆ ਗਿਆ। 7 ਸਾਲ ਬਿਨਾਂ ਇਲਾਜ, ਅਣਮਨੁੱਖੀ ਹਾਲਾਤ ਵਿਚ ਜੇਲ੍ਹਬੰਦ ਰਹਿਣ ਕਾਰਨ ਉਸ ਦਾ ਨਾਕਾਰਾ ਜਿਸਮ ਹੁਣ ਤੰਦਰੁਸਤ ਹੋਣਾ ਸੰਭਵ ਨਹੀਂ ਸੀ। ਆਖ਼ਿਰ ਜ਼ਿੰਦਗੀ-ਮੌਤ ਦੀ ਲੜਾਈ ਲੜਦਿਆਂ ਏਮਜ਼ ਵਿਚ 19 ਜੂਨ 2014 ਨੂੰ ਕਾਮਰੇਡ ਸੁਸ਼ੀਲ ਰਾਏ ਦੱਬੇ-ਕੁਚਲੇ ਅਵਾਮ ਦੀ ਮੁਕਤੀ ਦਾ ਸੁਪਨਾ ਅੱਖਾਂ ਵਿਚ ਸੰਜੋਈ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

10 ਜੁਲਾਈ 2006 ਨੂੰ ਪ੍ਰੈਜ਼ੀਡੈਂਸੀ ਜੇਲ੍ਹ ਕੋਲਕਾਤਾ ਤੋਂ ਉਦੋਂ ਦੇ ਖੱਬਾ ਮੋਰਚਾ ਸਰਕਾਰ ਦੇ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਦੇ ਨਾਂ ਖੁੱਲ੍ਹਾ ਖ਼ਤ ਲਿਖ ਕੇ ਇਨਕਲਾਬ ਦੇ ਬੁਨਿਆਦੀ ਸਿਧਾਂਤਾਂ ਨੂੰ ਬੁਲੰਦ ਕਰਨ ਅਤੇ ਅਖੌਤੀ ਕਮਿਊਨਿਸਟਾਂ ਦੀਆਂ ਸਮਝੌਤਾਬਾਜ਼ ਨੀਤੀਆਂ ਦੀ ਬੇਲਿਹਾਜ਼ ਤੇ ਬੇਖ਼ੌਫ਼ ਆਲਚੋਨਾ ਹੋ ਕੇ ਕਰਨ ਅਤੇ ਕਮਿਊਨਿਸਟ ਇਖ਼ਲਾਕ ਦੇ ਪੱਖ ਤੋਂ ਰਵਾਇਤੀ ਕਮਿਊਨਿਸਟ ਲਹਿਰ ਦੀ ਕਾਰਗੁਜ਼ਾਰੀ ਬਾਰੇ ਤਿੱਖੇ ਸਵਾਲ ਉਠਾਉਣ ਦਾ ਜੇਰਾ ਸੁਸ਼ੀਲ ਰਾਏ ਵਰਗਾ ਬੁਲੰਦ ਇਖ਼ਲਾਕ ਕਮਿਊਨਿਸਟ ਹੀ ਕਰ ਸਕਦਾ ਸੀ। ਜਦੋਂ ਉਹ ਜੇਲ੍ਹਬੰਦੀ ਦੌਰਾਨ ਪਲ-ਪਲ ਮੌਤ ਵੱਲ ਵਧ ਰਿਹਾ ਸੀ, ਉਦੋਂ ਉਸ ਨੇ 'ਇੰਡੀਅਨ ਐਕਸਪ੍ਰੈੱਸ' ਨਾਲ ਲੰਮੀ ਗੱਲਬਾਤ ਵਿਚ ਮਰਹੂਮ ਮਾਓਵਾਦੀ ਆਗੂ ਕਿਸ਼ਨਜੀ ਦੀ ਅਗਵਾਈ ਹੇਠ ਬੰਗਾਲ ਵਿਚ ਮਾਓਵਾਦੀ ਲਹਿਰ ਦੀਆਂ ਕਮਜ਼ੋਰੀਆਂ ਦੀ ਬੇਬਾਕ ਹੋ ਕੇ ਆਲੋਚਨਾ ਵੀ ਕੀਤੀ ਸੀ ਅਤੇ ਮਾਓਵਾਦੀ ਪਾਰਟੀ ਦੇ ਨਵ-ਜਮਹੂਰੀ ਇਨਕਲਾਬ ਦੇ ਬੁਨਿਆਦੀ ਪ੍ਰੋਗਰਾਮ ਦੀ ਪੁਰਜੋਸ਼ ਪੈਰਵਾਈ ਕੀਤੀ ਸੀ। ਉਸ ਦੀ ਮਿਸਾਲੀ ਜ਼ਿੰਦਗੀ ਕਮਿਊਨਿਸਟ ਅਕੀਦੇ, ਇਨਕਲਾਬੀ ਜਜ਼ਬੇ ਅਤੇ ਬੁਲੰਦ ਇਖ਼ਲਾਕ ਦੀ ਸਾਕਾਰ ਮੂਰਤ ਸੀ। ਅੱਜ ਦੇ ਗੰਭੀਰ ਚੁਣੌਤੀ ਵਾਲੇ ਹਾਲਾਤ ਵਿਚ ਸੁਸ਼ੀਲ ਰਾਏ ਵਰਗੇ ਕੱਦਾਵਰ ਆਗੂ ਅਤੇ ਇਨਕਲਾਬੀ ਸਿਧਾਂਤਕਾਰ ਦਾ ਦੇਹਾਂਤ ਹਿੰਦੁਸਤਾਨ ਦੀ ਸਮਾਜੀ ਬਦਲਾਅ ਦੀ ਇਨਕਲਾਬੀ ਜੱਦੋ-ਜਹਿਦ ਲਈ ਸੱਚੀਂ ਹੀ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਫਿਰ ਵੀ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਉਸ ਦੀ ਵਾਰਿਸ ਇਨਕਲਾਬੀ ਲਹਿਰ ਅੱਜ ਦੀਆਂ ਬੇਮਿਸਾਲ ਚੁਣੌਤੀਆਂ ਨੂੰ ਸਰ ਕਰਦਿਆਂ ਕਿਸ ਰਫ਼ਤਾਰ ਨਾਲ ਅੱਗੇ ਵਧਦੀ ਹੈ? ਸਵਾਲ ਇਹ ਹੈ ਕਿ ਦਿਨੇਸ਼ ਗੁਪਤਾ ਅਤੇ ਸੁਸ਼ੀਲ ਰਾਏ ਦੀਆਂ ਇਨਕਲਾਬੀ ਪੀੜ੍ਹੀਆਂ ਦੇ ਅੱਜ ਦੇ ਵਾਰਿਸ ਇਨਕਲਾਬੀ ਪਰੰਪਰਾ ਨੂੰ ਸਮਕਾਲ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੱਗੇ ਆਉਣ ਪੱਖੋਂ ਉਸੇ ਮਿਆਰ ਦੀ ਇਨਕਲਾਬੀ ਸ਼ਿੱਦਤ ਦਿਖਾਉਂਦੇ ਹਨ ਜਾਂ ਨਹੀਂ?

---

# ਮੋਦੀ ਨੇ ਚੁੱਪ ਰਹਿ ਕੇ ਗੁਆਏ ਬਿਹਤਰੀਨ ਮੌਕੇ

ਮਜ਼ਬੂਤ ਪ੍ਰਧਾਨ ਮੰਤਰੀ ਮਹਿਜ਼ ਸਿਆਸੀ ਨੇਤਾ ਤੋਂ ਵੱਧ ਹੁੰਦਾ ਹੈ। ਸੰਕਟ ਦੇ ਸਮੇਂ ਵਿਚ, ਜਦੋਂ ਮੰਦਭਾਗੇ ਘਟਨਾਚੱਕਰ ਦੇਸ਼ ਨੂੰ ਪ੍ਰੇਸ਼ਾਨ ਕਰਦੇ ਹਨ, ਉਸ ਨੂੰ ਅਜਿਹੀ ਨੈਤਿਕ ਹਾਲਤ ਬਣਾਉਣ ਦੀ ਲੋੜ ਹੁੰਦੀ ਹੈ ਜਿਸ ਉਤੇ ਸਮੁੱਚਾ ਦੇਸ਼ ਵਿਸ਼ਵਾਸ ਕਰ ਸਕੇ। ਆਮ ਤੌਰ 'ਤੇ ਇਹ ਲੀਡਰਸ਼ਿਪ ਦਾ ਜ਼ਿਆਦਾ ਅਹਿਮ ਹਿੱਸਾ ਹੁੰਦਾ

**ਕਰਨ ਥਾਪਰ**

ਹੈ। ਅਜੇ ਭਾਵੇਂ ਮੋਦੀ ਸਰਕਾਰ ਬਣੀ ਨੂੰ ਬਹੁਤ ਘੱਟ ਸਮਾਂ ਹੋਇਆ ਹੈ ਪਰ ਤਿੰਨ ਮੌਕਿਆਂ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਚੁੱਪ ਜਦੋਂ ਉਨ੍ਹਾਂ ਦੀ ਆਵਾਜ਼ ਉੱਚੀ ਅਤੇ ਸਪਸ਼ਟ ਹੋਣੀ ਚਾਹੀਦੀ ਸੀ, ਕੁਝ ਪ੍ਰੇਸ਼ਾਨ ਕਰਨ ਵਾਲੀ ਹੈ। ਇਹ ਕਿਸੇ ਨਤੀਜੇ 'ਤੇ ਪਹੁੰਚਣ ਲਈ ਭਾਵੇਂ ਕਾਫੀ ਨਹੀਂ ਹੈ, ਪਰ ਚਿਤਾਵਨੀ ਵਜੋਂ ਇਹ ਕਾਫੀ ਹੈ।

ਇਹ ਤਿੰਨ ਘਟਨਾਚੱਕਰ ਹਨ- ਬਦਾਯੂੰ ਬਲਾਤਕਾਰ ਤੇ ਦਰੱਖਤ 'ਤੇ ਲਟਕਾਉਣਾ, ਪੂਣੇ ਵਿਚ ਇਕ ਤਕਨੀਕੀ ਵਿਦਿਆਰਥੀ ਦੀ ਹੱਤਿਆ ਅਤੇ ਆਪਣੀ ਕਾਲਜ ਮੈਗਜ਼ੀਨ ਵਿਚ ਮੋਦੀ ਦੀ ਆਲੋਚਨਾ ਕਰਨ ਲਈ ਕੇਰਲਾ ਦੇ 18 ਵਿਦਿਆਰਥੀਆਂ ਦੀ ਗ੍ਰਿਫ਼ਤਾਰੀ। ਮੈਨੂੰ ਪਤਾ ਹੈ ਕਿ ਮੋਦੀ ਨੇ ਲੋਕ ਸਭਾ ਵਿਚ ਆਪਣੇ ਉਦਘਾਟਨੀ ਭਾਸ਼ਣ ਦੌਰਾਨ ਪਹਿਲੀਆਂ ਦੋ ਘਟਨਾਵਾਂ ਦਾ ਜ਼ਿਕਰ ਕੀਤਾ ਸੀ, ਪਰ ਉਹ ਨਾਕਾਫੀ ਸੀ। ਬਹੁਤ ਸਾਰੇ ਲੋਕ ਸਮਝਦੇ ਹਨ ਕਿ ਇਸ ਵਿਚ ਸਖ਼ਤ ਨਿੰਦਾ ਅਤੇ ਤੀਬਰਤਾ ਦੀ ਘਾਟ ਸੀ। ਜਿਵੇਂ ਕਿਹਾ ਜਾਂਦਾ ਹੈ, ਇਹ ਬਹੁਤ ਘੱਟ ਅਤੇ ਬਹੁਤ ਦੇਰੀ ਨਾਲ ਸੀ।

ਮੈਂ ਸੋਚਦਾ ਸੀ ਕਿ ਇਨ੍ਹਾਂ ਵਿਚੋਂ ਦੋ ਮਾਮਲਿਆਂ ਵਿਚ ਨਰੇਂਦਰ ਮੋਦੀ ਬੋਲਣਾ ਚਾਹੁੰਦੇ ਹੋਣਗੇ ਜੋ ਕੁਝ ਇੰਨਾ ਭਿਆਨਕ ਹੋਇਆ, ਨਾ ਸਿਰਫ਼ ਉਸ ਦੇ ਵਿਰੁੱਧ ਸਗੋਂ ਇਸ ਕਾਰਨ ਵੀ ਕਿਉਂਕਿ ਇਹ ਉਨ੍ਹਾਂ ਦੇ ਆਪਣੇ ਹੀ ਹਿੱਤ ਵਿਚ ਸੀ। ਇਹ ਇਕੱਲਾ ਤੱਥ ਉਨ੍ਹਾਂ ਦੀ ਚੁੱਪ ਨੂੰ ਭੇਤ ਭਰਿਆ ਬਣਾ ਦਿੰਦਾ ਹੈ। ਪਹਿਲਾ ਹੈ ਪੂਣੇ ਹੱਤਿਆਕਾਂਡ। ਇਸ ਮਾਮਲੇ ਵਿਚ 24 ਸਾਲਾ ਨੌਜਵਾਨ ਦੀ ਇਸ ਲਈ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ ਕਿਉਂਕਿ ਉਸ ਨੇ ਦਾੜ੍ਹੀ ਰੱਖੀ ਹੋਈ ਸੀ ਅਤੇ ਉਹ ਮੁਸਲਮਾਨ ਲੱਗਦਾ ਸੀ। ਸਿਰਫ਼ ਇਸੇ ਕਾਰਨ ਹਿੰਦੂ ਰੱਖਿਆ ਸੈਨਾ ਨੇ ਉਸ ਨੂੰ ਫੇਸਬੁੱਕ 'ਤੇ ਬਾਲ ਠਾਕਰੇ ਅਤੇ ਸ਼ਿਵਾਜੀ ਦੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਦਾ ਜ਼ਿੰਮੇਵਾਰ ਠਹਿਰਾਇਆ; ਹਾਲਾਂਕਿ ਉਨ੍ਹਾਂ ਕੋਲ ਇਸ ਦਾ ਕੋਈ ਸਬੂਤ ਨਹੀਂ ਸੀ, ਇਥੋਂ ਤਕ ਕਿ ਅੱਜ ਵੀ ਕੋਈ ਨਹੀਂ ਜਾਣਦਾ ਕਿ ਇਸ ਦਾ ਜ਼ਿੰਮੇਵਾਰ ਕੌਣ ਹੈ? ਪੁਲਿਸ ਕੋਲ ਵੀ ਕੋਈ ਸਬੂਤ ਨਹੀਂ ਹੈ।

ਇਸ ਲਈ ਇਹ ਸਿੱਧਾ-ਸਿੱਧਾ ਨਫ਼ਰਤ ਦੇ ਅਪਰਾਧ ਦਾ ਮਾਮਲਾ ਸੀ। ਇਹ ਮੁਸਲਮਾਨ 'ਤੇ ਹਮਲਾ ਸੀ, ਕਿਉਂਕਿ ਉਹ ਮੁਸਲਮਾਨ ਸੀ। ਇਹ



ਮੋਹਸਿਨ ਖਾਨ ਜਿਸ ਨੂੰ ਹਿੰਦੂ ਕੱਟੜਪੰਥੀਆਂ ਨੇ ਪੂਣੇ ਵਿਖੇ ਕੁੱਟ-ਕੁੱਟ ਕੇ ਮਾਰ ਦਿੱਤਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਮਿਲਿਆ ਅਜਿਹਾ ਮੌਕਾ ਸੀ ਕਿ ਉਹ ਅਤਿਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਦੱਸਦੇ ਕਿ ਉਹ ਇਸ ਤਰ੍ਹਾਂ ਦੇ ਕੰਮਾਂ ਨੂੰ ਬਰਦਾਸ਼ਤ ਨਹੀਂ ਕਰਨਗੇ। ਜੇ ਉਹ ਨਿੰਦਾ ਕਰਨ ਲਈ ਪ੍ਰੇਰਿਤ ਹੁੰਦੇ ਤਾਂ ਉਹ ਆਪਣੇ ਬਾਰੇ ਇਕ ਤਾਕਤਵਰ ਸੰਦੇਸ਼ ਭੇਜਦੇ ਪਰ ਅਫ਼ਸੋਸ, ਉਨ੍ਹਾਂ ਦੀ ਚੁੱਪ ਨੇ ਸਿਰਫ਼ ਸ਼ੱਕ ਹੀ ਪੈਦਾ ਕੀਤੇ ਹਨ।


ਕੇਰਲਾ ਵਿਚ ਗ੍ਰਿਫ਼ਤਾਰੀਆਂ ਨਰੇਂਦਰ ਮੋਦੀ ਨੂੰ ਜ਼ਿਆਦਾ ਸਿੱਧੇ ਤੌਰ 'ਤੇ ਛੂੰਹਦੀਆਂ ਹਨ ਅਤੇ ਇਸ ਮਾਮਲੇ ਵਿਚ ਉਨ੍ਹਾਂ ਦੀ ਚੁੱਪ ਜ਼ਿਆਦਾ ਦੁਖੀ ਕਰਨ ਵਾਲੀ ਹੈ। ਦੋ ਅਲੱਗ-ਅਲੱਗ ਘਟਨਾਵਾਂ ਵਿਚ 18 ਕਾਲਜ ਦੇ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਉਤੇ ਆਪਣੇ ਕਾਲਜ ਦੀ ਮੈਗਜ਼ੀਨ ਵਿਚ ਪ੍ਰਧਾਨ ਮੰਤਰੀ 'ਤੇ ਵਿਅੰਗ ਕਰਨ ਅਤੇ ਉਨ੍ਹਾਂ ਦੀ ਆਲੋਚਨਾ ਕਰਨ ਦਾ ਦੋਸ਼ ਲਗਾਇਆ ਗਿਆ। ਇਹ ਪ੍ਰਗਟਾਵੇ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ ਅਤੇ ਇਹ ਜਾਵੜੇਕਰ ਦੇ ਇਸ ਦਾਅਵੇ ਦਾ ਮਖੌਲ ਉਡਾਉਂਦਾ ਹੈ ਕਿ 'ਸਾਡਾ ਮੰਨਣਾ ਹੈ ਕਿ ਪ੍ਰੈੱਸ ਦੀ ਆਜ਼ਾਦੀ ਲੋਕਤੰਤਰ ਦਾ ਸਾਰ ਹੈ'। ਉਨ੍ਹਾਂ ਦੇ ਇਸ ਬਿਆਨ ਦੀ ਸ਼ਲਾਘਾ ਕਰਨ ਵਾਲਿਆਂ ਵਿਚ ਮੈਂ ਵੀ ਸ਼ਾਮਲ ਸੀ।

ਚਾਹੀਦਾ ਤਾਂ ਇਹ ਸੀ ਕਿ ਨਰੇਂਦਰ ਮੋਦੀ ਤੁਰੰਤ ਖ਼ੁਦ ਨੂੰ ਕੇਰਲਾ ਪੁਲਿਸ ਦੀ ਕਾਰਵਾਈ ਤੋਂ ਦੂਰ ਕਰ ਕੇ ਗ੍ਰਿਫ਼ਤਾਰੀਆਂ ਦੀ ਆਲੋਚਨਾ ਕਰਦੇ ਅਤੇ ਮਾਮਲੇ ਨੂੰ ਖਤਮ ਕਰਨ ਦੀ ਮੰਗ ਕਰਦੇ। ਇਸ 'ਤੇ ਚਲਾਕੀ ਭਰੀ ਸਿਆਸੀ ਪ੍ਰਤੀਕਿਰਿਆ ਹੁੰਦੀ ਪਰ ਸਾਨੂੰ ਵੇਖਣ ਨੂੰ ਮਿਲੀ ਮੁਕੰਮਲ ਚੁੱਪ। ਹੁਣ ਉਹ ਇੰਨੇ ਅਪ੍ਰਪੱਕ ਸਿਆਸਤਦਾਨ ਤਾਂ ਨਹੀਂ ਹਨ ਕਿ ਜਾਣ-ਬੁੱਝ ਕੇ ਭਰੋਸਾ ਦੇਣ ਵਾਲੇ ਅਤੇ ਅਤਿਅੰਤ ਜ਼ਰੂਰੀ ਸੰਦੇਸ਼ ਦੇਣ ਦੇ ਇਨ੍ਹਾਂ ਮੌਕਿਆਂ ਨੂੰ ਆਪਣੇ ਹੱਥੋਂ ਜਾਣ ਦਿੰਦੇ। ਇਨ੍ਹਾਂ 'ਤੇ ਕੁਝ ਹੋਰ ਸਪਸ਼ਟੀਕਰਨ ਦਿੱਤਾ ਜਾਣਾ ਬਣਦਾ ਸੀ ਪਰ ਹੋਇਆ ਕੀ? ਇਹ ਕਹਿ ਕੇ ਸਾਰ ਦਿੱਤਾ ਗਿਆ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ, ਉਹ ਬਹੁਤ ਰੁੱਝੇ ਹੋਏ ਸਨ, ਉਹ ਭੁੱਲ ਗਏ ਪਰ ਇਹ 'ਦਲੀਲਾਂ' ਗਲੇ ਨਹੀਂ ਉਤਰ ਰਹੀਆਂ।

ਬਿਨਾਂ ਸ਼ੱਕ ਨਰੇਂਦਰ ਮੋਦੀ ਦੇ ਆਲੋਚਕ ਆਪਣੇ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਭਰੋਸੇਯੋਗ ਨਾ ਸਮਝਣ ਵਿਚ ਸਹੀ ਸਨ। ਉਨ੍ਹਾਂ ਦੇ ਪ੍ਰਸ਼ੰਸਕਾਂ 'ਤੇ ਪ੍ਰਭਾਵਸ਼ਾਲੀ ਸਪਸ਼ਟੀਕਰਨ ਦੇਣ ਲਈ ਜ਼ਿਆਦਾ ਦਬਾਅ ਹੋਵੇਗਾ। ਸ਼ਾਇਦ ਤੱਥ ਇਹ ਹੈ ਕਿ ਇਹ ਨਿਰਾਸ਼ਾ ਪੈਦਾ ਕਰਨ ਵਾਲਾ ਹੈ ਪਰ ਅਜਿਹਾ ਹੈ ਨਹੀਂ। ਮੈਨੂੰ ਆਸ ਹੈ ਕਿ ਇਸ ਵਿਚ ਦੱਸਣ ਵਿਚ ਕੋਈ ਖਾਮੀ ਰਹੀ ਹੋਵੇਗੀ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਇਸ ਨਾਲ ਨਰੇਂਦਰ ਮੋਦੀ ਵਲੋਂ ਕੀਤੀ ਗਈ ਵੱਡੀ ਸ਼ੁਰੂਆਤ ਅਤੇ ਆਪਣੀ ਨਵੀਂ ਦਿੱਖ ਬਣਾਉਣ ਦੇ ਉਨ੍ਹਾਂ ਦੇ ਯਤਨਾਂ 'ਤੇ ਸਵਾਲ ਖੜ੍ਹੇ ਹੁੰਦੇ ਹਨ। ਇਸੇ ਕਾਰਨ ਉਹ ਇਨ੍ਹਾਂ ਨੂੰ ਦਰਕਿਨਾਰ ਨਹੀਂ ਕਰ ਸਕਦੇ।

# ਚੁੱਪ ਵੇ ਅੜਿਆ ਚੁੱਪ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅੰਗਰੇਜ਼ੀ ਭਾਸ਼ਾ ਦੀ ਇਕ ਕਹਾਵਤ ਵਿਚ ਚੁੱਪ ਦੀ ਤੁਲਨਾ ਸੋਨੇ ਨਾਲ ਕੀਤੀ ਗਈ ਹੈ; ਭਾਵ ਜਿਤਨੀ ਬੇਸ਼ਕੀਮਤੀ ਸੋਨੇ ਦੀ ਧਾਤ, ਉਤਨੀ ਹੀ ਅਮੁੱਲੀ ਚੁੱਪ। ਸਾਡੀ ਮਾਂ-ਬੋਲੀ ਪੰਜਾਬੀ ਦੇ ਇਕ ਮੁਹਾਵਰੇ ਵਿਚ ਵੀ ਚੁੱਪ ਨੂੰ ਸੌ ਸੁੱਖਾਂ ਦੀ ਦਾਤੀ ਮੰਨਿਆ ਗਿਆ ਹੈ। ਬੰਦੇ ਦੇ ਸਰੀਰ ਦੀ ਸਿਰਜਣਾ ਕਰਨ ਵੇਲੇ ਕਾਦਰ ਨੇ ਵੀ ਸ਼ਾਇਦ ਇਸੇ ਕਰ ਕੇ ਦੋ ਅੱਖਾਂ, ਦੋ ਕੰਨਾਂ ਅਤੇ ਦੋ ਨਾਸਿਕਾਵਾਂ ਦੀ ਬਨਿਸਬਤ ਜੀਭ ਇੱਕੋ ਹੀ ਲਗਾਈ ਤਾਂ ਕਿ ਮਨੁੱਖ ਦੇਖੇ, ਸੁਣੇ ਅਤੇ ਸੁੰਘੇ ਬੇਸ਼ੱਕ ਜ਼ਿਆਦਾ ਪਰ ਬੋਲੇ ਘੱਟ। ਗੁਰਬਾਣੀ ਵਾਕ 'ਬੋਲਤ ਬੋਲਤ ਬਢਹਿ ਵਿਕਾਰਾ' ਵਿਚ ਵੀ ਵਿਕਾਰਾਂ ਜਾਂ ਝਗੜਿਆਂ ਦਾ ਮੂਲ ਕਾਰਨ 'ਜ਼ਿਆਦਾ ਬੋਲਣ' ਨੂੰ ਹੀ ਦੱਸਿਆ ਗਿਆ ਹੈ। ਚੁੱਪ/ਖਾਮੋਸ਼ ਰਹਿਣ ਵਾਲੇ ਬੰਦੇ ਬੜੇ ਹੀ ਗਹਿਰ-ਗੰਭੀਰ ਹੁੰਦੇ ਨੇ। ਉਨ੍ਹਾਂ ਦੀ ਚੁੱਪ ਪਿੱਛੇ ਗਹਿਰਾ ਚਿੰਤਨ ਖੜ੍ਹਾ ਹੁੰਦਾ ਹੈ। ਯਾਦ ਰਹੇ, ਇੱਥੇ ਸੁਭਾਵਿਕ ਚੁੱਪ ਦੀ ਗੱਲ ਹੋ ਰਹੀ ਹੈ, 'ਸਾਜਿਸ਼ੀ ਚੁੱਪ' ਦੀ ਨਹੀਂ।

ਅਖਬਾਰੀ ਖੇਤਰ ਵੱਲ ਵੀ ਨਜ਼ਰ ਮਾਰ ਕੇ ਦੇਖ ਲਓ। ਜਿਹੜਾ ਕੋਈ ਸਿਆਸੀ ਜਾਂ ਧਾਰਮਿਕ ਆਗੂ ਕਦੇ ਕਦਾਈਂ ਹੀ ਇਕ-ਅੱਧ ਬਿਆਨ ਦਿੰਦਾ ਹੋਵੇ, ਲੋਕ ਉਸ ਦੀਆਂ ਕਹੀਆਂ ਗੱਲਾਂ ਨੂੰ ਅਖ਼ਬਾਰਾਂ 'ਚੋਂ ਲੱਭ-ਲੱਭ ਕੇ ਪੜ੍ਹਦੇ ਹਨ। ਕਹਿੰਦੇ ਨੇ, ਜਦੋਂ ਅਮਰੀਕੀ ਵਿਗਿਆਨੀ ਨਿਊਟਨ ਨੂੰ ਸੈਨੇਟ ਦਾ ਮੈਂਬਰ ਬਣਾਇਆ ਗਿਆ ਸੀ, ਪੂਰੀ 'ਟਰਮ' ਦੌਰਾਨ ਹਾਊਸ ਵਿਚ ਉਸ ਨੂੰ ਸਿਰਫ਼ ਇਕ ਵਾਰ ਹੀ ਇਹ ਕਹਿੰਦਿਆਂ ਸੁਣਿਆ ਗਿਆ, "ਅਹੁ ਤਾਕੀ ਬੰਦ ਕਰ ਦਿਓ, ਠੰਢੀ ਹਵਾ ਅੰਦਰ ਆ ਰਹੀ ਹੈ!" ਸੈਨੇਟ ਵਿਚ ਉਹ ਕੀ ਬੋਲਦਾ? ਉਸ ਦਾ ਦਿਮਾਗ ਤਾਂ ਆਪਣੀ ਪ੍ਰਯੋਗਸ਼ਾਲਾ ਵਿਚ ਹੀ ਘੁੰਮਦਾ ਰਹਿੰਦਾ ਹੋਵੇਗਾ। ਪਿਆਰ ਦੇ ਮਾਮਲੇ ਵਿਚ ਤਾਂ ਚਿੰਤਕਾਂ ਨੇ ਬੋਲਣ, ਭਾਵ ਜ਼ੁਬਾਂ ਨੂੰ ਬਿਲਕੁਲ ਹੀ ਮਨਫੀ ਕਰ ਦਿੱਤਾ ਹੈ। ਉਹ ਕਹਿੰਦੇ ਨੇ, ਪਿਆਰ ਦੇ ਇਜ਼ਹਾਰ ਲਈ ਜ਼ੁਬਾਨ ਦਾ ਕੋਈ ਬਹੁਤਾ ਕੰਮ ਨਹੀਂ,

ਨਜ਼ਰ ਸੇ ਭੀ ਸੁਨਤੇ ਹੈਂ ਦਿਲ ਕਾ ਅਫ਼ਸਾਨਾ,
ਜ਼ੁਬਾਂ ਹੀ ਮੌਕੂਫ ਨਹੀਂ ਗੁਫ਼ਤਗੂ ਕੇ ਲੀਏ।

ਭੁੱਖੀ ਬਿੱਲੀ ਅਤੇ ਕਾਂ ਵਾਲੀ ਕਹਾਣੀ ਵਿਚ ਜੇ ਮਾਸ ਦੀ ਬੋਟੀ ਮੂੰਹ ਵਿਚ ਲਈ ਬੈਠਾ ਕਾਂ, ਬਿੱਲੀ ਮੂੰਹੋਂ ਆਪਣੀਆਂ ਸਿਫ਼ਤਾਂ ਸੁਣ ਕੇ ਚੁੱਪ ਵੱਟੀ ਰੱਖਦਾ, ਤਾਂ ਤਰੱਦਦ ਨਾਲ 'ਥਿਆਈ ਮਾਸ ਦੀ ਬੋਟੀ ਤੋਂ ਵਿਰਵਾ ਨਾ ਹੁੰਦਾ। ਜਿਹੜੇ ਗਰਜਦੇ ਹੁੰਦੇ ਨੇ, ਉਹ ਵਰ੍ਹਦੇ ਨਹੀਂ ਹੁੰਦੇ। ਇਸ ਅਖਾਣ ਵਿਚ ਅਸਿੱਧੇ ਢੰਗ ਨਾਲ ਖਾਮੋਸ਼ ਰਹਿਣ ਵਾਲਿਆਂ ਦੀ ਹੀ ਉਪਮਾ ਕੀਤੀ ਗਈ ਹੈ।

ਆਪਣੇ ਮੁਰਸ਼ਦ ਅੱਗੇ 'ਥੱਈਆ ਥੱਈਆ' ਕਰ ਕੇ ਨੱਚਣ ਵਾਲੇ ਸੂਫੀ ਫਕੀਰ ਸਾਈਂ ਬੁੱਲ੍ਹੇ ਸ਼ਾਹ, ਭਾਵੇਂ ਐਲਾਨੀਆ ਕਹਿੰਦਾ ਹੈ ਕਿ ਮੂੰਹ ਆਈ ਬਾਤ ਨਾ ਰਹਿੰਦੀ ਹੈ, ਲੇਕਿਨ ਇਸੇ ਕਾਫੀ ਵਿਚ ਜਦ ਉਹ ਗੁੱਝਾ ਇਸ਼ਾਰਾ ਕਰਦਾ ਹੈ ਕਿ ਸੱਚ ਆਖਾਂ ਤਾਂ ਭਾਂਬੜ ਮਚਦਾ ਹੈ, ਤਾਂ ਉਸ ਦਾ ਮੰਤਵ ਖਾਮੋਸ਼ੀ ਧਾਰਨ ਕਰਨ ਨੂੰ ਤਰਜੀਹ ਦੇਣਾ ਹੀ ਹੋਵੇਗਾ। ਇਸ ਅਲਬੇਲੇ ਸੂਫੀ ਬਾਬੇ ਦੀ ਜ਼ਿੰਦਗੀ ਦੇ ਇਕ ਵਾਕਿਆ ਤੋਂ ਚੁੱਪ ਦੀ ਸੋਭਾ ਪ੍ਰਗਟ ਹੁੰਦੀ ਹੈ,

ਕਿਹਾ ਜਾਂਦਾ ਹੈ ਕਿ ਰੋਜ਼ਿਆਂ ਦੇ ਦਿਨਾਂ ਵਿਚ ਜਦੋਂ ਸਾਰਾ ਮੁਸਲਿਮ ਜਗਤ, ਦਿਨ ਵੇਲੇ ਬੁੱਲ੍ਹਾਂ ਨੂੰ ਪਾਣੀ ਛੁਹਾਣਾ ਵੀ 'ਮਕਰੂਹ' ਸਮਝਦਾ ਹੈ, ਬੁੱਲ੍ਹੇ ਨੇ ਖਾਣ ਵਾਸਤੇ ਗਾਜਰਾਂ ਮੰਗਵਾ ਲਈਆਂ। ਉਸ ਦੇ ਸੰਗੀ ਸਾਥੀ ਬਾਹਰ ਬੈਠੇ ਬੇਫਿਕਰ ਹੋ ਕੇ ਗਾਜਰਾਂ ਖਾਣ ਲੱਗ ਪਏ। ਉਹ ਖੁਦ ਆਪਣੇ ਹੁਜਰੇ ਵਿਚ ਬੈਠਾ ਗਾਜਰਾਂ ਖਾਣ ਲੱਗਾ। ਕੋਲ ਵਗਦੇ ਰਾਹ ਤੋਂ ਕੁਝ ਮੁਸਲਮਾਨ ਘੋੜ-ਸਵਾਰ ਗੁਜ਼ਰੇ। ਅਚਾਨਕ ਉਨ੍ਹਾਂ ਦੀ ਨਜ਼ਰ ਸ਼ੱਰ੍ਹੇਆਮ ਗਾਜਰਾਂ ਖਾ ਰਹੇ ਬੁੱਲ੍ਹੇ ਦੇ ਮੁਰੀਦਾਂ 'ਤੇ ਪੈ ਗਈ। ਘੋੜਿਆਂ ਦੀਆਂ ਵਾਗਾਂ ਇਨ੍ਹਾਂ ਵੱਲ ਮੋੜ ਕੇ ਉਹ ਗੁੱਸੇ ਨਾਲ ਗੜ੍ਹਕੇ,

"ਕੌਣ ਹੁੰਦੇ ਓ ਤੁਸੀਂ?"

"ਜੀ, ਮੁਸਲਮਾਨ।"

ਮੁਸਲਮਾਨ ਲਫ਼ਜ਼ ਸੁਣਦਿਆਂ ਹੀ ਉਹ ਮੁਰੀਦਾਂ ਦੀ ਭੁਗਤ ਸੰਵਾਰਨ ਲੱਗ ਪਏ।

"ਤੁਹਾਨੂੰ ਹਯਾ ਨਾ ਆਈ ਭੋਰਾ, ਰੋਜ਼ਿਆਂ ਵਿਚ ਖਾਣ-ਪੀਣ ਲੱਗਿਆਂ?... ਕਿਉਂ ਇਸਲਾਮ ਦੀ ਤੌਹੀਨ ਕਰ ਰਹੇ ਓ?"

ਉਨ੍ਹਾਂ ਦੀ ਕੁੱਟ-ਫਾਂਟ ਕਰਨ ਤੋਂ ਬਾਅਦ ਉਥੋਂ ਤੁਰਨ ਲੱਗਿਆਂ ਰਾਹਗੀਰਾਂ ਦੇ ਮਨ 'ਚ ਆਈ ਕਿ ਕਿਉਂ ਨਾ ਇਨ੍ਹਾਂ ਬੇਸ਼ਊਰੇ ਮੁਸਲਮਾਨਾਂ ਦਾ ਪੀਰ ਵੀ ਦੇਖ ਚੱਲੀਏ, ਉਹ ਕਿਹੀ ਕੁ ਖਸਲਤ ਦਾ ਮਾਲਕ ਹੈ। ਇਹ ਸੋਚ ਕੇ ਜਦੋਂ ਉਹ ਹੁਜਰੇ ਦੇ ਅੰਦਰ ਵੜੇ ਤਾਂ ਉਹ ਬੁੱਲ੍ਹੇ ਸ਼ਾਹ ਨੂੰ ਵੀ ਗਾਜਰਾਂ ਖਾ ਰਿਹਾ ਦੇਖ ਕੇ ਦੰਗ ਰਹਿ ਗਏ। ਉਹ ਕੜਕ ਕੇ ਬੋਲੇ, "ਕੌਣ ਹੁੰਦਾ ਏਂ ਤੂੰ?"

"... ...।"

ਬੁੱਲ੍ਹੇ ਵੱਲੋਂ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਕ੍ਰੋਧ ਨਾਲ ਅੱਗ ਬਗੂਲੇ ਹੁੰਦਿਆਂ ਕਈ ਵਾਰ 'ਕੌਣ ਹੁੰਦਾ ਏਂ ਤੂੰ?' ਪੁੱਛਿਆ ਪਰ ਬੁੱਲ੍ਹਾ ਬਿਨਾਂ ਉਨ੍ਹਾਂ ਵੱਲ ਦੇਖਿਆਂ ਮਸਤੀ ਨਾਲ ਗਾਜਰਾਂ ਖਾਈ ਗਿਆ। ਮੁਸਲਮਾਨ ਮੁਸਾਫਰ ਉਸ ਨੂੰ 'ਕੋਈ ਸਿਰ-ਫਿਰਿਆ ਪਾਗਲ' ਸਮਝ ਕੇ ਆਪਣੇ ਰਾਹ ਲੱਗੇ। ਸਰੀਰ 'ਤੇ ਲੱਗੀਆਂ ਸੱਟਾਂ ਮਲਦੇ ਮੁਰੀਦ ਹੁਜਰੇ ਅੰਦਰ ਵੜੇ ਤਾਂ ਕਿ ਦੇਖ ਸਕਣ ਕਿ ਬੁੱਲ੍ਹੇ ਦਾ ਕੀ ਹਸ਼ਰ ਹੋਇਆ ਹੋਵੇਗਾ!

"ਸਾਈਂ ਜੀ, ਸਾਡਾ ਤਾਂ ਉਨ੍ਹਾਂ ਮੁਸਾਫਰਾਂ ਨੇ ਕੁੱਟ-ਕੁੱਟ ਹੁਲੀਆ ਵਿਗਾੜ ਦਿੱਤਾ। ਤੁਸੀਂ ਵੀ ਤਾਂ ਗਾਜਰਾਂ ਖਾ ਰਹੇ ਸੀ, ਤੁਹਾਨੂੰ ਉਨ੍ਹਾਂ ਕੁਝ ਵੀ ਨਾ ਆਖਿਆ। ਇਹ ਕੀ ਕਾਰਨ ਹੋਇਆ?"

"ਤੁਹਾਨੂੰ ਗਾਜਰਾਂ ਖਾਂਦਿਆਂ ਨੂੰ ਉਨ੍ਹਾਂ ਕੁਝ ਪੁੱਛਿਆ ਵੀ ਸੀ?"

ਬੁੱਲ੍ਹੇ ਸ਼ਾਹ ਦੇ ਸਾਵਲ 'ਚ ਮੁਰੀਦਾਂ ਨੇ ਸਾਰਾ ਹਾਲ ਕਹਿ ਸੁਣਾਇਆ।

ਜਦੋਂ ਉਨ੍ਹਾਂ ਦੱਸਿਆ ਕਿ 'ਕੌਣ ਹੁੰਦੇ ਓ ਤੁਸੀਂ?' ਦੇ ਜਵਾਬ 'ਚ ਅਸੀਂ ਕਿਹਾ, 'ਮੁਸਲਮਾਨ।' ਸੁਣਦਿਆਂ ਸਾਰ ਬੁੱਲ੍ਹਾ ਖਿੜ-ਖਿੜਾ ਕੇ ਹੱਸ ਪਿਆ, "ਤਦੇ ਕੁੱਟ ਖਾਧੀ... ਜਦੋਂ ਕੁਝ ਬਣੇ ਅਤੇ ਬੋਲੇ। ਮੈਂ ਤਾਂ ਨਾ ਕੁਝ ਬਣਿਆ, ਤੇ ਨਾ ਹੀ ਬੋਲਿਆ।"

ਗੁਰਬਾਣੀ ਵਿਚ ਆਉਂਦੀ ਇਕ ਪੰਕਤੀ 'ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁੱਪ॥' ਦਾ ਅਰਥ ਵੈਸੇ ਬੁੱਲ੍ਹੇ ਸ਼ਾਹ ਵਾਲੀ ਚੁੱਪ ਵਾਲਾ ਨਹੀਂ। ਗੁਰੂ ਸਾਹਿਬਾਨ ਨੇ ਉਸੇ ਹਾਲਤ ਵਿਚ ਚੁੱਪ ਧਾਰਨੀ ਬਿਹਤਰ ਕਹੀ ਹੈ, ਜਿਥੇ ਝੋਟੇ ਅੱਗੇ ਬੀਨ ਵਜਾਉਣ ਵਾਲੀ ਹਾਲਤ ਬਣੀ ਹੋਈ ਹੋਵੇ, ਜਾਂ ਫਿਰ ਉਥੇ ਵੀ ਚੁੱਪ ਹੀ ਭਲੀ ਮੰਨੀ ਜਾ ਸਕਦੀ ਹੈ ਜਿਥੇ ਭਾਈ ਗੁਰਦਾਸ ਦੇ ਕਥਨ 'ਬੋਲ਼ੇ ਅੱਗੇ ਗਾਵੀਐ ਭੈਰਉ ਸੋ ਗਉੜੀ' ਮੁਤਾਬਿਕ ਗਊ-ਗਧੇ ਦਾ ਫਰਕ ਹੀ ਮਿਟ ਗਿਆ ਹੋਵੇ; ਜਦ ਕਿ ਹੋ ਰਿਹਾ ਜ਼ੁਲਮ ਦੇਖ ਕੇ, ਚੁੱਪ ਵੱਟਣ ਨੂੰ ਗੁਰਮਤਿ ਨੇ ਕਾਇਰਤਾ ਆਖਿਆ ਹੈ।

ਇਤਿਹਾਸਕ ਗਾਥਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਦੇਵ ਜੀ ਪਾਸ ਕੁਝ ਸੰਤ ਕਵੀ ਆਪੋ-ਆਪਣੀਆਂ ਰਚਨਾਵਾਂ ਲੈ ਕੇ ਆਏ ਤਾਂ ਕਿ ਉਨ੍ਹਾਂ ਨੂੰ ਵੀ ਇਸ ਅਧਿਆਤਮਕ ਖਜ਼ਾਨੇ ਵਿਚ ਸ਼ਾਮਲ ਕਰਵਾਇਆ ਜਾ ਸਕੇ। ਕਿਹਾ ਜਾਂਦਾ ਹੈ ਕਿ ਜਦੋਂ ਪੀਲੂ, ਕਾਹਨਾ ਅਤੇ ਛੱਜੂ ਦੀਆਂ ਰਚਨਾਵਾਂ ਸੁਣ ਕੇ, ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ, ਤਦ ਉਨ੍ਹਾਂ ਸੰਤਾਂ ਦੇ ਚੌਥੇ ਸਾਥੀ ਸ਼ਾਹ ਹੁਸੈਨ ਨੇ ਮੌਕੇ ਮੁਤਾਬਕ ਗੁੱਝੀ ਰਮਜ਼ ਵਾਲੀਆਂ ਤੁਕਾਂ ਬੋਲੀਆਂ,

ਚੁੱਪ ਵੇ ਅੜਿਆ ਚੁੱਪ!
ਇੱਥੇ ਬੋਲਣ ਦੀ ਨਹੀਂ ਜਾ' ਵੇ ਅੜਿਆ!!

ਕਹਿ ਤਾਂ ਸੌਖਿਆ ਈ ਹੋ ਜਾਂਦਾ ਹੈ ਕਿ ਇਕ ਚੁੱਪ ਸੌ ਸੁੱਖ! ਪਰ ਚੁੱਪ ਵੱਟ ਕੇ ਸੌ ਸੁੱਖ ਪ੍ਰਾਪਤ ਕਰਨੇ ਖਾਲਾ ਜੀ ਦਾ ਵਾੜਾ ਨਹੀਂ। ਕਹਿੰਦੇ ਨੇ, ਕਿਸੇ ਘਰ ਵਿਚ ਨੂੰਹ-ਸੱਸ ਦੀ ਹਰ ਰੋਜ਼ ਲੜਾਈ ਹੁੰਦੀ ਸੀ। ਜੇ ਨੂੰਹ ਦੋ ਗੱਲਾਂ ਦਾ ਜਵਾਬ ਦਿੰਦੀ, ਤਾਂ ਕੁਪੱਤੀ ਸੱਸ ਅੱਗਿਉਂ ਗਰਮਾ-ਗਰਮ ਚਾਰ ਹੋ ਛੱਡਦੀ। ਇੰਜ ਘਰ ਵਿਚ ਦੋਹਾਂ ਦੇ ਆਪਸ ਵਿਚੀਂ ਸਿੰਗ ਫਸੇ ਹੀ ਰਹਿੰਦੇ। ਕਿਸੇ ਸਹੇਲੀ ਦੀ ਸਲਾਹ ਮੰਨ ਕੇ ਨੂੰਹ ਰਾਣੀ ਕਿਸੇ ਚੇਲੇ ਕੋਲੋਂ 'ਮੰਤਰ' ਲੈਣ ਗਈ ਤਾਂ ਕਿ ਘਰ ਵਿਚ ਰਹਿੰਦੇ ਕਲੇਸ਼ ਦਾ ਕੋਈ ਉਪਾਅ ਹੋ ਸਕੇ। ਵਹਿਮਾਂ-ਭਰਮਾਂ ਦੀ ਪੱਟੀ ਹੋਈ ਇਸ ਬੀਬੀ ਨੂੰ ਚਲਾਕ ਚੇਲੇ ਨੇ ਛੰਗਣ-ਮੰਗਣ ਜਿਹੇ ਕਰਦਿਆਂ ਤਬੀਤ ਬਣਾ ਕੇ ਦਿੱਤਾ। ਲਓ ਜੀ, ਤਬੀਤ ਨੇ ਐਸੀ 'ਕਰਾਮਾਤ' ਦਿਖਾਈ ਕਿ ਘਰ ਵਿਚ ਸ਼ਾਂਤੀ ਵਰਤ ਗਈ! ਅੰਧ-ਵਿਸ਼ਵਾਸੀ ਲੋਕ ਤਬੀਤ ਦੇਣ ਵਾਲੇ ਚੇਲੇ ਦੀ ਜੈ-ਜੈਕਾਰ ਕਰਨ ਲੱਗ ਪਏ ਪਰ ਪਿੰਡ ਦੀ ਤਰਕਸ਼ੀਲ ਬੁੱਧੀ ਵਾਲੀ ਇਕ ਮਾਤਾ ਨੇ ਨੂੰਹ ਕੋਲੋਂ ਸਾਰੇ ਵੇਰਵੇ ਲੈ ਕੇ 'ਸ਼ਾਂਤੀ ਵਰਤਾਉਣ' ਵਾਲੇ ਤਬੀਤ ਦਾ ਗੁੱਝਾ ਰਾਜ਼ ਜੱਗ ਜ਼ਾਹਰ ਕਰ ਦਿੱਤਾ।

ਤਬੀਤ ਬਣਾ ਕੇ ਚੇਲੇ ਨੇ ਨੂੰਹ ਨੂੰ ਇਹ ਹਦਾਇਤ ਵੀ ਕੀਤੀ ਸੀ ਕਿ ਇਸ ਨੂੰ ਸਦਾ ਆਪਣੇ ਖੀਸੇ ਵਿਚ ਰੱਖਣਾ, ਜਦੋਂ ਵੀ ਸੱਸ ਕੋਈ ਉਲਟੀ-ਸਿੱਧੀ ਗੱਲ ਕਰੇ, ਉਸੇ ਵੇਲੇ ਇਹ ਤਬੀਤ ਮਲਕ ਦੇਣੀ ਮੋਹਰਲੇ ਦੰਦਾਂ ਵਿਚ ਫਸਾ ਲੈਣਾ। ਜਿਉਂ-ਜਿਉਂ ਸੱਸ ਕੁ-ਬਚਨ ਬੋਲੇ, ਤਿਉਂ-ਤਿਉਂ ਤੂੰ ਦੰਦਾਂ ਨਾਲ ਤਬੀਤ ਨੂੰ ਚੱਕ ਮਾਰੀ ਜਾਈਂ। ਜਦ ਇੰਜ ਨੂੰਹ ਦਾ ਮੂੰਹ ਬੰਦ ਰਹਿਣ ਲੱਗਾ ਤਾਂ ਸੱਸ ਨੇ ਵੀ ਹੌਲੀ-ਹੌਲੀ ਮੰਦਾ-ਚੰਗਾ ਬੋਲਣਾ ਬੰਦ ਕਰ ਦਿੱਤਾ। ਜੁਗਤਿ ਨਾਲ ਨੂੰਹ ਨੂੰ ਚੁੱਪ ਕਰਵਾ ਕੇ, ਉਸ ਦੀ ਝੋਲੀ ਵਿਚ ਸੌ ਸੁੱਖ ਪਾ ਦਿੱਤੇ।

ਮੂੰਹ 'ਚੋਂ ਨਿਕਲੇ ਹੋਏ ਕੁਝ ਬੋਲ ਹੀ ਅੰਦਰਲੇ ਦਾ ਪ੍ਰਗਟਾਵਾ ਕਰ ਦਿੰਦੇ ਹਨ। ਪੜ੍ਹੇ-ਲਿਖੇ ਵਿਦਵਾਨਾਂ ਵਿਚ ਚੁੱਪ-ਚਾਪ ਬੈਠਣ ਵਾਲੇ ਅਨਪੜ੍ਹਾਂ ਦੀ ਵੀ ਇੱਜ਼ਤ ਬਣ ਜਾਂਦੀ ਹੈ। ਆਪਣੇ ਪਿੰਡ ਦੇ ਜਿਸ ਸਕੂਲ ਵਿਚ ਮੈਂ ਪੜ੍ਹਦਾ ਰਿਹਾ ਹਾਂ, ਉਦੋਂ ਉਹ ਮਿਡਲ ਹੀ ਹੁੰਦਾ ਸੀ। ਇਕ ਵਾਰ ਉਸ ਸਕੂਲ ਵਿਚ ਹਲਕੇ ਦਾ ਐਮ.ਐਲ.ਏ. ਪਧਾਰਿਆ। ਦੋ-ਤਿੰਨ ਪਿੰਡਾਂ ਦੀਆਂ ਪੰਚਾਇਤਾਂ ਵੀ ਆਈਆਂ ਹੋਈਆਂ ਸਨ। ਸਾਡੇ ਪਿੰਡ ਦਾ ਸੂਝਵਾਨ ਸਰਪੰਚ ਐਮ.ਐਲ.ਏ. ਨੂੰ ਮੁਖਾਤਿਬ ਹੋ ਕੇ ਕਹਿਣ ਲੱਗਾ ਕਿ ਸਰਦਾਰ ਜੀ, ਸਾਡੇ ਇਸ ਸਕੂਲ ਨੂੰ ਅਪ-ਗ੍ਰੇਡ ਕਰ ਕੇ ਹਾਈ ਸਕੂਲ ਬਣਾ ਦਿਓ ਤਾਂ ਕਿ ਇਸ ਇਲਾਕੇ ਦੇ ਵਿਦਿਆਰਥੀਆਂ ਨੂੰ ਨੌਵੀਂ-ਦਸਵੀਂ ਕਰਨ ਵਾਸਤੇ ਜਾਡਲੇ ਨਾ ਜਾਣਾ ਪਵੇ। ਸਰਪੰਚ ਨੂੰ ਵਿਚੋਂ ਹੀ ਟੋਕਦਿਆਂ ਇਕ ਹੋਰ ਅਨਪੜ੍ਹ ਸਰਪੰਚ ਬੋਲਿਆ, "ਕਿਆ ਸਰਪੰਚਾ! ਤੂੰ ਤਾਂ ਨੇੜੇ ਈ ਬਹਿ ਗਿਐਂ।... ਸਰਦਾਰ ਹੁਣੀ ਸਬੱਬ ਨਾਲ ਆਏ ਹੋਏ ਐ। ਦਸਵੀਂ-ਦੁਸਵੀਂ ਨਹੀਂ, ਸਕੂਲ ਹੁਣ 'ਕੱਠਾ ਈ ਤੇਰ੍ਹਵੀਂ-ਚੌਧਵੀਂ ਤੱਕ ਦਾ ਬਣਵਾ ਲਓ।"

ਇਕੱਠ ਵਿਚ ਬੈਠੇ ਸਾਰੇ ਜਣੇ ਹੱਸ-ਹੱਸ ਦੋਹਰੇ ਹੋ ਗਏ। ਹੁਣ ਦੱਸੋ, ਇਹੋ ਜਿਹੀ ਹਾਸੋ-ਹੀਣੀ ਕਰਵਾਉਣ ਨਾਲੋਂ ਸ਼ਾਹ ਹੁਸੈਨ ਦੀ ਨਸੀਹਤ 'ਚੁੱਪ ਵੇ ਅੜਿਆ ਚੁੱਪ' ਪੱਲੇ ਨਹੀਂ ਬੰਨ੍ਹ ਲੈਣੀ ਚਾਹੀਦੀ। ਸਾਡੇ ਸਮਿਆਂ ਦਾ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਹਨੇਰਿਆਂ ਕੋਲ ਸੱਚ ਸੁਣਨ ਦਾ ਜੇਰਾ ਨਾ ਹੋਣ ਕਾਰਨ ਚੁੱਪ ਤਾਂ ਰਹਿਣਾ ਚਾਹੁੰਦਾ ਹੈ, ਪਰ ਜਦੋਂ ਉਸ ਨੂੰ 'ਸ਼ਮ੍ਹਾਂਦਾਨਾਂ' ਦੀ ਯਾਦ ਆਉਂਦੀ ਹੈ ਤਾਂ ਉਹ ਚੁੱਪ ਤੋੜਨ ਦੀ ਦਲੇਰੀ ਕਰਦਾ ਹੈ। ਜਾਗਦੀ ਜ਼ਮੀਰ ਵਾਲਾ ਸ਼ਾਇਰ ਜੁ ਹੋਇਆ! ਕੁਝ ਅਜਿਹੇ ਵਿਚਾਰ ਹੀ ਡਾ. ਅਲਾਮਾ ਇਕਬਾਲ ਪ੍ਰਗਟਾਉਂਦਾ ਹੈ,

ਚੁੱਪ ਨਾ ਰਹ ਸਕਾ
ਹਜ਼ਰਤੇ ਯਜ਼ਦਾਂ ਮੇਂ ਭੀ ਇਕਬਾਲ,
ਕਰਵਾਏ ਕੋਈ
ਬੰਦਾ-ਏ-ਗੁਸਤਾਖ ਕਾ ਮੂੰਹ ਬੰਦ।

# ਨੱਬੇ ਸਾਲਾ ਦੌੜਾਕ ਗੱਭਰੂ-ਗੁਲਚਮਨ ਸਿੰਘ ਸਹੋਤਾ

ਤੇਜ਼ ਦੌੜਾਕੀ ਵਿਚ ਮਿਲਖਾ ਸਿੰਘ ਨੇ ਇੱਕ ਅਜਿਹਾ ਰਿਕਾਰਡ ਕਾਇਮ ਕੀਤਾ ਜਿਸ ਦੀ ਮਿਸਾਲ ਅੱਜ ਦੁਨੀਆਂ ਭਰ ਵਿਚ ਦਿੱਤੀ ਜਾਂਦੀ ਹੈ। ਪਿੱਛੇ ਜਿਹੇ ਹੁਸ਼ਿਆਰਪੁਰ ਦਾ ਇੱਕ ਹੋਰ ਅਣਗੌਲਿਆ ਦੌੜਾਕ ਮੱਖਣ ਸਿੰਘ ਦਾ ਰੁਲ ਰਿਹਾ ਟੱਬਰ ਆਪਣੀ ਪਹਿਚਾਣ ਲਈ ਅੱਗੇ ਨਿੱਤਰਿਆ ਤੇ ਉਸ ਦੀ ਸੁਣਵਾਈ ਵੀ ਹੋਈ। ਉਸ ਨੇ 1964 ਵਿਚ ਕਲਕੱਤਾ ਵਿਖੇ ਹੋਈਆ ਕੌਮੀ ਅਥਲੈਟਿਕਸ ਖੇਡਾਂ ਵਿਚ ਉਡਣੇ ਸਿੱਖ ਮਿਲਖਾ ਸਿੰਘ ਨੂੰ ਹਰਾ ਦਿੱਤਾ ਸੀ। ਉਸ ਨੇ 12 ਸੋਨੇ, ਤਿੰਨ ਚਾਂਦੀ ਅਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। 1964 ਵਿਚ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨ ਵੱਲੋਂ ਮੱਖਣ ਸਿੰਘ ਨੂੰ ਵੱਕਾਰੀ ਅਰਜਨ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ ਸੀ। ਫੌਜ ਵਿਚੋਂ ਸੇਵਾਮੁਕਤੀ ਤੋਂ ਬਾਦ ਟਰੱਕ ਡਰਾਈਵਰੀ ਕਰਦਾ ਲੱਤ ਤੁੜਵਾ ਬੈਠਾ ਤੇ ਮੰਜੇ 'ਤੇ ਹੱਡ ਰਗੜਦਾ ਰੱਬ ਨੂੰ ਪਿਆਰਾ ਹੋ ਗਿਆ। ਮੰਦਹਾਲੀ ਵਿਚ ਉਸ ਦੇ ਟੱਬਰ ਨੇ ਉਸ ਦੇ ਮੈਡਲ ਵੇਚਣੇ ਲਾਏ ਤਾਂ ਸਰਕਾਰ ਦੀ ਜਾਗ ਖੁਲ੍ਹੀ।

ਇੰਗਲੈਂਡ ਵਿਚਲਾ ਸੌ ਸਾਲਾ ਫੌਜਾ ਸਿੰਘ ਤਾਂ ਦੁਨੀਆ ਭਰ ਵਿਚ ਪੰਜਾਬੀਆਂ ਦਾ, ਵਿਸ਼ੇਸ਼ ਕਰ ਕੇ ਸਿੱਖਾਂ ਦਾ ਨਾਂ ਰੋਸ਼ਨ ਕਰ ਰਿਹੈ। ਉਸ ਨੂੰ ਦੌੜਦੇ ਵੇਖ ਕੇ ਗੋਰੇ ਵੀ ਮੂੰਹ ਵਿਚ ਉਂਗਲਾਂ ਪਾ ਲੈਂਦੇ ਹਨ।

ਅਜਿਹਾ ਹੀ ਇੱਕ ਹੋਰ 90 ਸਾਲਾ ਗੱਭਰੂ ਅੱਜ ਕੱਲ੍ਹ ਕੈਲੀਫੋਰਨੀਆ 'ਚ ਰਹਿ ਰਿਹਾ ਹੈ, ਜਿਸ ਦਾ ਨਾਂ ਗੁਲਚਮਨ ਸਿੰਘ ਸਹੋਤਾ ਹੈ। ਉਹ ਜ਼ਿਲ੍ਹਾ ਜਲੰਧਰ ਦੇ ਬੜਾ ਪਿੰਡ ਦੇ ਜੰਮਪਲ ਅਤੇ ਗੁਰਸ਼ਰਨ ਸਿੰਘ ਐਡਵੋਕੇਟ ਦੇ ਪੁੱਤਰ ਤੇ ਸ. ਲੱਖਾ ਸਿੰਘ ਸਹੋਤਾ ਦੇ ਪੋਤਰੇ ਹਨ। ਸਕੂਲ/ਕਾਲਜ ਦੇ ਸਮੇਂ ਤੋਂ ਹੀ ਉਨ੍ਹਾਂ ਬਹੁਤ ਮੱਲਾਂ ਮਾਰੀਆ ਤੇ ਖੇਡਾਂ/ਦੌੜਾਂ ਵਿਚ ਇਨਾਮ ਜਿੱਤਦੇ ਰਹੇ। ਸ. ਸਹੋਤਾ ਨੇ ਦੱਸਿਆ ਕਿ ਉਹ ਸ਼ੁਰੂ ਤੋਂ ਹੀ ਸ਼ਾਕਾਹਾਰੀ ਰਹੇ ਹਨ ਤੇ ਸਾਦਾ ਭੋਜਨ ਹੀ ਉਨ੍ਹਾਂ ਦੀ ਤੰਦਰੁਸਤੀ ਦਾ ਰਾਜ਼ ਹੈ। ਉਨ੍ਹਾਂ ਸਾਰੀ ਉਮਰ ਨਸ਼ਿਆਂ ਨੂੰ ਮੂੰਹ ਨਹੀਂ ਲਾਇਆ। ਉਹ 13-14 ਮਿੰਟ ਪ੍ਰਤੀ ਮੀਲ ਦੀ ਰਫ਼ਤਾਰ ਨਾਲ ਤੁਰ ਸਕਦੇ ਹਨ। ਉਹ ਹਰ ਰੋਜ਼ ਦੋ ਘੰਟੇ ਪੈਦਲ ਸੈਰ ਕਰਦੇ ਹਨ ਤੇ ਜੋਗਿੰਗ ਕਰਦੇ ਹਨ। ਕਈ ਗੋਰੇ ਖੜ੍ਹ ਖੜ੍ਹ ਕੇ ਉਨ੍ਹਾਂ ਦੀ ਤੇਜ਼ ਰਫਤਾਰੀ ਨੂੰ ਵੇਖਦੇ ਉਤਸ਼ਾਹਿਤ ਕਰਦੇ ਹਨ।



*ਗੁਲਚਮਨ ਸਿੰਘ ਸਹੋਤਾ*

ਉਹ ਪੂਰੇ ਜੋਸ਼ ਨਾਲ ਪੀ. ਟੀ. ਕਰਦੇ ਹਨ, ਡੰਡ ਬੈਠਕਾਂ ਮਾਰਦੇ ਹਨ। ਉਨ੍ਹਾਂ ਦੇ ਗੋਡਿਆਂ ਤੇ ਮੋਢਿਆਂ ਵਿਚ ਜਵਾਨੀ ਵਾਲੀ ਤੜਕ-ਮੜਕ ਤੇ ਛੁਹਲਾਪਣ ਕਾਇਮ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰੀਰ ਦੀ ਤੰਦਰੁਸਤੀ ਲਈ ਹਰ ਇੱਕ ਨੂੰ ਸਮਾਂ ਕੱਢ ਕੇ ਕੁਝ ਕਸਰਤ ਜਾਂ ਸੈਰ ਜ਼ਰੂਰ ਕਰਨੀ ਚਾਹੀਦੀ ਹੈ।

ਵਰਣਨਯੋਗ ਹੈ ਕਿ ਸ. ਗੁਲਚਮਨ ਸਿੰਘ ਪ੍ਰਿੰ. ਰਾਜਿੰਦਰ ਸਿੰਘ ਸਹੋਤਾ ਦੇ ਵੱਡੇ ਭਰਾ ਹਨ। ਪਦਮਸ੍ਰੀ ਬਲਵੀਰ ਸਿੰਘ ਕੁਲਾਰ (ਓਲੰਪੀਅਨ) ਡੀ. ਆਈ. ਜੀ. ਅਤੇ ਗੁਰਜੀਤ ਸਿੰਘ ਕੁਲਾਰ ਡੀ. ਐਸ. ਪੀ. ਦੀ ਭੈਣ ਹਰਜੀਤ ਕੌਰ ਉਨ੍ਹਾਂ ਦੀ ਧਰਮ ਪਤਨੀ ਹੈ। ਗੁਲਚਮਨ ਸਿੰਘ ਸਹੋਤਾ ਆਪਣੇ ਦੋ ਪੁੱਤਰਾਂ-ਕਰਮਜੀਤ ਸਿੰਘ ਸਹੋਤਾ ਤੇ ਨਰਿੰਦਰਪਾਲ ਸਿੰਘ ਸਹੋਤਾ ਤੇ ਦੋ ਪੋਤਰੇ-ਨਵਤੇਜ ਸਿੰਘ ਸਹੋਤਾ ਤੇ ਜੁਗਰਾਜ ਸਿੰਘ ਸਹੋਤਾ ਨਾਲ ਸੈਨ ਹੋਜ਼ੇ ਵਿਚ ਰਹਿ ਰਹੇ ਹਨ।

ਸ. ਗੁਲਚਮਨ ਸਿੰਘ ਦੌੜਨ ਦਾ ਬਿਲਾਨਾਗਾ ਅਭਿਆਸ ਕਰਦੇ ਵੇਖੇ ਗਏ ਹਨ। ਅਗਲੀ ਮੈਰਾਥਨ ਦੌੜ ਵਿਚ ਹਿੱਸਾ ਲੈਣ ਦੇ ਟਾਰਗੈਟ ਨਾਲ ਉਹ ਖੂਬ ਮਾਲਿਸ਼ਾਂ ਕਰਦੇ ਹਨ ਪਰ ਬਿਨਾ ਕਸੇ ਸਰਕਾਰੀ ਇਨਾਮ ਦੇ ਲਾਲਚ ਦੇ, ਉਹ ਆਪਣਾ ਨਿੱਤਨੇਮ ਜਾਰੀ ਰੱਖਦੇ ਹਨ। ਸ. ਗੁਲਚਮਨ ਸਿੰਘ ਸਹੋਤਾ ਨਾਲ ਫ਼ੋਨ: 408-220-3284 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

***-ਚਰਨਜੀਤ ਸਿੰਘ ਪੰਨੂ***

# ਵਿਲੱਖਣ ਸ਼ੈਲੀ ਵਾਲਾ ਲਿਖਾਰੀ ਗੁਰਦਿਆਲ ਸਿੰਘ ਬੱਲ

## ਸੰਪਾਦਕ ਦੀ ਡਾਕ

ਗੁਰਦਿਆਲ ਸਿੰਘ ਬੱਲ ਨਾਲ ਮੇਰੀ ਜਾਣ-ਪਛਾਣ 'ਪੰਜਾਬ ਟਾਈਮਜ਼' ਰਾਹੀਂ ਹੀ ਹੋਈ ਹੈ। ਫੋਨ 'ਤੇ ਅਕਸਰ ਗੁਫ਼ਤਗੂ ਹੁੰਦੀ ਰਹਿੰਦੀ ਹੈ। ਆਪਣੀ ਗੱਲ ਜਾਂ ਲਿਖਤ ਨੂੰ ਭਾਵਪੂਰਤ ਬਣਾਉਣ ਲਈ ਉਹ ਸਾਹਿਤ, ਫਲਸਫ਼ੇ ਅਤੇ ਇਤਿਹਾਸ ਵਿਚੋਂ ਜਿੰਨੀ ਸਮੱਗਰੀ ਪੂਰੀ ਸ਼ਿੱਦਤ ਨਾਲ ਪਾਠਕ ਸਾਮਹਣੇ ਰੱਖਦਾ ਹੈ, ਪੜ੍ਹ/ਸੁਣ ਕੇ ਦਿਲ ਅਸ਼-ਅਸ਼ ਕਰ ਉਠਦਾ ਹੈ। ਉਸ ਦੀ ਅਥਾਹ ਗਿਆਨ ਸਮੱਰਥਾ ਦੇ ਤਾਂ ਕਹਿਣੇ ਹੀ ਕੀ! ਪ੍ਰੋ. ਹਰਪਾਲ ਸਿੰਘ ਪੰਨੂ ਦਾ ਕਹਿਣਾ ਦਰੁਸਤ ਹੈ ਕਿ ਬੱਲ ਆਪਣੇ-ਆਪ ਨੂੰ ਵਾਰਤਕ ਲੇਖਕ ਨਹੀਂ ਮੰਨਦਾ; ਇਹ ਕਹਿ ਕੇ, ਕਿ ਮੈਂ ਤਾਂ ਆਪਣੇ ਦੋਸਤਾਂ ਨਾਲ ਸੰਵਾਦ ਰਚਾਉਂਦਾ ਹਾਂ, ਜਾਂ ਗੱਲਬਾਤ ਕਰਦਾ ਹਾਂ, ਬੱਲ ਆਪਣੀ ਲਿਖਤ 'ਚ ਬਹੁਤ ਸਾਰੇ ਔਗੁਣਾਂ ਤੋਂ ਨਿਜਾਤ ਪਾ ਲੈਂਦਾ ਹੈ।

ਮੈਂ ਖੁਦ ਵਧੀਆ ਲਿਖਤਾਂ ਪੜ੍ਹਨ ਦਾ ਸ਼ੌਂਕ ਰਖਦਾ ਹਾਂ। ਬੰਗਾਲੀਆਂ ਵਾਂਗ ਪੰਜਾਬੀ ਪੜ੍ਹਨ ਦੇ ਸ਼ੌਕੀਨ ਨਹੀਂ ਪਰ ਪੰਜਾਬੀ ਪੜ੍ਹਨ ਵਾਲਿਆਂ ਨੂੰ ਵਧੀਆ ਪੁਸਤਕਾਂ ਲੱਭਣ ਵਿਚ ਕਾਫ਼ੀ ਮੁਸ਼ਕਲ ਆਉਂਦੀ ਹੈ। ਮਿਸਾਲ ਵਜੋਂ 'ਕ੍ਰਾਈਸਿਸ ਆਫ ਮਾਰਕਸਿਜ਼ਮ' ਮੈਂ ਅਜੇ ਤਕ ਪ੍ਰਾਪਤ ਨਹੀਂ ਕਰ ਸਕਿਆ। ਇਸ ਮਾਮਲੇ ਵਿਚ ਵੀ ਬੱਲ ਆਪਣੇ ਜਾਣਕਾਰਾਂ ਤੇ ਦੋਸਤਾਂ ਦੀ ਮਦਦ ਕਰਦਾ ਹੈ। ਉਸ ਨੇ ਜਿੰਨੀਆਂ ਕਿਤਾਬਾਂ ਵੰਡੀਆਂ ਹਨ, ਆਮ ਪੰਜਾਬੀ ਨੇ ਉਸ ਤੋਂ ਅੱਧੀਆਂ ਵੀ ਨਹੀਂ ਪੜ੍ਹੀਆਂ ਹੋਣੀਆਂ।

'ਪੰਜਾਬ ਟਾਈਮਜ਼' ਦੇ 21 ਜੂਨ ਵਾਲੇ ਅੰਕ ਨੰਬਰ 25 ਵਿਚ ਛਪਿਆ ਗੁਰਦਿਆਲ ਬੱਲ ਦਾ ਸੰਸਾਰ ਫੁੱਟਬਾਲ 2014 ਬ੍ਰਾਜ਼ੀਲ ਬਾਰੇ ਲੇਖ 'ਸਪੇਨੀਆਂ 'ਤੇ ਟੁੱਟਾ ਨੀਦਰਲੈਂਡ ਦਾ ਕਹਿਰ' ਵੀ ਦਿਲ ਨੂੰ ਟੁੰਬ ਗਿਆ। ਉਹ ਫ਼ੁੱਟਬਾਲ ਦੀ ਖੇਡ ਬਾਰੇ ਲਿਖਦਿਆਂ ਵੀ ਉਚ ਕੋਟੀ ਦੇ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਮਿਸਾਲਾਂ ਦੇ ਕੇ ਲੇਖ ਨੂੰ ਸਾਹਿਤਕ ਪੁੱਠ ਦੇ ਗਿਆ। ਇਕੱਲੇ-ਇਕੱਲੇ ਖਿਡਾਰੀ ਦਾ ਨਾਂ, ਖੇਡਣ ਦੀ ਸਮਰੱਥਾ, ਟੀਮ ਨਾਲ ਤਾਲਮੇਲ, ਵੱਖ-ਵੱਖ ਸੰਸਾਰ ਕੱਪਾਂ ਵਿਚ ਕੀਤੇ ਗੋਲ, ਕੀਤੀਆਂ ਗਲਤੀਆਂ, ਹਾਰ ਦੇ ਕਾਰਨਾਂ ਦਾ ਵੇਰਵਾ ਆਦਿ ਜਸਦੇਵ ਸਿੰਘ ਦੀ ਹਾਕੀ ਕੁਮੈਂਟਰੀ ਤੋਂ ਬਾਅਦ ਬੱਲ ਦੀ ਲਿਖਤ ਵਿਚ ਹੀ ਮਿਲਿਆ ਹੈ।

ਮੈਂ ਕੋਈ ਲਿਖਾਰੀ ਜਾਂ ਵਿਆਖਿਆਕਾਰ ਨਹੀਂ, ਸਿਰਫ਼ ਪੰਜਾਬੀ ਵਿਚ ਛਪੇ ਵਧੀਆ ਲੇਖ, ਪੁਸਤਕਾਂ, ਪੜਚੋਲ ਆਦਿ ਪੜ੍ਹਨ ਦਾ ਸ਼ੌਂਕ ਹੈ। ਮੈਂ ਸਿਰਫ਼ ਗੁਰਦਿਆਲ ਸਿੰਘ ਬੱਲ ਬਾਰੇ ਆਪਣੇ ਕੁਝ ਵਲਵਲੇ ਅਤੇ ਵਿਚਾਰ ਸਾਂਝੇ ਕੀਤੇ ਹਨ। ਮੈਂ 'ਪੰਜਾਬ ਟਾਈਮਜ਼' ਪਿਛਲੇ ਪਾਸੇ ਤੋਂ ਥੱਲਣਾ ਅਤੇ ਪੜ੍ਹਨਾ ਸ਼ੁਰੂ ਕਰਦਾ ਹਾਂ। ਜਤਿੰਦਰ ਮੌਹਰ, ਦਲਜੀਤ ਅਮੀ, ਬੂਟਾ ਸਿੰਘ, ਗੁਰਬਚਨ ਸਿੰਘ ਭੁੱਲਰ, ਪ੍ਰਫੁੱਲ ਬਿਦਵਈ, ਜਤਿੰਦਰ ਪੰਨੂ ਜਿਹੇ ਟਿੱਪਣੀਕਾਰਾਂ ਦੀਆਂ ਲਿਖਤਾਂ 'ਪੰਜਾਬ ਟਾਈਮਜ਼' ਦਾ ਸ਼ਿੰਗਾਰ ਤਾਂ ਹੁੰਦੀਆਂ ਹੀ ਹਨ, ਪਾਠਕ ਨੂੰ ਵੀ ਲੁਤਫ਼ ਦਿੰਦੀਆਂ ਹਨ ਤੇ ਸਮਝ 'ਚ ਵਾਧਾ ਕਰਦੀਆਂ ਹਨ।

***-ਅਮਰਜੀਤ ਸਿੰਘ ਤਰਸਿੱਕਾ***
*ਫੋਨ: 559-283-4232*

### ਮੋਦੀ ਸਰਕਾਰ ਦਾ ਪੌਣਾ ਮਹੀਨਾ

# ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ...!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

'ਅੱਛੇ ਦਿਨ...?'

'...ਆਨੇ ਵਾਲੇ ਹੈਂ!'


ਹੁਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਪਹਿਲੇ ਕੁਝ ਭਾਸ਼ਣਾਂ ਵਿਚ 'ਅੱਛੇ ਦਿਨ ਆਨੇ ਵਾਲੇ ਹੈਂ" ਕਹਿਣ ਤੋਂ ਬਾਅਦ ਇਨ੍ਹਾਂ ਸ਼ਬਦਾਂ ਨੂੰ ਚੋਣ-ਨਾਹਰੇ ਵਜੋਂ ਚੁੱਕਿਆ ਸੀ। ਕਿਉਂਕਿ ਇਹ ਸ਼ਬਦ ਕਈ ਭਾਸ਼ਣਾਂ ਦਾ ਹਿੱਸਾ ਬਣ ਚੁੱਕੇ ਸਨ, ਭਾਜਪਾ ਦੀ ਰਿਜ਼ਰਵ ਫੌਜ ਗਿਣੇ ਜਾਂਦੇ ਆਰ ਐਸ ਐਸ ਦੇ ਕਾਡਰ ਨੇ ਸਾਰਿਆਂ ਤੋਂ ਪਹਿਲਾਂ ਇਸ ਨੂੰ ਉਛਾਲਿਆ ਤੇ ਫਿਰ ਨਰਿੰਦਰ ਮੋਦੀ ਨੇ ਹਰ ਸਟੇਜ ਉਤੇ ਜਾ ਕੇ ਇਹ ਨਾਹਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ, 'ਅੱਛੇ ਦਿਨ...?' ਜਵਾਬ ਵਿਚ ਸਾਹਮਣੇ ਬੈਠੀ ਭੀੜ ਹੁੰਗਾਰਾ ਭਰ ਦੇਂਦੀ ਸੀ, '...ਆਨੇ ਵਾਲੇ ਹੈਂ!' ਨਾਹਰਾ ਹੁਣ ਵੀ ਇਹੋ ਹੈ, ਪਰ ਹੁਣ ਇਹ ਭਾਜਪਾ ਵਾਲੇ ਨਹੀਂ ਲਾਉਂਦੇ, ਦੂਸਰੇ ਲੋਕ ਵਿਅੰਗ ਦੀ ਸੁਰ ਵਿਚ ਲਾਉਣ ਲੱਗ ਪਏ ਹਨ।

ਅਸੀਂ ਇਹੋ ਜਿਹੇ ਨਾਹਰਿਆਂ ਦਾ ਜਲੂਸ ਨਿਕਲਦਾ ਕਈ ਵਾਰੀ ਵੇਖਿਆ ਹੈ। ਜਦੋਂ ਸੋਨੀਆ ਗਾਂਧੀ ਨੇ ਨਾਹਰਾ ਦਿੱਤਾ ਸੀ ਕਿ 'ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ', ਤਾਂ ਚੋਣਾਂ ਜਿੱਤਣ ਪਿੱਛੋਂ ਉਹ ਨਾਹਰਾ ਵੀ ਇੱਕ ਵਿਅੰਗ ਦਾ ਪ੍ਰਤੀਕ ਬਣ ਗਿਆ ਸੀ। ਖਾਸ ਕਰ ਕੇ ਉਦੋਂ ਇਹ ਨਾਹਰਾ ਬੜਾ ਉਛਾਲਿਆ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਚਹੇਤੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਇਹ ਸਕੀਮ ਪੇਸ਼ ਕਰ ਦਿੱਤੀ ਸੀ ਕਿ ਰੋਜ਼ ਦੇ ਅਠਾਈ ਰੁਪਏ ਖਰਚ ਸਕਣ ਵਾਲਾ ਆਮ ਆਦਮੀ ਗਰੀਬ ਨਹੀਂ ਗਿਣਨਾ ਚਾਹੀਦਾ। ਜਿਸ ਦਫਤਰ ਵਿਚ ਉਹ ਬੈਠਦਾ ਸੀ, ਉਸ ਦੇ ਇੱਕ ਬਾਥਰੂਮ ਦੇ ਨਵੀਨੀਕਰਨ ਉਤੇ ਆਮ ਆਦਮੀ ਦੇ ਦਿੱਤੇ ਟੈਕਸਾਂ ਦੀ ਕਮਾਈ ਦੇ ਸੱਤਰ ਲੱਖ ਰੁਪਏ ਤੋਂ ਵੱਧ ਰੋੜ੍ਹ ਦੇਣ ਵਾਲੇ ਆਹਲੂਵਾਲੀਏ ਦੀ ਇਸ ਮਸ਼ਕਰੀ ਦਾ ਮਨਮੋਹਨ ਸਿੰਘ ਨੇ ਵੀ ਸਾਥ ਦੇ ਦਿੱਤਾ ਤਾਂ ਲੋਕ ਕਹਿਣ ਲੱਗ ਪਏ ਸਨ ਕਿ ਕਾਂਗਰਸ ਦਾ ਹੱਥ ਆਮ ਆਦਮੀ ਦੇ ਗਲ਼ ਨੂੰ ਪੈ ਗਿਆ ਹੈ। ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ, ਭਾਜਪਾ ਨੇ ਇਸ ਦਾ ਵਿਰੋਧ ਬਾਕੀ ਸਾਰਿਆਂ ਤੋਂ ਤਿੱਖਾ ਕੀਤਾ ਸੀ, ਕਰਨਾ ਵੀ ਚਾਹੀਦਾ ਸੀ ਪਰ ਬਾਅਦ ਵਿਚ ਇਹ ਗੁੰਝਲ ਖੁੱਲ੍ਹ ਗਈ ਕਿ ਉਨ੍ਹਾਂ ਦੇ ਸਭ ਤੋਂ ਵੱਡੇ ਲੀਡਰ ਨਰਿੰਦਰ ਮੋਦੀ ਵਾਲੀ ਗੁਜਰਾਤ ਸਰਕਾਰ ਇਸ ਤੋਂ ਵੀ ਘੱਟ ਪੈਸਿਆਂ ਨਾਲ ਆਮ ਆਦਮੀ ਦਾ ਬੁੱਤਾ ਸਰ ਗਿਆ ਮੰਨਦੀ ਹੈ। ਏਦਾਂ ਦੇ ਡਰਾਮੇ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਕਈ ਵਾਰੀ ਕੀਤੇ ਹੋਏ ਹਨ ਤੇ ਹੁਣ ਵੀ ਹੋਈ ਜਾਂਦੇ ਹਨ।

ਸਾਡੇ ਪੰਜਾਬ ਵਿਚ ਵੀ ਨਾਹਰਿਆਂ ਦਾ ਜਲੂਸ ਨਿਕਲਦਾ ਵੇਖਿਆ ਜਾ ਚੁੱਕਾ ਹੈ। ਅਠਾਰਾਂ ਸਾਲ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਲੁਧਿਆਣੇ ਵਿਚ ਇੱਕ ਰੈਲੀ ਵਿਚ ਇਹ ਨਾਹਰਾ ਦਿੱਤਾ ਸੀ ਕਿ ਪੰਜਾਬ ਵਿਚ 'ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ' ਦੇਵਾਂਗੇ। ਜਦੋਂ ਰਾਜ ਆਇਆ ਤਾਂ ਸਾਰਾ ਕੁਝ ਲੋਕਾਂ ਲਈ ਮਾਰੂ ਸਾਬਤ ਹੋਣ ਲੱਗ ਪਿਆ। ਲੋਕਾਂ ਨੇ ਉਦੋਂ ਹਰ ਮਾੜੀ ਗੱਲ ਬਾਰੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇਹ 'ਮਹਾਰਾਜਾ ਰਣਜੀਤ ਸਿੰਘ ਦਾ ਰਾਜ' ਹੈ। ਅਗਲੀ ਵਾਰੀ ਚੋਣਾਂ ਵਿਚ ਉਸੇ ਬਾਦਲ ਨੇ ਜਦੋਂ ਇਹ ਨਾਹਰਾ ਦੇ ਦਿੱਤਾ ਕਿ 'ਰਾਜ ਨਹੀਂ, ਸੇਵਾ ਕਰਾਂਗੇ', ਕੁਝ ਦੇਰ ਪਿੱਛੋਂ ਲੋਕਾਂ ਨੂੰ ਪੁਲਿਸ ਦੀ ਕੁੱਟ ਪੈਂਦੀ ਦੀਆਂ ਖਬਰਾਂ ਦੇ ਨਾਲ ਥਾਣਿਆਂ ਵਿਚ ਲੋਕਾਂ ਨੂੰ ਕੁੱਟਣ ਲਈ ਰੱਖੇ ਹੋਏ ਪਟੇ ਦੀ ਫੋਟੋ ਛਾਪੀ ਜਾਣ ਲੱਗ ਪਈ ਸੀ, ਜਿਸ ਦੇ ਉਤੇ ਲਿਖਿਆ ਹੁੰਦਾ ਸੀ, 'ਆਓ ਤੁਹਾਡੀ ਸੇਵਾ ਕਰੀਏ।'

ਹੁਣ ਭਾਰਤ ਦੇ ਉਨ੍ਹਾਂ ਚੈਨਲਾਂ ਉਤੇ ਵਿਅੰਗ ਨਾਲ 'ਅੱਛੇ ਦਿਨ ਆਨੇ ਵਾਲੇ ਹੈਂ" ਦੀ ਕੈਪਸ਼ਨ ਲਾ ਕੇ ਸਮਾਚਾਰ ਪੜ੍ਹੇ ਜਾਣ ਲੱਗ ਪਏ ਹਨ, ਜਿਹੜੇ ਪਹਿਲਾਂ ਭਾਜਪਾ ਵਾਲੇ ਪਾਸਿਓਂ ਕਾਂਗਰਸ ਨਾਲੋਂ ਵੱਧ ਮਿਲਦੇ ਇਸ਼ਤਿਹਾਰਾਂ ਕਾਰਨ ਇਹੋ ਸ਼ਬਦ 'ਅੱਛੇ ਦਿਨ ਆਨੇ ਵਾਲੇ ਹੈ' ਭਾਜਪਾ ਦੇ ਪ੍ਰਚਾਰ ਲਈ ਵਿਖਾਇਆ ਕਰਦੇ ਸਨ। ਜਦੋਂ ਵੀਹ ਜੂਨ ਦੇ ਦਿਨ ਭਾਰਤ ਸਰਕਾਰ ਨੇ ਰੇਲਾਂ ਦੇ ਕਿਰਾਏ ਵਧਾ ਦਿੱਤੇ, ਅਤੇ ਇੱਕ-ਦਮ ਚੌਦਾਂ ਫੀਸਦੀ ਤੋਂ ਵੀ ਵੱਧ ਵਧਾ ਦਿੱਤੇ, ਤਾਂ 'ਅੱਛੇ ਦਿਨ ਆਨੇ ਵਾਲੇ ਹੈਂ" ਦੀ ਕੈਪਸ਼ਨ ਹੋਰ ਜ਼ਿਆਦਾ ਚਮਕਣ ਲੱਗ ਪਈ। ਇਹ ਇੱਕ ਮਾਮਲਾ ਹੈ, ਸਿਰਫ ਇੱਕੋ ਨਹੀਂ ਹੈ। ਜਦੋਂ ਇਸ ਸਰਕਾਰ ਨੇ ਕਮਾਨ ਸੰਭਾਲੀ ਅਤੇ ਸਿਰਫ ਦੋ ਦਿਨ ਬਾਅਦ ਡੀਜ਼ਲ ਦਾ ਭਾਅ ਪੰਜਾਹ ਪੈਸੇ ਵਧ ਗਿਆ ਸੀ, ਉਦੋਂ ਵੀ ਮੀਡੀਏ ਨੇ ਇਹੋ ਕੈਪਸ਼ਨ ਚਮਕਾਈ ਸੀ ਕਿ 'ਅੱਛੇ ਦਿਨ ਆਨੇ ਵਾਲੇ ਹੈਂ।' ਕਾਰਨ ਇਸ ਦੇ ਪਿੱਛੇ ਇਹ ਸੀ ਕਿ ਭਾਜਪਾ ਨੇ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਡੀਜ਼ਲ ਦੇ ਮੁੱਲ ਵਿਚ ਸਰਕਾਰ ਦੇ ਸਰਚਾਰਜ ਅਤੇ ਡਿਊਟੀਆਂ ਨਾ ਹੋਣ ਤਾਂ ਇਹ ਦਸ ਰੁਪਏ ਲੀਟਰ ਸਸਤਾ ਮਿਲ ਸਕਦਾ ਹੈ, ਪਰ ਖੁਦ ਅੱਗੇ ਆ ਕੇ ਸਸਤਾ ਕਰਨ ਦੀ ਥਾਂ ਡੀਜ਼ਲ ਦਾ ਭਾਅ ਵਧਾ ਦਿੱਤਾ ਸੀ, ਭਾਵੇਂ ਪੰਜਾਹ ਪੈਸੇ ਹੀ ਵਧਾਇਆ ਸੀ। ਹੁਣ ਰੇਲ ਕਿਰਾਇਆਂ ਵਿਚ ਵੀ ਅਸਲ ਵਾਧਾ ਦਸ ਫੀਸਦੀ ਦੇ ਕਰੀਬ ਹੈ, ਪਰ ਇਸ ਨਾਲ ਸਰਚਾਰਜ ਪਾ ਕੇ ਇਹ ਸਾਢੇ ਚੌਦਾਂ ਫੀਸਦੀ ਦੇ ਨੇੜੇ ਬਣ ਜਾਂਦਾ ਹੈ ਤੇ ਇਸ ਵਿਚ ਅਗਲੀ ਗੱਲ ਇਹ ਕਿ ਬੱਕਰੀ ਅਤੇ ਬਘਿਆੜ ਦੋਵਾਂ ਨੂੰ ਇੱਕੋ ਕੁੰਡੀ ਪਾਈ ਗਈ ਹੈ। ਕਿਸੇ ਵੀ ਰੇਲ ਮੰਤਰੀ ਨੇ ਕਿਰਾਏ ਵਧਾਉਣੇ ਹੋਣ ਤਾਂ ਆਮ ਕਰ ਕੇ ਉਹ ਇਹ ਗੱਲ ਉਚੇਚ ਨਾਲ ਕਹਿੰਦਾ ਹੈ ਕਿ ਸਹਿੰਦੀ ਹੈਸੀਅਤ ਵਾਲੇ ਲੋਕਾਂ ਦੀ ਲੋੜ ਵਾਲੀ ਏਅਰ ਕੰਡੀਸ਼ਨਡ ਅਤੇ ਫਸਟ ਕਲਾਸ ਉਤੇ ਵੱਧ ਭਾਰ ਪਾਇਆ ਹੈ ਤੇ ਗਰੀਬ ਲੋਕਾਂ ਨੂੰ ਬਹੁਤੇ ਭਾਰ ਤੋਂ ਬਚਾ ਲਿਆ ਹੈ, ਪਰ ਮੋਦੀ ਸਰਕਾਰ ਨੇ ਦੋਵਾਂ ਨੂੰ ਇੱਕੋ ਜਿਹੇ 'ਅੱਛੇ ਦਿਨ' ਦਿਖਾ ਦਿੱਤੇ ਹਨ। ਪਿਛਲੇ ਹਫਤੇ ਤੋਂ ਛਾਲਾਂ ਮਾਰ ਕੇ ਵਧ ਰਹੀ ਮਹਿੰਗਾਈ ਇਸ ਕਿਰਾਏ ਵਾਧੇ ਨਾਲ ਹੋਰ ਵਧ ਜਾਵੇਗੀ, ਇਸ ਲਈ ਨਹੀਂ ਕਿ ਸਫਰ ਕਰ ਰਹੇ ਲੋਕਾਂ ਦੀ ਜੇਬ ਹੌਲੀ ਹੋਣੀ ਹੈ, ਸਗੋਂ ਇਸ ਲਈ ਕਿ ਸਾਮਾਨ ਦੀ ਢੋਆ-ਢੁਆਈ ਦਾ ਕਿਰਾਇਆ ਵੀ ਵਧ ਗਿਆ ਹੈ ਤੇ ਜਦੋਂ ਉਸ ਦੀ ਢੁਆਈ ਦਾ ਖਰਚਾ ਵਧੇਗਾ, ਉਸ ਨਾਲ ਚੀਜ਼ਾਂ ਵੀ ਹੋਰ ਮਹਿੰਗੀਆਂ ਹੋਣਗੀਆਂ।

ਰੇਲ ਕਿਰਾਏ ਵਿਚ ਵਾਧੇ ਦਾ ਐਲਾਨ ਆਇਆ ਤਾਂ ਲੋਕਾਂ ਨੇ ਦੁਹਾਈ ਪਾ ਦਿੱਤੀ। ਭਾਜਪਾ ਦੇ ਬੁਲਾਰਿਆਂ ਵੱਲੋਂ ਤੱਤੇ-ਘਾਅ ਦਿੱਤਾ ਗਿਆ ਜਵਾਬ ਇਹ ਸੀ ਕਿ ਕਿਰਾਇਆ ਵਧਾਇਆ ਨਹੀਂ ਗਿਆ, ਸਾਨੂੰ ਵਧਾਉਣਾ ਪੈ ਗਿਆ ਹੈ, ਕਿਉਂਕਿ ਕਾਂਗਰਸ ਲੀਡਰਸ਼ਿਪ ਨੇ ਲੋਕਾਂ ਦੇ ਨਾਰਾਜ਼ ਹੋਣ ਤੋਂ ਡਰਦੀ ਨੇ ਪਿਛਲੇ ਪੰਜ ਸਾਲ ਵਧਾਇਆ ਨਹੀਂ ਸੀ ਅਤੇ ਰੇਲਵੇ ਦੇ ਵਿਕਾਸ ਲਈ ਵਧਾਉਣਾ ਪੈਣਾ ਸੀ। ਉਨ੍ਹਾਂ ਦੇ ਇਸ ਜਵਾਬ ਦੀ ਸ਼ਾਮ ਤੱਕ ਫੂਕ ਨਿਕਲ ਗਈ, ਸਗੋਂ ਅਗਲੀ ਗੱਲ ਵੀ ਸਾਹਮਣੇ ਆ ਗਈ, ਜਿਸ ਦਾ ਜਵਾਬ ਦੇਣਾ ਉਨ੍ਹਾਂ ਲਈ ਔਖਾ ਹੋ ਗਿਆ। ਗੱਲ ਤਾਂ ਇਹ ਵੀ ਗਲਤ ਸੀ ਕਿ ਕਾਂਗਰਸ ਸਰਕਾਰ ਨੇ ਵਧਾਇਆ ਨਹੀਂ ਸੀ, ਹਾਲੇ ਦੋ ਸਾਲ ਪਹਿਲਾਂ ਵਧਾਇਆ ਗਿਆ ਸੀ, ਅਗਲੀ ਗੱਲ ਇਹ ਹੋਈ ਕਿ ਜਿਸ ਦਲੀਲ ਨਾਲ ਉਦੋਂ ਭਾਜਪਾ ਆਗੂ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਕਿਰਾਏ ਵਧਾਉਣ ਦਾ ਵਿਰੋਧ ਕੀਤਾ ਸੀ, ਉਹ ਸਾਰੀ ਦਲੀਲ ਹੁਣ ਮੋਦੀ ਸਾਹਿਬ ਦੇ ਆਪਣੇ ਉਤੇ ਫਿੱਟ ਬੈਠ ਰਹੀ ਸੀ।



*ਰੇਲ ਕਿਰਾਏ ਵਿਚ ਵਾਧੇ ਦਾ ਐਲਾਨ ਆਇਆ ਤਾਂ ਲੋਕਾਂ ਨੇ ਦੁਹਾਈ ਪਾ ਦਿੱਤੀ। ਭਾਜਪਾ ਦੇ ਬੁਲਾਰਿਆਂ ਵੱਲੋਂ ਤੱਤੇ-ਘਾਅ ਦਿੱਤਾ ਗਿਆ ਜਵਾਬ ਇਹ ਸੀ ਕਿ ਕਿਰਾਇਆ ਵਧਾਇਆ ਨਹੀਂ ਗਿਆ, ਸਾਨੂੰ ਵਧਾਉਣਾ ਪੈ ਗਿਆ ਹੈ, ਕਿਉਂਕਿ ਕਾਂਗਰਸ ਲੀਡਰਸ਼ਿਪ ਨੇ ਲੋਕਾਂ ਦੇ ਨਾਰਾਜ਼ ਹੋਣ ਤੋਂ ਡਰਦੀ ਨੇ ਪਿਛਲੇ ਪੰਜ ਸਾਲ ਵਧਾਇਆ ਨਹੀਂ ਸੀ ਅਤੇ ਰੇਲਵੇ ਦੇ ਵਿਕਾਸ ਲਈ ਵਧਾਉਣਾ ਪੈਣਾ ਸੀ। ਉਨ੍ਹਾਂ ਦੇ ਇਸ ਜਵਾਬ ਦੀ ਸ਼ਾਮ ਤੱਕ ਫੂਕ ਨਿਕਲ ਗਈ, ਸਗੋਂ ਅਗਲੀ ਗੱਲ ਵੀ ਸਾਹਮਣੇ ਆ ਗਈ, ਜਿਸ ਦਾ ਜਵਾਬ ਦੇਣਾ ਉਨ੍ਹਾਂ ਲਈ ਔਖਾ ਹੋ ਗਿਆ।*


ਮਾਰਚ 2012 ਵਿਚ ਦੋ ਗੱਲਾਂ ਲਿਖ ਕੇ ਨਰਿੰਦਰ ਮੋਦੀ ਨੇ ਰੇਲ ਕਿਰਾਏ ਵਧਣ ਦਾ ਵਿਰੋਧ ਕੀਤਾ ਸੀ। ਇੱਕ ਤਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਲਿਖੀ ਚਿੱਠੀ ਵਿਚ ਮੋਦੀ ਨੇ ਇਹ ਲਿਖਿਆ ਸੀ ਕਿ ਰੇਲ ਕਿਰਾਏ ਵਿਚ ਵਾਧਾ ਤੁਸੀਂ ਉਦੋਂ ਕੀਤਾ ਹੈ, ਜਦੋਂ ਮਹਿੰਗਾਈ ਬੇਕਾਬੂ ਹੋਈ ਪਈ ਹੈ। ਐਨ ਇਹੋ ਹਾਲਤ ਹੁਣ ਵੀ ਹੈ। ਸਿਰਫ ਪੰਦਰਾਂ ਦਿਨਾਂ ਵਿਚ ਬਾਜ਼ਾਰ ਦੀ ਹਰ ਚੀਜ਼ ਤੇਜ਼ੀ ਨਾਲ ਵਧੀ ਤੇ ਕੇਂਦਰ ਦੇ ਮੰਤਰੀਆਂ ਵਿਚੋਂ ਕੁਝ ਦੇ ਮੂੰਹੋਂ ਇਹ ਨਿਕਲ ਗਿਆ ਹੈ ਕਿ ਮਹਿੰਗਾਈ ਅਜੇ ਹੋਰ ਵਧਣੀ ਹੈ। ਜਦੋਂ ਦੇਸ਼ ਵਿਚ ਮਹਿੰਗਾਈ ਦਾ ਉਛਾਲਾ ਆਇਆ ਪਿਆ ਹੈ, ਉਦੋਂ ਵਧੇ ਰੇਲ ਕਿਰਾਏ ਮੁਸਾਫਰਾਂ ਦੇ ਨਾਲ ਸਮਾਨ ਦੀ ਢੁਆਈ ਨੂੰ ਵੀ ਮਹਿੰਗਾ ਕਰਨਗੇ ਤੇ ਮਹਿੰਗਾਈ ਹੋਰ ਵਧਾ ਦੇਣਗੇ।

ਦੂਸਰੀ ਗੱਲ ਉਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇਹ ਵੀ ਆਖੀ ਸੀ ਕਿ ਇਹ ਕਿਰਾਏ ਤੁਸੀਂ ਉਦੋਂ ਵਧਾਏ ਹਨ, ਜਦੋਂ ਪਾਰਲੀਮੈਂਟ ਦੇ ਸਮਾਗਮ ਦੀ ਤਰੀਕ ਮਿੱਥੀ ਜਾ ਚੁੱਕੀ ਹੈ ਤੇ ਰੇਲ ਬਜਟ ਪੇਸ਼ ਕੀਤਾ ਜਾਣ ਵਾਲਾ ਹੈ। ਜਦੋਂ ਤੁਸੀਂ ਪਹਿਲਾਂ ਹੀ ਕਿਰਾਏ ਵਿਚ ਵਾਧਾ ਕਰ ਲਿਆ ਤਾਂ ਬਜਟ ਵਿਚ ਪਾਰਲੀਮੈਂਟ ਦੇ ਸਾਹਮਣੇ ਕੀ ਪੇਸ਼ ਕਰੋਗੇ? ਇਹ ਤੁਹਾਡੀ ਸਰਕਾਰ ਦਾ ਲੋਕਾਂ ਨਾਲ ਧੋਖਾ ਜਾਪਦਾ ਹੈ। ਅਜੋਕੀ ਹਾਲਤ ਕੀ ਹੈ? ਹੁਣ ਵੀ ਪਾਰਲੀਮੈਂਟ ਦੇ ਬਜਟ ਸਮਾਗਮ ਦੀ ਤਰੀਕ ਮਿੱਥੀ ਜਾਣ ਦੇ ਪਿੱਛੋਂ ਰੇਲ ਕਿਰਾਏ ਵਧਾਉਣ ਦਾ ਕੰਮ ਕੀਤਾ ਗਿਆ ਹੈ। ਇਸ ਪਾਰਲੀਮੈਂਟ ਸਮਾਗਮ ਵਿਚ ਵੀ ਆਮ ਬਜਟ ਤੋਂ ਇੱਕ ਦਿਨ ਪਹਿਲਾਂ ਰੇਲ ਬਜਟ ਪੇਸ਼ ਕੀਤਾ ਜਾਣਾ ਹੈ। ਜਦੋਂ ਹੁਣੇ ਭਾਜਪਾ ਦੀ ਅਗਵਾਈ ਵਾਲੀ ਇਸ ਸਰਕਾਰ ਨੇ ਰੇਲਾਂ ਦੇ ਕਿਰਾਏ ਵਧਾ ਦਿੱਤੇ ਹਨ ਤਾਂ ਉਸ ਦੇ ਰੇਲਵੇ ਬਜਟ ਨੂੰ ਪਾਰਲੀਮੈਂਟ ਦੇ ਮੂਹਰੇ ਪੇਸ਼ ਕਰਨ ਦੀ ਲੋੜ ਕੀ ਰਹਿ ਗਈ?

ਫਿਰ ਮਾਮਲਾ ਸਿਰਫ ਰੇਲ ਕਿਰਾਏ ਦਾ ਨਹੀਂ, ਕਈ ਹੋਰ ਗੱਲਾਂ ਵੀ ਹਨ, ਜਿਨ੍ਹਾਂ ਦੇ ਜ਼ਿਕਰ ਨਾਲ ਲੋਕ ਮਜ਼ਾਕ ਕਰਦੇ ਹਨ ਕਿ 'ਅੱਛੇ ਦਿਨ ਆਨੇ ਵਾਲੇ ਹੈਂ।' ਇਨ੍ਹਾਂ ਸਕੀਮਾਂ ਦਾ ਸਾਰਾ ਕੱਚ-ਸੱਚ ਅਜੇ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ ਪਰ ਜਿਹੜੇ ਇਸ਼ਾਰੇ ਮਿਲ ਰਹੇ ਹਨ, ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਦੇ 'ਅੱਛੇ ਦਿਨ' ਮੁੜ ਕੇ ਦੁਹਰਾਏ ਜਾਣ ਦਾ ਡਰਾਵਾ ਦੇ ਰਹੇ ਹਨ, ਜਿਸ ਦੀ ਸਭ ਤੋਂ ਵੱਧ ਮਾਰ ਬਜ਼ੁਰਗਾਂ ਨੂੰ ਪਈ ਸੀ।

ਭਾਰਤ ਦੇ ਮੱਧ ਵਰਗ ਦੇ ਲੋਕਾਂ ਨੂੰ ਚੇਤਾ ਕਰਾਉਣ ਦੀ ਲੋੜ ਨਹੀਂ ਕਿ 'ਯੂਨਿਟ ਟਰੱਸਟ ਆਫ ਇੰਡੀਆ' ਦੇ ਨਾਲ ਵਾਜਪਾਈ ਸਰਕਾਰ ਵੇਲੇ ਕੀ ਵਾਪਰਿਆ ਸੀ? ਨੌਕਰੀ ਪੇਸ਼ਾ ਲੋਕਾਂ ਵੱਲੋਂ ਬੁੱਢੇ ਵਾਰੇ ਦਿਨ ਕੱਟਣ ਵਾਲੀ ਸਭ ਤੋਂ ਵੱਧ ਭਰੋਸੇ ਦੀ ਪ੍ਰਤੀਕ 'ਯੂ ਐਸ 64' ਸਕੀਮ ਵਿਚ ਪੈਸਾ ਲਾਇਆ ਜਾਂਦਾ ਰਿਹਾ ਤੇ ਸੈਂਤੀ ਸਾਲ ਇਸ ਦੇਸ਼ ਵਿਚ ਕਈ ਰੰਗਾਂ ਦੀਆਂ ਸਰਕਾਰਾਂ ਦੇ ਬਦਲਣ ਦੇ ਬਾਵਜੂਦ ਕਦੀ ਅੜਿੱਕਾ ਨਹੀਂ ਸੀ ਪਿਆ। ਵਾਜਪਾਈ ਸਰਕਾਰ ਦੇ ਵਕਤ ਜਦੋਂ ਇਹ ਸਕੀਮ ਧੜੰਮ ਕਰ ਕੇ ਡਿੱਗ ਪਈ, ਇਸ ਵਿਚ ਪੈਸਾ ਲਾਉਣ ਵਾਲੇ ਵੱਖੋ-ਵੱਖ ਵਿਭਾਗਾਂ ਦੇ ਪੈਨਸ਼ਨਰਾਂ ਦੀ ਇੱਕ ਮੀਟਿੰਗ ਵਿਚ ਸਾਨੂੰ ਕੁਝ ਪੱਤਰਕਾਰਾਂ ਨੂੰ ਵੀ ਸੱਦਿਆ ਗਿਆ ਸੀ ਤੇ ਭਾਜਪਾ ਦੇ ਕੁਝ ਆਗੂ ਵੀ ਸਨ। ਉਥੇ ਬੈਠੇ ਬਾਬੇ ਆਖਦੇ ਸਨ ਕਿ ਘਰ ਜਾਂ ਬੈਂਕ ਵਿਚ ਪੈਸੇ ਰੱਖੇ ਹੋਣ ਤਾਂ ਬੱਚੇ ਮੰਗ ਲੈਂਦੇ ਹਨ ਤੇ ਘਰਾਂ ਵਿਚ ਸਰਵਣ-ਪੁੱਤਰ ਜੰਮਣ ਦਾ ਯੁੱਗ ਹੁਣ ਰਿਹਾ ਨਹੀਂ। ਇਸ ਸਕੀਮ ਵਿਚ ਲੱਗੇ ਪੈਸੇ ਨਾਲ ਸਾਨੂੰ ਦੋ ਰੋਟੀਆਂ ਦੀ ਆਸ ਸੀ, ਵਾਜਪਾਈ ਸਰਕਾਰ ਨੇ ਉਹ ਵੀ ਖੋਹ ਲਈ ਹੈ। ਅੰਦਰ ਬੈਠੇ ਭਾਜਪਾ ਆਗੂ ਸਮਝਾਉਣੀਆਂ ਦਿੰਦੇ ਸਨ, ਪਰ ਬਾਹਰ ਆਏ ਉਹੋ ਭਾਜਪਾ ਆਗੂ ਸਾਡੇ ਕੋਲ ਇਹ ਗੱਲ ਮੰਨਦੇ ਸਨ ਕਿ ਇਹ ਸਕੀਮ ਭਾਜਪਾ ਗੱਠਜੋੜ ਦੇ ਜੜ੍ਹੀਂ ਬੈਠ ਜਾਵੇਗੀ। ਅਗਲੀ ਵਾਰੀ ਹੋਇਆ ਵੀ ਇਹੋ ਸੀ। ਹੁਣ ਦਿੱਲੀ ਤੋਂ ਆਉਂਦੇ ਅਵਾੜੇ ਦੱਸਦੇ ਹਨ ਕਿ ਨਵੀਂ ਸਰਕਾਰ ਦੇ ਅੰਦਰ ਵੀ ਕੁਝ ਲੋਕ ਇਹੋ ਜਿਹੇ ਨੁਸਖੇ ਸੋਚੀ ਜਾ ਰਹੇ ਹਨ, ਜਿਨ੍ਹਾਂ ਤੋਂ ਲੱਗਦਾ ਹੈ ਕਿ ਲੋਕਾਂ ਲਈ 'ਅੱਛੇ ਦਿਨ ਆਨੇ ਵਾਲੇ ਹੈਂ।'

ਜਿਵੇਂ ਉਸ ਯੂਨਿਟ ਦੀ ਸੱਟ ਮੱਧ ਵਰਗ ਦੇ ਲੋਕਾਂ ਨੂੰ ਕਿਸੇ ਵੀ ਹੋਰ ਤੋਂ ਵੱਧ ਪਈ ਸੀ, ਮੋਦੀ ਸਰਕਾਰ ਜਿਸ ਰਾਹ ਚੱਲ ਪਈ ਹੈ, ਸੱਟ ਹੁਣ ਫਿਰ ਉਸੇ ਮੱਧ ਵਰਗ ਨੂੰ ਪੈ ਰਹੀ ਹੈ, ਉਸੇ ਮੱਧ ਵਰਗ ਦੇ ਲੋਕਾਂ ਨੂੰ, ਜਿਹੜੇ ਨਰਿੰਦਰ ਮੋਦੀ ਦੇ ਮਗਰ ਬੜੇ ਚਾਅ ਨਾਲ ਹੁੰਗਾਰਾ ਭਰਿਆ ਕਰਦੇ ਸਨ ਕਿ 'ਅੱਛੇ ਦਿਨ ਆਨੇ ਵਾਲੇ ਹੈਂ।' ਉਰਦੂ ਦਾ ਸ਼ੇਅਰ ਹੈ ਕਿ 'ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ? ਆਗੇ-ਆਗੇ ਦੇਖੀਏ, ਹੋਤਾ ਹੈ ਕਿਆ?' ਵਿਚਾਰੇ ਮੱਧ ਵਰਗ ਦੇ ਲੋਕ ਜਦੋਂ ਵੀ ਮਾਰ ਖਾਂਦੇ ਹਨ, ਉਸੇ ਕੋਲੋਂ ਖਾਂਦੇ ਹਨ, ਜਿਸ ਉਤੇ ਇਹ ਬਹੁਤਾ ਭਰੋਸਾ ਕਰਦੇ ਹਨ। ਇਸ ਵਾਰ ਇਹ ਮਾਰ ਮੋਦੀ ਸਰਕਾਰ ਕੋਲੋਂ ਪੈਣ ਲੱਗੀ ਹੈ, ਜਾਂ ਇਹ ਕਹਿਣਾ ਵੱਧ ਠੀਕ ਹੋਵੇਗਾ ਕਿ ਪੈਣੀ ਸ਼ੁਰੂ ਹੋ ਗਈ ਹੈ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਪੰਜਾਬੀਆਂ ਨੂੰ 'ਮੌਤ ਦੇ ਖੂਹ' ਵੱਲ ਬੇਰੁਜ਼ਗਾਰੀ ਨੇ ਧੱਕਿਆ

**ਚੰਡੀਗੜ੍ਹ:** ਪੰਜਾਬ ਵਿਚਲੀ ਬੇਰੁਜ਼ਗਾਰੀ ਦੇ ਝੰਬੇ ਤੇ ਭਵਿੱਖ ਲਈ ਚਾਰ ਪੈਸੇ ਜੋੜਨ ਦੇ ਲਾਲਚਵੱਸ ਇਸ ਸੂਬੇ ਦੇ ਨੌਜਵਾਨਾਂ ਨੇ 'ਮੌਤ ਦਾ ਖੂਹ' ਬਣੇ ਇਰਾਕ ਵੱਲ ਮੂੰਹ ਕੀਤਾ। ਇਸ ਵੇਲੇ ਉਥੇ ਭਾਵੇਂ ਵੱਡੀ ਗਿਣਤੀ ਵਿਚ ਪੰਜਾਬੀ ਨੌਜਵਾਨ ਵੱਖ-ਵੱਖ ਕਿੱਤਿਆਂ ਵਿਚ ਹਨ ਪਰ ਜਾਨ 'ਤੇ ਬਣੀ ਹੋਣ ਦੇ ਬਾਵਜੂਦ ਉਹ ਦੇਸ਼ ਵਾਪਸ ਆਉਣ ਦੇ ਇੱਛੁਕ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਰੁਜ਼ਗਾਰ ਤਾਂ ਹੈ ਨਹੀਂ, ਵਾਪਸ ਆ ਕੇ ਕੀ ਕਰਨਾ ਹੈ?

ਕਰਬਲਾ ਵਿਚ ਫਸੇ ਫਗਵਾੜਾ ਦੇ ਭੁਪਿੰਦਰ ਕੁਮਾਰ ਦਾ ਕਹਿਣਾ ਹੈ ਕਿ ਉਹ ਭਾਰਤ ਵਿਚ ਮਸਾਂ ਮਹੀਨੇ ਵਿਚ 5-6 ਹਜ਼ਾਰ ਰੁਪਏ ਕਮਾਉਂਦਾ ਸੀ ਪਰ ਇਰਾਕ ਵਿਚ ਉਸ ਦੀ ਬੱਚਤ ਭਾਰਤ ਵਿਚ ਕਮਾਏ ਜਾਂਦੇ ਰੁਪਇਆਂ ਤੋਂ ਦੁੱਗਣੀ ਹੋ ਗਈ। ਵਿਕਸਤ ਮੁਲਕਾਂ ਵਿਚ ਜਾਣ ਦਾ 'ਜੁਗਾੜ' ਨਾ ਹੋਣ ਕਾਰਨ ਆਰਥਿਕ ਤੌਰ 'ਤੇ ਟੁੱਟੇ ਨੌਜਵਾਨਾਂ ਨੇ ਇਰਾਕ ਵੱਲ ਕੂਚ ਕੀਤਾ। ਉਥੇ ਭਾਵੇਂ ਵਿਕਸਤ ਮੁਲਕਾਂ ਵਰਗਾ ਆਰਾਮ ਤਾਂ ਨਹੀਂ ਹੈ ਪਰ ਜ਼ਿੰਦਗੀ ਨੂੰ ਸੰਵਾਰਨ ਜੋਗਾ ਹੱਥ ਪੱਲਾ ਵੱਜ ਜਾਂਦਾ ਹੈ।



ਇਰਾਕ ਗਏ ਨੌਜਵਾਨ ਦਸਵੀਂ ਪਾਸ ਹਨ ਤੇ ਉਹ ਬਹੁਤਾ ਕਰਕੇ ਉਸਾਰੀ ਦੇ ਕੰਮ ਵਿਚ ਲੱਗੇ ਹੋਏ ਹਨ। ਕੋਈ ਇਲੈਕਟਰੀਸ਼ਨ ਹੈ, ਕੋਈ ਪਲੰਬਰ ਤੇ ਕੋਈ ਫਿਟਰ ਹੈ। ਇਥੇ ਪੁੱਜੀਆਂ ਭਾਰਤੀ ਔਰਤਾਂ ਨਰਸਾਂ ਹਨ। ਇਰਾਕ ਗਏ ਪੰਜਾਬੀ ਨੌਜਵਾਨਾਂ ਦੇ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਜਿਗਰ ਦੇ ਟੋਟਿਆਂ ਨੂੰ ਉਥੇ ਭੇਜਣ ਲਈ ਜਿਵੇਂ ਤਿਵੇਂ ਕਰਕੇ ਇਕ ਤੋਂ ਤਿੰਨ ਲੱਖ ਰੁਪਏ ਦੇ ਕੇ ਭੇਜਿਆ। ਏਕੇਜੀ, ਤਾਰਿਕਨੂਰ ਅਲਹੁਦਾ ਤੇ ਇਨਟੈੱਕ ਤੋਂ ਇਲਾਵਾ ਹੋਰ ਕਈ ਕੰਪਨੀਆਂ ਨੇ ਏਜੰਟਾਂ ਰਾਹੀਂ ਇਨ੍ਹਾਂ ਨੌਜਵਾਨਾਂ ਨੂੰ ਸੱਦਿਆ ਸੀ।

ਪਰਿਵਾਰਾਂ ਨੂੰ ਪਤਾ ਨਹੀਂ ਸੀ ਕਿ ਇਸ ਪੈਸੇ ਵਿਚੋਂ ਏਜੰਟ ਕਿੰਨੇ ਖਾ ਗਿਆ ਕਿਉਂਕਿ ਮੱਧ ਏਸ਼ੀਆ ਦੇਸ਼ਾਂ ਵਿਚ ਜਾਣ ਦਾ ਖਰਚਾ 2 ਲੱਖ ਤੋਂ ਵੱਧ ਨਹੀਂ ਹੁੰਦਾ। ਭੁਪਿੰਦਰ ਦੇ ਨਾਲ ਹੀ ਕਰਬਲਾ ਨੇੜੇ ਹਸਪਤਾਲ ਦੀ ਉਸਾਰੀ ਵਿਚ ਲੱਗੇ ਧਰਮਵੀਰ ਸਿੰਘ ਦਾ ਕਹਿਣਾ ਸੀ ਕਿ ਉਹ ਇਰਾਕ ਵਿਚ 20 ਹਜ਼ਾਰ ਰੁਪਏ ਮਾਸਿਕ ਕਮਾਉਂਦਾ ਹੈ ਜਦਕਿ ਪੰਜਾਬ ਵਿਚ ਮਸਾਂ 8 ਹਜ਼ਾਰ ਰੁਪਏ ਜੁੜਦੇ ਸਨ। ਇਥੇ ਹੁਣ ਪਹਿਲਾਂ ਨਾਲੋਂ ਵੱਧ ਬੱਚਤ ਹੁੰਦੀ ਹੈ ਪਰ ਪਰਿਵਾਰ ਤੋਂ ਦੂਰ ਰਹਿਣ ਦੀ ਕੀਮਤ ਤਾਰਨੀ ਹੀ ਪੈਂਦੀ ਹੈ।

ਬਟਾਲਾ ਦਾ ਗੁਰਮੀਤ ਸਿੰਘ ਜੋ ਆਪਣੇ ਸ਼ਹਿਰ ਦੇ ਮੈਡੀਕਲ ਸਟੋਰ ਵਿਚ ਕੰਪਾਊਂਡਰ ਹੈ, 3 ਹਜ਼ਾਰ ਰੁਪਏ ਮਹੀਨਾ ਕਮਾਉਂਦਾ ਹੈ। ਉਸ ਦਾ ਭਰਾ ਸੁਰਜੀਤ ਇਰਾਕ ਦੇ ਇਕ ਹੋਟਲ ਵਿਚ ਵੇਟਰ ਸੀ ਤੇ ਹਰ ਮਹੀਨੇ 25-30 ਹਜ਼ਾਰ ਕਮਾਉਂਦਾ ਸੀ। ਪਰਿਵਾਰ ਕੋਲ ਜ਼ਮੀਨ ਵੀ ਨਹੀਂ ਤੇ ਸਾਰਾ ਟੱਬਰ ਫੌਜ ਵਿਚੋਂ ਸੇਵਾ ਮੁਕਤ ਹੋਏ ਪਿਤਾ ਦੀ ਆਮਦਨ 'ਤੇ ਨਿਰਭਰ ਹੈ। 12 ਪਾਸ ਕਰਕੇ ਵੀ ਕਿਧਰੇ ਨੌਕਰੀ ਨਾ ਮਿਲੀ। ਇਸੇ ਦੌਰਾਨ ਪਤਾ ਲੱਗਾ ਕਿ ਇਲਾਕੇ ਦੇ ਕਈ ਮੁੰਡੇ ਇਰਾਕ ਚਲੇ ਗਏ ਤੇ ਉਥੋਂ ਘਰ ਵੀ ਪੈਸੇ ਭੇਜਦੇ ਹਨ।

## 231 ਭਾਰਤੀ ਕਾਮਿਆਂ ਨੂੰ ਲਾਵਾਰਸ ਛਡ ਕੇ ਭੱਜੀ ਕੰਪਨੀ

**ਲੁਧਿਆਣਾ:** ਇਰਾਕ ਵਿਚ ਯੁੱਧ ਵਰਗੇ ਹਾਲਾਤ ਬਣਨ ਤੋਂ ਬਾਅਦ ਉਥੇ ਫਸੇ ਭਾਰਤੀਆਂ ਨੂੰ ਬਚਾਉਣ ਲਈ ਅਜੇ ਤੱਕ ਕੋਈ ਵੀ ਠੋਸ ਉਪਰਾਲੇ ਨਹੀਂ ਕੀਤੇ ਗਏ ਤੇ ਉਥੇ ਫਸੇ ਨੌਜਵਾਨ ਖਾਸਕਰ ਪੰਜਾਬੀ ਫੋਨ ਰਾਹੀਂ ਮੀਡੀਆ ਤੇ ਸਰਕਾਰ ਤੋਂ ਮੰਗ ਕਰ ਰਹੇ ਹਨ ਤੇ ਯੁੱਧ ਦੀਆਂ ਲਪਟਾਂ ਉਨ੍ਹਾਂ ਤੱਕ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾਵੇ। ਇਰਾਕ ਦੇ ਕਰਬਲਾ ਸ਼ਹਿਰ ਤੋਂ ਪੱਤਰਕਾਰਾਂ ਨੂੰ ਫੋਨ ਰਾਹੀਂ ਉਥੇ ਫਸੇ ਪੰਜਾਬੀ ਨੌਜਵਾਨਾਂ ਨੇ ਦੱਸਿਆ ਕਿ ਇਸ ਸ਼ਹਿਰ ਵਿਚ ਸਥਿਤ ਮਰਬਲਾ ਕੰਪਨੀ ਵਿਚ 231 ਭਾਰਤੀ ਕੰਮ ਕਰਦੇ ਹਨ ਜਿਨ੍ਹਾਂ ਵਿਚੋਂ 40 ਪੰਜਾਬੀ ਹਨ ਪਰ ਪਿਛਲੇ ਕੁਝ ਦਿਨਾਂ ਤੋਂ ਇੱਥੇ ਹਾਲਾਤ ਬਦ ਤੋਂ ਬਦਤਰ ਹੋਣ ਕਾਰਨ ਇਹ ਕੰਪਨੀ ਉਨ੍ਹਾਂ ਨੂੰ ਲਾਵਾਰਸ ਛੱਡ ਕੇ ਭੱਜ ਗਈ ਜਿਸ ਕਾਰਨ ਹੁਣ ਉਨ੍ਹਾਂ ਨੂੰ ਆਪਣਾ ਢਿੱਡ ਭਰਨ ਦੇ ਵੀ ਲਾਲੇ ਪੈ ਗਏ ਹਨ। ਪੰਜਾਬੀ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਪੀਣ ਵਾਲਾ ਪਾਣੀ ਤਾਂ ਮੁੱਕ ਹੀ ਗਿਆ ਹੈ ਤੇ ਕੰਪਨੀ ਕੇਵਲ ਚਾਵਲ ਛੱਡ ਗਈ ਹੈ ਤੇ ਉਹ ਵੀ ਦੋ ਦਿਨ ਲਈ ਸਨ। ਹੋਰ ਤਾਂ ਹੋਰ ਕੰਪਨੀ ਉਨ੍ਹਾਂ ਦੀ ਡੇਢ ਮਹੀਨੇ ਦੀ ਤਨਖ਼ਾਹ ਵੀ ਨਹੀਂ ਦੇ ਕੇ ਗਈ ਜਿਸ ਕਾਰਨ ਇਥੇ ਫਸੇ ਭਾਰਤੀਆਂ ਦੀਆਂ ਜੇਬਾਂ ਵਿਚ ਪੈਸੇ ਵੀ ਮੁੱਕ ਗਏ ਹਨ। ਉਨ੍ਹਾਂ ਦੱਸਿਆ ਕਿ ਬੇਸ਼ੱਕ ਕੰਪਨੀ ਜਾਣ ਤੋਂ ਪਹਿਲਾਂ ਸਾਰੇ ਭਾਰਤੀਆਂ ਨੂੰ ਪਾਸਪੋਰਟ ਦੇ ਗਈ ਪਰ 100 ਤੋਂ ਵੱਧ ਵਿਅਕਤੀਆਂ ਕੋਲ ਪਾਸਪੋਰਟ ਉਨ੍ਹਾਂ ਦਾ ਵੀਜਾ ਸਮਾਪਤ ਹੋ ਚੁੱਕਿਆ ਹੈ ਤੇ ਬਗਦਾਦ ਤੋਂ ਕੇਵਲ 150 ਕਿਲੋਮੀਟਰ ਸ਼ਹਿਰ ਦੂਰ ਹੋਣ ਕਾਰਨ ਉਹ ਇਥੋਂ ਬਾਹਰ ਵੀ ਨਹੀਂ ਨਿਕਲ ਸਕਦੇ ਕਿਉਂਕਿ ਜਾਂ ਤਾਂ ਉਨਾਂ ਨੂੰ ਅੱਤਵਾਦੀ ਦਾ ਸ਼ਿਕਾਰ ਹੋਣਾ ਪਵੇਗਾ ਜਾਂ ਫਿਰ ਵੀਜ਼ਾ ਨਾ ਹੋਣ ਕਾਰਨ ਫੌਜ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕ ਦੇਵੇਗੀ। ਉਨ੍ਹਾਂ ਦੱਸਿਆ ਕਿ ਇੰਟਰਨੈੱਟ ਸੇਵਾ ਬਿਲਕੁਲ ਠੱਪ ਹੋ ਚੁੱਕੀ ਹੈ ਤੇ ਉਨ੍ਹਾਂ ਕੋਲ ਜੋ ਮੋਬਾਈਲ ਹਨ ਉਸ ਵਿਚ ਵੀ ਪੈਸੇ ਖ਼ਤਮ ਹੋ ਚੁੱਕੇ ਹਨ,ਜਦੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਜਾਂ ਦੋਸਤ ਫੋਨ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਮਾੜੇ ਹਾਲਾਤ ਤੇ ਜਿਉਂਦੇ ਹੋਣ ਦੀ ਖ਼ਬਰ ਦੇ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਬੈਠੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਦਿਲਾਸਾ ਦੇ ਰਹੇ ਹਨ ਕਿ ਭਾਰਤ ਤੇ ਪੰਜਾਬ ਸਰਕਾਰ ਉਨ੍ਹਾਂ ਨੂੰ ਸੁਰੱਖਿਅਤ ਕੱਢਣ ਲਈ ਯਤਨ ਕਰ ਰਹੀ ਹੈ ਪਰ ਅੰਬੈਸੀ ਨੇ ਤਾਂ ਉਨ੍ਹਾਂ ਨਾਲ ਕੀ ਸੰਪਰਕ ਕਰਨਾ ਸੀ ਬਲਕਿ ਜਦੋਂ ਨੌਜਵਾਨਾਂ ਵੱਲੋਂ ਅੰਬੈਸੀ ਨਾਲ ਸੰਪਰਕ ਕੀਤਾ ਗਿਆ ਤਾਂ ਉਥੋਂ ਅਜੇ ਤੱਕ ਨਾਂਹ ਪੱਖੀ ਹੁੰਗਾਰਾ ਹੀ ਮਿਲ ਰਿਹਾ ਹੈ।

## ਮੌਤ ਦੇ ਸਾਏ ਹੇਠ ਜੀਅ ਰਹੇ ਪੰਜਾਬੀ ਨੌਜਵਾਨ

**ਮਾਛੀਵਾੜਾ:** ਇਰਾਕ ਵਿਚ ਚੱਲ ਰਹੀ ਖਾਨਾਜੰਗੀ ਕਾਰਨ ਉਥੇ ਰੁਜ਼ਗਾਰ ਲਈ ਗਏ ਪੰਜਾਬੀ ਨੌਜਵਾਨ ਮੌਤ ਦੇ ਸਾਏ ਹੇਠ ਜੀਅ ਰਹੇ ਹਨ। ਇਰਾਕ ਵਿਚ ਦਿਨੋਂ ਦਿਨ ਵਿਗੜ ਰਹੇ ਹਾਲਾਤ ਕਾਰਨ ਇਹ ਪੰਜਾਬੀ ਨੌਜਵਾਨ ਭਾਰਤ ਆਉਣ ਲਈ ਤਰਸ ਰਹੇ ਹਨ ਪਰ ਉਨ੍ਹਾਂ ਨੂੰ ਉਥੋਂ ਦੀਆਂ ਕੰਪਨੀਆਂ ਵੱਲੋਂ ਪਾਸਪੋਰਟ ਤੇ ਤਨਖ਼ਾਹ ਨਾ ਦਿੱਤੇ ਜਾਣ ਕਾਰਨ ਮਜਬੂਰਨ ਉਥੇ ਹੀ ਰਹਿਣਾ ਪੈ ਰਿਹਾ ਹੈ। ਇਰਾਕ ਤੋਂ ਮਾਛੀਵਾੜਾ ਇਲਾਕੇ ਦੇ ਪਿੰਡ ਟਾਂਡਾ ਕੁਸ਼ਲ ਸਿੰਘ, ਜੱਸੋਵਾਲ ਤੇ ਹਲਕਾ ਸਾਹਨੇਵਾਲ ਦੇ ਪਿੰਡ ਮੰਗਲੀ ਦੇ ਨੌਜਵਾਨ ਗੁਰਦੀਪ ਸਿੰਘ, ਗੁਰਜੰਟ ਸਿੰਘ, ਜੋਗਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਫੋਨ 'ਤੇ ਸੰਪਰਕ ਕਰਦੇ ਹੋਏ ਦੱਸਿਆ ਕਿ ਉਹ ਇਰਾਕ ਦੇ ਬਸਰਾ ਸ਼ਹਿਰ ਵਿਚ ਰਹਿ ਰਹੇ ਹਨ ਤੇ ਪਿਛਲੇ ਸਾਲ ਹੀ ਉਹ ਇੱਥੋਂ ਦੀ ਕੰਪਨੀ ਵਿਚ ਕੰਮ ਕਰਨ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਇਰਾਕ ਵਿਚ ਮਾਹੌਲ ਬਹੁਤ ਹੀ ਤਣਾਅਪੂਰਨ ਤੇ ਦਹਿਸ਼ਤ ਵਾਲਾ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਉਹ ਕੰਪਨੀ ਵਾਲਿਆਂ ਦੀਆਂ ਮਿੰਨਤਾਂ ਕਰ ਰਹੇ ਹਨ ਕਿ ਉਨ੍ਹਾਂ ਦੇ ਪਾਸਪੋਰਟ ਦੇ ਦਿੱਤੇ ਜਾਣ। ਕੁਝ ਨੌਜਵਾਨਾਂ ਦੀ ਦੋ ਮਹੀਨਿਆਂ ਤੇ ਕਈਆਂ ਦੀ ਚਾਰ ਮਹੀਨਿਆਂ ਦੀ ਤਨਖ਼ਾਹ ਬਕਾਇਆ ਹੈ, ਉਹ ਵੀ ਅਦਾ ਕਰ ਦਿੱਤੀ ਜਾਵੇ ਤਾਂ ਜੋ ਉਹ ਭਾਰਤ ਦੀ ਟਿਕਟ ਲੈ ਕੇ ਇਸ ਤਣਾਅ ਭਰੇ ਮਾਹੌਲ ਵਿਚੋਂ ਨਿਕਲ ਕੇ ਆਪਣੇ ਘਰ ਪਰਤ ਸਕਣ।

## ਇਰਾਕ ਗਏ ਪੰਜਾਬੀਆਂ ਦਾ ਨਹੀਂ ਪੂਰਾ ਵੇਰਵਾ

**ਚੰਡੀਗੜ੍ਹ:** ਇਰਾਕ ਵਿਚ ਵਿਗੜੇ ਹਾਲਾਤ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਭਾਵੇਂ ਭਾਰਤੀ ਲੋਕਾਂ ਦੇ ਉਥੇ ਜਾਣ 'ਤੇ ਰੋਕ ਲਾ ਦਿੱਤੀ ਹੈ ਪਰ ਪੰਜਾਬ ਤੋਂ ਇਰਾਕ ਗਏ ਲੋਕਾਂ ਬਾਰੇ ਕੋਈ ਸਹੀ ਅੰਦਾਜ਼ਾ ਨਹੀਂ ਮਿਲ ਰਿਹਾ ਹੈ। ਇਰਾਕ ਗਏ ਪੰਜਾਬੀਆਂ ਦੀ ਗਿਣਤੀ ਦਾ ਨਾ ਤਾਂ ਐਨ.ਆਰ.ਆਈ. ਸਭਾ ਤੇ ਨਾ ਹੀ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਵਿਭਾਗ ਕੋਲ ਕੋਈ ਵੇਰਵਾ ਹੈ। ਪਰਵਾਸੀ ਮਾਮਲਿਆਂ ਬਾਰੇ ਮੰਤਰਾਲੇ ਦੇ ਅਧਿਕਾਰੀ ਨੇ ਵੀ ਪੰਜਾਬ ਵਿਚੋਂ ਇਰਾਕ ਜਾਣ ਲਈ ਕਲੀਅਰੈਂਸ ਲੈਣ ਵਾਸਤੇ ਆਉਣ ਵਾਲੇ ਵਿਅਕਤੀਆਂ ਦੀ ਗਿਣਤੀ ਬਾਰੇ ਜਾਣਕਾਰੀ ਸਿਰਫ ਮੰਤਰਾਲੇ ਕੋਲ ਹੋਣ ਦਾ ਦਾਅਵਾ ਕੀਤਾ। ਆਵਾਸ ਸੁਰੱਖਿਆ ਨਾਲ ਸਬੰਧਤ ਖੇਤਰ ਵਿਚ ਸਾਲਾਨਾ 10 ਹਜ਼ਾਰ ਦੇ ਕਰੀਬ ਲੋਕ ਆਪਣੀ ਅਰਜ਼ੀ ਲਵਾਉਣ ਆਉਂਦੇ ਹਨ ਪਰ ਸਿਰਫ ਪੰਜ ਫੀਸਦੀ ਨੂੰ ਇਰਾਕ ਸਮੇਤ ਅਰਬ ਮੁਲਕਾਂ ਵਿਚ ਜਾਣ ਦੀ ਕਲੀਅਰੈਂਸ ਮਿਲਦੀ ਹੈ। ਜ਼ਿਆਦਾਤਰ ਲੋਕ ਦੁਬਈ ਜਾਣਾ ਚਾਹੁੰਦੇ ਹਨ ਤੇ ਇਨ੍ਹਾਂ ਵਿਚ ਤਰਖਾਣ, ਭਾਰੀ ਵਾਹਨ ਚਲਾਉਣ ਵਾਲੇ ਡਰਾਈਵਰ, ਰਾਜ ਮਿਸਤਰੀ, ਵੈਲਡਰ, ਪਲੰਬਰ, ਫਿਟਰ, ਖਾਨਸਾਮੇ, ਨਰਸਾਂ ਤੇ ਮਜ਼ਦੂਰੀ ਦਾ ਕੰਮ ਕਰਨ ਵਾਲੇ ਲੋਕ ਸ਼ਾਮਲ ਹੁੰਦੇ ਹਨ।



*ਪੀੜਤ ਪਰਿਵਾਰਾਂ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮਿਲਾ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ।*

ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ ਨੇ ਵੱਖ-ਵੱਖ ਮੁਲਕਾਂ ਵਿਚ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਬਾਰੇ ਕੋਈ ਅੰਕੜਾ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਵਿਦੇਸ਼ ਗਏ ਲੋਕਾਂ ਨੂੰ ਐਨ.ਆਰ.ਆਈ. ਸਭਾ ਨਾਲ ਜੁੜਨ ਦੀ ਬੇਨਤੀ ਕੀਤੀ ਸੀ ਪਰ ਕੋਈ ਚੰਗਾ ਹੁੰਗਾਰਾ ਨਹੀਂ ਮਿਲਿਆ। ਇਸੇ ਤਰ੍ਹਾਂ ਪਰਵਾਸੀ ਮਾਮਲਿਆਂ ਬਾਰੇ ਵਿਭਾਗ ਦਾ ਭਾਵੇਂ ਪੰਜਾਬ ਵਿਚ ਮੰਤਰੀ ਬਣਾਇਆ ਗਿਆ ਹੈ ਪਰ ਉਨ੍ਹਾਂ ਕੋਲ ਵੀ ਇਸ ਬਾਬਤ ਕੋਈ ਅੰਕੜਾ ਮੌਜੂਦ ਨਹੀਂ। ਪਹਿਲਾਂ ਇਹ ਵਿਭਾਗ ਬਿਕਰਮ ਸਿੰਘ ਮਜੀਠੀਆ ਕੋਲ ਸੀ ਤੇ ਹੁਣ ਤੋਤਾ ਸਿੰਘ ਕੋਲ ਇਸ ਦਾ ਕਾਰਜਭਾਰ ਹੈ।

# ਇਰਾਕ ਸੰਕਟ ਲਈ ਪ੍ਰਧਾਨ ਮੰਤਰੀ ਮਲਿਕੀ ਜ਼ਿੰਮੇਵਾਰ !

**ਬ਼ਗਦਾਦ:** ਇਰਾਕ ਵਿਚ ਪੈਦਾ ਹੋਏ ਮੌਜੂਦਾ ਸੰਕਟ ਲਈ ਸਿਰਫ਼ ਉਥੋਂ ਦਾ ਕੱਟੜ ਸ਼ੀਆ ਨੇਤਾ (ਪ੍ਰਧਾਨ ਮੰਤਰੀ) ਨੂਰੀ-ਅਲ-ਮਲਿਕੀ ਜ਼ਿੰਮੇਵਾਰ ਹੈ। ਇਹ ਦੋਸ਼ ਇਰਾਕ ਦੇ ਘੱਟ ਗਿਣਤੀ ਸੁੰਨੀ ਭਾਈਚਾਰੇ ਵੱਲੋਂ ਹੀ ਨਹੀਂ, ਸਗੋਂ ਵਿਸ਼ਵ ਦੇ ਤਕਰੀਬਨ ਸਾਰੇ ਵੱਡੇ ਦੇਸ਼ਾਂ ਨੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਰਾਕ ਵਿਚ ਸ਼ੀਆ ਭਾਈਚਾਰੇ ਦੇ ਇਕ ਧੜੇ ਨੇ ਵੀ ਮਲਿਕੀ ਦੇ ਅਸਤੀਫ਼ੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਮਲਿਕੀ ਦਾ ਅਸਤੀਫ਼ਾ ਮੰਗਣ ਵਾਲੇ ਮੋਹਰੀ ਦੇਸ਼ਾਂ ਵਿਚ ਅਮਰੀਕਾ, ਫਰਾਂਸ, ਜਰਮਨੀ, ਬਰਤਾਨੀਆ ਤੇ ਆਸਟਰੇਲੀਆ ਵੀ ਸ਼ਾਮਲ ਹੋ ਗਏ ਹਨ ਪਰ ਪ੍ਰਧਾਨ ਮੰਤਰੀ ਮਲਿਕੀ ਨੇ ਅਸਤੀਫ਼ਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ ਹੈ।



ਜਨਾਬ ਮਲਿਕੀ 'ਤੇ ਦੋਸ਼ ਹੈ ਕਿ ਇਰਾਕ ਵਿਚ ਲੋਕਤੰਤਰੀ ਢੰਗ ਨਾਲ ਸਰਕਾਰ ਚੁਣੇ ਜਾਣ ਬਾਅਦ ਉਨ੍ਹਾਂ ਨੂੰ ਬਤੌਰ ਪ੍ਰਧਾਨ ਮੰਤਰੀ ਹੁੰਦਿਆਂ ਸ਼ੀਆ, ਸੁੰਨੀ ਤੇ ਕੁਰਦ ਭਾਈਚਾਰੇ ਵਿਚ ਪੱਖਪਾਤ ਨਹੀਂ ਕਰਨਾ ਚਾਹੀਦਾ ਸੀ। ਇਰਾਕ ਦੇ ਰਾਸ਼ਟਰਪਤੀ ਕੁਰਦ ਹਨ। ਸੁੰਨੀ ਭਾਈਚਾਰੇ ਨੂੰ ਸਰਕਾਰ ਤੇ ਪ੍ਰਸ਼ਾਸਨ ਵਿਚੋਂ ਪੂਰੀ ਤਰ੍ਹਾਂ ਨਜ਼ਰਅੰਦਾਜ਼ ਹੀ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨਾਲ ਸਾਬਕਾ ਰਾਸ਼ਟਰਪਤੀ ਸੱਦਾਮ ਹੁਸੈਨ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ, ਦੇ ਸ਼ਾਸਨ ਦੌਰਾਨ ਹੋਏ ਭਾਰੀ ਵਿਤਕਰਿਆਂ ਬਦਲੇ, ਲਗਾਤਾਰ ਜ਼ਲੀਲ ਕੀਤਾ ਜਾਂਦਾ ਆ ਰਿਹਾ ਹੈ।

ਇਰਾਕੀ ਫ਼ੌਜ ਵਿਚ ਸੁੰਨੀ ਭਾਈਚਾਰਾ ਪੂਰੀ ਤਰ੍ਹਾਂ ਲਾਂਭੇ ਰੱਖਿਆ ਗਿਆ ਹੈ। ਮਲਿਕੀ ਨੇ ਆਪਣੇ ਸ਼ਾਸਨਕਾਲ ਵਿਚ ਕਦੇ ਵੀ ਸੰਜੀਦਗੀ ਨਾਲ ਸੁੰਨੀ ਭਾਈਚਾਰੇ ਨਾਲ ਚੱਲੇ ਆ ਰਹੇ ਪੁਰਾਣੇ ਮੱਤਭੇਦਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੱਦਾਮ ਦੇ ਸ਼ਾਸਨ ਦੇ ਅੰਤ ਹੋਣ ਬਾਅਦ ਸੁੰਨੀ ਭਾਈਚਾਰਾ ਆਪਣੇ ਸਰਬ-ਪ੍ਰਵਾਨਤ ਨੇਤਾ ਤੋਂ ਵਿਰਵਾ ਹੋ ਗਿਆ। ਸੁੰਨੀ ਭਾਈਚਾਰੇ ਦਾ ਇਕ ਨੇਤਾ ਨਾ ਹੋਣ ਕਾਰਨ ਕਮਾਂਡ ਕੱਟੜ ਸੁੰਨੀ ਅਤਿਵਾਦੀਆਂ ਦੇ ਹੱਥ ਆ ਗਈ ਤੇ ਉਹ ਕਈ ਸਾਲਾਂ ਤੋਂ ਲਗਾਤਾਰ ਵੱਡੇ ਪੱਧਰ 'ਤੇ ਹਿੰਸਾ ਕਰਦੇ ਆਏ ਹਨ ਪਰ ਉਨ੍ਹਾਂ ਦਾ ਅਜਿਹਾ ਪ੍ਰਭਾਵ ਨਹੀਂ ਉੱਭਰ ਸਕਿਆ ਕਿ ਮਲਿਕੀ ਸਰਕਾਰ ਦਬਾਅ ਹੇਠ ਆ ਕੇ ਸੁਲ੍ਹਾ-ਸਫ਼ਾਈ ਦੇ ਰਾਹ ਚੱਲਦੀ।

ਆਖ਼ਰ ਉਹੀ ਹੋਇਆ ਜਿਸ ਦਾ ਖ਼ਦਸ਼ਾ ਸੀ। ਸੀਰੀਆ ਨੂੰ ਇਸ ਵੇਲੇ ਵਿਸ਼ਵ ਭਰ ਦੇ ਕੱਟੜ ਮੁਸਲਿਮ ਅਤਿਵਾਦੀਆਂ ਦਾ ਸਿਖਲਾਈ ਕੇਂਦਰ ਕਿਹਾ ਜਾ ਰਿਹਾ ਹੈ। ਸੀਰੀਆ ਤੋਂ ਇਰਾਕ ਅੰਦਰ ਚੁੱਪ-ਚੁਪੀਤੇ ਦਾਖ਼ਲ ਹੋਈ ਇਰਾਕੀ ਤੇ ਸੀਰੀਆਈ ਦਹਿਸ਼ਤਗਰਦਾਂ ਦੀ ਜਥੇਬੰਦੀ ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਲੇਵਾਂਤ (ਆਈ.ਐਸ.ਆਈ.ਐਲ.) ਨੇ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਮੌਸੂਲ, ਤਿਕਰਿਤ ਸਮੇਤ ਕਈ ਸ਼ਹਿਰਾਂ 'ਤੇ ਕਬਜ਼ਾ ਕਰਕੇ ਕਰੀਬ ਦੋ ਹਜ਼ਾਰ ਸ਼ੀਆ ਲੋਕਾਂ ਦੀਆਂ ਸਮੂਹਿਕ ਹੱਤਿਆਵਾਂ ਦਾ ਦਾਅਵਾ ਕਰਕੇ ਇਰਾਕ ਦੀ ਸਭ ਤੋਂ ਵੱਡੀ ਰਿਫਾਇਨਰੀ ਬੈਂਜੀ ਉੱਪਰ ਵੱਡਾ ਧਾਵਾ ਬੋਲ ਕੇ ਤੇ ਬ਼ਗਦਾਦ ਦੇ ਨੇੜੇ ਪਹੁੰਚ ਕੇ ਇਰਾਕ ਸਰਕਾਰ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਹੈ।

ਇਰਾਕ ਖ਼ਾਨਾਜੰਗੀ ਵਿਚ ਘਿਰਦਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮਲਿਕੀ ਨੂੰ ਅਮਰੀਕਾ ਦੀ ਮਦਦ ਮੰਗਣੀ ਪੈ ਰਹੀ ਹੈ। ਕੱਟੜ ਇਸਲਾਮੀ ਜਥੇਬੰਦੀ ਦੇ ਕਰੀਬ ਨੌਂ ਹਜ਼ਾਰ ਲੜਾਕਿਆਂ ਨੇ ਇਰਾਕ ਉੱਪਰ ਧਾਵਾ ਬੋਲ ਕੇ ਵਿਸ਼ਵ ਦੀ ਆਰਥਿਕਤਾ ਨੂੰ ਝਟਕੇ ਦਾ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਵਿਦੇਸ਼ ਮੰਤਰੀ ਜੌਹਨ ਕੈਰੀ ਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਰਾਕ ਦੇ ਮੌਜੂਦਾ ਸ਼ੀਆ ਪ੍ਰਧਾਨ ਮੰਤਰੀ ਮਲਿਕੀ ਉੱਪਰ ਅਸਤੀਫ਼ਾ ਦੇਣ ਲਈ ਦਬਾਅ ਵਧਾਇਆ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਮਲਿਕੀ ਨੂੰ ਹਟਾਏ ਬਗ਼ੈਰ ਇਰਾਕ ਦਾ ਸ਼ੀਆ-ਸੁੰਨੀ-ਕੁਰਦ ਤਣਾਅ ਸੁਲਝ ਨਹੀਂ ਸਕਦਾ। ਫਰਾਂਸ ਨੇ ਵੀ ਕਿਹਾ ਹੈ ਕਿ ਇਰਾਕ ਵਿਚ ਸਾਰੇ ਭਾਈਚਾਰਿਆਂ ਦੀ ਸਾਂਝੀ ਸਰਕਾਰ ਬਗ਼ੈਰ ਮੌਜੂਦਾ ਸੰਕਟ ਸੁਲਝਣਾ ਸੰਭਵ ਨਹੀਂ ਹੈ। ਇਹੀ ਆਵਾਜ਼ ਬਰਤਾਨੀਆ, ਆਸਟਰੇਲੀਆ ਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚੋਂ ਉੱਠਣੀ ਸ਼ੁਰੂ ਹੋ ਗਈ ਹੈ।

ਉਧਰ, ਇਰਾਕ ਦੇ ਵੱਡੇ ਸ਼ੀਆ ਧਾਰਮਿਕ ਆਗੂ ਨੇ ਦੇਸ਼ ਵਿਚ ਵਧਦੇ ਸੰਕਟ ਨੂੰ ਦੇਖਦਿਆਂ ਨਵੀਂ ਤੇ ਢੁਕਵੀਂ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ। ਅਯਾਤੁੱਲਾ ਅਲੀ ਅਲ ਸਿਸਤਾਨੀ ਨੇ ਸ਼ੀਆ ਪ੍ਰਧਾਨ ਮੰਤਰੀ ਨੂਰੀ ਅਲ ਮਲਿਕੀ 'ਤੇ ਛੁਪੇ ਸ਼ਬਦਾਂ ਵਿਚ ਹਮਲਾ ਕਰਦਿਆਂ ਦੇਸ਼ ਦੇ ਸੰਕਟ ਲਈ ਉਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਹੈ ਕਿ ਨਵੀਂ ਸਰਕਾਰ ਨੂੰ ਸਾਰੇ ਇਰਾਕੀਆਂ ਦੇ ਬਿਹਤਰ ਭਵਿੱਖ ਲਈ ਨਵੇਂ ਦਿਸਹੱਦੇ ਖੋਲਣੇ ਚਾਹੀਦੇ ਹਨ।

# 'ਵਰਲਡ ਸਿਖ ਫੈਡਰੇਸ਼ਨ' ਵਲੋਂ ਨਵੀਂ ਪੰਜ ਮੈਂਬਰੀ ਪ੍ਰਬੰਧਕ ਕਮੇਟੀ ਦਾ ਗਠਨ

**ਸੈਨ ਹੋਜ਼ੇ (ਦੁਪਾਲਪੁਰ):** ਆਧੁਨਿਕ ਬਿਜਲਈ ਸਾਧਨਾਂ ਦੁਆਰਾ ਤੱਤਿ ਗੁਰਮਤਿ ਪ੍ਰਚਾਰ ਲਈ ਸਰਗਰਮ ਜਥੇਬੰਦੀ 'ਵਰਲਡ ਸਿੱਖ ਫੈਡਰੇਸ਼ਨ' ਵਲੋਂ ਕੌਮਾਂਤਰੀ ਪੱਧਰ 'ਤੇ ਆਪਣੇ 'ਮਿਸ਼ਨ ਪ੍ਰਚਾਰ' ਨੂੰ ਹੋਰ ਸੁਚਾਰੂ ਰੂਪ ਦੇਣ ਲਈ ਹਿਤ ਇਹ ਨਵੀਂ ਨਾਮਜ਼ਦਗੀ ਕੀਤੀ ਗਈ ਹੈ। ਸਿੱਖ ਵਿਰਸੇ ਮੁਤਾਬਕ 'ਪੰਚ ਪ੍ਰਧਾਨੀ ਸਿਸਟਮ' ਅਪਨਾਉਣ ਦਾ ਪ੍ਰਣ ਕਰਦਿਆਂ ਇਸ ਸੰਸਥਾ ਦੇ ਸੇਵਾਦਾਰਾਂ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਪੰਥਕ ਪਿੜ ਵਿਚ ਖੋਜ ਕਾਰਜ ਨਿਰੰਤਰ ਚਲਦੇ



ਨਵੀਂ ਪੰਜ ਮੈਂਬਰੀ ਪ੍ਰਬੰਧਕ ਕਮੇਟੀ ਨਾਮਜ਼ਦ ਕੀਤੀ ਗਈ ਹੈ। ਇਸ ਨਵੀਂ ਕਮੇਟੀ ਵਿਚ ਭਾਈ ਜਸਵਿੰਦਰ ਸਿੰਘ ਮੁਦਕੀ (ਈਸਟ ਕੋਸਟ, ਅਮਰੀਕਾ), ਭਾਈ ਹਰਬਖਸ਼ ਸਿੰਘ ਰਾਊਕੇ (ਵੈਸਟ ਕੋਸਟ, ਅਮਰੀਕਾ), ਭਾਈ ਹਰਚਰਨ ਸਿੰਘ, ਸੰਪਾਦਕ 'ਸਿੱਖ ਵਿਰਸਾ' (ਕੈਲਗਰੀ, ਕੈਨੇਡਾ), ਭਾਈ ਬਲਦੇਵ ਸਿੰਘ ਓਸਲੋ (ਨਾਰਵੇ, ਯੂਰਪ) ਅਤੇ ਭਾਈ ਜਗਜੀਤ ਸਿੰਘ ਖਾਲਸਾ (ਲੁਧਿਆਣਾ) ਨੂੰ ਸ਼ਾਮਲ ਕੀਤਾ ਗਿਆ ਹੈ।

ਸੰਸਥਾ ਦੇ ਸਲਾਹਕਾਰ ਡਾ. ਗੁਰਮੀਤ ਸਿੰਘ ਬਰਸਾਲ ਵਲੋਂ ਜਾਰੀ ਬਿਆਨ ਅਨੁਸਾਰ ਸਿੱਖ ਸਭਾ-ਸੁਸਾਇਟੀਆਂ ਵਿਚ ਕਲਹ-ਕਲੇਸ਼ ਜਾਂ ਪਾਟੋ-ਧਾੜੀ ਦਾ ਸਬੱਬ ਬਣਦੇ ਪ੍ਰਧਾਨਗੀਆਂ-ਸਕੱਤਰੀਆਂ ਦੀ ਲਾਲਸਾ ਵਾਲੇ 'ਮਾਰੂ ਰੋਗ' ਦਾ ਫਸਤਾ ਵੱਢਣ ਰਹਿਣੇ ਚਾਹੀਦੇ ਹਨ। ਪਰ ਕੋਈ ਅੰਤਿਮ ਨਿਰਣਾ ਲੈਣ ਲਈ ਪੰਥਕ ਵਿਧੀ ਵਿਧਾਨ ਵਾਲੀ ਜੁਗਤ ਹੀ ਪ੍ਰਵਾਣਤ ਹੋਵੇਗੀ।

ਇਕ ਹੋਰ ਮਹੱਤਵਪੂਰਨ ਫੈਸਲੇ ਅਨੁਸਾਰ 'ਵਰਲਡ ਸਿੱਖ ਫੈਡਰੇਸ਼ਨ' ਛੋਟੇ-ਮੋਟੇ ਸਿਧਾਂਤਕ ਵਖਰੇਵਿਆਂ ਨੂੰ ਲਾਂਭੇ ਰਖ ਕੇ, ਹਰ ਉਸ ਜਥੇਬੰਦੀ ਦਾ ਸਹਿਯੋਗ ਲੈਣ ਅਤੇ ਦੇਣ ਲਈ ਵਚਨਬੱਧ ਰਹੇਗੀ, ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਪੰਥ ਪ੍ਰਵਾਣਤ' ਸਿਖ ਰਹਿਤ ਮਰਿਆਦਾ ਨੂੰ ਪ੍ਰਵਾਨ ਕਰਦੀ ਹੋਵੇਗੀ। ਬਿਆਨ ਅਨੁਸਾਰ ਸੰਸਥਾ ਵਲੋਂ ਸਮੂਹ ਜਾਗਰੂਕ ਜਥੇਬੰਦੀਆਂ, ਪ੍ਰਚਾਰਕਾਂ, ਲਿਖਾਰੀਆਂ, ਕਵੀਆਂ ਅਤੇ ਵਿਦਵਾਨਾਂ ਨੂੰ 'ਵਰਲਡ ਸਿੱਖ ਫੈਡਰੇਸ਼ਨ' ਦੇ ਪੰਥਕ ਪਲੇਟਫਾਰਮ 'ਤੇ ਇਕੱਤਰ ਕਰਨ ਲਈ ਯਥਾ-ਸੰਭਵ ਯਤਨ ਕੀਤੇ ਜਾਣਗੇ।

# ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮਾਗਮ ਸ਼ੁਰੂ

**ਅਨੰਦਪੁਰ ਸਾਹਿਬ:** ਇਥੇ ਸ਼੍ਰੋਮਣੀ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਵਰੋਸਾਈ ਧਰਤੀ ਅਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਮਨਾਉਣ ਦੀ ਸ਼ੁਰੂਆਤ ਹੋਈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਤਾ ਨਾਨਕੀ ਦੇ ਨਾਂ 'ਤੇ ਇਸ ਪਵਿੱਤਰ ਨਗਰ ਦਾ ਨਾਂ 'ਚੱਕ ਨਾਨਕੀ' ਰੱਖਿਆ ਸੀ। ਉਨ੍ਹਾਂ ਕਿਹਾ ਕਿ ਹਰ ਸਿੱਖ ਨੂੰ ਸਿੱਖੀ 'ਤੇ ਮਾਣ ਕਰਦਿਆਂ ਅੰਮ੍ਰਿਤ ਛਕਣਾ ਚਾਹੀਦਾ ਹੈ ਤੇ ਸਿੰਘ ਸਜੋ ਲਹਿਰ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਕਿ ਪਤਿਤਪੁਣੇ ਤੇ ਨਸ਼ਿਆਂ ਨੂੰ ਠੱਲ੍ਹ ਪੈ ਸਕੇ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸਮੁੱਚੇ ਖ਼ਾਲਸਾ ਪੰਥ ਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਜਾਣਗੇ। ਉਨ੍ਹਾਂ ਅਪੀਲ ਕੀਤੀ ਕਿ 19 ਜੂਨ 2015 ਤੱਕ ਹਰ ਪਰਿਵਾਰ ਘੱਟੋ-ਘੱਟ ਇਕ ਵਾਰ ਜ਼ਰੂਰ ਅਨੰਦਪੁਰ ਸਾਹਿਬ ਦੇ ਦਰਸ਼ਨ ਕਰ ਕੇ ਹਾਜ਼ਰੀ ਭਰੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ 19 ਜੂਨ 2015 ਨੂੰ ਅਨੰਦਪੁਰ ਸਾਹਿਬ ਦਾ 350ਵਾਂ ਸਥਾਪਨਾ ਦਿਵਸ ਮਨਾਇਆ ਜਾਵੇਗਾ। ਸਾਲ ਭਰ ਚੱਲਣ ਵਾਲੇ ਇਨ੍ਹਾਂ ਗੁਰਮਤਿ ਸਮਾਗਮਾਂ ਰਾਹੀਂ ਸਮੁੱਚੀ ਸੰਗਤ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 350ਵੇਂ ਸਥਾਪਨਾ ਦਿਵਸ ਨੂੰ ਸਮਰਪਤ ਵਿਸ਼ੇਸ਼ ਨਗਰ ਕੀਰਤਨ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਲਿਆਂਦੇ ਜਾਣਗੇ।

## ਅਡਾਨੀ ਭਰਾਵਾਂ ਨੂੰ ਰਾਹਤ

**ਮੁੰਬਈ:** ਇਥੋਂ ਦੀ ਅਦਾਲਤ ਵੱਲੋਂ ਸਨਅਤਕਾਰ ਭਰਾਵਾਂ ਗੌਤਮ ਤੇ ਰਾਜੇਸ਼ ਅਡਾਨੀ ਨੂੰ ਧੋਖਾਧੜੀ ਤੇ ਅਪਰਾਧਕ ਸਾਜ਼ਿਸ਼ ਦੇ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਸਾਲ 2012 ਵਿਚ ਅਡਾਨੀ ਭਰਾਵਾਂ, ਅਡਾਨੀ ਐਕਸਪੋਰਟਸ ਲਿਮਟਿਡ ਤੇ ਅਦਾਨੀ ਐਗਰੋ ਪ੍ਰਾਈਵੇਟ ਲਿਮਟਿਡ ਸਮੇਤ 12 ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ।



M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont






USA THEATRE LISTING

**CALIFORNIA**
SIERRA VISTA CLOVIS (FRESNO)
AMC NORWALK (LOS ANGELES)
AMC ONTARIO MILLS (LOS ANGELES)
AMC BURBANK (LOS ANGELES)
EDWARDS 14 (BAKERSFIELD)
BRENDON 18 (MODESTO)
CINEMARK 14 (TRACYCINEMARK TRACY)
CENTURY LAGUNA (ELK GROVE)
CINEMARK (ROSEVILLE)
CINEMARK (YUBA CITY)
REGAL STOCKTON (STOCKTON)
CENTURY 20(MILPITAS)
CENTURY 20 (UNION CITY)
CENTURY HILLTOP RICHMOND (RICHMOND)
REGAL HACIENDA 20 (DUBLIN)

**REST OF USA**
BOMBAY THEATER (NEW YORK)
FARMINGDALE MULTIPLEX (NEW YORK)
REGAL COMMERCE CENTER (NEW JERSEY)
REGAL BURLINGTON (NEW JERSEY)
REGAL COUNTRYSIDE (VIRGINIA)
CINEMARK FEDERAL WAY (SEATTLE)
FUN ASIA (DALLAS)
CINEMARK MEMORIAL CITY (HOUSTON, TX)
MOVIES 16 (SAN ANTONIO)
MOVIES 8 (INDIANA)
SOLON CINEMAS (CLEVELAND, OHIO)
CINEMARK (CINCINNATI OHIO)
CENTURY STRATFORD (CHICAGO, IL)
MOVIES 16 ( WARREN MI)
CINEMARK 16 (MESA AZ)
MOVIES 10 (MATTHEWS NC)
MARCUS SOUTH SHORE (OAK CREEK, WI)
SCREENS AT CONTINENT (COLUMBUS OH)
LEAWOOD THEATER (KANSAS)
CINEMARK 9 (SANDY UTAH)
MALCO THEATER (MADISON MS)
SPOTLIGHT THEATER (HARTFORD CT)

FB.COM/INDIANMOVIESINUSA
FOR MORE INFORMATION
PH:559-512-0415

# ਨਾਟਕਕਾਰ ਚਰਨ ਸਿੰਘ ਸਿੰਧਰਾ ਦੀ ਯਾਦ 'ਚ ਸਮਾਗਮ

**ਸੈਨ ਹੋਜ਼ੇ (ਬਿਊਰੋ):** ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ 22 ਜੂਨ, ਐਤਵਾਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪ੍ਰਸਿੱਧ ਲੇਖਕ, ਨਿਰਦੇਸ਼ਕ ਅਤੇ ਨਾਟਕਕਾਰ ਸਵਰਗੀ ਚਰਨ ਸਿੰਘ ਸਿੰਧਰਾ ਨਮਿਤ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਸ. ਸਿੰਧਰਾ ਇਸ ਸਾਲ ਅਪਰੈਲ ਮਹੀਨੇ ਅਕਾਲ ਚਲਾਣਾ ਕਰ ਗਏ ਸਨ।



*ਮਰਹੂਮ ਚਰਨ ਸਿੰਘ ਸਿੰਧਰਾ*

ਜ਼ਿਕਰਯੋਗ ਹੈ ਕਿ ਸਵਰਗੀ ਸਿੰਧਰਾ ਜਦੋਂ ਸਾਲ 2012 ਵਿਚ ਇਥੇ ਆਪਣੇ ਬੇਟੇ ਨਵਜੋਤ ਸਿੰਘ ਸਿੰਧਰਾ ਪਾਸ ਆਏ ਸਨ ਤਾਂ ਉਨ੍ਹਾਂ ਨੇ ਇੱਥੋਂ ਦੇ ਸਿੱਖ ਬੱਚਿਆਂ ਨੂੰ ਆਪਣੇ ਧਰਮ, ਵਿਰਸੇ, ਸਭਿਆਚਾਰ ਅਤੇ ਇਤਿਹਾਸ ਨਾਲ ਜੋੜਨ ਦਾ ਸੰਕਲਪ ਲਿਆ ਸੀ ਅਤੇ ਇੱਥੋਂ ਦੇ ਜੰਮਪਲ ਸਿੱਖ ਬੱਚਿਆਂ ਤੋਂ ਆਪਣਾ ਲਿਖਿਆ ਅਤੇ ਨਿਰਦੇਸ਼ਨ ਕੀਤਾ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ-ਸਾਕਾ ਸਰਹਿੰਦ' ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਪੇਸ਼ ਕਰਕੇ ਸਿੱਧ ਕਰ ਦਿੱਤਾ ਸੀ ਕਿ ਜਿਸ ਗੱਲ ਨੂੰ ਲੈ ਕੇ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਮਾਪੇ ਬੱਚਿਆਂ ਪ੍ਰਤੀ ਚਿੰਤਿਤ ਹਨ, ਉਨ੍ਹਾਂ ਨੂੰ ਆਪਣੀ ਸਭਿਅਤਾ ਨਾਲ ਜੋੜਨਾ ਬਹੁਤਾ ਔਖਾ ਕੰਮ ਨਹੀਂ ਹੈ। ਇਸ ਕੰਮ ਨੂੰ ਨਾਟ-ਕਲਾ ਰਾਹੀਂ ਵੀ ਸਹਿਜੇ ਹੀ ਕੀਤਾ ਜਾ ਸਕਦਾ ਹੈ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਸੁਖਦੇਵ ਸਿੰਘ ਬੈਨੀਵਾਲ ਨੇ ਸ਼ਰਧਾਂਜਲੀ ਸਮਾਰੋਹ ਦੇ ਸ਼ੁਰੂਆਤੀ ਦੌਰ 'ਚ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਵਿਚਾਰਾਂ ਦੀ ਸਾਂਝ ਪਾਈ। ਕਮੇਟੀ ਮੈਂਬਰ ਸਰਬਜੋਤ ਸਿੰਘ ਸਵੱਦੀ ਨੇ ਸਵਰਗੀ ਸਿੰਧਰਾ ਦੇ ਜੀਵਨ ਦੀਆਂ ਕੁਝ ਯਾਦਾਂ ਸਾਂਝੀਆਂ ਕਰਦਿਆਂ ਸਭਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਬੱਚੀ ਹਰਪ੍ਰੀਤ ਕੌਰ, ਕਾਕਾ ਪ੍ਰਭਪ੍ਰੀਤ ਸਿੰਘ ਤੇ ਭਾਈ ਕੁਲਵੰਤ ਸਿੰਘ ਦੇ ਰਾਗੀ ਜਥੇ ਨੇ ਸ਼ਬਦ ਪੜ੍ਹਿਆ।

ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਸਵਰਗੀ ਚਰਨ ਸਿੰਘ ਸਿੰਧਰਾ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਵੱਲੋਂ ਲਿਖੇ ਤੇ ਖੇਡੇ ਰੂਪਕਾਂ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਸਵਰਗੀ ਸਿੰਧਰਾ ਦੇ ਜੀਵਨ ਨਾਲ ਸਬੰਧਤ ਅਤੇ ਉਨ੍ਹਾਂ ਵੱਲੋਂ ਖੇਡੇ ਤੇ ਖਿਡਾਏ ਗਏ ਰੂਪਕਾਂ ਦੀਆਂ ਤਸਵੀਰਾਂ ਦਾ ਸਲਾਈਡ ਸ਼ੋਅ ਵੀ ਵਿਖਾਇਆ।

ਮਨਿਸਟਰੀ ਆਫ ਯੂਥ ਅਫੇਅਰਜ਼ (ਭਾਰਤ ਸਰਕਾਰ) ਦੇ ਸੇਵਾ ਮੁਕਤ ਡਾਇਰੈਕਟਰ (ਨਹਿਰੂ ਯੁਵਾ ਕੇਂਦਰ) ਜਤਿੰਦਰ ਸਿੰਘ ਦੁੱਗਲ ਨੇ ਮਰਹੂਮ ਸਿੰਧਰਾ ਨਾਲ ਬੀਤਾਏ ਦਿਨਾਂ ਦੀਆਂ ਯਾਦਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਕਾਕਾ ਪ੍ਰਭਪ੍ਰੀਤ ਸਿੰਘ ਨੇ ਵੀ ਆਪਣੇ ਕੌੜੇ-ਮਿੱਠੇ ਤਜ਼ਰਬੇ ਸੰਗਤਾਂ ਨਾਲ ਸਾਂਝੇ ਕੀਤੇ। ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਬਾਨੀ ਪਰਮਜੀਤ ਸਿੰਘ ਸੇਖੋਂ (ਦਾਖਾ) ਨੇ ਸਵਰਗੀ ਸਿੰਧਰਾ ਦੀ ਹਰ ਸਾਲ ਬਰਸੀ ਮਨਾਉਣ ਅਤੇ ਉਨ੍ਹਾਂ ਦੇ ਲਿਖੇ ਨਾਟਕਾਂ/ਰੂਪਕਾਂ ਨੂੰ ਕ੍ਰਮਵਾਰ ਖੇਡਣ ਦਾ ਐਲਾਨ ਕੀਤਾ।

ਇਸ ਮੌਕੇ ਸਵਰਗੀ ਸਿੰਧਰਾ ਦੇ ਇਥੇ ਵੱਸਦੇ ਸਪੁੱਤਰ ਨਵਜੋਤ ਸਿੰਘ ਸਿੰਧਰਾ ਦਾ ਸਿਰਪਾਓ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ।



*ਸਵਰਗੀ ਸਿੰਧਰਾ ਦੇ ਪੁੱਤਰ ਨਵਜੋਤ ਸਿੰਘ ਸਿੰਧਰਾ ਦਾ ਸਿਰਪਾਓ ਨਾਲ ਸਨਮਾਨ ਕਰਦੇ ਹੋਏ ਪਤਵੰਤੇ ਸੱਜਣ*

ਸਵਰਗੀ ਸਿੰਧਰਾ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਅਮੋਲਕ ਸਿੰਘ ਗਾਖਲ, ਬਲਬੀਰ ਸਿੰਘ ਭਾਟੀਆ, ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ, ਡਾ. ਆਲਾ ਸਿੰਘ, ਗੁਰਮੀਤ ਸਿੰਘ ਬਰਸਾਲ, ਝਿਰਮਲ ਸਿੰਘ ਅਜਨਾਲਾ, ਸੁਦੇਸ਼ ਸਿੰਘ ਅਟਵਾਲ, ਜਸਵੀਰ ਸਿੰਘ ਤੱਖਰ, ਅਵਤਾਰ ਸਿੰਘ ਮਿਸ਼ਨਰੀ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ ਖਾਲਸਾ, ਜਸਦੀਪ ਸਿੰਘ, ਪ੍ਰਿੰ. ਹਰਚਰਨ ਸਿੰਘ ਗਿੱਲ, ਸਤਪਾਲ ਸਿੰਘ ਮਦਾਰ, ਮਨਜੀਤ ਸਿੰਘ ਛੀਨਾ, ਚਰਨਜੀਤ ਸਿੰਘ ਪੰਨੂ, ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਗੁਰਦੇਵ ਕੌਰ ਅਤੇ ਤਰਸੇਮ ਸਿੰਘ ਸੁਮਨ ਦੇ ਨਾਂ ਵਰਣਨਯੋਗ ਹਨ।

ਇਸ ਸਰਧਾਂਜਲੀ ਸਮਾਰੋਹ ਮੌਕੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਤੋਂ ਇਲਾਵਾ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਬਾਲ ਸਾਹਿਤ ਕਲਾ ਰੰਗ-ਮੰਚ, ਦਲ ਖਾਲਸਾ ਅਲਾਇੰਸ, ਯੂਨਾਈਟਡ ਸਪੋਰਟਸ ਕੱਲਬ, ਵਰਲਡ ਸਿੱਖ ਫੈਡਰੇਸ਼ਨ, ਇੰਟਰਨੈਸ਼ਨਲ ਗ਼ਦਰ ਮੈਮੋਰੀਅਲ ਟਰੱਸਟ, ਬੇ ਏਰੀਆ ਸਿੱਖ ਅਲਾਇੰਸ, ਗੋਲਡਨ ਪੰਜਾਬ ਕੱਲਬ, ਵਰਲਡ ਸਿੱਖ ਕੌਂਸਲ, ਦਾ ਸਿੱਖ ਐਜੂਕੇਸ਼ਨਲ ਟਰੱਸਟ, ਕੌਂਸਲ ਆਫ ਖ਼ਾਲਿਸਤਾਨ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਅਜੇ ਭੰਗੜਾ ਗਰੁਪ, ਗੁਰੂ ਤੇਗ ਬਹਾਦਰ ਸਪੋਰਟਸ ਕੱਲਬ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ, ਗੁਰੂ ਘਰ ਐਲ ਸਬਰਾਂਟੇ ਦੇ ਸਾਬਕਾ ਕਮੇਟੀ ਮੈਂਬਰ, ਸ਼ਹੀਦਾਂ ਵਾਲਾ ਖੂਹ ਅਜ਼ਨਾਲਾ ਆਦਿ ਧਾਰਮਿਕ, ਸਮਾਜਿਕ, ਪੰਥਕ ਸੰਸਥਾਵਾਂ ਦੇ ਪ੍ਰਮੁੱਖ ਆਗੂਆਂ ਅਤੇ ਸਰਗਰਮ ਮੈਂਬਰਾਂ ਨੇ ਸ਼ਿਰਕਤ ਕੀਤੀ।

ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਆਉਣ ਵਾਲੇ ਦਿਨਾਂ ਵਿਚ ਖੇਡੇ ਜਾਣ ਵਾਲੇ ਰੂਪਕ 'ਮਰਦ ਅਗੰਮੜਾ' ਦੇ ਕੁਝ ਅੰਸ਼ ਵੀ ਸੰਗਤਾਂ ਨੂੰ ਸੁਣਾਏ ਗਏ। ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰੱਸਟ ਦੇ ਵਾਇਸ ਪ੍ਰਧਾਨ ਸੁਦੇਸ਼ ਸਿੰਘ ਅਟਵਾਲ ਅਤੇ ਸਾਥੀਆਂ ਨੇ ਨਵਜੋਤ ਸਿੰਘ ਸਿੰਧਰਾ ਨੂੰ ਗਦਰ ਮੂਵਮੈਂਟ ਨਾਲ ਸਬੰਧਤ ਪੁਸਤਕਾਂ ਭੇਟ ਕਰਕੇ ਗਦਰ ਮੂਵਮੈਂਟ 'ਤੇ ਵੀ ਨਾਟਕ ਲਿਖਣ ਅਤੇ ਖੇਡਣ ਦੀ ਬੇਨਤੀ ਕੀਤੀ।

## ਪੰਜਾਬ ਰਾਜ ਨਸ਼ਾ ਛੁਡਾਊ ਤੇ ਮੁੜ ਵਸੇਬਾ ਬੋਰਡ ਬਣਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਪੰਜਾਬ ਰਾਜ ਨਸ਼ਾ ਛੁਡਾਊ ਤੇ ਮੁੜ ਵਸੇਬਾ ਬੋਰਡ' ਸਥਾਪਤ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਦੀ ਅਗਵਾਈ ਸ. ਬਾਦਲ ਕਰਨਗੇ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਬੋਰਡ ਦੇ ਹੋਰਨਾਂ ਮੈਂਬਰਾਂ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ (ਸੀਨੀਅਰ ਉਪ ਚੇਅਰਮੈਨ), ਸਿਹਤ ਮੰਤਰੀ (ਉਪ ਚੇਅਰਮੈਨ), ਮੁੱਖ ਸਕੱਤਰ, ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਕੇ.ਜੇ.ਐਸ. ਚੀਮਾ, ਪੰਜਾਬ ਰਾਜ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧਕੀ ਡਾਇਰੈਕਟਰ, ਇੰਸਪੈਕਟਰ ਜਨਰਲ ਪੁਲਿਸ (ਨਾਰਕੌਟਿਕ ਸੈਲ) ਈਸ਼ਵਰ ਸਿੰਘ, ਸਿਹਤ ਸਲਾਹਕਾਰ ਡਾ. ਕੇ.ਕੇ. ਤਲਵਾਰ, ਡਾ. ਅਜੀਤ ਅਵਸਥੀ ਤੇ ਡਾ. ਡੀ. ਵਾਸੂ ਸ਼ਾਮਲ ਹਨ।

ਨਸ਼ਾ ਛੁਡਾਊ ਤੇ ਮੁੜ ਵਸੇਬਾ ਖੇਤਰ ਵਿਚ ਕੰਮ ਕਰਨ ਵਾਲੀਆਂ ਪੰਜਾਬ ਦੀਆਂ ਪ੍ਰਮੁੱਖ ਗੈਰ-ਸਰਕਾਰੀ ਸੰਸਥਾਵਾਂ ਦੇ ਪੰਜ ਨੁਮਾਇੰਦੇ ਨਾਮਜ਼ਦ ਕੀਤੇ ਗਏ ਹਨ। ਮੁੱਖ ਮੰਤਰੀ ਨੇ ਹਰੇਕ ਜ਼ਿਲ੍ਹੇ ਵਿਚ ਨਸ਼ਾ ਛੁਡਾਊ ਤੇ ਮੁੜ ਵਸੇਬਾ ਸੁਸਾਇਟੀਆਂ ਸਥਾਪਤ ਕਰਨ ਲਈ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਸੁਸਾਇਟੀਆਂ ਦੇ ਮੁਖੀ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹੋਣਗੇ ਤੇ ਜ਼ਿਲ੍ਹੇ ਦੇ ਪੁਲਿਸ ਮੁਖੀ, ਸਿਵਲ ਸਰਜਨ, ਜ਼ਿਲ੍ਹਾ ਸਮਾਜ ਸੁਰੱਖਿਆ ਅਧਿਕਾਰੀ, ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਦੇ ਮਨੋਵਿਗਿਆਨਕ ਮਾਹਿਰ ਦੇ ਇਸ ਦੇ ਮੈਂਬਰ ਹੋਣਗੇ।

## ਹਾਂਗਕਾਂਗ ਵਿਚ ਰਾਇਸ਼ੁਮਾਰੀ ਨੂੰ ਭਰਵਾਂ ਹੁੰਗਾਰਾ

**ਹਾਂਗਕਾਂਗ:** ਹਾਂਗਕਾਂਗ ਵਿਚ ਲੋਕਤੰਤਰੀ ਸੁਧਾਰਾਂ ਨੂੰ ਲੈ ਕੇ ਗੈਰਸਰਕਾਰੀ ਰਾਇਸ਼ੁਮਾਰੀ ਤਹਿਤ ਲੋਕਾਂ ਕੋਲੋਂ ਵੋਟ ਪੁਆਏ ਗਏ। ਸਥਾਨਕ ਲੋਕਾਂ ਦੇ ਇਸ ਫੈਸਲੇ ਨਾਲ ਚੀਨ ਖ਼ਫਾ ਹੈ।

ਰਾਇਸ਼ੁਮਾਰੀ ਲਈ ਆਨਲਾਈਨ ਵੀ ਵੋਟ ਪਾਈ ਜਾ ਰਹੀ ਹੈ ਤੇ ਸ਼ਹਿਰ ਦੇ 15 ਬੂਥਾਂ 'ਤੇ ਵੀ ਵੱਡੀ ਗਿਣਤੀ ਵਿਚ ਲੋਕ ਆਪਣੇ ਰਾਇ ਦੇਣ ਪਹੁੰਚੇ। ਹਾਂਗਕਾਂਗ ਦੇ ਆਗੂ ਦੀ ਨਿਯੁਕਤੀ ਪੇਇਚਿੰਗ ਹਮਾਇਤੀ 1200 ਮੈਂਬਰੀ ਕਮੇਟੀ ਵੱਲੋਂ ਕੀਤੀ ਜਾਂਦੀ ਹੈ। ਚੀਨ ਨੇ 2017 ਤੋਂ ਅਗਲੇ ਚੀਫ ਐਗਜ਼ੈਕਟਿਵ ਦੀ ਸਿੱਧੀ ਚੋਣ ਕਰਾਉਣ ਦਾ ਵਾਅਦਾ ਕੀਤਾ ਹੈ ਪਰ ਉਸ ਨੇ ਵੋਟਰਾਂ ਨੂੰ ਉਮੀਦਵਾਰ ਖੜ੍ਹੇ ਕਰਨ ਦੀ ਚੋਣ ਕਰਨ ਦਾ ਅਧਿਕਾਰ ਦੇਣ ਤੋਂ ਇਨਕਾਰ ਕੀਤਾ ਹੈ। ਪੇਇਚਿੰਗ ਤੇ ਹਾਂਗਕਾਂਗ ਦੇ ਅਧਿਕਾਰੀਆਂ ਨੇ ਚੋਣ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ ਪਰ ਆਨਲਾਈਨ ਵੋਟਿੰਗ ਸ਼ੁਰੂ ਹੋਣ ਨਾਲ ਉਮੀਦ ਤੋਂ ਵੱਧ ਲੋਕਾਂ ਨੇ ਹੁੰਗਾਰਾ ਭਰਿਆ। ਕਰੀਬ ਛੇ ਲੱਖ ਤੋਂ ਵੱਧ ਵੋਟਰਾਂ ਨੇ ਚੋਣ ਸੁਧਾਰਾਂ ਵਿਚ ਆਪਣੀ ਰਾਇ ਦਿੱਤੀ। ਜਿਹੜੇ ਆਨਲਾਈਨ ਵੋਟ ਪਾਉਣਾ ਨਹੀਂ ਜਾਣਗੇ, ਉਨ੍ਹਾਂ ਲਈ ਉਚੇਚੇ ਤੌਰ 'ਤੇ ਪੋਲਿੰਗ ਬੂਥ ਬਣਾਏ ਗਏ।




ਟੀ.ਵੀ. ਸੀਰੀਅਲ ਵਿਚ ਮੁੱਖ ਮੰਤਰੀ ਪੰਜਾਬ ਦੀ ਭੂਮਿਕਾ ਨਿਭਾਉਣ ਅਤੇ ਹੋਰ ਫਿਲਮਾਂ ਵਿਚ ਕੰਮ ਕਰਨ ਤੋਂ ਬਾਅਦ ਐਨ. ਐਸ. ਸੌਦਾਗਰ ਆਪਣੀ ਆਉਣ ਵਾਲੀ ਨਵੀਂ ਪੰਜਾਬੀ ਫਿਲਮ 'ਮਿੱਟੀ ਦੀ ਪੰਡ' ਵਿਚ ਜਗੀਰਦਾਰ ਦੀ ਭੂਮਿਕਾ ਨਿਭਾਉਣਗੇ। ਤਸਵੀਰ ਵਿਚ ਐਨ. ਐਸ. ਸੌਦਾਗਰ (ਐਨ ਵਿਚਕਾਰ, ਚਿੱਟਾ ਕੁੜਤਾ-ਪਜਾਮਾ ਤੇ ਕਾਲੀ ਪੱਗ) ਸਾਥੀ ਕਲਾਕਾਰਾਂ ਨਾਲ।

ਹੋਰ ਜਾਣਕਾਰੀ ਲਈ ਸੰਪਰਕ ਕਰੋ-ਰੀਨੋ (ਨੇਵਾਡਾ)
ਐਨ. ਐਸ. ਸੌਦਾਗਰ, ਫੋਨ: 775-379-5229


Advt.





Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
Broker Associate
BRE Lic. #01462579
NMLS #358820
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਗੁਰਦੁਆਰਾ ਫਰੀਮਾਂਟ 'ਚ ਸ਼ਹੀਦੀ ਸਮਾਗਮ ਮਨਾਏ

**ਫਰੀਮਾਂਟ (ਬਿਊਰੋ):** ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਜੂਨ 1984 ਦੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਫਰੀਮਾਂਟ ਵਿਚ ਸ਼ਹੀਦੀ ਸਮਾਗਮ ਮਨਾਏ ਗਏ। ਤਿੰਨ ਦਿਨ ਗੁਰਬਾਣੀ ਦੇ ਜਾਪ ਹੋਏ



ਅਤੇ ਸੰਪੂਰਨਤਾ ਉਪਰੰਤ ਕੀਰਤਨ ਸਮਾਗਮ ਹੋਏ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਆਪਣੇ ਵਿਚਾਰ ਕਥਾ ਰਾਹੀਂ ਸੰਗਤਾਂ ਅੱਗੇ ਪੇਸ਼ ਕਰਦਿਆਂ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਸ਼ਹਾਦਤ ਦੇ ਸਿਧਾਂਤ ਦਾ ਆਗਮਨ ਗੁਰੂ ਸਾਹਿਬ ਦੀ ਸੱਚ ਲਈ ਦਿੱਤੀ ਕੁਰਬਾਨੀ ਨਾਲ ਹੋਇਆ ਜਿਸ ਵਿਚ ਬਾਦਸ਼ਾਹ ਜਹਾਂਗੀਰ ਤੇ ਚੰਦੂ ਸ਼ਾਮਲ ਸੀ। ਉਸ ਤੋਂ ਬਾਦ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਨੂੰ ਵੀ ਮਨੁੱਖੀ ਅਧਿਕਾਰਾਂ ਲਈ ਬ੍ਰਾਹਮਣਾਂ-ਪੰਡਤਾਂ ਲਈ ਜਾਮ-ਏ-ਸ਼ਹਾਦਤ ਪੀਣਾ ਪਿਆ। ਦਸਵੇਂ ਪਾਤਸ਼ਾਹ ਦਾ ਸਾਰਾ ਪਰਿਵਾਰ ਸ਼ਹੀਦ ਹੋ ਗਿਆ। ਉਸ ਤੋਂ ਬਾਦ ਲਗਾਤਾਰ ਸ਼ਹਾਦਤਾਂ ਨੇ ਖਾਲਸਾ ਰਾਜ ਦੀ ਨੀਂਹ ਰੱਖੀ। ਦੋ ਵਾਰ ਖਾਲਸਾ ਰਾਜ ਸਥਾਪਤ ਹੋਇਆ। ਸਿੱਖ ਕੌਮ ਪਿਛਲੇ ਲਗਪਗ ਡੇਢ ਸੌ ਸਾਲਾਂ ਤੋਂ ਗੁਲਾਮੀ ਦਾ ਨਰਕ ਭਰਿਆ ਜੀਵਨ ਬਤੀਤ ਕਰ ਰਹੀ ਹੈ। ਜਿਸ ਧਰਮ ਖਾਤਰ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ, ਉਸ ਧਰਮ ਨੂੰ ਮੰਨਣ ਵਾਲਿਆਂ ਨੇ ਹੀ ਅਕ੍ਰਿਤਘਣ ਬਣਦਿਆਂ 1984 ਦੀ ਆਜ਼ਾਦੀ ਮਿਲਦਿਆਂ ਹੀ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਐਲਾਨ ਦਿੱਤਾ ਤੇ 1984 ਵਿਚ ਹੀ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜਾਂ ਚਾੜ੍ਹ ਕੇ ਹਜ਼ਾਰਾਂ ਨਿਰਦੋਸ਼ ਸਿੱਖ ਕਤਲ ਕਰ ਦਿਤੇ। ਸਿੱਖ ਯੋਧਿਆਂ ਨੇ ਧਰਮ ਦੀ ਖਾਤਰ ਹਥਿਆਰ ਚੁੱਕ ਕੇ ਦੁਸ਼ਮਣ ਨਾਲ ਜੂਝ ਕੇ ਸ਼ਹੀਦੀਆਂ ਪਾਈਆ।

ਭਾਈ ਜਸਵਿੰਦਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਪਾਈਆਂ ਸਿੱਖ ਸ਼ਹਾਦਤਾਂ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਅਸਥਾਨ ਹੈ। ਇਹ ਸ਼ਹੀਦੀਆਂ ਕੌਮ ਦੇ ਉਜਲੇ ਭਵਿੱਖ ਦੀ ਖਾਤਰ ਹੋਈਆਂ ਤੇ ਨੌਜਵਾਨਾਂ ਨੇ ਆਪਣੀਆ ਕੀਮਤੀ ਜਿੰਦਾਂ ਖਾਲਸਾ ਪੰਥ ਲਈ ਵਾਰ ਦਿੱਤੀਆਂ। ਕੌਮ ਨੂੰ ਆਪਣੇ ਆਜ਼ਾਦ ਘਰ ਦੀ ਲੋੜ ਹੈ, ਜਿਸ ਲਈ ਏਨੀਆਂ ਸ਼ਹਾਦਤਾਂ ਹੋਈਆਂ। ਸ਼ਹੀਦਾਂ ਦੇ ਪਰਿਵਾਰਾਂ ਦੀ ਵੀ ਸਾਰ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਹਰ ਗੁਰਦੁਆਰਾ ਸਾਹਿਬਾਨ ਵਿਚ ਸਿੱਖ ਸ਼ਹੀਦਾਂ ਦੇ ਦਿਨ ਬੜੀ ਸਰਗਰਮੀ ਨਾਲ ਮਨਾਉਣੇ ਚਾਹੀਦੇ ਹਨ।

## ਮੋਦੀ ਸਰਕਾਰ ਦਾ ਪਹਿਲਾ ਬਜਟ 10 ਜੁਲਾਈ ਨੂੰ

**ਨਵੀਂ ਦਿੱਲੀ:** ਸੰਸਦ ਦਾ ਬਜਟ ਸੈਸ਼ਨ 7 ਜੁਲਾਈ ਤੋਂ 14 ਅਗਸਤ ਤੱਕ ਚੱਲੇਗਾ ਤੇ ਇਸ ਵਿਚਾਲੇ ਮੋਦੀ ਸਰਕਾਰ ਦਾ ਪਹਿਲਾ ਆਮ ਬਜਟ 10 ਜੁਲਾਈ ਨੂੰ ਪੇਸ਼ ਕੀਤਾ ਜਾਵੇਗਾ। ਰੇਲ ਬਜਟ 8 ਜੁਲਾਈ ਨੂੰ ਪੇਸ਼ ਹੋਵੇਗਾ ਤੇ ਆਰਥਿਕ ਸਰਵੇਖਣ ਨੌਂ ਜੁਲਾਈ ਨੂੰ ਪੇਸ਼ ਕੀਤਾ ਜਾਵੇਗਾ। ਸੰਸਦੀ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਆਪਣੀ ਬੈਠਕ ਵਿਚ ਇਹ ਫੈਸਲਾ ਕੀਤਾ ਹੈ। ਇਹ ਬੈਠਕ ਗ੍ਰਿਹ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿਚ ਸੰਸਦ ਭਵਨ ਵਿਚ ਸੰਸਦੀ ਮਾਮਲਿਆਂ ਦੇ ਮੰਤਰੀ ਐਮ. ਵੈਂਕਈਆ ਨਾਇਡੂ ਦੇ ਚੈਂਬਰ ਵਿਚ ਹੋਈ।

# ਬੇਕਰਜ਼ਫੀਲਡ ਵਿਚ ਸਿੱਖ ਯੂਥ ਸਿੰਪੋਜ਼ੀਅਮ

**ਬੇਕਰਜ਼ਫੀਲਡ (ਬਿਊਰੋ):** ਸਿੱਖ ਯੂਥ ਅਲਾਇੰਸ ਆਫ ਨਾਰਥ ਅਮੈਰਿਕਾ ਨਾਲ ਸਬੰਧਤ ਸਿੱਖ ਯੂਥ ਸਿੰਪੋਜ਼ੀਅਮ ਦਾ ਬੇਕਰਜ਼ਫੀਲਡ ਖੇਤਰ ਦਾ ਪ੍ਰੋਗਰਾਮ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ 58 ਬੱਚਿਆਂ ਨੇ ਹਿੱਸਾ ਲਿਆ। ਹਰ ਵਰਗ ਦੇ ਤਿੰਨ ਬੱਚਿਆਂ ਨੂੰ ਅਗਲੇ ਖੇਤਰੀ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਚੁਣਿਆ ਗਿਆ। ਸਮਾਗਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਕੀਤੇ ਕੀਰਤਨ ਨਾਲ ਸ਼ੁਰੂ ਹੋਈ।



ਉਮਰ ਵਰਗ 6-8 ਸਾਲ ਦੇ ਮੁਕਾਬਲੇ ਵਿਚ ਗੁਰਮੁਖ ਸਿੰਘ ਜੇਤੂ ਰਿਹਾ। ਇਸ ਮੁਕਾਬਲੇ ਦਾ ਵਿਸ਼ਾ 'ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ' ਸੀ। ਉਮਰ ਵਰਗ 9-10 ਵਿਚ ਅਨਮੋਲ ਕੌਰ ਜੇਤੂ ਰਹੀ ਤੇ ਇਸ ਵਰਗ ਦਾ ਵਿਸ਼ਾ ਸੀ 'ਸਿੱਖ ਇਤਿਹਾਸ।' ਇਸੇ ਤਰ੍ਹਾਂ 11-13 ਸਾਲ ਵਰਗ ਵਿਚ ਮੋਨੀਕ ਕੌਰ ਅੱਵਲ ਰਹੀ। ਇਸ ਵਰਗ ਦਾ ਵਿਸ਼ਾ 'ਅਸੀਂ ਸਿਰਫ਼ ਚਿੰਨ੍ਹ ਨਹੀਂ' ਰੱਖਿਆ ਗਿਆ ਸੀ। ਉਮਰ ਵਰਗ 14-17 ਸਾਲ ਦੀ






ਜੇਤੂ ਰੋਬਿਨ ਕੌਰ ਨੂੰ ਐਲਾਨਿਆ ਗਿਆ ਤੇ ਇਸ ਵਰਗ ਦਾ ਵਿਸ਼ਾ 'ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ' ਸੀ। 18-22 ਸਾਲ ਉਮਰ ਵਰਗ ਦਾ ਵਿਸ਼ਾ ਸੀ '1984 ਦੁਖਾਂਤ ਦੇ ਤੀਹ ਸਾਲ' ਅਤੇ ਇਸ ਵਰਗ ਵਿਚ ਇੰਦਰਵੀਰ ਸਿੰਘ ਜੇਤੂ ਰਿਹਾ। ਇਸ ਮੁਕਾਬਲੇ ਦੇ ਸਾਰੇ ਜੇਤੂਆਂ ਨੂੰ ਟਰਾਫ਼ੀਆਂ ਦਿੱਤੀਆਂ ਗਈਆਂ। ਪੰਜਾਬੀ ਬੋਲਣ ਵਾਲੇ ਸਾਰੇ ਬੁਲਾਰਿਆਂ ਨੂੰ ਵੱਖਰੇ ਨਕਦ ਇਨਾਮ ਦਿੱਤੇ ਗਏ। ਇਸ ਤੋਂ ਇਲਾਵਾ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਵੰਡੇ ਗਏ। ਗੁਰਦੁਆਰਾ ਗੁਰੂ ਅੰਗਦ ਦਰਬਾਰ ਦੇ ਹੈਡ ਗ੍ਰੰਥੀ ਭਾਈ ਜਸਮੇਲ ਸਿੰਘ ਨੇ ਇਹ ਇਨਾਮ ਵੰਡੇ।

ਇਸ ਪ੍ਰੋਗਰਾਮ ਦਾ ਪ੍ਰਬੰਧ ਕਾਰ ਡੀਲਰ ਅਤੇ ਰੇਡੀਓ ਅਵਾਜ਼-ਏ-ਪੰਜਾਬ ਦੇ ਹੋਸਟ ਦਵਿੰਦਰ ਸਿੰਘ ਬੈਂਸ, ਡਾ. ਮਨਬੀਰ ਸਿੰਘ, ਤਰਨਜੀਤ ਕੌਰ, ਧੀਰਜ ਕੌਰ ਅਤੇ ਬਲਮੀਤ ਸਿੰਘ (ਸਿੰਘ ਮੈਡੀਕਲ ਕਲੀਨਿਕ) ਨੇ ਕੀਤਾ। ਨੈਸ਼ਨਲ ਲੈਵਲ ਦਾ ਪ੍ਰੋਗਰਾਮ ਇਸੇ ਸਾਲ ਪਹਿਲੀ ਤੋਂ 3 ਅਗਸਤ ਤੱਕ ਕਲੀਵਲੈਂਡ (ਓਹਾਇਓ) ਵਿਖੇ ਹੋਵੇਗਾ।

Quick DOT
& Registration Services

Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

DMV ਦੇ ਐਨ ਸਾਹਮਣੇ

ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- US DOT Number
- MC ICC Authority
- UCR and Boc3
- CA Number
- Motor Carrier Permit
- BIT Enrollment
- EPN Enrollment
- Hwy Use Tax IRS 2290
- Fuel Tax Returns IFTA Quarterly
- Vin Verification
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ

ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ




We also file Corporations for Individual and Small Businesses

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



## ਕਲਾ ਪਰਿਕਰਮਾ

### ਸੁਰਾਂ ਦੀ ਸਰਗਮ

# ਕੁਰਤ-ਉਲ-ਐਨ ਬਲੋਚ

ਅਮਰੀਕਾ ਵਿਚ ਵੱਸਦੀ ਗਾਇਕਾ ਕੁਰਤ-ਉਲ-ਐਨ ਬਲੋਚ, ਪਾਕਿਸਤਾਨ ਦੀ ਜੰਮਪਲ ਹੈ ਅਤੇ ਅੱਜ ਕੱਲ੍ਹ ਸੰਗੀਤ ਦੀ ਦੁਨੀਆਂ ਦਾ ਬੁਲੰਦ ਸਿਤਾਰਾ ਬਣੀ ਹੋਈ ਹੈ। ਚਾਰ ਮਾਰਚ 1988 ਨੂੰ ਜਨਮੀ ਕੁਰਤ-ਉਲ ਨੇ ਅੱਜ ਤੱਕ ਭਾਵੇਂ ਕਲਾਸੀਕਲ ਸੰਗੀਤ ਦੀ ਵਿਧੀਵਤ ਵਿਦਿਆ ਤਾਂ ਹਾਸਲ ਨਹੀਂ ਕੀਤੀ ਪਰ ਉਹਦਾ ਗੌਣ ਸੁਣ ਕੇ ਇਹ ਘਾਟ ਰੜਕਦੀ ਨਹੀਂ। ਅਸਲ ਵਿਚ ਉਸ ਨੇ ਆਪਣੀ ਆਵਾਜ਼ ਨੂੰ ਲੈਅ ਨਾਲ ਇੰਨਾ ਸੁਰ ਕਰ ਲਿਆ ਹੋਇਆ ਹੈ ਕਿ ਉਹ ਹਰ ਸੁਰ ਅਤੇ ਧੁਨ ਬੜੇ ਸਹਿਜ ਨਾਲ ਮੁਕੰਮਲ ਕਰ ਲੈਂਦੀ ਹੈ। ਉਹਦਾ ਘਰ ਦਾ ਮਾਹੌਲ ਸੰਗੀਤਕ ਪਿਛੋਕੜ ਵਾਲਾ ਨਹੀਂ ਸੀ। ਉਹਦਾ ਅੱਬਾ ਗੁਲਾਮ ਅੱਬਾਸ ਪਾਕਿਸਤਾਨੀ ਫੌਜ ਵਿਚ ਵੱਡਾ ਅਫਸਰ ਸੀ ਅਤੇ ਅੰਮੀ ਸੁਮੇਰਾ ਇਕਬਾਲ ਮਾਰਗੇਜ ਲੋਨ ਅਫਸਰ ਸੀ। ਇਹ ਟੱਬਰ ਮੁਲਤਾਨ ਰਹਿੰਦਾ ਸੀ। ਕੁਰਤ, ਅੱਬਾਸ ਅਤੇ ਸੁਮੇਰਾ ਦੀ ਪਲੇਠੀ ਦੀ ਧੀ ਸੀ ਅਤੇ ਬੜੇ ਲਾਡ-ਪਿਆਰ ਨਾਲ ਪਾਲੀ ਗਈ ਸੀ। ਉਸ ਤੋਂ ਬਾਅਦ ਘਰ ਵਿਚ ਦੋ ਹੋਰ ਬੱਚਿਆਂ (ਲੜਕਾ ਤੇ ਲੜਕੀ) ਨੇ ਜਨਮ ਲਿਆ। ਕੁਝ ਮਜਬੂਰੀਆਂ ਕਰ ਕੇ ਇਹ ਟੱਬਰ ਇਕੱਠਾ ਨਹੀਂ ਰਹਿ ਸਕਿਆ। ਅੱਬਾਸ ਅਤੇ ਸੁਮੇਰਾ ਦਾ ਤਲਾਕ ਹੋ ਗਿਆ।

ਕੁਰਤ ਨੂੰ ਸੰਗੀਤ ਨਾਲ ਮੋਹ ਤਾਂ ਬਚਪਨ ਵਿਚ ਹੀ ਹੋ ਗਿਆ ਸੀ ਪਰ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2011 ਵਿਚ ਕੀਤੀ। ਉਹਨੇ ਪਹਿਲਾ ਗੀਤ ਗਾਇਆ- 'ਅੱਖੀਆਂ ਨੂੰ ਰਹਿਣ ਦੇ'। ਇਸ ਗੀਤ ਨੂੰ ਪਹਿਲਾਂ ਮਸ਼ਹੂਰ ਗਾਇਕਾ ਰੇਸ਼ਮਾ ਨੇ ਆਪਣੀ ਆਵਾਜ਼ ਬਖਸ਼ੀ ਸੀ। ਕੁਰਤ ਨੇ ਇਹ ਗੀਤ ਗਾਇਆ ਤਾਂ ਉਸ ਨੂੰ ਬੜੀ ਹੱਲਾਸ਼ੇਰੀ ਮਿਲੀ। ਇਸ ਹੱਲਾਸ਼ੇਰੀ ਨੇ ਉਸ ਨੂੰ ਮਾਨੋ ਪਹੀਏ ਲਾ ਦਿੱਤੇ ਅਤੇ ਉਹ ਸੰਗੀਤ ਦੇ ਸਫਰ ਉਤੇ ਨਿਕਲ ਤੁਰੀ, ਤੇ ਬਹੁਤ ਘੱਟ ਸਮੇਂ ਵਿਚ ਸੰਗੀਤ ਦੀ ਦੁਨੀਆਂ ਵਿਚ ਆਪਣਾ ਵਿਸ਼ੇਸ਼ ਮੁਕਾਮ ਬਣਾ ਲਿਆ। ਅਜੇ ਤੱਕ ਉਹਨੇ ਗਿਣਤੀ ਦੇ ਗੀਤ ਗਾਏ ਹਨ, ਇਨ੍ਹਾਂ ਵਿਚੋਂ ਵੀ ਕਈ ਪਹਿਲਾਂ ਹੋਰ ਗਾਇਕ ਗਾ ਚੁੱਕੇ ਹਨ ਪਰ ਉਸ ਦੀ ਆਵਾਜ਼ ਅਤੇ ਅਦਾ ਵਿਚ ਅਜਿਹਾ ਜਾਦੂ ਹੈ ਕਿ ਸਰੋਤਿਆਂ ਨੇ ਉਸ ਨੂੰ ਪਲਕਾਂ ਉਤੇ ਬਿਠਾ ਲਿਆ।

ਕੁਰਤ-ਉਲ-ਐਨ ਬਲੋਚ ਆਪਣੇ ਇਸ ਸੰਗੀਤ ਸਫਰ ਦੀ ਪ੍ਰੇਰਨਾ ਸੂਫੀ ਸੰਗੀਤ ਨੂੰ ਦੱਸਦੀ ਹੈ। ਨੁਸਰਤ ਫਤਿਹ ਅਲੀ ਖਾਨ ਅਤੇ ਆਬਿਦਾ ਪ੍ਰਵੀਨ ਉਸ ਦੇ ਜ਼ਿਹਨ ਵਿਚ ਬਹੁਤ ਡੂੰਘੇ ਵੱਸੇ ਹੋਏ ਹਨ। ਉਸ ਮੁਤਾਬਕ, ਉਸ ਦੇ ਜ਼ਿਹਨ ਵਿਚ ਜਦ ਕਦੀ ਵੀ ਕੋਈ ਧੁਨ ਜਾਂ ਸ਼ਬਦ ਉਮੜਦਾ ਹੈ ਤਾਂ ਇਨ੍ਹਾਂ ਦੋਹਾਂ ਦਾ ਚੇਤਾ ਜ਼ਰੂਰ ਆਉਂਦਾ ਹੈ। ਰੇਸ਼ਮਾ ਦੇ ਤਾਂ ਕਹਿਣੇ ਹੀ ਕੀ!... ਰੇਸ਼ਮਾ ਉਸ ਲਈ ਟੀਸੀ ਦਾ ਕੋਈ ਬੇਰ ਹੈ ਜਿਸ ਨੂੰ ਉਹ ਹਾਸਲ ਕਰਨਾ ਚਾਹੁੰਦੀ ਹੈ। ਉਹ ਆਂਹਦੀ ਹੈ- "ਮੈਂ ਰੇਸ਼ਮਾ ਵਾਂਗ ਗਾਉਣਾ ਚਾਹੁੰਦੀ ਹਾਂ। ਬੱਸ! ਅੱਲਾ ਮੈਨੂੰ ਇੰਨੀ ਕੁ ਸੱਤਿਆ ਜ਼ਰੂਰ ਬਖਸ਼ ਦੇਵੇ...।" ਕੁਰਤ ਨੂੰ ਸੰਸਾਰ ਵਿਚ ਫੈਲਣ ਲਈ ਬਹੁਤੀ ਉਡੀਕ ਨਹੀਂ ਕਰਨੀ ਪਈ। ਉਹਨੇ 2012 ਵਿਚ ਕੋਕ ਸਟੂਡੀਓ ਵਿਚ 'ਜਲ ਬੈਂਡ' ਨਾਲ ਗੀਤ ਗਾਇਆ- ਪੰਛੀ। ਇਹ ਗੀਤ ਇੰਨਾ ਮਸ਼ਹੂਰ ਹੋ ਗਿਆ ਕਿ ਕੁਰਤ ਦੀ ਪਛਾਣ ਹੀ ਬਣ ਗਿਆ। ਇਸ ਗੀਤ ਦੀ ਮਸ਼ਹੂਰੀ ਉਤੇ ਖੁਦ ਕੁਰਤ ਅਤੇ ਪ੍ਰੋਗਰਾਮ ਦੇ ਪ੍ਰਬੰਧਕ ਵੀ ਹੈਰਾਨ ਸਨ। ਇਸ ਤੋਂ ਪਹਿਲਾਂ 2011 ਵਿਚ 'ਹਮ ਟੀ.ਵੀ.' ਉਤੇ ਨਸ਼ਰ ਹੁੰਦੇ ਨਾਟਕ 'ਹਮਸਫਰ' ਦੇ ਟਾਈਟਲ ਗੀਤ 'ਵਹੁ ਹਮਸਫਰ ਥਾ' ਨੇ ਉਹਦੀ ਅੱਛੀ-ਖਾਸੀ ਪਛਾਣ ਬਣਾਈ ਸੀ ਅਤੇ ਉਸ ਨੂੰ ਇਸ ਗੀਤ ਲਈ 'ਲਕਸ ਸਟਾਈਲ ਐਵਾਰਡ' ਵੀ ਮਿਲਿਆ, ਪਰ 'ਪੰਛੀ' ਗੀਤ ਨੇ ਤਾਂ ਸਭ ਹੱਦਾਂ ਤੋੜ ਦਿੱਤੀਆਂ ਸਨ। ਇਸ ਤੋਂ ਬਾਅਦ ਉਸ ਨੂੰ ਵਲੈਤ ਦੀ ਰਾਜਧਾਨੀ ਲੰਡਨ ਵਿਚ 'ਕੁਈਨਜ਼ ਔਫ ਮੈਲੋਡੀ' ਵਿਚ ਪ੍ਰੋਗਰਾਮ ਪੇਸ਼ ਕਰਨ ਦਾ ਮੌਕਾ ਮਿਲਿਆ। ਇਹ ਪ੍ਰੋਗਰਾਮ ਬੀ.ਬੀ.ਸੀ. ਏਸ਼ੀਅਨ ਨੈੱਟਵਰਕ ਲਈ ਤਿਆਰ ਕੀਤਾ ਗਿਆ ਸੀ। 'ਜਬ ਸੇ ਰੌਸ਼ਨ ਸਿਤਾਰਾ' ਨਾਂ ਦੇ ਗੀਤ ਨੇ ਉਸ ਦੇ ਕਰੀਅਰ ਨੂੰ ਚਾਰ ਚੰਨ ਲਾ ਦਿੱਤੇ। ਉਸ ਦੇ ਪਾਪੂਲਰ ਹੋਏ ਹੋਰ ਗੀਤਾਂ ਵਿਚ 'ਮੇਰਾ ਇਸ਼ਕ', 'ਉਸ ਪਾਰ', 'ਨਯਨਾ ਤੇਰੇ', 'ਦੇਖਾ ਨਾ ਥਾ', 'ਮਾਏਂ ਨੀ ਮੈਂ ਕੀਹਨੂੰ ਆਖਾਂ', 'ਰੰਗੀਨ' ਆਦਿ ਸ਼ਾਮਲ ਹਨ।



ਕੁਰਤ-ਉਲ-ਐਨ ਬਲੋਚ ਨੂੰ ਸੰਗੀਤ ਨਾਲ ਮੋਹ ਤਾਂ ਬਚਪਨ ਵਿਚ ਹੀ ਹੋ ਗਿਆ ਸੀ ਪਰ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2011 ਵਿਚ ਕੀਤੀ। ਉਹਨੇ ਪਹਿਲਾ ਗੀਤ ਗਾਇਆ- 'ਅੱਖੀਆਂ ਨੂੰ ਰਹਿਣ ਦੇ'। ਇਸ ਗੀਤ ਨੂੰ ਪਹਿਲਾਂ ਮਸ਼ਹੂਰ ਗਾਇਕਾ ਰੇਸ਼ਮਾ ਨੇ ਆਪਣੀ ਆਵਾਜ਼ ਬਖਸ਼ੀ ਸੀ। ਕੁਰਤ ਨੇ ਇਹ ਗੀਤ ਗਾਇਆ ਤਾਂ ਉਸ ਨੂੰ ਬੜੀ ਹੱਲਾਸ਼ੇਰੀ ਮਿਲੀ।

ਕੁਰਤ-ਉਲ-ਐਨ ਬਲੋਚ ਸੰਗੀਤ ਨੂੰ ਰੂਹ ਦੀ ਖੁਰਾਕ ਮੰਨਦੀ ਹੈ। ਉਸ ਮੁਤਾਬਕ ਸੰਗੀਤ ਵਿਚ ਤੁਹਾਨੂੰ ਸਹਿਜ ਕਰਨ ਦੀ ਬਹੁਤ ਜ਼ਿਆਦਾ ਸ਼ਕਤੀ ਹੁੰਦੀ ਹੈ। ਇਸੇ ਸਹਿਜ ਕਰ ਕੇ ਕੁਰਤ ਹਰ ਤਰ੍ਹਾਂ ਦੀ ਹਿੰਸਾ ਦੇ ਖਿਲਾਫ ਡਟ ਕੇ ਖਲੋਂਦੀ ਹੈ। ਪਾਕਿਸਤਾਨ ਦੇ ਸੂਰਤ-ਏ-ਹਾਲ ਬਾਰੇ ਉਹ ਬੇਹੱਦ ਫਿਕਰਮੰਦ ਹੈ। ਉਸ ਦਾ ਕਹਿਣਾ ਹੈ ਕਿ ਜਿਹੜੇ ਲੋਕ ਇਕ-ਦੂਜੇ ਦੇ ਖਿਲਾਫ ਨਫਰਤ ਫੈਲਾਉਂਦੇ ਹਨ, ਅੱਲਾ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ। ਮਜ਼ਹਬ ਦੇ ਨਾਂ ਉਤੇ ਕੀਤੀ ਹਿੰਸਾ ਖਿਲਾਫ ਉਹ ਬੇਖੌਫ ਹੋ ਕੇ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਪਾਕਿਸਤਾਨ ਵਿਚ ਦਹਿਸ਼ਤਗਰਦਾਂ ਵੱਲੋਂ ਕੀਤੀ ਜਾ ਰਹੀ ਹਿੰਸਾ ਬਾਰੇ ਉਹ ਬਹੁਤ ਭਾਵੁਕ ਹੋ ਕੇ, ਪਰ ਪੂਰੀ ਦਲੇਰੀ ਨਾਲ ਗੱਲਾਂ ਕਰਦੀ ਹੈ। ਉਹ ਉਨ੍ਹਾਂ ਲੋਕਾਂ ਨੂੰ ਸਲਾਮ ਆਖਦੀ ਹੈ ਜਿਹੜੇ ਸਮੁੱਚੇ ਪਾਕਿਸਤਾਨੀਆਂ ਖਾਤਰ ਦਹਿਸ਼ਤਪਸੰਦਾਂ ਦੀਆਂ ਗੋਲੀਆਂ ਆਪਣੇ ਸੀਨਿਆਂ ਵਿਚ ਠੰਢੀਆਂ ਕਰਵਾ ਰਹੇ ਹਨ। ਉਹ ਚਾਹੁੰਦੀ ਹੈ ਕਿ ਜਿੰਨਾ ਸਹਿਜ ਸੰਗੀਤ ਵਿਚ ਹੈ, ਅਵਾਮ ਦੀ ਜ਼ਿੰਦਗੀ ਵਿਚ ਵੀ ਇਤਨਾ ਹੀ ਸਹਿਜ ਆ ਜਾਵੇ। ਇਉਂ ਉਹ ਸੰਗੀਤ ਨੂੰ ਹਰ ਦੁੱਖ ਦੀ ਦਵਾਈ ਤਸਲੀਮ ਕਰਦੀ ਹੈ।

## ਕਦਰਦਾਨੀ...



*ਇਸ ਤਸਵੀਰ ਵਿਚ ਕੁਰਤ-ਉਲ-ਐਨ ਬਲੋਚ, ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਵੱਸਦੀ ਗਾਇਕਾ ਸਾਜ਼ੀਆ ਮਨਜ਼ੂਰ ਅਤੇ ਨੌਰੀਨ ਖਾਨ ਨਾਲ ਨਜ਼ਰ ਆ ਰਹੀ ਹੈ। ਉਹ ਸਾਜ਼ੀਆ ਦੀ ਬੜੀ ਕਦਰਦਾਨ ਹੈ ਜਿਸ ਨੇ ਆਪਣੇ ਪੰਜਾਬੀ ਗੀਤਾਂ ਨਾਲ ਸੰਸਾਰ ਭਰ ਵਿਚ ਲੱਖਾਂ ਪ੍ਰਸ਼ੰਸਕ ਬਣਾਏ ਹੋਏ ਹਨ।*

## ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੁਲਾਈ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-123




*ਕਿਹੜਾ ਲੱਭੇ ਗੈਸ ਸਿਲੰਡਰ, ਛੱਡੇ ਕੌਣ ਰਸੋਈਆਂ*
*ਉਥੇ ਹੀ ਬਹਿ ਰੋਟੀ ਖਾਈਏ ਜਿੱਥੇ ਸ਼ਾਮਾਂ ਹੋਈਆਂ!*

### ਕੈਪਸ਼ਨ ਮੁਕਾਬਲਾ-121



ਕੁੱਕੜ, ਮੋਰ ਤੇ ਕੁੱਤਾ ਦੇਖੋ
ਕਿੰਜ ਯਾਰੀ ਪੱਕੀ ਪਾਈ।
ਆਪਸ ਵਿਚ ਸਮਝੌਤਾ ਕੀਤਾ
ਲੜਨਾ ਨਹੀਂਓ ਭਾਈ।
ਮਾਲਕ ਦੇ ਵਫਾਦਾਰ ਰਹਿਣਾ
ਇਹ ਗੱਲ ਮਨ ਬਿਠਾਈ।
ਸਾਰਾ ਵਿਹੜਾ ਹੈ ਆਪਣਾ
ਫਿਰ ਕਾਹਦੀ ਲੜਾਈ?

*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

---

ਜਾਨਵਰ ਪੰਛੀ ਇਕੱਠੇ ਹੋਏ
ਵੰਡਣ ਇਹ ਗਿਆਨ।
'ਅਨੇਕਤਾ ਵਿਚ ਏਕਤਾ'
ਸਮਝ ਲਵੇ ਇਨਸਾਨ।

*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

---

ਜੀਆ-ਜੰਤ ਇਕੱਠੇ ਬੈਠੇ
ਇਹ ਅਨੋਖੀ ਝਾਕੀ।
ਰੇਤ-ਬਜਰੀ ਹੋਇਆ ਮਹਿੰਗਾ
ਪਹਿਰੇਦਾਰ ਕਰਨ ਰਾਖੀ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

---

ਬੈਠਾ ਰੇਤ ਦੀ ਢੇਰੀ ਉਤੇ
ਕੁੱਤਾ ਕੁਝ ਇੰਜ ਪਿਆ ਜਾਪੇ।
ਜਿਉਂ ਮਾਫੀਏ ਨੇ ਕਬਜ਼ਾ ਕੀਤਾ
ਆਣ ਰੇਤ-ਬਜਰੀ 'ਤੇ ਆਪੇ।
ਵਾਂਗ ਪੰਜਾਬੀਆਂ ਖੜ੍ਹੇ ਦੇਖਦੇ
ਮੁਰਗਾ, ਮੁਰਗੀ ਅਤੇ ਮੋਰ।
ਬੇਵੱਸ ਹੋਏ ਦੰਦੀਆਂ ਕਚੀਚਦੇ
ਖੜ੍ਹੇ ਮਚਾਵਣ ਸ਼ੋਰ।

*-ਸੇਵਾ ਸਿੰਘ ਨੂਰਪੂਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਭ੍ਰਿਸ਼ਟਾਚਾਰ ਦਾ ਯੁਗ ਹੈ
ਹਰ ਕੋਈ ਬੇਈਮਾਨ ਜਾਪੇ
ਗਰੀਬ ਕਿਥੋਂ ਬਣਾਵੇਗਾ
ਘਰ ਆਪਣਾ?
ਰੇਤਾ ਬਜਰੀ ਦੇ ਭਾਅ
ਅਸਮਾਨੀਂ ਚੜ੍ਹ ਗਏ
ਤਕੜਾ ਸੱਤੀ ਵੀਹੀਂ
ਸੌ ਬਣਾਉਣ ਲੱਗਾ।
ਮੋਰ, ਕੁੱਕੜ ਤੇ ਮੁਰਗੀ
ਹੁਣ ਜਾਵਣ ਕਿੱਥੇ?
ਤਾਹੀਂ ਰਾਖੀ ਰੇਤ ਦੀ ਮਾਲਕ
ਕੁੱਤੇ ਨੂੰ ਬਿਠਾਉਣ ਲੱਗਾ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਕਾਵਿ-ਵਿਅੰਗ

### ਲੀਡਰ

ਗੱਲਾਂ ਵਿਚ ਨਾ ਆਵੀਂ ਗੁਰਮੇਲ ਸਿੰਹਾਂ, ਬੋਲਣ ਲੱਗ ਪਏ ਸਿਰੇ ਦਾ ਝੂਠ ਲੀਡਰ।
ਸੋਚ ਸਮਝ ਕੇ ਪੀਣ ਦੀ ਭਰੀਂ ਹਾਮੀ, ਫਿਰਦੇ ਲਾਰਿਆਂ ਦਾ ਲਈ ਜੂਸ ਲੀਡਰ।
ਰੇਤ, ਬਜਰੀ, ਸੀਮੈਂਟ ਤਾਂ ਇੱਕ ਪਾਸੇ, ਚਾਰਾ ਮੱਝਾਂ ਦਾ ਵੀ ਜਾਂਦੇ ਨੇ ਠੂਸ ਲੀਡਰ।
ਬੈਠ ਕੇ ਸਭਾ 'ਚ ਹੋਣ ਘਸੁੰਨ ਮੁੱਕੀ, 'ਬੱਗਾ' ਕਰਨ ਨਾ ਸ਼ਰਮ ਮਹਿਸੂਸ ਲੀਡਰ।

*-ਰਮੇਸ਼ ਬੱਗਾ ਚੋਹਲਾ, ਫੋਨ: 91-94631-32719*

# ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦਾ ਮਾਮਲਾ ਮੁੜ ਭਖਿਆ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਸਰਨਾ ਭਰਾਵਾਂ ਦੀ ਅਗਵਾਈ ਹੇਠ ਚੱਲ ਰਿਹਾ ਦਿੱਲੀ ਅਕਾਲੀ ਦਲ ਇਕ ਵਾਰ ਮੁੜ ਆਹਮੋ ਸਾਹਮਣੇ ਆ ਗਏ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੀ 22 ਜੂਨ ਨੂੰ ਰੱਖੀ ਗਈ ਮੀਟਿੰਗ ਕਾਬਜ਼ ਸਰਨਾ ਧੜੇ ਵੱਲੋਂ ਮੁਲਤਵੀ ਕਰ ਦਿੱਤੀ ਗਈ ਸੀ ਜਦੋਂਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਉਥੇ ਪੁੱਜ ਕੇ ਕੁੱਲ 15 ਮੈਂਬਰਾਂ ਵਿਚੋਂ ਅੱਠ ਮੈਂਬਰਾਂ ਦੀ ਹਾਜ਼ਰੀ ਨਾਲ ਇਸ ਮੀਟਿੰਗ ਨੂੰ ਅੰਜਾਮ ਦਿੱਤਾ। ਮੀਟਿੰਗ ਨੇ ਸਰਨਾ ਧੜੇ ਵੱਲੋਂ ਪਹਿਲਾਂ ਕੀਤੇ ਗਏ ਕਈ ਫੈਸਲਿਆਂ ਨੂੰ ਰੱਦ ਕਰ ਦਿੱਤਾ ਹੈ।

ਮਿਲੇ ਵੇਰਵਿਆਂ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਕੁੱਲ 15 ਮੈਂਬਰਾਂ ਵਿਚੋਂ ਅੱਠ ਮੈਂਬਰ ਹਾਜ਼ਰ ਹੋਏ। ਜ਼ਿਕਰਯੋਗ ਹੈ ਕਿ ਜਥੇਦਾਰ ਅਵਤਾਰ ਸਿੰਘ ਇਸ ਕਮੇਟੀ ਦੇ ਵੀ ਮੈਂਬਰ ਹਨ। ਬਹੁਗਿਣਤੀ ਨਾਲ ਹੋਈ ਇਸ ਮੀਟਿੰਗ ਵਿਚ ਜਿਥੇ ਉਥੋਂ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਬਰਖਾਸਤਗੀ ਨੂੰ ਰੱਦ ਕਰ ਦਿੱਤਾ ਗਿਆ ਹੈ, ਉਥੇ ਨਿਯੁਕਤ ਕੀਤੇ ਗਏ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਬਾਰੇ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਮੌਜੂਦਾ ਕਾਬਜ਼ ਧੜੇ ਵੱਲੋਂ ਸਾਲਾਨਾ ਬਜਟ ਵੀ ਪਾਸ ਨਹੀਂ ਕੀਤਾ ਗਿਆ ਸੀ। ਹੁਣ ਇਸ ਬਾਰੇ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਹੁਣ ਤੱਕ ਹੋਈਆਂ ਵਿੱਤੀ ਊਣਤਾਈਆਂ ਦੀ ਜਾਂਚ ਕਰੇਗੀ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਿੱਤ ਦਿਨ ਦੇ ਖਰਚੇ ਵੀ ਚਲਾਏਗੀ। ਉਨ੍ਹਾਂ ਦੱਸਿਆ ਕਿ ਸੱਤ ਜਨਵਰੀ ਨੂੰ ਵਾਪਰੀ ਹਿੰਸਕ ਘਟਨਾ ਬਾਰੇ ਅਦਾਲਤ ਵਿਚ ਕੀਤਾ ਗਿਆ ਖਰਚਾ ਵੀ ਇਸ ਵੇਲੇ ਦੇ ਕਾਬਜ਼ ਧੜੇ ਦੇ ਮੈਂਬਰਾਂ ਕੋਲੋਂ ਵਸੂਲਿਆ ਜਾਵੇਗਾ।



ਦੂਜੇ ਪਾਸੇ ਦਿੱਲੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰ ਹਰਵਿੰਦਰ ਸਿੰਘ ਸਰਨਾ ਨੇ ਜਥੇਦਾਰ ਅਵਤਾਰ ਸਿੰਘ ਵੱਲੋਂ ਕੀਤੀ ਗਈ ਮੀਟਿੰਗ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਮੀਟਿੰਗ ਵਿਚ ਕੀਤੇ ਫੈਸਲਿਆਂ ਨੂੰ ਰੱਦ ਕੀਤਾ ਹੈ। ਉਨ੍ਹਾਂ ਆਖਿਆ ਕਿ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਇਹ ਮੀਟਿੰਗ ਪਹਿਲਾਂ ਹੀ ਮੁਲਤਵੀ ਕੀਤੀ ਜਾ ਚੁੱਕੀ ਸੀ ਤੇ ਨਿਯਮਾਂ ਮੁਤਾਬਕ ਮੀਟਿੰਗ ਦੀ ਪ੍ਰਧਾਨਗੀ ਦਾ ਹੱਕ ਪ੍ਰਧਾਨ ਜਾਂ ਉਸ ਦੀ ਗੈਰਹਾਜ਼ਰੀ ਵਿਚ ਮੀਤ ਪ੍ਰਧਾਨ ਕੋਲ ਹੀ ਹੈ ਜਦੋਂਕਿ ਇਸ ਮੀਟਿੰਗ ਵਿਚ ਦੋਵੇਂ ਅਹੁਦੇਦਾਰ ਗੈਰਹਾਜ਼ਰ ਸਨ। ਉਨ੍ਹਾਂ ਨੇ ਜਥੇਦਾਰ ਅਵਤਾਰ ਸਿੰਘ ਵੱਲੋਂ ਆਪਣੇ ਪੱਧਰ 'ਤੇ ਮੀਟਿੰਗ ਕਰਨ ਨੂੰ ਗੈਰਕਾਨੂੰਨੀ ਤੇ ਹਾਸੋਹੀਣਾ ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਕਿਸਤਾਨ ਤੋਂ ਬਾਅਦ ਹੁਣ ਪਟਨਾ ਸਾਹਿਬ ਵਿਖੇ ਵੀ ਸਿੱਖਾਂ ਨੂੰ ਵੰਡਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਜਥੇਦਾਰ ਅਵਤਾਰ ਸਿੰਘ ਕੋਲੋਂ ਪੁੱਛਿਆ ਕਿ ਉਨ੍ਹਾਂ ਮੀਟਿੰਗ ਮੁਲਤਵੀ ਹੋਣ ਦੇ ਬਾਵਜੂਦ ਕਿਸ ਹੈਸੀਅਤ ਤੇ ਕਿਹੜੇ ਕਾਨੂੰਨ ਤਹਿਤ ਮੀਟਿੰਗ ਦੀ ਪ੍ਰਧਾਨਗੀ ਕੀਤੀ ਹੈ। ਉਨ੍ਹਾਂ ਨੇ ਜਥੇਦਾਰ ਇਕਬਾਲ ਸਿੰਘ ਨੂੰ ਬਹਾਲ ਕਰਨ ਦੀ ਕਾਰਵਾਈ ਨੂੰ ਹਾਸੋਹੀਣਾ ਤੇ ਮਰਿਆਦਾ ਦੇ ਉਲਟ ਕਰਾਰ ਦਿੱਤਾ ਹੈ।

### ਇਹ ਹੈ ਅਸਲ ਮਾਮਲਾ...

ਦੋ ਵਰ੍ਹੇ ਪਹਿਲਾਂ ਹੋਂਦ ਵਿਚ ਆਈ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ 'ਤੇ ਇਸ ਵਾਰ ਸਰਨਾ ਧੜਾ ਕਾਬਜ਼ ਹੋ ਗਿਆ ਸੀ। ਇਸ ਤੋਂ ਪਹਿਲਾਂ ਇਸ ਪ੍ਰਬੰਧਕੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਕਬਜ਼ਾ ਸੀ। ਇਸ ਮਾਮਲੇ ਨੂੰ ਲੈ ਕੇ ਦੋਵਾਂ ਧਿਰਾ ਵਿਚਾਲੇ ਚੋਣਾਂ ਸਮੇਂ ਵੀ ਖਿੱਚੋਤਾਣ ਹੋਈ ਸੀ। ਹੁਣ ਇਸੇ ਵਰ੍ਹੇ ਸੱਤ ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਸਰਨਾ ਧੜੇ ਵੱਲੋਂ ਉਥੇ ਵਧੀਕ ਗ੍ਰੰਥੀ ਵਜੋਂ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਕੀਤੀ ਗਈ ਸੀ, ਜਿਸ ਦਾ ਮੌਜੂਦਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵਿਰੋਧ ਕੀਤਾ ਸੀ। ਇਸ ਕਾਰਨ ਗੁਰਪੁਰਬ ਵਾਲੇ ਦਿਨ ਹੀ ਮੰਚ 'ਤੇ ਦੋਵਾਂ ਧਿਰਾਂ ਵਿਚਾਲੇ ਹਿੰਸਕ ਝੜਪ ਹੋਈ ਸੀ।

ਇਸ ਘਟਨਾ ਤੋਂ ਬਾਅਦ ਗਿਆਨੀ ਇਕਬਾਲ ਸਿੰਘ ਦੀ ਤਰਫੋਂ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਖਿਲਾਫ਼ ਪੁਲਿਸ ਕੇਸ ਦਰਜ ਕਰਵਾ ਦਿੱਤਾ ਗਿਆ ਸੀ ਜਦੋਂਕਿ ਪ੍ਰਬੰਧਕੀ ਕਮੇਟੀ ਨੇ ਗਿਆਨ ਇਕਬਾਲ ਸਿੰਘ ਤੇ ਉਨ੍ਹਾਂ ਦੇ ਬੇਟੇ ਸਮੇਤ ਤਿੰਨ ਕਰਮਚਾਰੀਆਂ ਨੂੰ ਬਰਖਾਸਤ ਕਰ ਦਿੱਤਾ ਸੀ।

## ਤਖਤ ਪਟਨਾ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਅੱਗੇ ਪਈ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਹੋਰ ਅੱਗੇ ਪੈ ਗਈ ਹੈ। ਪ੍ਰਬੰਧਕੀ ਕਮੇਟੀ ਦੀ 22 ਜੂਨ ਨੂੰ ਹੋਣ ਵਾਲੀ ਮੀਟਿੰਗ ਇਕ ਵਾਰ ਮੁੜ ਮੁਲਤਵੀ ਕਰ ਦਿੱਤੀ ਗਈ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਵੱਲੋਂ ਰੱਖੀ ਇਸ ਮੀਟਿੰਗ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਤੇ ਬਰਖਾਸਤ ਕੀਤੇ ਗਏ ਜਥੇਦਾਰ ਦੀ ਬਰਖਾਸਤਗੀ ਦੀ ਪੁਸ਼ਟੀ ਕਰਨਾ ਵੀ ਸ਼ਾਮਲ ਸੀ। ਮਿਲੇ ਵੇਰਵਿਆਂ ਮੁਤਾਬਕ ਅਚਨਚੇਤੀ ਇਹ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ ਤੇ ਮੀਟਿੰਗ ਦੇ ਮੁੜ ਹੋਣ ਬਾਰੇ ਫਿਲਹਾਲ ਕੋਈ ਨਵੀਂ ਤਰੀਕ ਤੈਅ ਨਹੀਂ ਕੀਤੀ ਗਈ ਹੈ। ਇਸ ਦੀ ਪੁਸ਼ਟੀ ਕਰਦਿਆਂ ਪ੍ਰਬੰਧਕੀ ਕਮੇਟੀ ਦੇ ਇਕ ਉਚ ਅਧਿਕਾਰੀ ਨੇ ਦੱਸਿਆ ਕਿ ਕੁਝ ਖਾਸ ਕਾਰਨਾਂ ਕਰਕੇ ਇਹ ਮੀਟਿੰਗ ਮੁਲਤਵੀ ਕਰਨੀ ਪਈ ਹੈ। ਛੇਤੀ ਹੀ ਮੀਟਿੰਗ ਦੀ ਨਵੀਂ ਤਰੀਕ ਦਾ ਐਲਾਨ ਕੀਤਾ ਜਾਵੇਗਾ।

ਸੂਤਰਾਂ ਮੁਤਾਬਕ ਇਹ ਮੀਟਿੰਗ ਮੁਲਤਵੀ ਕਰਨ ਦਾ ਵੱਡਾ ਕਾਰਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਭੇਜਿਆ ਗਿਆ ਪੱਤਰ ਹੈ, ਜਿਸ ਵਿਚ ਉਨ੍ਹਾਂ ਹਦਾਇਤ ਕੀਤੀ ਹੈ ਕਿ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਵਿਚ ਕੋਈ ਨਵੀਂ ਨਿਯੁਕਤੀ ਜਾਂ ਬਰਖਾਸਤਗੀ ਨਾ ਕੀਤੀ ਜਾਵੇ।

# ਕੁੱਲ ਹਿੰਦ ਗੁਰਦੁਆਰਾ ਐਕਟ ਦੀ ਮੰਗ ਦਾ ਵਿਰੋਧ

**ਅੰਮ੍ਰਿਤਸਰ:** ਕੁੱਲ ਹਿੰਦ ਗੁਰਦੁਆਰਾ ਐਕਟ ਨੂੰ ਲਾਗੂ ਕੀਤੇ ਜਾਣ ਦੀ ਸੰਭਾਵਨਾ ਨੂੰ ਲੈ ਕੇ ਮਹਾਰਾਸ਼ਟਰ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਤੇ ਆਗੂਆਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਬਾਰੇ ਉਥੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਧਰਨੇ ਤੋਂ ਪਹਿਲਾਂ ਰੈਲੀ ਕੱਢੀ ਗਈ ਜਿਸ ਦੀ ਸਫਲਤਾ ਲਈ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤ ਇੰਦਰ ਸਿੰਘ ਨੇ ਅਰਦਾਸ ਕੀਤੀ। ਅਰਦਾਸ ਸਮੇਂ ਜਥੇਦਾਰ ਗਿਆਨੀ ਕੁਲਵੰਤ ਸਿੰਘ ਸਮੇਤ ਹੋਰ ਧਾਰਮਿਕ ਸ਼ਖਸੀਅਤਾਂ ਤੇ ਸਿੱਖ ਆਗੂ ਹਾਜ਼ਰ ਸਨ।

ਪ੍ਰਦਰਸ਼ਨਕਾਰੀਆਂ ਨੇ ਕੁੱਲ ਹਿੰਦ ਗੁਰਦੁਆਰਾ ਐਕਟ ਦੇ ਵਿਰੋਧ ਵਿਚ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਸਿੱਖ ਆਗੂ ਮਦਨ ਮੋਹਨ ਸਿੰਘ ਖਾਲਸਾ ਨੇ ਦੋਸ਼ ਲਾਇਆ ਕਿ ਕੇਂਦਰ ਵਿਚ ਭਾਜਪਾ ਸਰਕਾਰ ਦੇ ਆਉਂਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਨੇ ਕੁੱਲ ਹਿੰਦ ਗੁਰਦੁਆਰਾ ਐਕਟ ਲਾਗੂ ਕਰਨ ਦੀ ਮੰਗ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਤੇ ਹੋਰ ਗੁਰਦੁਆਰਿਆਂ ਨਾਲ ਪ੍ਰਬੰਧ ਸੰਭਾਲਣ ਵਿਚ ਅਸਫਲ ਰਿਹਾ ਹੈ ਤੇ ਅਜਿਹੀ ਸਥਿਤੀ ਵਿਚ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਕਿਵੇਂ ਸੰਭਾਲਿਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਜਥੇਬੰਦੀ ਦੇ ਕਾਰਜਕਾਲ ਦੌਰਾਨ ਅੰਮ੍ਰਿਤਧਾਰੀ ਸਿੱਖਾਂ ਦੀ ਗਿਣਤੀ ਨਿਰੰਤਰ ਘਟ ਰਹੀ ਹੈ।

ਬੁਲਾਰਿਆਂ ਨੇ ਆਖਿਆ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਇਸ ਐਕਟ ਦਾ ਕਰੜਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਸ ਸਬੰਧੀ ਕੀਤੇ ਗਏ ਉਪਰਾਲਿਆਂ ਦੀ ਆਲੋਚਨਾ ਕੀਤੀ ਗਈ।

## ਅੱਠ ਹੂਜੀ ਕਾਰਕੁਨਾਂ ਨੂੰ ਮੌਤ ਦੀ ਸਜ਼ਾ

**ਢਾਕਾ:** ਬੰਗਲਾਦੇਸ਼ ਦੀ ਇਕ ਅਦਾਲਤ ਨੇ 2001 ਵਿਚ ਕੀਤੇ ਬੰਬ ਧਮਾਕਿਆਂ ਦੇ ਮਾਮਲੇ ਵਿਚ ਹੂਜੀ ਅੱਤਵਾਦੀ ਸੰਗਠਨ ਦੇ ਮੁਖੀ ਸਮੇਤ ਅੱਠ ਅੱਤਵਾਦੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਖਚਾਖਚ ਭਰੇ ਅਦਾਲਤੀ ਕਮਰੇ ਵਿਚ ਵਧੀਕ ਮੈਟਰੋਪੋਲੀਟਨ ਜੱਜ ਰੁਹੁਲ ਅਮੀਨ ਨੇ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਦੋਸ਼ੀਆਂ ਨੂੰ ਉਨ੍ਹਾਂ ਦੀ ਮੌਤ ਹੋਣ ਤੱਕ ਫਾਂਸੀ 'ਤੇ ਲਟਕਾ ਕੇ ਰੱਖਿਆ ਜਾਵੇ। ਅਦਾਲਤ ਵੱਲੋਂ ਹੁਕਮ ਸੁਣਾਉਣ ਸਮੇਂ ਹਰਕਤ-ਉਲ-ਜਿਹਾਦ ਅਲ-ਇਸਲਾਮੀ ਦੇ ਮੁਖੀ ਮੁਫਤੀ ਅਬਦੁਲ ਹਨਾਨ ਤੇ ਦੂਸਰੇ ਸੱਤ ਅੱਤਵਾਦੀਆਂ ਨੂੰ ਭਾਰੀ ਸੁਰੱਖਿਆ ਤਹਿਤ ਅਦਾਲਤ ਵਿਚ ਪੇਸ਼ ਕੀਤਾ ਗਿਆ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸਵਿੱਸ ਬੈਂਕਾਂ ਵਿਚ ਭਾਰਤੀ ਨਾਗਰਿਕਾਂ ਦਾ ਨਾਮਾ ਵਧਿਆ

**ਨਵੀਂ ਦਿੱਲੀ:** ਸਵਿਟਜ਼ਰਲੈਂਡ ਦੇ ਬੈਂਕਾਂ ਵਿਚ 2013 ਦੌਰਾਨ ਭਾਰਤੀਆਂ ਦਾ ਧਨ 40 ਫੀਸਦੀ ਵਧਿਆ ਹੈ। ਸਵਿੱਸ ਬੈਂਕਾਂ ਵਿਚ ਇਸ ਸਮੇਂ ਇਹ ਧਨ ਦੋ ਅਰਬ ਸਵਿੱਸ ਫਰਾਂਕ (ਤਕਰੀਬਨ 14,000 ਕਰੋੜ ਰੁਪਏ) ਤੋਂ ਟੱਪ ਗਿਆ ਹੈ। ਇਹ ਰਕਮ ਸਾਲ ਦੇ ਅਖੀਰ ਵਿਚ 1.42 ਅਰਬ ਸਵਿੱਸ ਫਰਾਂਕ ਸੀ। ਦੇਸ਼ ਦੀ ਕੇਂਦਰੀ ਬੈਂਕਿੰਗ ਅਥਾਰਟੀ ਸਵਿਸ ਨੈਸ਼ਨਲ ਬੈਂਕ (ਐਸ.ਐਨ.ਬੀ.) ਵੱਲੋਂ ਜਾਰੀ ਸੱਜਰੇ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ। ਉਧਰ ਸਵਿੱਸ ਬੈਂਕਾਂ ਵਿਚ ਵਿਸ਼ਵ ਦੇ ਹੋਰ ਲੋਕਾਂ ਦੀ ਰਕਮ ਲਗਾਤਾਰ ਘਟਦੀ ਜਾ ਰਹੀ ਹੈ ਤੇ 2013 ਦੇ ਅੰਤ ਵਿਚ ਇਹ ਪਹਿਲੀ ਵਾਰ ਸਭ ਤੋਂ ਘੱਟ 1.432 ਖਰਬ ਸਵਿੱਸ ਫਰਾਂਕ (90 ਲੱਖ ਕਰੋੜ ਰੁਪਏ ਤੋਂ ਵੱਧ) ਰਹਿ ਗਈ ਸੀ। 2012 ਦੌਰਾਨ ਸਵਿੱਸ ਬੈਂਕਾਂ ਵਿਚ ਭਾਰਤੀਆਂ ਦੀ ਰਕਮ ਰਿਕਾਰਡ ਪੱਧਰ 'ਤੇ ਘਟ ਕੇ ਇਕ ਤਿਹਾਈ ਰਹਿ ਗਈ ਸੀ। 1.95 ਅਰਬ ਸਵਿੱਸ ਫਰਾਂਕ ਰਕਮ ਤਾਂ ਸਵਿਸ ਖਾਤਿਆਂ ਵਿਚ ਭਾਰਤੀ ਵਿਅਕਤੀਆਂ ਜਾਂ ਸੰਸਥਾਵਾਂ ਦੀ ਸਿੱਧੀ ਮਾਲਕੀ ਵਾਲੀ ਸੀ, ਜਦਕਿ 77.3 ਮਿਲੀਅਨ ਸਵਿੱਸ ਫਰਾਂਸ ਰਕਮ ਧਨ ਪ੍ਰਬੰਧਕਾਂ ਵੱਲੋਂ ਸੰਭਾਲੀ ਜਾ ਰਹੀ ਸੀ। ਇਹ ਅੰਕੜੇ 2013 ਦੇ ਅਖੀਰ ਦੇ ਹਨ। ਜ਼ਿਊਰਿਖ ਦੀ ਐਨ.ਐਨ.ਬੀ. ਵੱਲੋਂ ਇਹ ਹਾਲੀਆ ਅੰਕੜੇ ਉਸ ਸਮੇਂ ਜਾਰੀ ਕੀਤੇ ਗਏ ਹਨ, ਜਦੋਂ ਭਾਰਤ ਸਮੇਤ ਕਈ ਮੁਲਕ ਵੀ ਸਵਿਟਜ਼ਰਲੈਂਡ ਉਤੇ ਇਹ ਦਬਾਅ ਬਣਾ ਰਹੇ ਹਨ ਕਿ ਇਹ ਵਿਦੇਸ਼ੀ ਖਾਤਾਧਾਰਕਾਂ ਦੇ ਵੇਰਵੇ ਜਾਰੀ ਕਰੇ, ਜਦਕਿ ਇਸ ਦੇ ਕਾਨੂੰਨ ਘਾੜੇ ਇਸ ਤੋਂ ਟਾਲਾ ਵੱਟ ਰਹੇ ਹਨ। ਭਾਰਤ ਨੇ ਭਾਰਤੀਆਂ ਵੱਲੋਂ ਵਿਦੇਸ਼ਾਂ ਖਾਸ ਕਰ ਸਵਿਟਜ਼ਰਲੈਂਡ ਜਿਹੇ ਮੁਲਕਾਂ ਵਿਚ ਛੁਪਾਏ ਕਾਲੇ ਧਨ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਉਧਰ ਭਾਰਤ ਤੇ ਵਿਦੇਸ਼ ਵਿਚ ਜਮ੍ਹਾਂ ਕਾਲੇ ਧਨ ਦਾ ਪਤਾ ਲਾਉਣ ਲਈ ਕੀਤਾ ਜਾ ਰਿਹਾ ਸਰਵੇਖਣ ਤਿੰਨ ਸਾਲਾਂ ਬਾਅਦ ਵੀ ਮੁਕੰਮਲ ਨਹੀਂ ਹੋਇਆ ਹੈ।



ਪਿਛਲੀ ਯੂ.ਪੀ.ਏ. ਸਰਕਾਰ ਨੇ 21 ਮਾਰਚ 2011 ਨੂੰ ਇਸ ਪੈਸੇ ਦਾ ਪਤਾ ਲਾਉਣ ਲਈ ਇਹ ਸਰਵੇਖਣ ਕਰਵਾਇਆ ਸੀ। ਇਸ ਦੀ ਰਿਪੋਰਟ 18 ਮਹੀਨਿਆਂ ਅੰਦਰ ਤਿਆਰ ਹੋ ਜਾਣੀ ਚਾਹੀਦੀ ਸੀ ਜਿਸ ਦੀ ਮਿਆਦ 21 ਸਤੰਬਰ, 2012 ਨੂੰ ਮੁੱਕ ਗਈ ਹੈ।

ਭਾਰਤੀਆਂ ਵੱਲੋਂ ਸਵਿੱਟਜ਼ਰਲੈਂਡ ਦੇ ਬੈਂਕਾਂ ਵਿਚ ਜਮ੍ਹਾਂ ਕਰਾਈਆਂ ਮੋਟੀਆਂ ਰਕਮਾਂ ਦੀ ਦੋ ਤਿਹਾਈ, ਇਸ ਦੇਸ਼ ਦੇ ਸਿਰਫ ਦੋ ਬੈਂਕਾਂ ਯੂ.ਬੀ.ਐਸ. ਤੇ ਕਰੈਡਿਟ ਸਵਿੱਸ ਵਿਚ ਜਮ੍ਹਾਂ ਹੈ। ਜਾਰੀ ਸਰਕਾਰੀ ਅੰਕੜਿਆਂ ਮੁਤਾਬਕ ਭਾਰਤੀਆਂ ਦੀ ਇਨ੍ਹਾਂ ਬੈਂਕਾਂ ਵਿਚ ਜਮ੍ਹਾਂ ਕੁੱਲ ਰਕਮ ਦਾ 68.2 ਫੀਸਦੀ ਭਾਵ 1.4 ਅਰਬ ਸਵਿੱਸ ਫਰੈਂਕ ਸਿਰਫ ਦੋ ਵੱਡੇ ਬੈਂਕਾਂ ਵਿਚ ਜਮ੍ਹਾਂ ਹੈ। ਸਵਿੱਟਜ਼ਰਲੈਂਡ ਵਿਚ ਕੁੱਲ 283 ਬੈਂਕ ਹਨ, ਜਿਨ੍ਹਾਂ ਵਿਚੋਂ ਸਿਰਫ ਦੋ ਯੂ.ਬੀ.ਐਸ. ਤੇ ਕਰੈਡਿਟ ਸਵਿੱਸ ਨੂੰ ਐਸ.ਐਨ.ਬੀ. ਵੱਲੋਂ 'ਵੱਡੇ ਬੈਂਕ' ਕਿਹਾ ਗਿਆ ਹੈ। ਦੇਸ਼ ਵਿਚ 93 ਫੀਸਦੀ ਕੰਟਰੋਲ ਵਾਲੇ ਬੈਂਕ ਵੀ ਹਨ।

## ਸਵਿੱਟਜ਼ਰਲੈਂਡ ਵੱਲੋਂ ਕਾਲੇ ਧਨ ਬਾਰੇ ਸੂਚੀ ਤਿਆਰ

**ਜ਼ਿਊਰਿਖ:** ਕਾਲੇ ਧਨ ਦੀ ਅਲਾਮਤ ਖ਼ਿਲਾਫ਼ ਭਾਰਤ ਦੀ ਲੜਾਈ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਸਵਿਟਜ਼ਰਲੈਂਡ ਨੇ ਆਪਣੀਆਂ ਬੈਂਕਾਂ ਵਿਚ ਕਾਲਾ ਧਨ ਰੱਖਣ ਵਾਲੇ ਸ਼ੱਕੀ ਭਾਰਤੀਆਂ ਬਾਰੇ ਇਕ ਸੂਚੀ ਤਿਆਰ ਕਰ ਲਈ ਤੇ ਇਸ ਦੇ ਵੇਰਵੇ ਭਾਰਤ ਸਰਕਾਰ ਨਾਲ ਸਾਂਝੇ ਕੀਤੇ ਜਾ ਰਹੇ ਹਨ।

ਸਵਿਟਜ਼ਰਲੈਂਡ ਦੇ ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਭਾਰਤੀ ਵਿਅਕਤੀਆਂ ਤੇ ਇਕਾਈਆਂ ਦੇ ਨਾਵਾਂ ਦੀ ਇਕ ਕਵਾਇਦ ਤਹਿਤ ਪੁਣ-ਛਾਣ ਕੀਤੀ ਜਾ ਰਹੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਸਵਿਟਜ਼ਰਲੈਂਡ ਵਿਚਲੀਆਂ ਵੱਖ-ਵੱਖ ਬੈਂਕਾਂ ਵਿਚ ਰੱਖੇ ਫੰਡਾਂ ਦੇ ਅਸਲ ਮਾਲਕ ਕੌਣ ਹਨ। ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਤੇ ਇਕਾਈਆਂ ਬਾਰੇ ਸ਼ੱਕ ਕੀਤਾ ਜਾਂਦਾ ਹੈ ਕਿ ਇਨ੍ਹਾਂ ਨੇ ਭਾਰਤ ਤੋਂ ਇਲਾਵਾ ਹੋਰਨਾਂ ਦੇਸ਼ਾਂ ਵਿਚਾਲੇ ਟਰੱਸਟਾਂ, ਮੂਲਵਾਸੀ ਕੰਪਨੀਆਂ ਤੇ ਹੋਰ ਕਾਨੂੰਨੀ ਇਕਾਈਆਂ ਆਦਿ ਜ਼ਰੀਏ ਕਾਲਾ ਧਨ ਸਵਿਸ ਬੈਂਕਾਂ ਵਿਚ ਰੱਖਿਆ ਹੋਇਆ ਹੈ। ਅਧਿਕਾਰੀ ਨੇ ਇਨ੍ਹਾਂ ਵਿਅਕਤੀਆਂ ਤੇ ਇਕਾਈਆਂ ਦੇ ਨਾਂ ਤੇ ਇਨ੍ਹਾਂ ਵੱਲੋਂ ਸਵਿਸ ਬੈਂਕਾਂ ਵਿਚ ਰੱਖੇ ਧਨ ਦੀ ਮਾਤਰਾ ਬਾਰੇ ਵੀ ਕੁਝ ਦੱਸਣ ਤੋਂ ਇਸ ਆਧਾਰ 'ਤੇ ਇਨਕਾਰ ਕਰ ਦਿੱਤਾ ਕਿ ਅਜਿਹਾ ਕਰਨਾ ਦੋਵਾਂ ਦੇਸ਼ਾਂ ਵਿਚਾਲੇ ਸੂਚਨਾ ਸਾਂਝੀ ਕਰਨ ਬਾਰੇ ਸੰਧੀ ਦੀ ਉਲੰਘਣਾ ਹੋਵੇਗੀ।

ਅਧਿਕਾਰੀ ਨੇ ਕਿਹਾ ਕਿ ਸਵਿਸ ਇੰਤਜ਼ਾਮੀਆਂ ਭਾਰਤ ਵਿੱਚ ਨਵੀਂ ਬਣੀ ਸਰਕਾਰ ਨਾਲ ਨੇੜਿਓਂ ਕੰਮ ਕਰਨ ਦੀ ਖਾਹਿਸ਼ਮੰਦ ਹੈ ਤੇ ਉਸ ਵੱਲੋਂ ਕਾਲੇ ਧਨ ਬਾਰੇ ਨਵੀਂ ਬਣੀ ਵਿਸ਼ੇਸ਼ ਜਾਂਚ ਟੀਮ ਨੂੰ ਲੋੜੀਂਦੀ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਉਂਜ, ਉਨ੍ਹਾਂ ਇਹ ਦਾਅਵੇ ਖਾਰਜ ਕਰ ਦਿੱਤੇ ਕਿ ਭਾਰਤੀਆਂ ਵੱਲੋਂ ਸਵਿਸ ਬੈਂਕਾਂ ਵਿਚ ਰੱਖਿਆ ਧਨ ਕਈ ਖਰਬ ਡਾਲਰ ਹੋ ਸਕਦਾ ਹੈ। ਸਵਿਸ ਨੈਸ਼ਨਲ ਬੈਂਕ ਵੱਲੋਂ ਲਾਏ ਗਏ ਤਾਜ਼ਾ ਅਨੁਮਾਨ ਮੁਤਾਬਕ ਸਵਿਟਜ਼ਰਲੈਂਡ ਦੀਆਂ ਕੁੱਲ 283 ਬੈਂਕਾਂ ਵਿਚ ਕੁੱਲ ਵਿਦੇਸ਼ੀ ਧਨ 1.6 ਖਰਬ ਡਾਲਰ ਹੈ।

## ਭਾਰਤੀ ਕਾਰੋਬਾਰੀ ਨੇ ਕਰੈਡਿਟ ਕਾਰਡ ਘੁਟਾਲੇ ਵਿਚ ਦੋਸ਼ ਕਬੂਲੇ

**ਨਿਊ ਯਾਰਕ:** ਅਮਰੀਕਾ ਵਿਚ ਕਰੈਡਿਟ ਕਾਰਡ ਜਾਅਲਸਾਜ਼ੀ ਦੇ ਸਭ ਤੋਂ ਵੱਡੇ ਘੁਟਾਲੇ ਵਿਚ ਭਾਰਤੀ ਕਾਰੋਬਾਰੀ ਵੀ ਸ਼ਾਮਲ ਪਾਇਆ ਗਿਆ ਹੈ। ਨਿਊਜਰਸੀ ਦੇ ਵਿਨੋਦ ਡਡਲਾਨੀ (51) ਨੇ ਦੋਸ਼ਾਂ ਨੂੰ ਕਬੂਲ ਲਿਆ ਹੈ ਤੇ ਉਸ ਨੂੰ ਵੱਧ ਤੋਂ ਵੱਧ 30 ਸਾਲਾਂ ਦੀ ਕੈਦ ਤੇ 10 ਲੱਖ ਅਮਰੀਕੀ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਉਸ ਨੂੰ ਸਤੰਬਰ ਵਿਚ ਸਜ਼ਾ ਸੁਣਾਈ ਜਾਏਗੀ।

ਇਹ ਘੁਟਾਲਾ 20 ਕਰੋੜ ਡਾਲਰ ਦਾ ਹੈ ਤੇ ਇਸ ਕਾਰਨ ਕਈ ਵਪਾਰਕ ਤੇ ਵਿੱਤੀ ਅਦਾਰਿਆਂ ਨੂੰ ਘਾਟਾ ਝੱਲਣਾ ਪਿਆ ਸੀ।

ਗਹਿਣਿਆਂ ਦੇ ਸਟੋਰ ਦੇ ਮਾਲਕ ਡਡਲਾਨੀ ਨੇ ਟਰੈਨਟਨ ਫੈਡਰਲ ਅਦਾਲਤ ਦੇ ਜ਼ਿਲ੍ਹਾ ਜੱਜ ਐਨੀ ਥਾਮਪਸਨ ਮੂਹਰੇ ਆਪਣੇ ਦੋਸ਼ਾਂ ਨੂੰ ਕਬੂਲ ਕੀਤਾ।

ਨਿਊਜਰਸੀ ਅਮਰੀਕੀ ਅਟਾਰਨੀ ਪਾਲ ਫਿਸ਼ਮੈਨ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਦੋਸ਼ ਕਬੂਲਣ ਵਾਲਾ 17ਵਾਂ ਵਿਅਕਤੀ ਹੈ ਤੇ ਉਸ ਨੇ ਆਪਣੇ ਕਾਰੋਬਾਰ ਦੀ ਵਰਤੋਂ ਕਰੈਡਿਟ ਕਾਰਡ ਜਾਅਲਸਾਜ਼ੀ ਯੋਜਨਾ ਵਿਚ ਕੀਤੀ। ਡਡਲਾਨੀ ਦੇ ਸਾਥੀਆਂ ਨੇ ਟਰੈਡਿਟ ਕਾਰਡ ਰਿਪੋਰਟਾਂ ਨਾਲ ਛੇੜਖਾਨੀ ਕਰਕੇ ਵੱਧ ਤੋਂ ਵੱਧ ਖਰਚੇ ਕੀਤੇ ਪਰ ਉਨ੍ਹਾਂ ਇਹ ਕਰਜ਼ਾ ਕੰਪਨੀਆਂ ਨੂੰ ਮੋੜਿਆ ਨਹੀਂ। ਇਹ ਕਾਰਡ ਡਡਲਾਨੀ ਦੇ ਜਿਊਲਰੀ ਸਟੋਰ ਸਮੇਤ ਹੋਰ ਥਾਵਾਂ ਤੋਂ ਸਵਾਈਪ ਕੀਤੇ ਜਾਂਦੇ ਸਨ।

## ਕੱਚੇ ਵਿਦੇਸ਼ੀ ਕਾਮਿਆਂ ਬਾਰੇ ਨਿਯਮ ਬਦਲੇਗਾ ਕੈਨੇਡਾ

**ਟੋਰਾਂਟੋ:** ਕੈਨੇਡਾ ਸਰਕਾਰ ਵਿਦੇਸ਼ੀ ਕੱਚੇ ਕਾਮਿਆਂ ਦੇ ਪ੍ਰੋਗਰਾਮ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਤਿਆਰੀ ਵਿਚ ਹੈ, ਜਿਸ ਤਹਿਤ ਰੈਸਟੋਰੈਂਟ ਤੇ ਹੋਟਲ ਸਨਅਤ ਵਿਚ 'ਸਥਾਨਕ' ਲੋਕਾਂ ਨੂੰ ਭਰਤੀ ਕਰਨ ਵਿਚ ਪਹਿਲ ਦੇਣ ਲਈ ਦਬਾਅ ਬਣਾਇਆ ਜਾਵੇਗਾ। ਮੁਲਕ ਦੇ ਰੁਜ਼ਗਾਰ ਮੰਤਰੀ ਜੇਸਨ ਕੈਨੀ ਨੇ ਐਲਾਨ ਕੀਤਾ ਹੈ ਕਿ ਜਿਸ ਸੂਬੇ ਵਿਚ ਬੇਰੁਜ਼ਗਾਰੀ ਦਰ ਛੇ ਫੀਸਦੀ ਤੋਂ ਵੱਧ ਹੋਵੇਗੀ, ਉਥੇ 'ਆਰਜ਼ੀ ਵਿਦੇਸ਼ੀ ਕਾਮਾ ਪ੍ਰੋਗਰਾਮ' ਤਹਿਤ ਹੋਟਲਾਂ ਤੇ ਰੈਸਟੋਰੈਂਟਾਂ ਦੇ ਮਾਲਕ ਬਾਹਰੋਂ ਕੱਚੇ ਕਾਮੇ ਨਹੀਂ ਮੰਗਵਾ ਸਕਦੇ। ਉਂਟਾਰੀਓ ਵਿਚ ਇਹ ਦਰ 7.3 ਫੀਸਦੀ ਹੈ।

ਸੂਤਰਾਂ ਮੁਤਾਬਕ ਜਿੰਨੇ ਵੀ ਵਿਦੇਸ਼ੀ ਕੱਚੇ ਕਾਮੇ ਇਸ ਵੇਲੇ ਵਰਕ ਪਰਮਿਟ 'ਤੇ ਹਨ, ਉਹ ਆਪਣੀ ਮਿਆਦ ਤੱਕ ਰੁਕ ਸਕਦੇ ਹਨ। ਬੀਤੇ ਸਮੇਂ ਕੈਨੇਡਾ ਅੰਦਰ ਜਨਤਕ ਪੱਧਰ 'ਤੇ ਕੱਚਾ ਵਿਦੇਸ਼ੀ ਕਾਮਾ ਪ੍ਰੋਗਰਾਮ ਬਾਰੇ ਨੁਕਤਾਚੀਨੀ ਹੋ ਰਹੀ ਹੈ ਕਿ ਇਸ ਨੇ ਕੈਨੇਡਿਆਈ ਕਾਮਿਆਂ ਵਿਚ ਬੇਰੁਜ਼ਗਾਰੀ ਵਧਾਈ ਹੈ।

ਮੰਤਰੀ ਨੇ ਇੰਕਸ਼ਾਫ ਕੀਤਾ ਕਿ ਕੰਪਨੀਆਂ ਦੇ ਮਾਲਕ ਵਿਦੇਸ਼ੀ ਕਾਮਿਆਂ ਦੀ ਚੰਗੀ ਛਿੱਲ ਲਾਹੁੰਦੇ ਹਨ। ਇਹ ਕਾਮੇ ਕੰਮ 'ਤੇ ਛੇਤੀ ਆਉਂਦੇ ਹਨ ਤੇ ਦੇਰ ਨਾਲ ਜਾਂਦੇ ਹਨ, ਕਦੇ ਬਿਮਾਰੀ ਦਾ ਬਹਾਨਾ ਵੀ ਨਹੀਂ ਲਾਉਂਦੇ। ਇਹ ਮਾਲਕ ਕੈਨੇਡੀਅਨ ਕਾਮਿਆਂ ਦੀਆਂ ਅਰਜ਼ੀਆਂ 'ਤੇ ਕੋਈ ਗੌਰ ਨਹੀਂ ਕਰਦੇ। ਸਰਕਾਰ ਦੇ ਇਸ ਕਦਮ ਨੂੰ ਕਿਰਤੀ ਜਥੇਬੰਦੀਆਂ ਨੇ ਮੰਦਭਾਗਾ ਕਹਿੰਦੇ ਨਕਾਰਿਆ ਹੈ। ਸਰਕਾਰ ਨੇ ਇਸ ਕੱਚਾ ਕਾਮਾ ਪ੍ਰੋਗਰਾਮ ਵਿਚ ਕਈ ਤਬਦੀਲੀਆਂ ਕਰਨ ਦੇ ਸੰਕੇਤ ਦਿੱਤੇ ਹਨ। ਇਨ੍ਹਾਂ ਵਿਚ ਵਿਦੇਸ਼ੀ ਕਾਮਿਆਂ ਨੂੰ ਸੱਦਣ ਲਈ ਕੰਪਨੀ ਮਾਲਕ ਨੂੰ ਓਟਾਵਾ ਤੋਂ ਪ੍ਰਵਾਨਗੀ ਲੈਣੀ ਪਵੇਗੀ ਤੇ ਆਉਣ ਵਾਲੇ ਕਾਮੇ ਨੂੰ ਆਵਾਸ ਮਹਿਕਮੇ ਨਾਲ ਸਿੱਝਣਾ ਪਵੇਗਾ। 10 ਪੱਕੇ ਕਾਮਿਆਂ ਵਾਲੇ ਮਾਲਕ ਸਿਰਫ 10 ਫੀਸਦੀ ਵਿਦੇਸ਼ੀ ਕੱਚੇ ਕਾਮੇ ਰੱਖ ਸਕਣਗੇ। ਵਿਦੇਸ਼ੀ ਕੱਚੇ ਕਾਮੇ ਸੱਦਣ ਦੀ ਫੀਸ 275 ਡਾਲਰ ਤੋਂ ਵਧ ਕੇ 1000 ਡਾਲਰ ਹੋ ਜਾਵੇਗੀ। ਕੋਈ ਵੀ ਕੱਚਾ ਕਾਮਾ ਇਸ ਨਵੇਂ ਕਾਨੂੰਨ ਤਹਿਤ ਦੋ ਸਾਲ ਤੱਕ ਕੈਨੇਡਾ ਵਿਚ ਰਹਿ ਸਕੇਗਾ (ਮੌਜੂਦਾ ਮਿਆਦ ਚਾਰ ਸਾਲ ਹੈ)। ਇਸ ਭਰਤੀ ਵਿਚ ਹੁੰਦੀਆਂ ਧਾਂਦਲੀਆਂ 'ਤੇ ਸਖਤ ਨਿਗ੍ਹਾ ਰੱਖੀ ਜਾਵੇਗੀ ਤੇ ਜੇਕਰ ਕੋਈ ਮਾਲਕ, ਨਾਜਾਇਜ਼ ਕਾਮੇ ਰਖਦਾ ਫੜਿਆ ਜਾਂਦਾ ਹੈ ਤਾਂ 50 ਹਜ਼ਾਰ ਡਾਲਰ ਜੁਰਮਾਨਾ ਤੇ ਦੋ ਸਾਲ ਕੈਦ ਹੋਵੇਗੀ। ਗਲਤ ਅਰਜ਼ੀ ਜਾਂ ਜਾਣਕਾਰੀ ਤਹਿਤ ਭਰਤੀ ਕੀਤੇ ਕਾਮੇ ਵਾਸਤੇ ਇਕ ਲੱਖ ਡਾਲਰ ਜੁਰਮਾਨਾ ਤੇ ਪੰਜ ਸਾਲ ਕੈਦ ਹੋ ਸਕੇਗੀ।

## ਪਾਕਿਸਤਾਨ ਵਿਚ ਘੱਟ ਗਿਣਤੀਆਂ ਲਈ ਕੌਂਸਲ ਬਣਾਉਣ ਦੇ ਹੁਕਮ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਘੱਟ-ਗਿਣਤੀਆਂ ਦੇ ਹੱਕਾਂ ਲਈ ਕੌਮੀ ਕੌਂਸਲ ਬਣਾਉਣ ਦੇ ਹੁਕਮ ਦਿੱਤੇ ਹਨ। 32 ਸਫ਼ਿਆਂ ਦੇ ਫੈਸਲੇ ਵਿਚ ਅਦਾਲਤ ਨੇ ਕੌਮੀ ਤੇ ਸੂਬਾ ਸਰਕਾਰਾਂ ਨੂੰ ਰੁਜ਼ਗਾਰ ਲਈ ਸਾਰੀਆਂ ਸੇਵਾਵਾਂ ਵਿਚ ਘੱਟ-ਗਿਣਤੀਆਂ ਲਈ ਕੋਟਾ ਰੱਖਣਾ ਯਕੀਨੀ ਬਣਾਉਣ ਦੇ ਹੁਕਮ ਵੀ ਦਿੱਤੇ ਹਨ।


ਸੁਪਰੀਮ ਕੋਰਟ ਨੇ ਕਿਹਾ ਕਿ ਤਜਵੀਜ਼ਸ਼ੁਦਾ ਕੌਂਸਲ ਦਾ ਮੰਤਵ ਪਾਕਿਸਤਾਨ ਸੰਵਿਧਾਨ ਤੇ ਕਾਨੂੰਨ ਮੁਤਾਬਕ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਤੇ ਵਿਹਾਰਕਤਾ ਵਿਚ ਇਨ੍ਹਾਂ ਨੂੰ ਲਾਗੂ ਕੀਤੇ ਜਾਣ 'ਤੇ ਨਜ਼ਰ ਰੱਖਣਾ ਹੋਏਗਾ। ਇਹ ਕੌਂਸਲ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਕੌਮੀ ਤੇ ਸੂਬਾ ਸਰਕਾਰਾਂ ਦੀਆਂ ਨੀਤੀਆਂ ਬਾਰੇ ਵੀ ਸਿਫਾਰਸ਼ਾਂ ਕਰੇਗੀ। ਅਦਾਲਤ ਨੇ ਘੱਟ-ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਰਾਖੀ ਲਈ ਵੀ ਵਿਸ਼ੇਸ਼ ਟਾਸਕ ਫੋਰਸ ਕਾਇਮ ਕਰਨ ਲਈ ਕਿਹਾ ਹੈ।

## ਪਾਕਿਸਤਾਨ ਨੇ ਤਾਲਿਬਾਨ ਮੁਖੀ ਦੀ ਸਪੁਰਦਗੀ ਮੰਗੀ

**ਇਸਲਾਮਾਬਾਦ:** ਪਾਕਿਸਤਾਨ ਨੇ ਅਫਗਾਨਿਸਤਾਨ ਤੋਂ ਮੰਗ ਕੀਤੀ ਹੈ ਕਿ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਮੁਖੀ ਮੁੱਲਾ ਫਜ਼ਲਉੱਲਾ ਨੂੰ ਉਸ ਹਵਾਲੇ ਕੀਤਾ ਜਾਵੇ। ਜਾਣਕਾਰੀ ਮੁਤਾਬਕ ਪਖਤੂਨ ਆਗੂ ਮਹਿਮੂਦ ਖਾਨ ਅਚਕਜ਼ਈ ਕਾਬੁਲ ਵਿਚ ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੂੰ ਮਿਲੇ ਅਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਵਿਸ਼ੇਸ਼ ਨੁਮਾਇੰਦੇ ਵਜੋਂ ਫਜ਼ਲਉਲਾ ਨੂੰ ਪਾਕਿਸਤਾਨ ਹਵਾਲੇ ਕਰਨ ਲਈ ਕਿਹਾ। ਵਿਦੇਸ਼ ਦਫਤਰ ਨੇ ਅਚਕਜ਼ਈ ਦੇ ਇਸ ਅਫਗਾਨਿਸਤਾਨ ਦੌਰੇ ਦੀ ਪੁਸ਼ਟੀ ਕੀਤੀ ਹੈ। ਇਸ ਮੌਕੇ ਵਿਦੇਸ਼ ਸਕੱਤਰ ਐਜ਼ਾਜ਼ ਅਹਿਮਦ ਚੌਧਰੀ ਵੀ ਮੌਜੂਦ ਸਨ।

## ਡਾ. ਭਾਬਾ ਦਾ ਆਲੀਸ਼ਾਨ ਬੰਗਲਾ 372 ਕਰੋੜ ਵਿਚ ਵਿਕਿਆ

**ਮੁੰਬਈ:** ਭਾਰਤ ਵਿਚ ਪਰਮਾਣੂ ਊਰਜਾ ਪ੍ਰੋਗਰਾਮ ਦੇ ਪਿਤਾਮਾ ਹੋਮੀ. ਜੇ. ਭਾਬਾ ਦਾ ਆਲੀਸ਼ਾਨ ਬੰਗਲਾ 372 ਕਰੋੜ ਵਿਚ ਨਿਲਾਮ ਹੋ ਗਿਆ। ਬੰਗਲਾ ਖਰੀਦਣ ਵਾਲੇ ਦੀ ਪਛਾਣ ਉਸ ਦੇ ਕਹਿਣ 'ਤੇ ਗੁਪਤ ਰੱਖੀ ਗਈ ਹੈ। ਇਹ ਤਿੰਨ ਮੰਜ਼ਲਾ ਬੰਗਲਾ ਦੱਖਣੀ ਮੁੰਬਈ ਵਿਚ ਸਮੁੰਦਰ ਦੇ ਸਾਹਮਣੇ ਪੌਸ਼ ਮਾਲਾਬਾਰ ਹਿੱਲ ਖੇਤਰ ਵਿਚ 15 ਹਜ਼ਾਰ ਵਰਗ ਫੁੱਟ ਪਲਾਟ ਵਿਚ ਹੈ। ਇਹ ਬੰਗਲਾ ਹੋਮੀ ਭਾਬਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭਰਾ ਜਮਸ਼ੇਦ ਦੀ ਸਪੁਰਦਗੀ ਵਿਚ ਸੀ। ਸਾਲ 2007 ਵਿਚ ਜਮਸ਼ੇਦ ਦੀ ਮੌਤ ਤੋਂ ਬਾਅਦ ਬੰਗਲਾ ਨੈਸ਼ਨਲ ਸੈਂਟਰ ਫਾਰ ਪਰਫੌਰਮਿੰਗ ਆਰਟਸ (ਐਨ.ਸੀ.ਪੀ.ਏ.) ਅਧੀਨ ਆ ਗਿਆ। ਇਸ ਬੰਗਲੇ ਨੂੰ ਸਾਇੰਸ ਮਿਊਜ਼ੀਅਮ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ। ਭਾਬਾ ਪਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਦੇ ਕੁਝ ਕਰਮਚਾਰੀਆਂ ਵੱਲੋਂ ਇਸ ਬਾਰੇ ਕੇਂਦਰ ਵਿਚ ਅਪੀਲ ਵੀ ਕੀਤੀ ਗਈ ਤੇ ਬੰਗਲੇ ਦੀ ਵਿਕਰੀ



ਵਿਰੁੱਧ ਮਾਮਲਾ ਇਥੇ ਹਾਈ ਕੋਰਟ ਵਿਚ ਵੀ ਲਿਜਾਇਆ ਗਿਆ। ਹਾਈ ਕੋਰਟ ਵੱਲੋਂ ਬੰਗਲੇ ਦੀ ਨਿਲਾਮੀ 'ਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਗਈ ਸੀ।

# ਜੰਗਾਂ ਤੇ ਕਲੇਸ਼ਾਂ ਨੇ ਪੰਜ ਕਰੋੜ ਤੋਂ ਵਧ ਲੋਕ ਕੀਤੇ ਬੇਘਰ

**ਜਨੇਵਾ:** ਦੂਜੀ ਵਿਸ਼ਵ ਜੰਗ ਤੋਂ ਮਗਰੋਂ ਪਹਿਲੀ ਵਾਰ ਲੜਾਈਆਂ ਤੇ ਸੰਕਟਾਂ ਕਾਰਨ ਘਰਾਂ ਤੋਂ ਬੇਘਰ ਹੋਏ ਲੋਕਾਂ ਦੀ ਗਿਣਤੀ ਪੰਜ ਕਰੋੜ ਤੋਂ ਟੱਪ ਗਈ ਹੈ। ਦਿਲਚਸਪ ਗੱਲ ਹੈ ਕਿ ਸ਼ਰਨਾਰਥੀਆਂ ਨੂੰ ਓਟਣ ਵਿਚ ਗਰੀਬ ਮੁਲਕ ਹੀ ਮੋਹਰੀ ਹਨ। ਅਮੀਰ ਮੁਲਕ ਇਹ ਜ਼ਿੰਮੇਵਾਰੀ ਨਹੀਂ ਚੁੱਕ ਰਹੇ। ਇਹ ਖੁਲਾਸਾ ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀਆਂ ਬਾਰੇ ਏਜੰਸੀ ਨੇ ਕੀਤਾ ਹੈ।

ਯੂ.ਐਨ.ਐਚ.ਸੀ.ਆਰ. ਦਾ ਕਹਿਣਾ ਹੈ ਕਿ 2013 ਦੇ ਅਖੀਰ ਤੱਕ ਜਬਰੀ ਘਰਾਂ ਤੋਂ ਉਜਾੜੇ ਗਏ ਲੋਕਾਂ ਦੀ ਗਿਣਤੀ ਪੰਜ ਕਰੋੜ 12 ਲੱਖ ਸੀ, ਜੋ ਪਿਛਲੇ ਸਾਲ ਤੋਂ 60 ਲੱਖ ਵੱਧ ਹੈ। ਸੀਰੀਆ ਦੀ ਲੰਮੀ ਖਿੱਚੀ ਗਈ ਜੰਗ ਇਸ ਗਿਣਤੀ ਦੇ ਵਧਣ ਵਿਚ ਵੱਡੀ ਜ਼ਿੰਮੇਵਾਰ ਹੈ। ਵਿਸ਼ਵ ਸ਼ਰਨਾਰਥੀ ਦਿਵਸ 'ਤੇ ਆਪਣੀ ਰਿਪੋਰਟ ਜਾਰੀ ਕਰਦਿਆਂ ਏਜੰਸੀ ਵੱਲੋਂ ਇਹ ਤੱਥ ਪੇਸ਼ ਕੀਤੇ ਗਏ ਹਨ। ਮਾਰਚ 2011 ਵਿਚ ਛਿੜੀ ਜੰਗ ਨੇ 25 ਲੱਖ ਲੋਕਾਂ ਨੂੰ ਦੇਸ਼ ਵਿਚੋਂ ਨਿਕਲਣ ਤੇ 65 ਲੱਖ ਨੂੰ ਦੇਸ਼ ਵਿਚ ਹੀ ਬੇਘਰ ਹੋਣ ਲਈ ਮਜਬੂਰ ਕਰ ਦਿੱਤਾ। ਮੁੱਖ ਅਫਰੀਕੀ ਰਿਪਬਲਿਕ ਤੇ ਦੱਖਣੀ ਸੂਡਾਨ ਨੇ ਵੀ ਉਜਾੜੇ ਵਿਚ ਵਾਧਾ ਕੀਤਾ। ਇਸ ਏਜੰਸੀ ਦੇ ਮੁਖੀ ਐਂਟੋਨੀਓ ਗੁਟਰੱਸ ਨੇ



ਕਿਹਾ ਕਿ ਅਮੁੱਕ ਜੰਗਾਂ ਦੀ ਕੀਮਤ ਆਮ ਲੋਕਾਂ ਨੂੰ ਚੁਕਾਉਣਾ ਪੈ ਰਹੀ ਹੈ। ਮਸਲੇ ਹੱਲ ਕਰਨ ਦੇ ਯਤਨ ਹੀ ਨਹੀਂ ਕੀਤੇ ਜਾ ਰਹੇ। ਅਮਲ ਤਾਂ ਜਿਵੇਂ ਕਿਧਰੇ ਰਿਹਾ ਹੀ ਨਹੀਂ। ਮਾਨਵੀ ਮਦਦ ਥੋੜ੍ਹੀ ਰਾਹਤ ਹੀ ਦੇ ਸਕਦੀ ਹੈ, ਸਿਆਸੀ ਹੱਲ ਹੀ ਸਥਾਈ ਅਮਨ ਲਿਆ ਸਕਦੇ ਹਨ।

ਇਸ ਤੋਂ ਬਿਨਾਂ ਜੰਗਾਂ ਦਾ ਵਧ ਰਿਹਾ ਸਿਲਸਿਲਾ ਤੇ ਹੁਣ ਸਾਹਮਣੇ ਪੇਸ਼ ਵੱਡੀ ਗਿਣਤੀ ਲੋਕਾਂ ਦੇ ਦੁੱਖ-ਤਕਲੀਫਾਂ ਵਧਦੇ ਤੁਰੇ ਜਾਣਗੇ। ਉਜਾੜੇ ਲੋਕਾਂ ਦੀ ਲਗਾਤਾਰ ਵਧ ਰਹੀ ਗਿਣਤੀ ਦਾ ਸਹਾਇਤਾ ਬਜਟਾਂ ਉਤੇ ਤੇ ਸ਼ਰਨਾਰਥੀਆਂ ਦੇ ਸੰਕਟਾਂ ਦਾ ਸਭ ਤੋਂ ਵੱਧ ਸੇਕ ਝੱਲ ਰਹੇ ਮੁਲਕਾਂ ਉਤੇ ਵੱਡੇ ਪ੍ਰਭਾਵ ਪੈਂਦੇ ਹਨ। ਇਨ੍ਹਾਂ ਬੇਘਰੇ ਲੋਕਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਸ਼ਰਨਾਰਥੀ, ਸ਼ਰਨ ਮੰਗਣ ਵਾਲੇ ਤੇ ਘਰੇਲੂ ਪੱਧਰ ਉਤੇ ਬੇਘਰ ਹੋਏ ਲੋਕਾਂ ਵਿਚ ਵੰਡਿਆ ਗਿਆ ਹੈ। ਵਿਸ਼ਵ ਭਰ ਵਿਚ ਸ਼ਰਨਾਰਥੀਆਂ ਦੀ ਗਿਣਤੀ ਇਕ ਕਰੋੜ 67 ਲੱਖ ਹੋ ਚੁੱਕੀ ਹੈ ਜੋ 2001 ਤੋਂ ਹੁਣ ਤੱਕ ਸਭ ਤੋਂ ਜ਼ਿਆਦਾ ਹੈ। ਪਿਛਲੇ ਪੰਜ ਸਾਲ ਦੌਰਾਨ 63 ਲੱਖ ਲੋਕ ਜਲਾਵਤਨ ਹੋਏ, ਇਨ੍ਹਾਂ ਵਿਚ 50 ਲੱਖ ਉਹ ਫਲਸਤੀਨੀ ਲੋਕ ਸ਼ਾਮਲ ਨਹੀਂ ਹਨ, ਜਿਨ੍ਹਾਂ ਦੀ ਮਦਦ ਸੰਯੁਕਤ ਰਾਸ਼ਟਰ ਦੀ ਰਿਲੀਫ ਤੇ ਵਰਕ ਏਜੰਸੀ (ਇਕ ਵੱਖਰੀ ਬਾਡੀ) ਮਦਦ ਕਰ ਰਹੀ ਹੈ। ਯੂ.ਐਨ.ਐਚ.ਸੀ.ਆਈ. ਦੇ ਸਾਂਭ-ਸੰਭਾਲ ਪ੍ਰੋਗਰਾਮ ਬਾਰੇ ਸ਼ਰਨਾਰਥੀਆਂ ਦੀ ਵੱਡੀ ਗਿਣਤੀ ਅਫਗਾਨਿਸਤਾਨ, ਸੀਰੀਆ ਤੇ ਸੋਮਾਲੀਆ ਤੋਂ ਹੈ, ਜੋ ਦੁਨੀਆਂ ਭਰ ਦੇ ਕੁੱਲ ਸ਼ਰਨਾਰਥੀਆਂ ਦਾ ਅੱਧ ਹੈ। ਇਨ੍ਹਾਂ ਨੂੰ ਪਨਾਹ ਦੇਣ ਵਾਲਿਆਂ ਵਿਚ ਦੁਨੀਆਂ ਦੇ ਮੁੱਖ ਮੁਲਕ ਪਾਕਿਸਤਾਨ, ਇਰਾਨ ਤੇ ਲਿਬਨਾਨ ਹਨ। ਸ਼ਰਨਾਰਥੀਆਂ ਦੀ ਸਭ ਤੋਂ ਵੱਡੀ ਆਬਾਦੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ (35 ਲੱਖ) ਵਿਚ ਹੈ। ਬਹੁਤੇ ਸ਼ਰਨਾਰਥੀਆਂ ਨੂੰ ਗਰੀਬ ਮੁਲਕ ਹੀ ਪਨਾਹ ਦੇ ਰਹੇ ਹਨ। ਕੌਮਾਂਤਰੀ ਮਾਨਵੀ ਸੰਗਠਨਾਂ ਤੇ ਅਮਨੈਸਿਟੀ ਇੰਟਰਨੈਸ਼ਨਲ ਵੱਲੋਂ ਅਮੀਰ ਮੁਲਕਾਂ ਨੂੰ ਆਪਣੀ ਜ਼ਿੰਮੇਵਾਰੀ ਚੁੱਕਣ ਲਈ ਕਿਹਾ ਜਾ ਰਿਹਾ ਹੈ।

# ਗੈਰ-ਸਰਕਾਰੀ ਸੰਸਥਾਵਾਂ ਖਿਲਾਫ ਝੂਠਾ ਪ੍ਰਚਾਰ

ਆਮ ਕਰ ਕੇ ਕਿਸੇ ਪੱਤਰਕਾਰ ਤੋਂ ਉਸ ਖ਼ਬਰ ਬਾਰੇ ਟਿੱਪਣੀ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ ਜਿਸ ਵਿਚ ਉਸ ਦੀ ਆਪਣੀ ਸ਼ਮੂਲੀਅਤ ਹੋਵੇ ਪਰ ਮੈਂ ਅਜਿਹਾ ਕਰਨ ਲਈ ਮਜਬੂਰ ਹੋ ਗਿਆ ਹਾਂ, ਕਿਉਂਕਿ ਇੰਟੈਲੀਜੈਂਸ ਬਿਊਰੋ (ਆਈ.ਬੀ.) ਦੀ ਲੀਕ ਕੀਤੀ ਗਈ ਅਤੇ ਵਿਆਪਕ ਤੌਰ 'ਤੇ ਪ੍ਰਚਾਰੀ ਗਈ ਰਿਪੋਰਟ ਸਾਹਮਣੇ ਆਈ ਹੈ ਜੋ ਮੈਨੂੰ ਇਸ ਗੱਲ ਨਾਲ ਜੋੜਦੀ ਹੈ ਕਿ ਵਿਦੇਸ਼ੀ ਫੰਡ ਵਾਲੇ ਗ਼ੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼.) ਵੱਲੋਂ ਸਾਜ਼ਿਸ਼ ਤਹਿਤ ਵਿਕਾਸ ਪ੍ਰੋਜੈਕਟਾਂ ਵਿਚ ਅੜਿੱਕਾ ਡਾਹਿਆ ਜਾਂਦਾ ਹੈ ਅਤੇ ਭਾਰਤ ਦੇ ਵਿਕਾਸ ਵਿਚ ਰੁਕਾਵਟ ਪਾਈ ਜਾਂਦੀ ਹੈ। ਇਸ ਰਿਪੋਰਟ ਤੋਂ ਬਾਅਦ ਪ੍ਰਧਾਨ ਮੰਤਰੀ ਦਫ਼ਤਰ ਨੇ ਸਾਰੇ ਮੰਤਰੀਆਂ ਨੂੰ ਉਨ੍ਹਾਂ ਨਾਲ ਕੰਮ ਕਰ ਰਹੇ ਐਨ.ਜੀ.ਓਜ਼. ਦੇ ਵੇਰਵੇ ਮੁਹੱਈਆ ਕਰਾਉਣ ਲਈ ਕਿਹਾ ਹੈ। ਗ੍ਰਹਿ ਮੰਤਰਾਲੇ ਨੇ

**ਪ੍ਰਫੁੱਲ ਬਿਦਵਈ**

'ਗਰੀਨਪੀਸ ਇੰਡੀਆ' ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਆਸ ਕਰਦੇ ਹਾਂ ਕਿ ਇਸ ਸਭ ਕੁਝ ਦਾ ਨਤੀਜਾ ਨੁਕਸਾਨਦੇਹ ਪ੍ਰੋਜੈਕਟਾਂ ਦਾ ਵਿਰੋਧ ਕਰਨ ਵਾਲੇ ਐਨ.ਜੀ.ਓਜ਼. ਦੇ ਮੂੰਹ 'ਤੇ ਛਿੱਕੇ ਚੜ੍ਹਾਉਣ ਦੇ ਰੂਪ 'ਚ ਨਹੀਂ ਨਿਕਲੇਗਾ।

ਇਹ ਰਿਪੋਰਟ ਯਕੀਨੀ ਤੌਰ 'ਤੇ ਆਈ.ਬੀ. ਦੀ ਕਲਪਨਾ 'ਤੇ ਆਧਾਰਤ ਮਨਘੜਤ ਬਿਆਨ ਹੈ। ਇਸ ਵਿਚ ਅਨੇਕਾਂ ਐਨ.ਜੀ.ਓਜ਼. ਅਤੇ ਹੋਰ ਹਸਤੀਆਂ 'ਤੇ ਗੰਭੀਰ ਦੋਸ਼ ਲਾਏ ਗਏ ਹਨ। ਕੋਰੀਆਂ ਕਹਾਣੀਆਂ ਅਤੇ ਬੋਦੇ ਕਿਸਮ ਦੇ ਸਬੂਤਾਂ ਦੇ ਆਧਾਰ 'ਤੇ ਇਸ ਵਿਚ ਦੋਸ਼ ਲਾਇਆ ਗਿਆ ਹੈ ਕਿ ਪਰਮਾਣੂ ਅਤੇ ਕੋਲਾ ਆਧਾਰਤ ਬਿਜਲੀ ਪ੍ਰੋਜੈਕਟਾਂ ਅਤੇ ਜੀ.ਐਮ. ਫ਼ਸਲਾਂ ਦਾ ਵਿਰੋਧ ਕਰਨ ਵਾਲੇ ਵਿਦੇਸ਼ੀ ਫੰਡਾਂ ਵਾਲੇ ਐਨ.ਜੀ.ਓਜ਼. ਦੇ 'ਵਾਹੂ ਤਾਕਤਾਂ ਨਾਲ ਸਬੰਧ' ਹਨ। ਰਿਪੋਰਟ ਦਾ ਮੁਢਲਾ ਤੱਤ ਇਹ ਹੈ ਕਿ ਸੈਂਕੜੇ ਭਾਰਤੀ ਐਨ.ਜੀ.ਓਜ਼. ਅਤੇ ਇਨ੍ਹਾਂ ਦੇ ਹਜ਼ਾਰਾਂ ਕਾਰਕੁਨ ਆਪਣੀ ਖ਼ੁਦ ਦੀ ਸੋਚਣ ਸ਼ਕਤੀ ਕਰ ਕੇ ਅਜਿਹਾ ਵਿਰੋਧ ਨਹੀਂ ਕਰਦੇ, ਸਗੋਂ 'ਵਿਦੇਸ਼ੀ ਹੱਥ' ਉਨ੍ਹਾਂ ਨੂੰ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ ਹਨ। ਇਹ ਸੋਚ ਬੁਨਿਆਦੀ ਤੌਰ 'ਤੇ ਹੀ ਗ਼ਲਤ ਹੈ। ਪਰਮਾਣੂ ਬਿਜਲੀ ਸੰਸਾਰ ਭਰ ਵਿਚ ਅਤੇ ਭਾਰਤ ਵਿਚ ਗ਼ੈਰ-ਹਰਮਨਪਿਆਰੀ ਹੈ, ਖ਼ਾਸ ਕਰ ਕੇ ਫੁਕੂਸ਼ੀਮਾ (ਜਾਪਾਨ) ਦੀ ਘਟਨਾ ਤੋਂ ਬਾਅਦ। ਭਾਰਤ ਸਰਕਾਰ ਨੇ ਖ਼ੁਦ ਮੰਨਿਆ ਹੈ ਕਿ ਕੋਲਾ ਬਾਲਣਾ ਵਾਤਾਵਰਨਕ ਤਬਦੀਲੀ ਦਾ ਸਭ ਤੋਂ ਵੱਡਾ ਕਾਰਨ ਬਣਦਾ ਹੈ। ਵਾਤਾਵਰਨਕ ਤਬਦੀਲੀ ਅਜੋਕੇ ਸਮੇਂ ਮਨੁੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਸੋ, ਨਵਿਆਉਣਯੋਗ ਊਰਜਾ ਵੱਲ ਤਬਦੀਲੀ ਦੀ ਮੰਗ ਕਰਦਿਆਂ ਵਾਤਾਵਰਨ ਨੂੰ ਤਬਾਹ ਕਰਨ ਵਾਲੇ ਪਰਮਾਣੂ ਅਤੇ ਕੋਲਾ ਆਧਾਰਤ ਪ੍ਰੋਜੈਕਟਾਂ ਦਾ ਵਿਰੋਧ ਕਰਨਾ ਹੀ ਤਰੱਕੀ ਦਾ ਹੰਢਣਸਾਰ ਰਸਤਾ ਹੈ।

ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਐਨ.ਜੀ.ਓਜ਼. ਦੀਆਂ ਕਾਰਵਾਈਆਂ ਕਾਰਨ ਭਾਰਤ ਦਾ ਸਮੁੱਚੇ ਘਰੇਲੂ ਉਤਪਾਦਨ ਦੇ 2-3 ਫ਼ੀਸਦੀ ਦੇ ਬਰਾਬਰ ਨੁਕਸਾਨ ਹੋਇਆ ਹੈ ਪਰ ਇਸ ਤੋਂ ਕਿਤੇ ਵਧੇਰੇ ਨੁਕਸਾਨ ਤਾਂ ਵਾਤਾਵਰਨ ਦੀ ਤਬਾਹੀ ਨੇ ਕੀਤਾ ਹੈ। ਸੰਸਾਰ ਬੈਂਕ ਦੇ ਅੰਦਾਜ਼ੇ ਵਿਚ ਇਹ ਨੁਕਸਾਨ ਸਮੁੱਚੇ ਘਰੇਲੂ ਉਤਪਾਦਨ ਦਾ 5.7 ਫ਼ੀਸਦੀ ਦੱਸਿਆ ਗਿਆ ਹੈ, ਜਦੋਂ ਕਿ 'ਐਨਰਜੀ ਐਂਡ ਰਿਸੋਰਸਜ਼ ਇੰਸਟੀਚਿਊਟ' ਮੁਤਾਬਕ ਇਹ ਨੁਕਸਾਨ 7 ਤੋਂ 10 ਫ਼ੀਸਦੀ ਤੱਕ ਦਾ ਹੈ। ਸੋ, ਵਾਤਾਵਰਨ ਦੇ ਹੱਕ ਵਿਚ ਕੰਮ ਕਰਨ ਵਾਲੇ ਐਨ.ਜੀ.ਓਜ਼. ਤਾਂ ਇਸ ਨੁਕਸਾਨ ਨੂੰ ਘਟਾ ਕੇ ਦੇਸ਼ ਦੀ ਭਲਾਈ ਹੀ ਕਰ ਰਹੇ ਹਨ।

ਕੁਡਨਕੁਲਮ ਪਰਮਾਣੂ ਪਲਾਂਟ ਖ਼ਿਲਾਫ਼ ਮੁਹਿੰਮ ਚਲਾਉਣ ਵਾਲੀ 'ਪੀਪਲਜ਼ ਮੂਵਮੈਂਟ ਅਗੇਂਸਟ ਨਿਊਕਲੀਅਰ ਐਨਰਜੀ' (ਪਮੇਨ) 'ਤੇ ਇਸ ਰਿਪੋਰਟ ਵਿਚ ਵਿਦੇਸ਼ਾਂ ਤੋਂ ਗ਼ੈਰ-ਕਾਨੂੰਨੀ ਫੰਡ ਲੈਣ ਦਾ ਦੋਸ਼ ਲਾਇਆ ਗਿਆ ਹੈ ਪਰ ਆਮਦਨ ਕਰ ਅਧਿਕਾਰੀਆਂ ਨੂੰ 'ਪਮੇਨ' ਦੇ ਖਾਤਿਆਂ ਵਿਚ ਕੋਈ ਬੇਨਿਯਮੀਆਂ ਨਹੀਂ ਮਿਲੀਆਂ। ਇਸ ਦੇ ਕਨਵੀਨਰ ਐਸ.ਪੀ. ਉਦੈ ਕੁਮਾਰ ਨੇ ਸੰਸਥਾ ਦੀਆਂ ਸਾਰੀਆਂ ਬੈਂਕ ਨਿਕਾਸੀਆਂ ਦਾ ਵੇਰਵਾ ਵੈੱਬਸਾਈਟ 'ਤੇ ਦਿੱਤਾ ਹੈ। 'ਪਮੇਨ' ਪੂਰੀ ਤਰ੍ਹਾਂ ਪਾਕਿ-ਸਾਫ਼ ਹੋ ਕੇ ਉੱਭਰੀ ਹੈ। ਆਈ.ਬੀ. ਵੱਲੋਂ ਇਕ ਹੋਰ ਸਾਜ਼ਿਸ਼ ਦੀ ਕਹਾਣੀ ਬੁਣੀ ਗਈ ਹੈ। ਇਸ ਵੱਲੋਂ ਕਿਹਾ ਗਿਆ ਹੈ ਕਿ ਇਕ ਜਰਮਨ 'ਸੰਪਰਕ' (ਹਰਮਨ ਰੇਨਰ ਸੋਨਟਾਗ) ਨੇ ਉਦੈ ਕੁਮਾਰ ਨੂੰ ਈ-ਮੇਲ ਭੇਜ ਭੇਜੀ ਜਿਸ ਵਿਚ ਭਾਰਤ ਦੀਆਂ ਪਰਮਾਣੂ ਥਾਵਾਂ ਨੂੰ ਦਰਸਾਉਂਦਾ ਨਕਸ਼ਾ ਅਤੇ 'ਪਫੁੱਲ ਬਿਦਵਈ, ਅਚਨਿਕ ਵਿਨਾਇਕ, ਐਡਮਿਰਲ ਰਾਮਦਾਸ... ਵਰਗੀਆਂ ਉੱਘੀਆਂ ਹਸਤੀਆਂ ਸਮੇਤ' 50 ਕਾਰਕੁਨਾਂ ਦੇ ਨਾਂ, ਪਤੇ ਸਨ। ਇਹ ਨਕਸ਼ੇ ਨਿਊਕਲੀਅਰ ਪਾਵਰ ਕਾਰਪੋਰੇਸ਼ਨ ਅਤੇ ਯੂਰੇਨੀਅਮ ਕਾਰਪੋਰੇਸ਼ਨ ਦੀਆਂ ਵੈੱਬਸਾਈਟਾਂ 'ਤੇ ਉਂਝ ਹੀ ਮੌਜੂਦ ਹਨ। ਉਦੈ ਕੁਮਾਰ ਸਾਨੂੰ ਵਰ੍ਹਿਆਂ ਤੋਂ ਜਾਣਦੇ ਹਨ ਅਤੇ ਉਨ੍ਹਾਂ ਨੂੰ ਸੋਨਟਾਗ ਤੋਂ ਸਾਡੇ ਪਤੇ ਹਾਸਲ ਕਰਨ ਦੀ ਕੋਈ ਲੋੜ ਨਹੀਂ। ਉਨ੍ਹਾਂ ਨੇ ਅਜਿਹੀ ਕੋਈ ਵੀ ਈ-ਮੇਲ ਪ੍ਰਾਪਤ ਕਰਨ ਤੋਂ ਇਨਕਾਰ ਕੀਤਾ ਹੈ। ਆਈ.ਬੀ. ਉਨ੍ਹਾਂ ਨੂੰ ਗ਼ਲਤ ਸਾਬਤ ਕਰਨ ਲਈ ਕੋਈ ਸਬੂਤ ਪੇਸ਼ ਨਹੀਂ ਕਰ ਸਕੀ।

'ਕੁਲੀਸ਼ਨ ਫਾਰ ਨਿਊਕਲੀਅਰ ਡਿਸਆਰਮਾਮੈਂਟ ਐਂਡ ਪੀਸ' ਜਿਸ ਨਾਲ ਅਸੀਂ ਜੁੜੇ ਹੋਏ ਹਾਂ, ਸੰਨ 2000 'ਚ ਹੋਂਦ 'ਚ ਆਇਆ ਪ੍ਰਚਾਰ ਸੰਗਠਨ ਹੈ। ਇਹ ਕਿਸੇ ਵੀ ਤਰ੍ਹਾਂ ਦੇ ਵਿਦੇਸ਼ੀ, ਕਾਰਪੋਰੇਟ ਜਾਂ ਫਿਰ ਸਰਕਾਰੀ ਫੰਡ ਕਬੂਲ ਨਹੀਂ ਕਰਦਾ। ਆਈ.ਬੀ. ਦੀ ਰਿਪੋਰਟ ਵਿਚ ਇਸੇ ਤਰ੍ਹਾਂ ਉਨ੍ਹਾਂ ਕਾਰਕੁਨਾਂ ਖ਼ਿਲਾਫ਼ ਦੋਸ਼ ਲਾਏ ਗਏ ਹਨ ਜੋ ਕੋਲਾ ਆਧਾਰਤ ਬਿਜਲੀ ਪ੍ਰੋਜੈਕਟਾਂ, ਖਣਿਜ ਨਿਕਾਸੀ ਸਨਅਤਾਂ, ਜੀ.ਐਮ. ਫ਼ਸਲਾਂ, ਪੋਸਕੋ ਵਰਗੇ ਤਬਾਹਕੁਨ ਪ੍ਰੋਜੈਕਟਾਂ ਅਤੇ ਦਰਿਆਵਾਂ ਨੂੰ ਜੋੜਨ ਵਰਗੀਆਂ ਸੋਚ ਵਿਹੂਣੀਆਂ ਯੋਜਨਾਵਾਂ ਦਾ ਵਿਰੋਧ ਕਰਦੇ ਹਨ। ਰਿਪੋਰਟ ਵਿਚਲੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਇਸ ਸਬੰਧੀ ਸ਼ੁਰੂਆਤ ਡਾ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਕਰਵਾਈ ਗਈ ਸੀ। ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਕੁਡਨਕੁਲਮ ਅਤੇ ਜੀ.ਐਮ. ਫ਼ਸਲਾਂ ਦਾ ਵਿਰੋਧ ਕਰਨ ਵਾਲਿਆਂ ਪ੍ਰਤੀ ਆਪਣੀ ਨਾਰਾਜ਼ਗੀ ਕਦੇ ਲੁਕਾਈ ਨਹੀਂ ਸੀ। ਬਿਨਾਂ ਕਿਸੇ ਸਬੂਤ ਤੋਂ ਡਾ. ਸਿੰਘ ਵੀ ਇਨ੍ਹਾਂ 'ਤੇ ਪੱਛਮੀ ਹਿੱਤਾਂ ਅਨੁਸਾਰ ਕੰਮ ਕਰਨ ਦੇ ਦੋਸ਼ ਲਾਉਂਦੇ ਹੁੰਦੇ ਸਨ। ਉਨ੍ਹਾਂ ਦੀ ਸਰਕਾਰ ਨੇ ਅੱਧੀ ਦਰਜਨ ਵਿਦੇਸ਼ੀ ਨਾਗਰਿਕਾਂ ਨੂੰ ਜਾਂ ਤਾਂ ਵੀਜ਼ੇ ਦੇਣ ਤੋਂ ਇਨਕਾਰ ਕੀਤਾ ਸੀ ਜਾਂ ਡਿਪੋਰਟ ਕੀਤਾ ਸੀ। ਜੇ ਸਰਕਾਰ ਕੋਲ ਸੋਨਟਾਗ ਦੇ ਖ਼ਿਲਾਫ਼ ਸਬੂਤ ਸਨ ਤਾਂ ਇਸ ਨੂੰ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਸੀ।

ਵਰਨਣਯੋਗ ਹੈ ਕਿ ਉਕਤ ਰਿਪੋਰਟ ਇਹ ਦਰਸਾਉਣ 'ਚ ਅਸਫ਼ਲ ਰਹੀ ਹੈ ਕਿ ਕਿਸੇ ਐਨ.ਜੀ.ਓ. ਵੱਲੋਂ ਕੋਈ ਗ਼ੈਰ-ਕਾਨੂੰਨੀ ਕੰਮ ਕੀਤਾ ਗਿਆ ਜਾਂ ਫਿਰ ਵਿਦੇਸ਼ੀ ਚੰਦੇ ਸਬੰਧੀ ਕਾਨੂੰਨ 'ਫੌਰਨ ਕੰਟ੍ਰੀਬਿਊਸ਼ਨ ਰੈਗੂਲੇਸ਼ਨ ਐਕਟ' (ਐਫ.ਸੀ.ਆਰ.ਏ.) ਦੀ ਉਲੰਘਣਾ ਕੀਤੀ ਗਈ। ਐਫ.ਸੀ.ਆਰ.ਏ. ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਵੇਲੇ ਇਸ ਭਰਮ ਭਰੀ ਧਾਰਨਾ ਕਰ ਕੇ ਲਾਗੂ ਕੀਤਾ ਗਿਆ ਸੀ ਕਿ ਕੁਝ ਵਿਦੇਸ਼ੀ ਤਾਕਤਾਂ ਉਨ੍ਹਾਂ ਦੀ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੀਆਂ ਹਨ। ਐਫ.ਸੀ.ਆਰ.ਏ. ਤਹਿਤ ਐਨ.ਜੀ.ਓਜ਼. ਖ਼ਿਲਾਫ਼ ਕਿਸੇ ਠੋਸ ਕਾਨੂੰਨੀ ਕਾਰਵਾਈ ਲਈ ਆਧਾਰ ਲੱਭਣ 'ਚ ਅਸਫ਼ਲ ਰਹਿਣ ਤੋਂ ਬਾਅਦ ਆਈ.ਬੀ. ਨੇ ਉਨ੍ਹਾਂ ਦੇ ਸੰਪਰਕਾਂ ਸਬੰਧੀ ਕਲਪਨਾ ਆਧਾਰਤ ਕਹਾਣੀ ਉਭਾਰਨ ਦਾ ਰਾਹ ਅਪਣਾਇਆ। ਰਿਪੋਰਟ ਐਨ.ਜੀ.ਓਜ਼. ਨੂੰ ਬਦਨਾਮ ਕਰਨ ਲਈ ਹੀ ਲੀਕ ਕੀਤੀ ਗਈ ਹੈ। ਇਹ ਰਿਪੋਰਟ ਸਪੱਸ਼ਟ ਰੂਪ ਵਿਚ ਸਨਅਤੀ ਪ੍ਰੋਜੈਕਟਾਂ ਨੂੰ ਗਤੀ ਪ੍ਰਦਾਨ ਕਰਨ ਅਤੇ ਵਾਤਾਵਰਨ ਬਾਰੇ ਨਿਯਮਾਂ ਨੂੰ ਤੋੜ-ਮਰੋੜ ਕੇ ਵੱਡੇ ਕਾਰੋਬਾਰੀ ਘਰਾਣਿਆਂ ਨੂੰ ਸੰਤੁਸ਼ਟ ਕਰਨ ਦੇ ਸਰਕਾਰ ਦੇ ਜ਼ਾਹਰਾ ਇਰਾਦਿਆਂ ਨਾਲ ਜੁੜੀ ਹੋਈ ਹੈ। ਇਸ ਤੋਂ ਸਿਰੇ ਦੇ ਦੋਹਰੇ ਮਿਆਰ ਵੀ ਨਜ਼ਰ ਆਉਂਦੇ ਹਨ। ਇਕ ਪਾਸੇ ਤਾਂ ਐਨ.ਜੀ.ਓਜ਼. ਦੇ ਮਾਮਲੇ 'ਚ ਵਿਰੋਧ ਪ੍ਰਗਟਾਇਆ ਜਾ ਰਿਹਾ ਹੈ ਤੇ ਦੂਜੇ ਪਾਸੇ ਵਿਦੇਸ਼ੀ ਰਿਐਕਟਰਾਂ 'ਤੇ ਨਿਰਭਰਤਾ ਅਤੇ ਰੱਖਿਆ ਵਿਚ 100 ਫ਼ੀਸਦੀ ਵਿਦੇਸ਼ੀ ਨਿਵੇਸ਼ ਦੀ ਵਕਾਲਤ ਕੀਤੀ ਜਾ ਰਹੀ ਹੈ। ਇਹ ਵੀ ਵਰਨਣਯੋਗ ਹੈ ਕਿ ਅਮਰੀਕਾ ਦੇ 'ਇੰਡੀਆ ਡਿਵੈਲਪਮੈਂਟ ਐਂਡ ਰਿਲੀਫ਼ ਫੰਡ' ਅਤੇ ਬਰਤਾਨੀਆ ਦੇ 'ਹਿੰਦੂ ਸੋਇਮ ਸੇਵਕ ਸੰਘ' ਵੱਲੋਂ ਸੰਘ ਪਰਿਵਾਰ ਨੂੰ ਲੱਖਾਂ ਡਾਲਰ ਭੇਜੇ ਜਾ ਚੁੱਕੇ ਹਨ।

ਐਨ.ਜੀ.ਓਜ਼. ਦੀ ਜ਼ਬਾਨਬੰਦੀ ਕਿਸੇ ਲੋਕਤੰਤਰ ਵਿਚ ਨਹੀਂ ਚੱਲ ਸਕਦੀ। ਇਕ ਸਵੈ-ਭਰੋਸੇ ਵਾਲੀ ਜਮਹੂਰੀਅਤ ਵੱਲੋਂ ਸਮਾਜਿਕ-ਸਿਆਸੀ ਫ਼ੈਸਲਿਆਂ ਦੇ ਅਮਲ ਵਿਚ ਅਤੇ ਵਿਕਾਸ ਦੀ ਯੋਜਨਾਬੰਦੀ ਵਿਚ ਨਾਗਰਿਕ ਸੰਗਠਨਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਪਰ ਇਸ ਦੀ ਥਾਂ ਭਾਰਤ ਦੀ ਸਵੈ-ਭਰਮ ਦੀ ਸਰਕਾਰ ਉਨ੍ਹਾਂ ਨੂੰ ਦਬਕਾ ਰਹੀ ਹੈ। ਇਸ ਨਾਲ ਆਈ.ਬੀ. ਸਬੰਧੀ ਵੀ ਗੰਭੀਰ ਨੁਕਤੇ ਉੱਭਰਦੇ ਹਨ। ਇਹ ਕਿਸੇ ਸਪਸ਼ਟ ਕਾਨੂੰਨੀ ਢਾਂਚੇ ਤੋਂ ਬਿਨਾਂ ਬਸਤੀਵਾਦੀ ਸਰਕਾਰ ਦੀ ਹਿੱਤ ਪੂਰਤੀ ਲਈ ਸਥਾਪਿਤ ਕੀਤੀ ਗਈ ਸੀ। ਆਜ਼ਾਦੀ ਤੋਂ ਬਾਅਦ ਇਸ ਨੇ ਆਪਣੀ ਮਾਪੇ ਸੰਸਥਾ 'ਐਮ 15' ਨਾਲ ਨੇੜਲੇ ਸਬੰਧ ਬਣਾਈ ਰੱਖੇ। ਹਾਲ ਹੀ ਦੌਰਾਨ ਸਾਹਮਣੇ ਆਏ ਦਸਤਾਵੇਜ਼ ਦਰਸਾਉਂਦੇ ਹਨ ਕਿ ਬਰਤਾਨੀਆ ਵਿਚ ਭਾਰਤ ਦੇ ਹਾਈ ਕਮਿਸ਼ਨਰ ਵੀ. ਕੇ. ਕ੍ਰਿਸ਼ਨਾ ਮੈਨਨ ਦੀ ਜਾਸੂਸੀ ਕਰਨ ਲਈ ਇਸ ਨੇ 'ਐਮ 15' ਨਾਲ ਸਹਿਯੋਗ ਕੀਤਾ ਸੀ। ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਆਪਣੇ ਸੌੜੇ ਸਿਆਸੀ ਏਜੰਡਿਆਂ ਨੂੰ ਅੱਗੇ ਵਧਾਉਣ ਵਾਸਤੇ ਆਈ.ਬੀ. ਦੀ ਦੁਰਵਰਤੋਂ ਕੀਤੀ ਜਾਂਦੀ ਰਹੀ ਹੈ। ਇਹ ਸਭ ਕੁਝ ਖ਼ਤਮ ਹੋਣਾ ਚਾਹੀਦਾ ਹੈ। ਜਵਾਬਦੇਹ ਜਮਹੂਰੀਅਤ ਦੇ ਮਿਆਰਾਂ 'ਤੇ ਪੂਰੇ ਉਤਰਦਿਆਂ ਆਈ.ਬੀ. ਨੂੰ ਸੰਸਦੀ ਨਿਗਰਾਨੀ ਹੇਠ ਲਿਆਂਦਾ ਜਾਣਾ ਚਾਹੀਦਾ ਹੈ। ਅਜਿਹਾ ਬਿਨਾਂ ਦੇਰੀ ਤੋਂ ਹੋਣਾ ਚਾਹੀਦਾ ਹੈ।



ਕੁਡਨਕੁਲਮ ਵਿਚ ਪਰਮਾਣੂ ਪ੍ਰੋਜੈਕਟ ਖਿਲਾਫ ਵਿਖਾਵਾ ਕਰ ਰਹੇ ਲੋਕ।

# ਸ਼ਾਈਨਿੰਗ ਇੰਡੀਆ ਬਨਾਮ ਸ਼ੇਮ ਇੰਡੀਆ

ਸੰਨ 2004 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਵੇਲੇ ਦੇ ਸੱਤਾਧਾਰੀ ਦਲ ਐਨਡੀਏ ਗੱਠਜੋੜ ਵੱਲੋਂ ਬੜੇ ਜ਼ੋਰ-ਸ਼ੋਰ ਨਾਲ 'ਸ਼ਾਈਨਿੰਗ ਇੰਡੀਆ' ਦਾ ਪ੍ਰਚਾਰ ਕੀਤਾ ਗਿਆ ਸੀ। ਇਸ ਦੇ ਕਹਿਣ ਦਾ ਅਰਥ ਸੀ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਸੁਚੱਜਾ ਸ਼ਾਸਨ ਪ੍ਰਬੰਧ ਚਲਾਇਆ ਹੈ ਅਤੇ ਦੇਸ਼ ਨੇ ਬਹੁਤ ਤਰੱਕੀ ਕੀਤੀ ਹੈ। ਸਿੱਟੇ ਵਜੋਂ ਭਾਰਤ ਚਮਕ ਰਿਹਾ ਹੈ। ਇਸ ਚਮਕ ਦੇ ਬਲਬੂਤੇ ਉਹ ਚੋਣ ਮੈਦਾਨ ਵਿਚ ਉੱਤਰੇ

**ਦਰਸ਼ਨ ਸਿੰਘ ਰਿਆੜ**

ਸਨ ਪਰ ਚੋਣਾਂ ਵਿਚ ਉਨ੍ਹਾਂ ਨੂੰ ਜਿੱਤ ਦੀ ਬਜਾਇ ਹਾਰ ਨਸੀਬ ਹੋਈ ਸੀ। ਕਾਰਗਿਲ ਯੁੱਧ ਅਤੇ ਮੁਲਕ ਅੰਦਰ ਹੋਏ ਹੋਰ ਅਤਿਵਾਦੀ ਹਮਲੇ ਉਸ ਸਰਕਾਰ ਨੂੰ ਲੈ ਬੈਠੇ ਸਨ। ਗੁਜਰਾਤ ਦੰਗਿਆਂ ਦਾ ਅਸਰ ਵੀ ਉਨ੍ਹਾਂ ਚੋਣਾਂ 'ਤੇ ਪਿਆ ਸੀ। ਮਗਰੋਂ ਕਾਂਗਰਸ ਦੀ ਅਗਵਾਈ ਵਿਚ ਯੂ.ਪੀ.ਏ. ਗੱਠਜੋੜ ਨੇ ਸੱਤਾ ਸੰਭਾਲੀ ਸੀ। ਉੱਘੇ ਅਰਥ ਸ਼ਾਸਤਰੀ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣ ਗਏ ਸਨ ਜਿਨ੍ਹਾਂ ਦੀ ਅਗਵਾਈ ਵਿਚ ਯੂ.ਪੀ.ਏ. ਦਾ ਪਹਿਲਾ ਕਾਰਜਕਾਲ ਐਨ.ਡੀ.ਏ. ਦੇ ਮੁਕਾਬਲੇ ਕਾਫ਼ੀ ਚੰਗਾ ਰਿਹਾ। ਦੁਨੀਆਂ ਭਰ ਵਿਚ ਮੰਦੇ ਦੇ ਬਾਵਜੂਦ ਭਾਰਤ ਦੀ ਅਰਥ ਵਿਵਸਥਾ ਸਥਿਰ ਰਹੀ ਸੀ। ਇਸ ਦੌਰ ਵਿਚ ਵਿਸ਼ਵ ਦੀ ਨੰਬਰ ਇੱਕ ਸ਼ਕਤੀ ਅਮਰੀਕਾ ਦਾ ਆਰਥਿਕ ਤਾਣਾ-ਬਾਣਾ ਵੀ ਹਿੱਲ ਗਿਆ ਸੀ ਪਰ ਭਾਰਤੀ ਅਰਥ ਵਿਵਸਥਾ ਆਪਣੀ ਲੀਹੇ ਕਾਮਯਾਬੀ ਨਾਲ ਚੱਲਦੀ ਰਹੀ ਸੀ। ਉਦੋਂ ਅਮਰੀਕਾ ਨਾਲ ਪਰਮਾਣੂ ਸੰਧੀ ਦੇ ਸੁਆਲ 'ਤੇ ਖੱਬੇ ਪੱਖੀ ਕਮਿਊਨਿਸਟ ਪਾਰਟੀਆਂ ਯੂ.ਪੀ.ਏ. ਦਾ ਸਾਥ ਛੱਡ ਗਈਆਂ ਸਨ। ਮਨਮੋਹਨ ਸਿੰਘ ਆਪਣੇ ਫ਼ੈਸਲੇ 'ਤੇ ਕਠੋਰਤਾ ਨਾਲ ਅੜੇ ਰਹੇ ਸਨ। ਲੋਕਾਂ ਨੇ ਸਰਕਾਰ ਦੇ ਫ਼ੈਸਲੇ ਨੂੰ ਸਲਾਹਿਆ ਸੀ। ਨਤੀਜਾ 2009 ਦੀਆਂ ਆਮ ਚੋਣਾਂ ਫਿਰ ਯੂ.ਪੀ.ਏ. ਕਾਮਰੇਡਾਂ ਤੋਂ ਬਿਨਾਂ ਸ਼ਾਨ ਨਾਲ ਜਿੱਤ ਗਿਆ ਸੀ। ਚਾਹੀਦਾ ਤਾਂ ਇਹ ਸੀ ਕਿ ਯੂ.ਪੀ.ਏ. ਦਾ ਦੂਜਾ ਕਾਰਜਕਾਲ ਹੋਰ ਵੀ ਵਧੀਆ ਤਰੀਕੇ ਨਾਲ ਕੰਮ ਕਰਦਾ, ਪਰ ਅਜਿਹਾ ਨਹੀਂ ਹੋਇਆ। ਭਾਵੇਂ ਇਸ ਕਾਰਜਕਾਲ ਦੌਰਾਨ ਵੀ ਸਰਕਾਰ ਨੇ ਕੁਝ ਮਹੱਤਵਪੂਰਨ ਕਾਨੂੰਨ ਬਣਾਏ, ਜਿਹਾ ਕਿ ਭੋਜਨ ਸੁਰੱਖਿਆ ਗਾਰੰਟੀ ਕਾਨੂੰਨ ਤੇ ਭੂਮੀ ਗ੍ਰਹਿਣ ਕਾਨੂੰਨ, ਪਰ ਇਹ ਕਾਨੂੰਨ ਵਕਤੋਂ ਖੁੰਝ ਗਏ। ਜੇ ਇਹ ਕਾਨੂੰਨ ਦੋ ਸਾਲ ਪਹਿਲਾਂ ਬਣ ਕੇ ਲਾਗੂ ਹੋ ਜਾਂਦੇ ਤਾਂ ਸ਼ਾਇਦ ਹਾਲਾਤ ਹੋਰ ਹੁੰਦੇ। ਯੂ.ਪੀ.ਏ. ਦੇ ਇਸ ਕਾਰਜਕਾਲ ਵਿਚ ਕਾਮਨਵੈਲਥ ਗੇਮਜ਼ ਘੁਟਾਲਾ ਅਤੇ 2ਜੀ. ਸਪੈਕਟਰਮ ਸਕੈਮ, ਕੋਲਗੇਟ ਸਕੈਮ ਵਰਗੇ ਘਪਲਿਆਂ ਨੇ ਯੂਪੀਏ ਦੇ ਚੰਗੇ ਕੰਮਾਂ 'ਤੇ ਵੀ ਪਾਣੀ ਫੇਰ ਦਿੱਤਾ ਸੀ। ਹਾਲਾਂਕਿ ਕੁਝ ਮੰਤਰੀ ਇਨ੍ਹਾਂ ਘਪਲਿਆਂ ਕਾਰਨ ਜੇਲ੍ਹਾਂ ਵਿਚ ਵੀ ਗਏ ਸਨ ਪਰ ਯੂ.ਪੀ.ਏ. ਦੀ ਸਾਖ ਸੁਧਰਨ ਦੀ ਬਜਾਇ ਵਿਗੜਦੀ ਹੀ ਗਈ ਸੀ। ਐਨ ਉਸ ਵੇਲੇ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਟੀਮ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢਿਆ ਅੰਦੋਲਨ ਗੰਭੀਰ ਰੂਪ ਅਖ਼ਤਿਆਰ ਕਰ ਗਿਆ ਸੀ। ਭਾਵੇਂ ਬਾਅਦ ਵਿਚ ਸਰਕਾਰ ਨੇ ਲੋਕਪਾਲ ਬਿੱਲ ਪਾਸ ਕਰਵਾ ਵੀ ਲਿਆ ਸੀ ਪਰ ਪਾਰਟੀ ਦੀ ਹਾਰ ਦਾ ਮੁੱਢ ਅੰਨਾ ਹਜ਼ਾਰੇ ਦੇ ਅੰਦੋਲਨ ਨੇ ਹੀ ਬੰਨ੍ਹ ਦਿੱਤਾ ਸੀ।

ਚਿਰਾਂ ਤੋਂ ਭਖਦਾ ਤਿਲੰਗਾਨਾ ਰਾਜ ਦਾ ਮਸਲਾ ਹੱਲ ਕਰਕੇ ਭਾਵੇਂ ਯੂ.ਪੀ.ਏ. ਸਰਕਾਰ ਨੇ ਰਾਜਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਵੀ ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ ਹੀ ਸਾਬਤ ਹੋਇਆ। ਲਾਭ ਲੈਣ ਦੀ ਮਨਸ਼ਾ ਨਾਲ ਕੀਤੇ ਇਸ ਕੰਮ ਦਾ ਵੀ ਯੂ.ਪੀ.ਏ. ਨੂੰ ਨੁਕਸਾਨ ਹੀ ਹੋਇਆ ਸੀ। ਕਾਂਗਰਸ ਦੇ ਆਪਣੇ ਮੈਂਬਰ ਵੀ ਨਾਲੋਂ ਟੁੱਟ ਗਏ। ਰਾਜਨੀਤਕ ਪਾਰਟੀਆਂ ਦੇ ਲੀਡਰ ਦੇਸ਼ ਦੇ ਵੋਟਰਾਂ ਨੂੰ ਮੂਰਖ ਸਮਝਦੇ ਹਨ ਪਰ ਇਸ ਵਾਰ ਦੀਆਂ ਚੋਣਾਂ ਨੇ ਉਨ੍ਹਾਂ ਦਾ ਇਹ ਭਰਮ ਦੂਰ ਕਰ ਦਿੱਤਾ ਹੈ। ਹੁਣ 'ਵਿਹੜੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ' ਦੀ ਕਹਾਵਤ ਨਾਲ ਲੋਕ ਰਿਝਦੇ ਨਹੀਂ ਹਨ। ਪਹਿਲਾਂ ਸਰਕਾਰ ਨੇ ਰਸੋਈ ਗੈਸ ਸਿਲੰਡਰਾਂ ਦੀ ਗਿਣਤੀ ਘਟਾ ਕੇ ਨੌਂ ਕਰ ਦਿੱਤੀ ਸੀ ਪਰ ਚੋਣਾਂ ਆਉਣ ਸਮੇਂ ਇਹ ਗਿਣਤੀ ਵਧਾ ਕੇ ਬਾਰਾਂ ਕਰ ਕੇ ਲੋਕਾਂ ਦਾ ਮਨ ਜਿੱਤਣ ਦਾ ਉਪਰਾਲਾ 'ਈਦ ਪਿੱਛੋਂ ਤੰਬਾ ਫੂਕਣ' ਵਾਲਾ ਹੀ ਸਾਬਤ ਹੋਇਆ। ਟੀ.ਵੀ. ਚੈਨਲਾਂ ਵਾਲੇ ਵਾਰ-ਵਾਰ ਦੁਹਾਈ ਦਿੰਦੇ ਰਹੇ, 'ਬਹੁਤ ਦੇਰ ਕਰ ਦੀ ਮਿਹਰਬਾਨ ਆਤੇ ਆਤੇ', ਪਰ ਤਾਕਤ ਦੇ ਨਸ਼ੇ ਵਿਚ ਸਰਕਾਰੀ ਧਿਰ 'ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਆਪਣੇ ਕੀਤੇ ਕੰਮਾਂ ਤੋਂ ਆਮ ਜਨਤਾ ਨੂੰ ਜਾਣੂ ਕਰਾਉਣ ਦੀ ਲੋੜ ਵੀ ਮਹਿਸੂਸ ਨਾ ਕੀਤੀ। ਇੱਕੋ ਫ਼ਿਰਕੂ ਆਧਾਰ 'ਤੇ ਮੋਦੀ ਤੋਂ ਘੱਟ-ਗਿਣਤੀਆਂ ਨੂੰ ਡਰਾਉਣ ਲਈ, ਭੇਡਾਂ ਦੇ ਆਜੜੀ ਵਾਂਗ ਸ਼ੇਰ ਆਇਆ, ਸ਼ੇਰ ਆਇਆ ਦਾ ਡਰਾਵਾ ਵੀ ਇਸ ਵਾਰ ਕਾਰ-ਆਮਦ ਸਿੱਧ ਨਹੀਂ ਹੋਇਆ। ਲੋਕਾਂ ਨੂੰ ਮੋਦੀ ਦਾ ਸਥਿਰ ਸਰਕਾਰ ਅਤੇ ਚੰਗੇ ਦਿਨਾਂ ਦੀ ਆਮਦ ਦਾ ਨਾਅਰਾ ਕੀਲ ਗਿਆ। ਭ੍ਰਿਸ਼ਟਾਚਾਰ ਦੇ ਘਪਲਿਆਂ ਦੇ ਬੱਦਲਾਂ ਦੇ ਪਰਛਾਵੇਂ ਯੂ.ਪੀ.ਏ. ਉੱਤੇ ਭਾਰੂ ਪੈ ਗਏ।

ਬਦਅਮਨੀ, ਬਲਾਤਕਾਰ ਅਤੇ ਗੈਂਗਰੇਪ ਦੀਆਂ ਘਟਨਾਵਾਂ ਭਾਵੇਂ ਪਹਿਲਾਂ ਵੀ ਵਾਪਰਦੀਆਂ ਸਨ ਪਰ ਦਿੱਲੀ ਵਿਚ ਵਾਪਰੀਆਂ ਗੈਂਗਰੇਪ ਦੀਆਂ ਘਟਨਾਵਾਂ ਨੇ ਸਰਕਾਰ ਤੇ ਦੇਸ਼ ਦੇ ਮੱਥੇ 'ਤੇ ਕਲੰਕ ਮੜ੍ਹ ਦਿੱਤਾ। ਭਾਵੇਂ ਸਰਕਾਰ ਨੇ ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਔਰਤ ਸੁਰੱਖਿਆ ਲਈ ਸਖ਼ਤ ਕਾਨੂੰਨ ਵੀ ਬਣਾਇਆ ਪਰ ਇਸ ਦੀ ਸਾਖ ਦੀ ਬਹਾਲੀ ਨਾ ਹੋ ਸਕੀ। ਚੋਣਾਂ ਹੋ ਗਈਆਂ, ਸਰਕਾਰ ਬਦਲ ਗਈ ਹੈ। ਲੋਕ ਚੰਗੇ ਦਿਨਾਂ ਦੀ ਆਸ ਵਿਚ ਪੱਬਾਂ ਭਾਰ ਹੋਈ ਫਿਰਦੇ ਹਨ ਪਰ ਬਲਾਤਕਾਰ, ਗੈਂਗਰੇਪ ਤੇ ਕਤਲ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਡਾ ਰਾਜ ਹੈ। ਕੇਂਦਰੀ ਸਰਕਾਰ ਉੱਤੇ ਸਭ ਤੋਂ ਵੱਧ ਪ੍ਰਭਾਵ ਉੱਤਰ ਪ੍ਰਦੇਸ਼ ਦਾ ਹੁੰਦਾ ਹੈ। ਉੱਥੇ ਲਗਾਤਾਰ ਗੈਂਗਰੇਪ ਤੇ ਕਤਲਾਂ ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਬਦਾਯੂੰ ਦੀ ਘਟਨਾ ਨੇ ਤਾਂ ਯੂ.ਐਨ.ਓ. ਤਕ ਦਾ ਧਿਆਨ ਖਿੱਚਿਆ ਹੈ। ਸਮੁੱਚੀਆਂ ਰਾਜਨੀਤਕ ਪਾਰਟੀਆਂ ਨੇ ਇਸ ਵਹਿਸ਼ੀਆਨਾ ਕਾਰੇ ਦੀ ਨਿਖੇਧੀ ਕੀਤੀ ਹੈ। ਦੋਸ਼ੀ ਫੜੇ ਗਏ ਹਨ ਪਰ ਰਾਜਨੀਤਕ ਦਲ ਸਿਆਸੀ ਰੋਟੀਆਂ ਸੇਕ ਰਹੇ ਹਨ। ਇਨ੍ਹਾਂ ਖ਼ਬਰਾਂ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ ਯੂ.ਪੀ. ਵਿਚ ਹੀ ਹਮੀਰਪੁਰ ਅਤੇ ਮੁਰਾਦਾਬਾਦ ਵਿਚ ਫਿਰ ਇਹੀ ਘਟਨਾ ਦੁਹਰਾਈ ਗਈ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਘਟਨਾ ਦਾ ਮੁੱਖ ਦੋਸ਼ੀ ਪੁਲੀਸ ਸਬ-ਇੰਸਪੈਕਟਰ ਅਤੇ ਐਸ.ਐਚ.ਓ. ਹੈ। ਕਾਨੂੰਨ ਦੇ ਰਖਵਾਲੇ ਅਤੇ ਸੁਰੱਖਿਆ ਦੇਣ ਵਾਲੇ ਹੀ ਜੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣਗੇ ਤਾਂ ਫਿਰ ਆਮ ਲੋਕਾਂ ਦੀ ਸੁਰੱਖਿਆ ਕੌਣ ਕਰੇਗਾ ?

ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲਾ ਮੁਲਕ ਹਾਲੇ ਭ੍ਰਿਸ਼ਟਾਚਾਰ ਦੀ ਦਲਦਲ ਵਿਚੋਂ ਨਿਕਲਿਆ ਹੀ ਨਹੀਂ ਸੀ ਕਿ ਹੁਣ ਇਹ ਬਲਾਤਕਾਰਾਂ ਦੇ ਦੋਸ਼ਾਂ ਵਿਚ ਘਿਰ ਗਿਆ ਹੈ। ਇੰਡੀਆ ਸ਼ਾਈਨਿੰਗ ਦੀ ਮੁਹਿੰਮ ਤਾਂ ਠੁੱਸ ਹੋ ਕੇ ਰਹਿ ਗਈ ਸੀ ਪਰ ਇਹ ਇੰਡੀਆ ਸ਼ੇਮ ਦਾ ਕਲੰਕ ਜ਼ਰੂਰ ਵਧਣ ਫੁੱਲਣ ਲੱਗ ਗਿਆ ਹੈ। ਗੁਰੂਆਂ-ਪੀਰਾਂ ਤੇ ਰਿਸ਼ੀਆਂ-ਮੁਨੀਆਂ ਦੀ ਧਰਤੀ 'ਤੇ ਇਹ ਅਨਰਥ ਕਿਉਂ? ਮਾਂ ਦੇ ਗਰਭ ਵਿਚ ਮਾਦਾ ਭਰੂਣ ਹੱਤਿਆ ਤੋਂ ਲੈ ਕੇ, ਛੇੜਖਾਨੀ, ਬਲਾਤਕਾਰ, ਦਾਜ ਸਭ ਜ਼ੁਲਮ ਦੇ ਕੁਹਾੜੇ ਔਰਤ ਵੱਲ ਹੀ ਸੇਧਤ ਕਿਉਂ? ਕੀ ਕਦੇ ਭਾਰਤ ਵਿਚ ਅਜਿਹੇ ਜ਼ੁਲਮਾਂ ਤੋਂ ਛੁਟਕਾਰਾ ਮਿਲ ਕੇ ਔਰਤਾਂ ਲਈ ਵੀ ਚੰਗੇ ਦਿਨ ਆਉਣਗੇ ਜਾਂ ਫਿਰ ਉਹ ਤਰਸ ਦੇ ਪਾਤਰਾਂ ਵਜੋਂ ਹੀ ਵਿਲਕਦੀਆਂ ਰਹਿਣਗੀਆਂ?





ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਭਾਰਤੀ ਫੁੱਟਬਾਲ ਦਾ ਸ਼ਹਿਨਸ਼ਾਹ ਅਰਜਨ ਐਵਾਰਡੀ ਇੰਦਰ ਸਿੰਘ

ਫੁੱਟਬਾਲ ਖੇਡ ਜਗਤ ਵਿਚ ਇੰਦਰੇ ਦੇ ਨਾਂ ਵਜੋਂ ਜਾਣੇ ਜਾਂਦੇ ਇੰਦਰ ਸਿੰਘ ਨੇ ਪੂਰੇ ਭਾਰਤ ਵਿਚ ਆਪਣੇ ਨਾਂ ਦੀ ਛਾਪ ਛੱਡੀ। 1960 ਵਿਚ ਲੀਡਰ ਕਲੱਬ ਜਲੰਧਰ ਵਲੋਂ ਫੁੱਟਬਾਲ ਦੀ ਸ਼ੁਰੂਆਤ ਕਰਕੇ ਇੰਦਰ ਨੇ 1974 ਵਿਚ ਜਲੰਧਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਖੇਡੀ ਗਈ ਸੰਤੋਸ਼ ਟਰਾਫੀ ਵਿਚ ਪੰਜਾਬ ਦੀ ਤਰਫੋਂ ਖੇਡਦਿਆਂ ਸਭ ਤੋਂ ਵੱਧ ਗੋਲ ਕਰਕੇ ਇਤਿਹਾਸ ਰਚਿਆ। ਪੰਜਾਬ ਦੀ ਟੀਮ ਨੇ ਕੁਲ 46 ਗੋਲ ਕੀਤੇ ਜਿਨ੍ਹਾਂ 'ਚੋਂ 23 ਗੋਲ 'ਕੱਲੇ ਇੰਦਰ ਨੇ ਕੀਤੇ। ਇਹ ਰਿਕਾਰਡ ਹਾਲੇ ਤੱਕ ਕੋਈ ਨਹੀਂ ਤੋੜ ਸਕਿਆ। ਇੰਡੀਆ ਲੀਗ ਦੇ ਮੈਚ ਵੀ ਇਥੇ ਖੇਡੇ ਜਾਂਦੇ ਸਨ। ਪੰਜਾਬ-ਗੋਆ ਦੇ ਫਾਈਨਲ ਵਿਚ 6 ਗੋਲਾਂ 'ਚੋਂ 3 ਗੋਲ ਇਕੱਲੇ ਇੰਦਰ ਸਿੰਘ ਨੇ ਕੀਤੇ ਸਨ। ਪੰਜਾਬ-ਬੰਗਾਲ ਮੈਚ ਵਿਚ 6-0 ਨਾਲ ਪੰਜਾਬ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਇੰਦਰ ਸਿੰਘ ਸਾਰੇ ਮੈਚ ਵਿਚ ਛਾਇਆ ਰਿਹਾ। ਡਿਫੈਂਡਰਾਂ 'ਤੇ ਹਮੇਸ਼ਾ ਭਾਰੂ ਰਹਿੰਦਾ। ਦੇਸ਼ ਦੀ ਵੰਡ ਹੋਈ, ਸਰਕਾਰਾਂ ਬਦਲਦੀਆਂ ਗਈਆਂ ਪਰ ਹਾਲੇ ਤੱਕ ਭਾਰਤ ਨੂੰ ਇੰਦਰ ਸਿੰਘ ਵਰਗਾ ਖਿਡਾਰੀ ਨਹੀਂ ਮਿਲਿਆ।

ਸੰਨ 1963 'ਚ ਉਹ ਭਾਰਤੀ ਟੀਮ ਦਾ ਪਲੇਇੰਗ ਮੈਂਬਰ ਬਣਿਆ। 1964 ਦੀਆਂ ਇਜ਼ਰਾਈਲ ਏਸ਼ੀਆਂ ਖੇਡਾਂ ਵਿਚ ਉਸ ਨੂੰ 'ਬੈਸਟ ਰਾਈਟ ਆਊਟ' ਘੋਸ਼ਿਤ ਕੀਤਾ ਗਿਆ। ਇਨ੍ਹਾਂ ਖੇਡਾਂ ਵਿਚ ਭਾਰਤੀ ਫੁੱਟਬਾਲ ਟੀਮ ਨੇ ਸਿਲਵਰ ਮੈਡਲ ਜਿੱਤਿਆ। ਉਸ ਪਿਛੋਂ ਭਾਰਤੀ ਟੀਮ ਨੂੰ ਕਦੇ ਏਸ਼ੀਆ ਕੱਪ ਜਿੱਤਣ ਦਾ ਮੌਕਾ ਨਹੀਂ ਮਿਲਿਆ।

ਇੰਦਰ ਸਿੰਘ ਨੇ 1969 ਵਿਚ ਭਾਰਤੀ ਟੀਮ ਦੀ ਕਪਤਾਨੀ ਕੀਤੀ। ਉਦੋਂ ਹੀ ਭਾਰਤ ਸਰਕਾਰ ਨੇ 'ਅਰਜਨ ਐਵਾਰਡ' ਨਾਲ ਨਿਵਾਜਿਆ। ਸਾਲ 1967 ਵਿਚ ਰੂਸ ਦੀ ਟੀਮ ਭਾਰਤੀ ਦੌਰੇ 'ਤੇ ਮੈਚ ਖੇਡਣ ਆਈ। ਰੂਸ ਦੀ ਟੀਮ ਨੇ 6 ਮੈਚ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਖੇਡੇ। ਛੇਆਂ ਵਿਚੋਂ ਇਕ ਮੈਚ ਪੰਜਾਬ ਵਿਚ ਖੇਡਿਆ। ਲੀਡਰ ਕਲੱਬ ਜਲੰਧਰ ਵਲੋਂ ਖੇਡਦਿਆਂ ਇੰਦਰ ਸਿੰਘ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿਤੀ। ਰੂਸ ਦੀ ਜ਼ੋਰਾਵਰ ਟੀਮ ਨੇ ਲੀਡਰ ਕਲੱਬ ਸਿਰ 6 ਗੋਲ ਕੀਤੇ। ਇਸ ਮੁਕਾਬਲੇ ਵਿਚ ਇੰਦਰ ਸਿੰਘ ਨੇ ਬੜੀ ਫੁਰਤੀ ਨਾਲ ਝਕਾਨੀ ਦੇ ਕੇ ਇਕ ਯਾਦਗਾਰੀ ਗੋਲ ਕੀਤਾ। ਇਸ ਗੋਲ ਦੀ ਸਭ ਪਾਸੇ ਸ਼ਲਾਘਾ ਹੋਈ।

1967 ਵਿਚ ਹੀ ਉਹ ਮਲੇਸ਼ੀਆ ਖੇਡਣ ਗਏ। ਕਮਾਲ ਦੀ ਖੇਡ ਵੇਖ ਉਥੋਂ ਦੇ ਪ੍ਰਧਾਨ ਮੰਤਰੀ ਟੀਕੂ ਅਬਦੁਲ ਰਹਿਮਾਨ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇੰਦਰ ਸਿੰਘ ਨੂੰ ਪੰਜ ਸਾਲਾਂ ਦਾ ਕੰਟਰੈਕਟ ਅਤੇ 23 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਹਨੇ ਆਪਣੇ ਦੇਸ਼ ਲਈ ਖੇਡਣ ਨੂੰ ਹੀ ਪਹਿਲ ਦਿਤੀ। ਸਾਲ 1970 ਵਿਚ 'ਖਾਲਸਾ ਸਪੋਰਟਿੰਗ ਕਲੱਬ ਵੈਨਕੂਵਰ' ਨੇ ਵੀ ਆਫ਼ਰ ਕੀਤੀ ਸੀ ਤੇ ਹਰ ਤਰ੍ਹਾਂ ਦੀ ਸੁਖ-ਸਹੂਲਤ ਦੇਣ ਦੀ ਪੇਸ਼ਕਸ਼ ਕੀਤੀ। ਉਹਨੇ ਪੇਸ਼ਕਸ਼ ਕਰਨ ਲਈ ਕਲੱਬ ਵਾਲਿਆਂ ਦਾ ਧੰਨਵਾਦ ਕੀਤਾ, ਪਰ ਭਾਰਤ ਲਈ ਹੀ ਖੇਡਣ ਦੀ ਖਾਹਿਸ਼ ਰੱਖੀ। ਇਸੇ ਤਰ੍ਹਾਂ ਮੋਹਣ ਬਗਾਨ ਤੇ ਈਸਟ ਬੰਗਾਲ ਵਾਲੇ ਵੀ ਖੇਡਣ ਲਈ ਕਹਿੰਦੇ ਰਹੇ। ਉਸ ਦੀ ਖੇਡ ਦੇ ਲੱਖਾਂ ਦੀਵਾਨੇ ਸਨ। ਖੇਡ ਸਦਕਾ ਜਿਧਰ ਵੀ ਜਾਂਦਾ, ਸਾਰੇ ਅੱਖਾਂ ਵਿਛਾਈ ਬੈਠੇ ਹੁੰਦੇ। ਇੰਦਰ ਸਿੰਘ ਸੈਂਕੜੇ ਖਿਡਾਰੀਆਂ ਨਾਲ ਖੇਡਿਆ ਤੇ ਉਹਦੇ ਮਾਰਗ 'ਤੇ ਚਲਦਿਆਂ ਕਈ ਮੁੰਡੇ ਤਕੜੇ ਖਿਡਾਰੀ ਬਣੇ। ਬੇਟਾ ਜੱਗਾ 2 ਸਾਲ ਭਾਰਤੀ ਟੀਮ ਵਿਚ ਖੇਡਿਆ। 12 ਸਾਲ ਜੇ ਸੀ ਟੀ ਮਿਲ ਫਗਵਾੜਾ ਦਾ ਖਿਡਾਰੀ ਰਿਹਾ। ਫਿਰ ਜੇ. ਸੀ. ਟੀ. ਵਿਚ ਹੀ ਸੁਖੀ ਤੇ ਪਰਮਿੰਦਰ ਨਾਲ ਅਸਿਸਟੈਂਟ ਕੋਚ ਵੀ ਰਿਹਾ।

ਇਕ ਵਾਰ ਇੰਦਰ ਸਿੰਘ ਨਾਲ 'ਭਾਰਤੀ ਫੁੱਟਬਾਲ ਦੇ ਜਰਨੈਲ' ਸ. ਜਰਨੈਲ ਸਿੰਘ ਪਨਾਮ ਬਾਰੇ ਗੱਲ ਚੱਲ ਰਹੀ ਸੀ। ਉਹਨੂੰ ਯਾਦ ਕਰਕੇ ਉਹ ਭਾਵੁਕ ਹੋ ਗਿਆ ਤੇ ਕਹਿਣ ਲੱਗਾ ਕਿ ਜਰਨੈਲ ਸਿੰਘ ਵਰਗੇ ਵਾਰ ਵਾਰ ਨਹੀਂ ਜੰਮਣੇ। 1963 ਤੋਂ 1967 ਤੱਕ ਉਹ ਇਕੱਠੇ ਖੇਡੇ। 1963 ਦੀ ਪ੍ਰੀ-ਉਲੰਪਿਕ ਤਹਿਰਾਨ ਅਤੇ 1964 ਵਿਚ ਮਾਡੇਕਾ ਫੁੱਟਬਾਲ ਟੂਰਨਾਮੈਂਟ ਕੋਆਲਾਲੰਪੁਰ (ਮਲੇਸ਼ੀਆ) ਇਕੱਠੇ ਖੇਡੇ। ਕੋਆਲਾਲੰਪੁਰ ਵਿਚੋਂ ਦੂਜਾ ਸਥਾਨ ਆਇਆ ਸੀ। 1964 ਦੇ ਇਜ਼ਰਾਇਲੀ ਏਸ਼ੀਆ-ਕੱਪ ਵਿਚੋਂ ਵੀ ਦੂਜਾ ਸਥਾਨ ਪ੍ਰਾਪਤ ਕੀਤਾ। ਉਹ ਤੇ ਜਰਨੈਲ ਸਿੰਘ ਇਕ ਕਮਰੇ ਵਿਚ ਇਕੱਠੇ ਵੀ ਰਹਿੰਦੇ ਰਹੇ।

1960 ਤੋਂ 1974 ਤੱਕ ਲੀਡਰ ਕਲੱਬ ਵਿਚ ਖੇਡਿਆ। ਲੀਡਰ ਦੀ ਉਸ ਵੇਲੇ ਟਾਪ ਦੀ ਟੀਮ ਹੁੰਦੀ ਸੀ। ਲੀਡਰ ਕਲੱਬ ਤੋਂ ਬਾਅਦ ਜੇ. ਸੀ. ਟੀ. ਦੀ ਟੀਮ ਬਣੀ। ਫਿਰ 1974 ਤੋਂ 1985 ਤੱਕ ਉਹ ਜੇ. ਸੀ. ਟੀ. ਵਿਚ ਖੇਡਿਆ। 1962 ਤੋਂ 1978 ਤੱਕ ਪੰਜਾਬ ਸਟੇਟ ਅਤੇ 1963 ਤੋਂ 1975 ਤੱਕ ਭਾਰਤੀ ਟੀਮ ਦਾ ਤਕੜਾ ਖਿਡਾਰੀ ਰਿਹਾ। 1969, 1973 ਅਤੇ 1975-ਤਿੰਨ ਸਾਲ ਭਾਰਤੀ ਟੀਮ ਦਾ ਕਪਤਾਨ ਰਿਹਾ। 1967-68 ਵਿਚ ਆਲ ਏਸ਼ੀਆ ਆਲ ਖੇਡਿਆ। ਜੇ. ਸੀ. ਟੀ. ਵਿਚ 1985 ਵਿਚ ਖੇਡਣਾ ਛੱਡ ਦਿਤਾ ਤੇ 2001 ਤੱਕ ਉਥੇ ਮੈਨੇਜਰ ਰਿਹਾ। 2001 ਤੋਂ 2011 ਪੰਜਾਬ ਫੁੱਟਬਾਲ ਐਸੋਸੀਏਸ਼ਨ ਦਾ ਜਨਰਲ ਸਕੱਤਰ ਰਿਹਾ।



*ਇੰਦਰ ਸਿੰਘ*



1969 ਵਿਚ ਕੋਆਲਾਲੰਪੁਰ ਦੇ ਮਾਡਰੇਕਾ ਫੁੱਟਬਾਲ ਟੂਰਨਾਮੈਂਟ ਵਿਚ ਤਾਇਵਾਨ ਨਾਲ ਚਲਦੇ ਮੈਚ ਦੌਰਾਨ ਗੋਡੇ 'ਤੇ ਸੱਟ ਲੱਗ ਗਈ ਸੀ। ਉਹ ਬੜੀ ਤੇਜ਼ੀ ਨਾਲ ਫੁੱਟਬਾਲ ਦੇ ਬਰਾਬਰ ਭੱਜਿਆ ਜਾ ਰਿਹਾ ਸੀ ਤੇ ਡਿਫੈਂਡਰਾਂ ਨੂੰ ਕੱਟਦਾ ਜਾ ਰਿਹਾ ਸੀ। ਇਕ ਕੱਟਿਆ, ਜਦੋਂ ਦੂਜੇ ਨੂੰ ਕੱਟ ਕੇ ਅੱਗੇ ਲੰਘਿਆ ਤਾਂ ਵਿਰੋਧੀ ਖਿਡਾਰੀ ਅਚਾਨਕ ਉਹਦੇ ਗੋਡੇ 'ਤੇ ਡਿੱਗ ਪਿਆ। ਦੇਖਦੇ ਹੀ ਦੇਖਦੇ ਗੋਡਾ ਸੁੱਜਣ ਲੱਗ ਪਿਆ। ਅੰਮ੍ਰਿਤਸਰ ਦੇ ਡਾ. ਕਰਮ ਸਿੰਘ ਨੇ ਗੋਡੇ ਦਾ ਅਪਰੇਸ਼ਨ ਕੀਤਾ। ਦੋ ਸਾਲ ਗੋਡੇ ਦਾ ਇਲਾਜ ਚਲਦਾ ਰਿਹਾ। ਢਾਈ ਸਾਲ ਪਿਛੋਂ ਦੁਬਾਰਾ ਖੇਡਣ ਲੱਗਾ। ਇਸੇ ਤਰ੍ਹਾਂ ਸਾਲ 1975 ਵਿਚ ਇੰਡੋਨੇਸ਼ੀਆ ਟੂਰਨਾਮੈਂਟ ਵਿਚ ਸਾਊਥ ਕੋਰੀਆ ਨਾਲ ਮੈਚ ਖੇਡਦਿਆਂ ਬਾਂਹ 'ਤੇ ਸੱਟ ਲੱਗ ਗਈ ਸੀ। ਇੰਦਰ ਸਿੰਘ ਦੇ ਦੱਸਣ ਅਨੁਸਾਰ ਸਾਊਥ ਕੋਰੀਆ ਦੇ ਖਿਡਾਰੀ ਜ਼ਹਿਰੀਲੇ ਬਹੁਤ ਸਨ। ਉਨ੍ਹਾਂ ਦੇ ਇਕ ਖਿਡਾਰੀ ਨੇ ਖੁੰਧਕ ਵਿਚ ਆ ਕੇ ਬੂਟ ਦੀ ਸਿੱਧੀ ਟੋਅ ਮਾਰ ਕੇ ਸੁੱਟ ਦਿਤਾ।

ਇੰਦਰ ਸਿੰਘ ਪਹਿਲਵਾਨੀ ਅਤੇ ਕਬੱਡੀ ਵੇਖਣ ਦਾ ਵੀ ਸ਼ੌਕੀਨ ਸੀ। ਉਸ ਦੇ ਦੱਸਣ ਅਨੁਸਾਰ ਇਕ ਵਾਰ ਪਹਿਲਵਾਨ ਮੇਹਰਦੀਨ ਉਹਨੂੰ ਮਿਲਣ ਆਇਆ। ਬੜਾ ਲੰਮਾ-ਝੰਮਾ ਲੱਠ ਵਰਗਾ ਗੁੰਦਿਆ ਦਰਸ਼ਨੀ ਸਰੀਰ ਵੇਖ ਦਿਲ ਖੁਸ਼ ਹੁੰਦਾ ਸੀ। ਸਰਬਣ ਬੱਲ ਤੇ ਪ੍ਰੀਤੇ ਦੇ ਕਬੱਡੀ ਮੈਚ ਵੀ ਵੇਖੇ। ਬੱਲ ਦੀ ਖੇਡ ਨੂੰ ਬੜਾ ਪਸੰਦ ਕੀਤਾ।

ਮਾਤਾ ਤੇਜ਼ ਕੌਰ ਅਤੇ ਪਿਤਾ ਭਗਤ ਸਿੰਘ ਦੇ ਘਰ 1943 'ਚ ਜਨਮੇ ਇੰਦਰ ਸਿੰਘ ਨੇ ਦੇਸ਼-ਵਿਦੇਸ਼ ਦੀ ਧਰਤੀ 'ਤੇ ਸੈਂਕੜੇ ਮੈਚ ਖੇਡੇ। ਉਹ ਦੋ ਭਰਾ ਹਨ। ਵੱਡਾ ਭਰਾ ਗੁਰਮੁੱਖ ਸਿੰਘ ਬਿਜਲੀ ਬੋਰਡ ਦਾ ਸੇਵਾ-ਮੁਕਤ ਮੁਲਾਜ਼ਮ ਹੈ। ਦੋ ਬੱਚੇ-ਬੇਟਾ ਹਰਜਿੰਦਰ ਸਿੰਘ ਜੱਗਾ ਤੇ ਬੇਟੀ ਬਲਵਿੰਦਰ ਕੌਰ ਜੋ ਪੱਲੀਆਂ ਵਾਲੇ ਜਸਵੰਤ ਸਿੰਘ ਜੱਸਾ ਨਾਲ ਵਿਆਹੀ ਹੋਈ ਹੈ ਤੇ ਸੈਕਰਾਮੈਂਟੋ (ਕੈਲੀਫੋਰਨੀਆ) ਵੱਸਦੀ ਹੈ।

ਇੰਦਰ ਸਿੰਘ ਦੀ ਖੇਡ ਦੇ ਹਜ਼ਾਰਾਂ ਦੀਵਾਨੇ ਤੇ ਪ੍ਰਸ਼ੰਸਕ ਦੇਸ਼-ਵਿਦੇਸ਼ ਵਿਚ ਹਾਲੇ ਵੀ ਮੌਜੂਦ ਹਨ। ਇੰਦਰ ਸਿੰਘ ਮੁਤਾਬਕ, ਜਦੋਂ ਪਿਛਲੇ ਸਾਲ ਸੈਕਰਾਮੈਂਟੋ ਪਹੁੰਚੇ ਤਾਂ ਉਸ ਦੀ ਤਬੀਅਤ ਠੀਕ ਨਾ ਹੋਣ ਕਰਕੇ ਹਸਪਤਾਲ ਜਾਣਾ ਪਿਆ। ਉਥੇ ਦੋ ਸਾਊਥ ਇੰਡੀਅਨ ਡਾਕਟਰ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਤਾਂ ਪ੍ਰਸਿਧ ਫੁਟਬਾਲ ਖਿਡਾਰੀ ਇੰਦਰ ਸਿੰਘ ਹੈ ਤਾਂ ਉਨ੍ਹਾਂ ਜਾ ਕੇ ਦੋ ਹੋਰ ਪੰਜਾਬੀ ਡਾਕਟਰਾਂ ਨੂੰ ਵੀ ਦੱਸ ਦਿਤਾ। ਉਥੇ ਡਾਕਟਰਾਂ ਦੀ ਟੀਮ 'ਕੱਠੀ ਹੋ ਗਈ ਤੇ ਉਨ੍ਹਾਂ ਉਹਦਾ ਚੰਗੀ ਤਰ੍ਹਾਂ ਚੈਕ-ਅੱਪ ਕੀਤਾ।

ਜ਼ਿੰਦਗੀ 'ਚ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਕੈਨੇਡਾ, ਅਮਰੀਕਾ ਅਤੇ ਕਈ ਹੋਰ ਮੁਲਕਾਂ ਵਿਚ ਉਚੇਚੇ ਤੌਰ 'ਤੇ ਸੱਦ ਕੇ ਵਾਹਵਾ ਮਾਣ ਬਖਸ਼ਿਆ। ਪਿਛਲੇ ਸਾਲ ਕਪੂਰਥਲਾ ਸਪੋਰਟਸ ਕਲੱਬ ਵਾਲਿਆਂ ਨੇ ਇੰਦਰ ਸਿੰਘ ਤੇ ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਨੂੰ ਉਚੇਚੇ ਤੌਰ 'ਤੇ ਸੱਦ ਕੇ ਵਾਹਵਾ ਮਾਣ-ਤਾਣ ਕੀਤਾ।

ਇੰਦਰ ਸਿੰਘ ਦਾ ਅੱਜ ਦੇ ਖਿਡਾਰੀਆਂ ਲਈ ਸੁਨੇਹਾ ਹੈ ਕਿ ਖੇਡਦੇ ਸਮੇਂ ਉਹ ਕੋਈ ਵੀ ਨਸ਼ਾ ਨਾ ਕਰਨ। ਆਪਣੇ ਸਰੀਰ, ਆਪਣੀ ਜ਼ਿੰਦਗੀ ਨੂੰ ਬਚਾਓ। ਖੇਡ ਭਾਵਨਾ ਨਾਲ ਖੇਡੋ, ਮਿਹਨਤ ਕਰੋ ਤੇ ਆਪਣਾ ਤੇ ਆਪਣੇ ਮਾਂ-ਬਾਪ, ਇਲਾਕੇ, ਦੇਸ਼ ਦਾ ਨਾਂ ਉਚਾ ਕਰੋ।

---

# ਭਾਸ਼ਾ ਵਿਭਾਗ ਦੇ ਮੁਖੀਆਂ ਦੀ ਮਿਆਦ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਭਾਸ਼ਾ ਵਿਭਾਗ ਦੀ ਸਥਾਪਨਾ ਦੇ ਦਿਨਾਂ ਤੋਂ ਇਸ ਸੰਸਥਾ ਨਾਲ ਜੁੜਿਆ ਹੋਇਆ ਹਾਂ। ਉਸ ਸਮੇਂ ਤੋਂ ਜਦੋਂ ਹਾਲੇ ਪੰਜਾਬੀ ਯੂਨੀਵਰਸਿਟੀ-ਪਟਿਆਲਾ, ਖੇਤੀ ਯੂਨੀਵਰਸਿਟੀ-ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ-ਅੰਮ੍ਰਿਤਸਰ ਅਤੇ ਸਿਹਤ ਵਿਗਿਆਨ, ਤਕਨੀਕੀ ਸਾਇੰਸ ਅਤੇ ਪਸ਼ੂ ਵਿਗਿਆਨ ਦੀ ਖੋਜ ਤੇ ਵਿਕਾਸ ਨਾਲ ਸਬੰਧਤ ਅੱਧੀ ਦਰਜਨ ਤੋਂ ਵੱਧ ਯੂਨੀਵਰਸਿਟੀਆਂ ਹੋਂਦ ਵਿਚ ਨਹੀਂ ਸਨ ਆਈਆਂ। ਉਦੋਂ ਤੋਂ ਜਦੋਂ ਇਸ ਦੇ ਕਾਰਜ ਖੇਤਰ ਵਿਚ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੇ ਇਲਾਕੇ ਵੀ ਸ਼ਾਮਲ ਸਨ। ਜਦੋਂ ਇਸ ਦੀ ਕਾਰਜ ਸ਼ੈਲੀ ਵਿਚ ਕੋਈ ਵਿਘਨ ਆਉਂਦਾ ਦਿਖਾਈ ਦਿੰਦਾ ਹੈ ਤਾਂ ਮੈਨੂੰ ਦੁੱਖ ਹੁੰਦਾ ਹੈ। ਇਸ ਮਹੀਨੇ ਇਸ ਦੀ ਨਿਰਦੇਸ਼ਕਾ ਬਲਬੀਰ ਕੌਰ ਦੀ ਸੇਵਾ ਮੁਕਤੀ ਤੋਂ ਪਿੱਛੋਂ ਐਡੀਸ਼ਨਲ ਡਾਇਰੈਕਟਰ ਚੇਤਨ ਸਿੰਘ ਨੂੰ ਡਾਇਰੈਕਟਰ ਦਾ ਕੰਮ ਦੇਖਣ ਲਈ ਕਿਹਾ ਗਿਆ ਹੈ। ਕੀ ਸਰਕਾਰ ਨੂੰ ਵਿਭਾਗ ਦੇ ਨਿਰਦੇਸ਼ਕ ਦੀ ਸੇਵਾ ਮੁਕਤੀ ਦਾ ਇਲਮ ਨਹੀਂ ਸੀ। ਜੇ ਸੀ ਤਾਂ ਅਗਲੇ ਨਿਰਦੇਸ਼ਕ ਦੀ ਨਿਯੁਕਤੀ ਬਾਰੇ ਅਗਾਊਂ ਫੈਸਲਾ ਲੈਣਾ ਕਿੰਨਾ ਕੁ ਔਖਾ ਸੀ?

ਚੇਤਨ ਸਿੰਘ ਇਸ ਸੰਸਥਾ ਵਿਚ ਢਾਈ ਦਹਾਕੇ ਤੋਂ ਕੰਮ ਕਰ ਰਿਹਾ ਹੈ। ਉਸ ਨੇ ਅੱਧੀ ਦਰਜਨ ਜ਼ਿਲ੍ਹਿਆਂ ਦੇ ਮੁਖੀ ਦੀ ਜ਼ਿੰਮੇਵਾਰੀ ਵੀ ਮੁੱਖ ਦਫਤਰ ਵਿਚ ਨਿਭਾਈ ਹੈ। ਭਾਸ਼ਾ ਵਿਭਾਗ ਦੀਆਂ ਵਿਕਾਸ ਤੇ ਖੋਜ ਵਿਧੀਆਂ ਨਾਲ ਜੁੜਿਆ ਰਿਹਾ ਹੈ। ਉਸ ਨੂੰ ਨਿਰਦੇਸ਼ਕ ਦੀ ਪੱਕੀ ਜ਼ਿੰਮੇਵਾਰੀ ਦੇਣ ਵਿਚ ਕਿਸੇ ਪ੍ਰਕਾਰ ਦੀ ਝਿਜਕ ਨਹੀਂ ਸੀ ਹੋਣੀ ਚਾਹੀਦੀ। ਉਂਜ ਵੀ ਕਿਸੇ ਵਿਅਕਤੀ ਨੂੰ ਮੁਖੀ ਦੀ ਜ਼ਿੰਮੇਵਾਰੀ ਦੇਣ ਸਮੇਂ ਇਹ ਨਿਸ਼ਚਿਤ ਕਰਨਾ ਜ਼ਰੂਰੀ ਹੈ ਕਿ ਨਵਾਂ ਮੁਖੀ ਘੱਟੋ ਘੱਟ ਤਿੰਨ ਸਾਲ ਇਹ ਜ਼ਿੰਮੇਵਾਰੀ ਨਿਭਾ ਸਕੇ ਤਦ ਹੀ ਉਹ ਭਰੋਸੇਯੋਗ ਨਤੀਜੇ ਦੇ ਸਕਦਾ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜੇ ਬਲਬੀਰ ਕੌਰ ਨੂੰ ਇਹ ਜ਼ਿੰਮੇਵਾਰੀ ਲੰਮਾ ਅਰਸਾ ਮਿਲੀ ਤਾਂ ਹੀ ਵਿਭਾਗ ਚੰਗਾ ਕੰਮ ਕਰ ਸਕਿਆ ਹੈ। ਉਸ ਦੇ ਛੇ ਸਾਲ ਦੇ ਕਾਰਜ ਕਾਲ ਵਿਚ ਭਾਸ਼ਾ ਐਕਟ ਵਿਚ ਲੋੜੀਂਦੀ ਸੋਧ ਕਰਕੇ ਦਸਵੀਂ ਸ਼੍ਰੇਣੀ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕੀਤੀ ਗਈ। 'ਪੰਜਾਬੀ ਅੰਗਰੇਜ਼ੀ ਕੋਸ਼', 'ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼', 'ਭਾਈ ਵੀਰ ਸਿੰਘ ਰਚਨਾਵਲੀ' ਤੱਕ (ਤਤਕਰਾ ਗੁਰੂ ਗ੍ਰੰਥ ਸਾਹਿਬ) ਦੇ ਨਵੇਂ ਐਡੀਸ਼ਨ ਹੀ ਨਹੀਂ ਛਪੇ, 70-80 ਪੁਰਾਣੇ ਖਰੜੇ ਤੇ ਅਨੇਕਾਂ ਨਵੀਆਂ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਤੇ ਇਨਸਾਈਕਲੋਪੀਡੀਆ ਬ੍ਰਿਟੈਨੀਕਾ ਰੂਪੀ ਕਈ ਜਿਲਦਾਂ ਵਾਲੇ ਵਿਸ਼ਵ ਕੋਸ਼ ਉਤੇ ਗੌਲਣਯੋਗ ਕੰਮ ਹੋਇਆ। ਇਹ ਸਭ ਕੁਝ ਲੋੜੀਂਦੇ ਅਮਲੇ ਦੀ ਘਾਟ ਤੇ ਅਨੇਕਾਂ ਅਸਾਮੀਆਂ ਦੇ ਖਾਲੀ ਪਈਆਂ ਹੋਣ ਦੇ ਬਾਵਜੂਦ ਹੁੰਦਾ ਰਿਹਾ। ਕੇਵਲ ਇਸ ਲਈ ਕਿ ਮੁਖੀ ਦੀ ਨਿਯੁਕਤੀ ਥੋੜ੍ਹ ਚਿਰੀ ਨਹੀਂ ਸੀ।

ਜੇ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਵਿਸਥਾਰ ਪ੍ਰਤੀ ਵਚਨਬੱਧ ਹੈ ਤਾਂ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਦੀ ਆਸਾਮੀ ਵੇਲਾ ਵਿਹਾ ਚੁੱਕੇ ਨਿਯਮਾਂ ਤੋਂ ਉਤੇ ਉਠ ਕੇ ਘੱਟੋ ਘੱਟ ਤਿੰਨ ਸਾਲ ਲਈ ਕਰਨੀ ਚਾਹੀਦੀ ਹੈ। ਹੁਣ ਜਦੋਂ ਕਿ ਪੰਜਾਬੀ ਭਾਸ਼ਾ ਨਾਲ ਸਬੰਧਤ ਗਤੀਵਿਧੀਆਂ ਦੀ ਜ਼ਿੰਮੇਵਾਰੀ ਮੰਤਰੀ ਪੱਧਰ ਤੇ ਸ. ਸੁਰਜੀਤ ਸਿੰਘ ਰੱਖੜਾ ਦੇ ਮੋਢਿਆਂ ਉਤੇ ਆ ਪਈ ਤਾਂ ਅਸੀਂ ਚਾਹਵਾਂਗੇ ਕਿ ਉਹ ਇਸ ਪਾਸੇ ਲੋੜੀਂਦਾ ਧਿਆਨ ਦੇਣ। ਮੁਖੀ ਦੀ ਆਸਾਮੀ ਨੂੰ ਥੋੜ੍ਹ ਚਿਰੀ ਨਿਯਮਾਵਲੀ ਵਿਚੋਂ ਕੱਢਣ ਤੇ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਵਲ ਧਿਆਨ ਦੇਣਾ ਜ਼ਰੂਰੀ ਹੈ। ਮੈਂ ਸ. ਰੱਖੜਾ ਦੀ ਕਾਰਜਸ਼ੈਲੀ ਨੂੰ ਆਪਣੀ ਖੇਤੀ ਯੂਨੀਵਰਸਿਟੀ-ਲੁਧਿਆਣਾ ਦੀ ਨੌਕਰੀ ਦੇ ਸਮੇਂ ਤੋਂ ਜਾਣਦਾ ਹਾਂ। ਉਹ ਸੁੱਘੜ ਤੇ ਸੁਚੇਤ ਵਿਅਕਤੀ ਹਨ। ਮੈਂ ਇਹ ਵੀ ਜਾਣਦਾ ਹਾਂ ਕਿ ਵਿਭਾਗ ਵਲੋਂ ਕੀਤੇ ਜਾ ਰਹੇ ਕਈ ਕੰਮ ਯੂਨੀਵਰਸਿਟੀਆਂ ਕੋਲ ਚਲੇ ਗਏ ਹਨ। ਫੇਰ ਵੀ ਵਿਭਾਗ ਦੀਆਂ ਨੀਹਾਂ ਸ਼ਕਤੀਸ਼ਾਲੀ ਹਨ। ਨਿਰਦੇਸ਼ਕ ਦੀ ਨਿਯੁਕਤੀ ਨੂੰ ਮਿਆਦੀ ਬਣਾ ਕੇ ਤੇ ਖਾਲੀ ਪਈਆਂ ਅਸਾਮੀਆਂ 'ਤੇ ਅਨੁਭਵੀ ਵਿਅਕਤੀ ਲਾ ਕੇ ਬਹੁਤ ਚੰਗੇ ਨਤੀਜੇ ਲਏ ਜਾ ਸਕਦੇ ਹਨ।

**ਮੇਰੇ ਵਿਹੜੇ ਗੀਤਾਂ ਦੀ ਛਹਿਬਰ:** ਇੰਟਰਨੈਟ ਤੇ ਟੈਲੀਫੋਨਾਂ ਦੀ ਆਮਦ ਪਿੱਛੋਂ ਮੇਰੀ ਡਾਕ ਵਿਚ ਚਿੱਠੀਆਂ ਦੀ ਥਾਂ ਪੁਸਤਕਾਂ ਹੀ ਆਉਂਦੀਆਂ ਹਨ। ਸੱਜਰੀ ਡਾਕ ਵਿਚ ਅਰਸ਼ੀ ਠੁਆਣੇ ਵਾਲਾ ਦੀਆਂ ਚਾਰ ਗੀਤ ਪੋਥੀਆਂ ਹੰਝੂਆਂ ਦੀ ਸੌਗਾਤ, ਕਲੀਰੇ ਸ਼ਗਨਾਂ ਦੇ, ਪਿੰਡ ਦੀ ਜੂਹ ਤੇ ਕਿਕਲੀ ਕਲੀਰ ਦੀ ਅਤੇ ਉਜਾਗਰ ਸਿੰਘ ਕੰਵਲ ਦੀ ਵਧੀਆ ਦਿੱਖ ਤੇ ਸਾਹਿਤਕ ਰੰਗ ਵਾਲੇ ਗੀਤਾਂ ਦੀ ਪੁਸਤਕ 'ਸਰਵਰ' ਮਿਲੀਆਂ। ਉਂਜ ਅਰਸ਼ੀ ਦੀਆਂ ਪੋਥੀਆਂ ਵੀ ਜਿਲਦ ਵਾਲੀਆਂ ਹਨ। ਮੇਰੇ ਬਚਪਨ ਵਿਚ ਅਰਸ਼ੀ ਦੇ ਗੀਤਾਂ ਵਰਗੇ ਗੀਤਾਂ ਦੀ ਪੁਸਤਕ ਦੀ ਕੀਮਤ ਇੱਕ ਰੁਪਏ ਤੋਂ ਵੱਧ ਨਹੀਂ ਸੀ ਹੁੰਦੀ। ਕਈ ਵਾਰੀ ਅਠਿਆਨੀ, ਚੁਆਨੀ ਜਾਂ ਦੁਆਨੀ। ਅੱਜ ਵਾਲੀਆਂ ਪੋਥੀਆਂ ਡੇਢ ਦੋ ਸੌ ਰੁਪਏ ਦੀਆਂ ਹਨ। ਮੈਂ ਅੱਠ ਸਾਲ ਦੀ ਉਮਰ ਵਿਚ ਗੀਤ ਪੜ੍ਹਨ ਲਗਿਆ, ਹੁਣ ਅੱਸੀਆਂ ਦਾ ਹੋ ਗਿਆ ਹਾਂ। ਹੋਰ ਸਾਹਿਤਕ ਰੂਪਾਂ ਨਾਲੋਂ ਅੱਜ ਵੀ ਗੀਤ ਹੀ ਮਨ ਨੂੰ ਟੁੰਬਦੇ ਹਨ। ਇਨ੍ਹਾਂ ਪੁਸਤਕਾਂ ਸਦਕਾ ਮੈਨੂੰ ਆਪਣਾ ਵਿਹੜਾ ਭਰਿਆ ਭਰਿਆ ਲਗਦਾ ਹੈ।

ਅਰਸ਼ੀ ਦਾ ਪਿੰਡ ਠੁਆਣਾ ਹੈ। ਮੇਰੇ ਪਿੰਡ ਤੋਂ ਮਸਾਂ ਚਾਰ ਮੀਲ। ਰੇਤ ਵਾਲਾ ਤੇ ਚੋਆਂ ਵਿਚ ਘਿਰਿਆ। ਉਹ ਪਿੰਡ ਦੇ ਰੀਤੀ-ਰਿਵਾਜਾਂ ਤੇ ਪਿੰਡ ਦੀਆਂ ਜੂਹਾਂ ਤੋਂ ਜਾਣੂ ਹੈ। ਉਸ ਦੇ ਗੀਤਾਂ ਵਿਚ ਜਾਨ ਹੈ। ਕੰਵਲ ਦਾ ਪਿੰਡ ਧੂਰੀ ਦੇ ਨੇੜੇ ਵੰਗਾਂ ਵਾਲੀ ਹੈ। ਇਹ ਮੇਰੇ ਨਾਨਕਿਆਂ ਦਾ ਖੇਤਰ ਹੈ, ਖੁੱਲ੍ਹੇ ਰੇਤਿਆਂ, ਵੱਡੀਆਂ ਚਰਾਂਦਾਂ ਤੇ ਹਿਰਨਾਂ ਦੀਆਂ ਡਾਰਾਂ ਵਾਲਾ। ਕੰਵਲ ਦੇ ਗੀਤ ਮਿਰਗ ਤੇ ਮਿਰਗਾਈਆਂ ਵਰਗੇ ਹਨ ,

ਮਾਏ ਨੀ ਮੈਂ ਹੋ ਗਈ ਕਮਲੀ
ਤੂੰ ਵੀ ਨਹੀਂ ਜਗਾਇਆ।
ਅਲਖ ਜਗਾ ਕੇ ਤੁਰ ਗਿਆ ਜੋਗੀ
ਫੇਰ ਨਾ ਮੁੜ ਕੇ ਆਇਆ।

ਜੋਗੀ ਦੇ ਤੁਰ ਜਾਣ ਵਾਂਗ ਅੱਜ ਗੀਤਾਂ ਨੂੰ ਵੀ ਰੇਡੀਓ ਤੇ ਟੀ ਵੀ ਵਾਲੇ ਆਪਣੇ ਨਾਲ ਭਜਾ ਕੇ ਲੈ ਗਏ ਹਨ। ਇਨ੍ਹਾਂ ਦਾ ਪੁਸਤਕਾਂ ਵਿਚ ਮਿਲਣਾ ਤਾਂ ਨਿਆਮਤ ਹੈ। ਕੀਮਤ ਵੇਖ ਕੇ ਨਾ ਡਰਨਾ। ਸਿਰਹਾਣੇ ਰੱਖ ਕੇ ਸੌਓਂਗੇ ਤਾਂ ਨੀਂਦ ਚੰਗੀ ਆਏਗੀ।

**ਅੰਤਿਕਾ:**

*(ਉਜਾਗਰ ਸਿੰਘ ਕੰਵਲ ਦੀ 'ਸਰਵਰ' 'ਚੋਂ)*

ਸੁੰਨੇ ਰਾਹਾਂ ਤੇ ਹਮਰਾਹਾਂ ਨੂੰ ਤਰਸਦੇ
ਭੁੱਲੇ ਭਟਕੇ ਮੁਸਾਫਰ ਕਿਧਰ ਜਾਣਗੇ।
ਸੁਖਨਵਰ ਦੋਸਤੋ ਗੀਤ ਗਾਇਆ ਕਰੋ
ਜੇ ਨਾ ਗਾਏ ਵਿਚਾਰੇ ਇਹ ਮਰ ਜਾਣਗੇ।

---

## ਮਿੰਨੀ ਕਹਾਣੀ

### ਸਮਾਧ

ਕਈ ਦਿਨਾਂ ਤੋਂ ਛਾਈ ਧੁੰਦ ਕਾਰਨ ਕੜਾਕੇ ਦੀ ਠੰਢ ਨੇ ਸਭ ਨੂੰ ਘਰਾਂ ਵਿਚ ਬੰਦ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਇਕ ਭਿਖਾਰੀ ਤੇ ਉਸ ਦਾ ਬੇਟਾ ਠੁਰ ਠੁਰ ਕਰਦੇ, ਸ਼ਾਮ ਵੇਲੇ ਇਕ ਕਬਰਸਤਾਨ ਵਿਚ ਬਣੀ ਪੁਰਾਣੀ ਜਿਹੀ ਝੌਂਪੜੀ ਵਿਚ ਰਾਤ ਕੱਟਣ ਵਾਸਤੇ ਰੁੱਕ ਗਏ ਸਨ। ਜਦੋਂ ਥੋੜਾ ਜਿਹਾ ਨ੍ਹੇਰਾ ਹੋਇਆ ਤਾਂ ਇਕ ਬੰਦਾ ਆਇਆ ਜੋ ਝੌਂਪੜੀ ਦੇ ਲਾਗੇ ਹੀ ਬਣੀ ਲੰਬੀ ਜਿਹੀ ਸਮਾਧ 'ਤੇ ਦੀਵਾ ਜਗਾ ਕੇ ਇਕ ਨਵੀਂ ਕੰਬਲੀ ਨਾਲ ਸਮਾਧ ਨੂੰ ਢੱਕ ਕੇ ਚਲਾ ਗਿਆ।

ਪਾਟੀ ਪੁਰਾਣੀ ਚਾਦਰ ਵਿਚ ਲਿਪਟਿਆ ਭਿਖਾਰੀ ਦਾ ਬੇਟਾ ਇਹ ਸਭ ਕੁਝ ਦੇਖ ਰਿਹਾ ਸੀ ਜਿਸ ਦੇ ਠੰਢ ਕਾਰਨ ਦੰਦ ਵੱਜ ਰਹੇ ਸਨ। ਫਿਰ ਕੁਝ ਚਿਰ ਬਾਅਦ ਚੁਪ ਨੂੰ ਤੋੜਦਿਆਂ ਉਸ ਨੇ ਬਾਪ ਨੂੰ ਪੁਛਿਆ, "ਬਾਬਾ! ਕਿਆ ਸਮਾਧ ਨੂੰ ਸਾਡੇ ਨਾਲੋਂ ਵੀ ਵੱਧ ਠੰਢ ਲੱਗ ਰਹੀ ਹੈ?" ਇਹ ਸੁਣ ਕੇ ਭਿਖਾਰੀ ਨੇ ਬੇਟੇ ਨੂੰ ਆਪਣੀ ਫਟੀ ਚਾਦਰ 'ਚ ਲਪੇਟਿਆ ਤੇ ਘੁੱਟ ਕੇ ਛਾਤੀ ਨਾਲ ਲਾ ਲਿਆ।

*-ਨਾਇਬ ਸਿੰਘ ਸੈਂਪਲੇ*
*ਫੋਨ: 91-98724-05203*

# ਲਾਹੌਰ ਦੀ ਫੇਰੀ

***ਫਿਲਮ ਅਦਾਕਾਰ ਵਜੋਂ ਮਸ਼ਹੂਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਨੇ ਪੰਜਾਬੀ ਸਾਹਿਤ ਨੂੰ ਵੀ ਵਾਹਵਾ ਮਾਲਾ-ਮਾਲ ਕੀਤਾ ਹੈ। ਉਸ ਦੀ ਵਾਰਤਕ ਖਿੜੇ ਫੁੱਲ ਵਰਗਾ ਅਹਿਸਾਸ ਕਰਵਾਉਂਦੀ ਹੈ। ਪੰਜਾਬੀ ਸਫਰਨਾਮਾ ਸਾਹਿਤ ਵਿਚ ਬਲਰਾਜ ਦੀ ਰਚਨਾ 'ਮੇਰਾ ਪਾਕਿਸਤਾਨੀ ਸਫਰਨਾਮਾ' ਦਾ ਨਾਂ ਬੜੇ ਲਾਡ ਨਾਲ ਲਿਆ ਜਾਂਦਾ ਹੈ। ਇਹ ਲਿਖਤ ਭਾਵੁਕ ਵੀ ਬਹੁਤ ਕਰਦੀ ਹੈ। ਉਸ ਨੇ ਇਸ ਲਿਖਤ ਵਿਚ ਆਪਣੀ ਜ਼ਿੰਦੜੀ ਨਾਲ ਸਬੰਧਤ ਵੇਰਵਿਆਂ ਦੇ ਨਾਲ-ਨਾਲ 1947 ਵਾਲੀ ਵੰਡ ਦਾ ਦਰਦ ਪਰੋਇਆ ਹੋਇਆ ਹੈ। ਆਪਣੀ 'ਪਿੰਡੀ' ਨੂੰ ਉਹ ਰੋ-ਰੋ ਕੇ ਯਾਦ ਕਰਦਾ ਹੈ। ਇਥੇ ਛਾਪੀ ਜਾ ਰਹੀ ਲਿਖਤ ਵਿਚ ਲਾਹੌਰ ਦਾ ਜ਼ਿਕਰ ਹੈ। ਇਸ ਬਿਰਤਾਂਤ ਵਿਚ ਵੀ ਅੰਤਾਂ ਦੀ ਖਿੱਚ ਹੈ। ਉਹ ਆਪਣੇ ਛੁੱਟ ਚੁੱਕੇ ਸ਼ਹਿਰ ਲਾਹੌਰ ਵਿਚ ਪਰਦੇਸੀ ਬਣ ਕੇ ਵਿਚਰ ਰਿਹਾ ਹੈ ਅਤੇ ਯਾਦਾਂ ਦੀਆਂ ਗਲੀਆਂ ਵਿਚ ਭੌਂਅ ਰਿਹਾ ਹੈ।-ਸੰਪਾਦਕ***

**ਲਾਹੌਰ, 11 ਅਕਤੂਬਰ 1962**

ਰਾਤੀਂ ਬੜੇ ਚਾਅ ਨਾਲ ਫੈਸਲਾ ਕਰ ਕੇ ਸੁੱਤਾ ਸਾਂ ਕਿ ਸਵੇਰੇ ਮੂੰਹ-ਹਨੇਰੇ ਲੰਮੀ ਸੈਰ 'ਤੇ ਨਿਕਲ ਜਾਵਾਂਗਾ ਪਰ ਵੇਲਾ ਆਉਣ 'ਤੇ ਜੋਸ਼ ਠੰਢਾ ਹੋਇਆ ਪਿਆ ਸੀ। ਬਿਸਤਰੇ ਵਿਚ ਲੇਟਿਆਂ-ਲੇਟਿਆਂ ਖਿਆਲ ਆਉਣ ਲੱਗ ਪਏ- 'ਜਿਸ ਦੇਸ਼ ਦੀ ਹੋਂਦ ਦਾ ਆਧਾਰ ਫਿਰਕਾਪ੍ਰਸਤੀ ਹੋਵੇ, ਉਸ ਵਿਚ ਬੰਦਾ ਕਿੰਝ ਖੁੱਲ੍ਹ ਕੇ ਸਾਹ ਲੈ ਸਕਦਾ ਹੈ, ਖਾਸ ਕਰ ਕੇ ਜਦ ਉਹ ਆਪ ਪਸੰਦੀਦਾ ਫਿਰਕੇ ਦਾ ਆਦਮੀ ਨਾ ਹੋਵੇ।' ਫਿਰਕਾਪ੍ਰਸਤੀ ਨਾਲ ਕਿਤਨੀ ਨਫਰਤ ਕੀਤੀ ਜਾਂਦੀ ਸੀ, ਕਿਤਨਾ ਉਸ ਦੇ ਨਤੀਜਿਆਂ ਤੋਂ ਡਰ ਲਗਦਾ ਸੀ, ਪਰ ਅਖੀਰ ਵਿਚ ਇਥੇ ਉਹ ਤਸਲੀਮ-ਸ਼ੁਦਾ ਅਤੇ ਕਾਨੂੰਨ ਵਲੋਂ



**ਬਲਰਾਜ ਸਾਹਨੀ**

ਨਿਵਾਜੀ ਹੋਈ ਹਕੀਕਤ ਬਣ ਗਈ। ਜੇ ਹਿੰਦੁਸਤਾਨ ਕੇਵਲ ਹਿੰਦੂਆਂ ਦਾ ਮੁਲਕ ਪ੍ਰਵਾਨ ਕਰ ਲਿਆ ਜਾਏ, ਹਰ ਵੇਲੇ ਮੰਦਰਾਂ ਦੇ ਟੱਲ ਖੜਕਿਆ ਕਰਨ, ਤਾਂ ਕੀ ਉਹ ਰਹਿਣ ਦੇ ਕਾਬਿਲ ਮੁਲਕ ਰਹਿ ਜਾਏਗਾ?

ਫਿਰ ਮਨ ਵਿਚ ਸੁਆਲ ਉਠਿਆ- ਕੀ ਹੁਣ ਤੀਕ ਭਾਰਤ ਨੂੰ ਅਸੀਂ ਸਹੀ ਮਾਅਨਿਆਂ ਵਿਚ ਅ-ਧਰਮੀ ਗਣਰਾਜ (ਸੈਕੂਲਰ ਰਿਪਬਲਿਕ) ਬਣਾ ਸਕੇ ਹਾਂ? ਮੈਂ ਧਾਰਮਿਕ ਰੁਚੀਆਂ ਵਾਲਾ ਆਦਮੀ ਭਾਵੇਂ ਨਾ ਸਹੀ, ਫਿਰ ਵੀ ਬਹੁ-ਗਿਣਤੀ ਫਿਰਕੇ ਨਾਲ ਸਬੰਧਤ ਜੀਵ ਹਾਂ। ਮੈਨੂੰ ਕੀ ਪਤਾ ਘੱਟ-ਗਿਣਤੀ ਵਾਲੇ ਫਿਰਕੇ ਆਪਣੇ-ਆਪ ਨੂੰ ਹਿੰਦੂਆਂ ਦੇ ਬਰਾਬਰ ਸੁਰੱਖਿਅਤ ਅਤੇ ਆਜ਼ਾਦ ਮਹਿਸੂਸ ਕਰਦੇ ਹਨ ਕਿ ਨਹੀਂ? ਕਦੇ ਮੈਂ ਇਸ ਸਮੱਸਿਆ ਉਪਰ ਗੰਭੀਰਤਾ ਨਾਲ ਜਾਂਚ-ਪੜਤਾਲ ਕੀਤੀ ਹੈ? ਕਦੇ ਮੈਂ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਮੁਸਲਮਾਨ ਜਨਤਾ ਕਿਵੇਂ ਰਹਿੰਦੀ ਹੈ, ਉਸ ਦੇ ਦ੍ਰਿਸ਼ਟੀਕੋਣ ਕੀ ਹਨ? ਕੁਰਾਨ ਸ਼ਰੀਫ ਦਾ ਅਧਿਐਨ ਵੀ ਬੰਬਈਓਂ ਟੁਰਨ ਤੋਂ ਕੁਝ ਦਿਨ ਪਹਿਲਾਂ ਕੀਤਾ ਸੀ, ਉਹ ਵੀ ਸ਼ਾਇਦ ਆਪਣੀ ਸੁਰੱਖਿਅਤਾ ਦੀ ਗਰਜ਼ ਤੋਂ ਮਜਬੂਰ ਹੋ ਕੇ ਪਰ ਉਸ ਨਾਲ ਮੇਰੇ ਮਨ ਦੇ ਕਿਤਨੇ ਭਰਮ ਦੂਰ ਹੋਏ ਸਨ, ਹਜ਼ਰਤ ਮੁਹੰਮਦ ਦੀ ਜਾਤ ਅਤੇ ਉਨ੍ਹਾਂ ਦੀ ਸਿਖਿਆ ਲਈ ਦਿਲ ਵਿਚ ਕਿਤਨਾ ਆਦਰ ਪੈਦਾ ਹੋਇਆ ਸੀ ਪਰ ਹਾਲਾਂ ਵੀ ਮੇਰੇ ਅੰਦਰ ਕਿਤਨਾ ਅਗਿਆਨ ਹੈ, ਕਿਤਨੇ ਤੁਅੱਸਬ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਅਸੀਂ ਲੋਕ ਕਿਤਨੇ ਕੁ ਉਪਰਾਲੇ ਕਰਦੇ ਹਾਂ? ਕੀ ਹਾਲਾਂ ਵੀ ਸਾਡੇ ਦੇਸ਼ ਵਿਚ ਅਛੂਤਾਂ ਨਾਲ ਪਸ਼ੂਆਂ ਵਾਲਾ ਸਲੂਕ ਨਹੀਂ ਕੀਤਾ ਜਾਂਦਾ? ਹੋ ਸਕਦਾ ਹੈ, ਹਿੰਦੂਆਂ ਦੇ ਤੁਰ ਜਾਣ ਨਾਲ ਪਾਕਿਸਤਾਨ ਦੇ ਮੁਸਲਮਾਨਾਂ ਨੇ ਸ਼ੁਕਰ ਕੀਤਾ ਹੋਵੇ। ਉਨ੍ਹਾਂ ਦੀ ਕੋਈ ਵੀ ਤਾਂ ਗੱਲ ਹਿੰਦੂਆਂ ਨੂੰ ਚੰਗੀ ਨਹੀਂ ਸੀ ਲੱਗਦੀ ਹੁੰਦੀ। ਹਰ ਵੇਲੇ ਹਿੰਦੂਆਂ ਦੀਆਂ ਨੁਕਤਾਚੀਨ ਨਿਗਾਹਾਂ ਉਨ੍ਹਾਂ ਨੂੰ ਸੱਲਦੀਆਂ ਰਹਿੰਦੀਆਂ ਸਨ, ਉਨ੍ਹਾਂ ਦੇ ਸਵੈ-ਮਾਣ ਨੂੰ ਡਸਦੀਆਂ ਰਹਿੰਦੀਆਂ ਸਨ।

ਦੂਜੇ ਪਾਸੇ ਇਹ ਵੀ ਤਾਂ ਮੰਨਣਾ ਪਏਗਾ ਕਿ ਹਿੰਦੁਸਤਾਨ ਦਾ ਵਿਧਾਨ ਨਿਆਂਕਾਰੀ ਹੈ, ਅਗਾਂਹ-ਵਧੂ ਹੈ। ਉਥੇ ਕਾਨੂੰਨੀ ਤੌਰ 'ਤੇ ਤਾਂ ਇਕ ਫਿਰਕੇ ਨੂੰ ਪ੍ਰੌੜਤਾ ਮੁਯੱਸਰ ਨਹੀਂ, ਭਾਵੇਂ ਅੰਦਰ-ਖਾਤੇ ਕਿਤਨੀਆਂ ਬੁਰਾਈਆਂ ਮੌਜੂਦ ਹੈ? ਉਥੇ ਕਦੇ ਨਾ ਕਦੇ ਅਗਿਆਨਤਾ ਦੂਰ ਹੋਣ ਦੀ, ਦਿਲਾਂ ਦੇ ਮੋਕਲੇ ਹੋਣ ਦੀ ਆਸ ਤਾਂ ਕੀਤੀ ਜਾ ਸਕਦੀ ਹੈ? ਪਰ ਪਾਕਿਸਤਾਨ ਦਾ ਵਿਧਾਨ ਹੀ...

ਜਦ ਰਾਤੀਂ ਲੁਹਾਰੀ ਦਰਵਾਜ਼ਿਉਂ ਫੁਲਾਹ ਦੀਆਂ ਦਾਤਣਾਂ ਖਰੀਦੀਆਂ ਸਨ, ਉਨ੍ਹਾਂ ਵੱਲ ਧਿਆਨ ਜਾਂਦਿਆਂ ਸ਼ੌਕ ਫਿਰ ਜਾਗ ਪਏ। ਵੇਖਾਂ ਤਾਂ ਸਹੀਂ ਪਿੰਡੀ (ਰਾਵਲਪਿੰਡੀ) ਦੀ ਫੁਲਾਹ ਨਾਲ ਟੱਕਰ ਖਾਂਦੀਆਂ ਨੇ ਕਿ ਨਹੀਂ? ਫੁਲੇਰੀਆਂ ਦੀਆਂ ਹੱਟੀਆਂ ਲਾਗੇ ਭੁੰਜੇ ਬੈਠੇ ਇਕ ਬੰਦੇ ਨੇ ਕਿਵੇਂ ਸੁਰੀਲੀ ਹੇਕ ਮਾਰੀ- "ਓਏ ਭਲਵਾਨੇਅੰ... ਬਾਊਰਾਂ ਨੂੰ ਫੁਲਾਹ ਦੀ ਗੱਠੀ ਕੱਢ ਕੇ ਜ਼ਰਾ!"

ਅੰਗੀਠੀ ਤੋਂ ਦਾਤਣਾਂ ਚੁਕ ਕੇ ਗੁਸਲਖਾਨੇ ਵਿਚ ਚਲਾ ਗਿਆ। ਸ਼ੇਵ ਕੀਤਾ, ਨ੍ਹਾਤਾ ਧੋਤਾ, ਫਿਰ ਕੈਮਰਾ ਮੋਢੇ ਉਤੇ ਸੁੱਟ ਕੇ ਨਿਕਲ ਪਿਆ ਬਾਹਰ।

ਆਪਣੇ ਪੁਰਾਣੇ ਨਿਊ ਹੋਸਟਲ ਅੱਗਿਉਂ ਲੰਘਿਆ। ਰੁਕ ਜਾਂ ਥੋੜ੍ਹੀ ਦੇਰ? ਫੋਟੋ ਖਿੱਚ ਲਾਂ? ਨਹੀਂ, ਨਹੀਂ... ਮਤੇ ਕੋਈ ਵੇਖ ਕੇ ਖਾਹ-ਮਖਾਹ ਸ਼ੱਕ ਕਰਨ ਲੱਗ ਪਏ। ਮੇਰਾ ਕੌਣ ਮੁਹਾਫਿਜ਼ ਏ ਇਥੇ? ਸੱਚ ਕਿਤਨਾ ਡਰਪੋਕ ਹਾਂ ਮੈਂ। ਇਹ ਤਾਂ ਮੇਰਾ ਆਪਣਾ ਹੋਸਟਲ ਹੈ। ਖੈਰ! ਹੋਸਟਲ ਵੀ ਤਾਂ ਹੁਣ ਮੇਰੇ ਵਾਂਗ ਥੱਕਿਆ-ਥੱਕਿਆ ਤੇ ਪੁਰਾਣਾ-ਪੁਰਾਣਾ ਹੋ ਗਿਆ ਹੈ। ਸਮੇਂ ਨੇ ਇਹਨੂੰ ਵੀ ਮੇਰੇ ਵਾਂਗ ਅਧਖੜ ਕਰ ਛਡਿਆ ਹੈ। ਅਫਸੋਸ ਦੀ ਥਾਂ ਤਸਕੀਨ ਹੋਈ ਵੇਖ ਕੇ।

ਹੋਸਟਲ ਦੇ ਸਾਹਮਣੇ ਵਾਲਾ ਥਾਣਾ ਹਾਲਾਂ ਵੀ ਮੌਜੂਦ ਸੀ। ਇਹਦੇ ਹਾਤੇ ਵਿਚ ਥਕੇਵਾਂ ਲਾਹਣ ਲਈ, ਕਿਸੇ-ਕਿਸੇ ਰਾਤ ਸਿਪਾਹੀ ਆਪਣੇ ਪਿੰਡਾਂ ਦੇ ਮਾਹੀਏ ਤੇ ਢੋਲੇ ਛੋਹ ਦਿੰਦੇ। ਅਸੀਂ ਅੰਗਰੇਜ਼ੀ ਰਾਗ-ਵਿਦਿਆ ਦੇ ਉਪਾਸ਼ਕ ਵਿਦਿਆਰਥੀ ਚੀਕਾਂ ਮਾਰ-ਮਾਰ ਕੇ ਉਨ੍ਹਾਂ ਨੂੰ 'ਸ਼ਟਅਪ' ਆਖਦੇ, ਅਸਭਿਅਤਾ ਭਰੀਆਂ ਨਕਲਾਂ ਲਾ ਕੇ ਖਿਝਾਂਦੇ, ਹਰ ਮੁਮਕਿਨ ਢੰਗ ਨਾਲ ਉਨ੍ਹਾਂ ਦਾ ਮਜ਼ਾ ਖਰਾਬ ਕਰ ਕੇ ਖੁਸ਼ ਹੁੰਦੇ।

ਥਾਣੇ ਲਾਗਿਉਂ ਟ੍ਰੇਨਿੰਗ ਕਾਲਜ ਵਲ ਜਾਂਦੀ ਗਲੀ ਵਿਚੋਂ ਲੰਘ ਕੇ ਆਪਣੀ ਭੂਆ ਦੇ ਘਰ ਜਾਂਦਾ ਹੁੰਦਾ ਸਾਂ। ਅਜ ਵੀ ਲੰਘਿਆ ਉਧਰੋਂ, ਪਰ ਸਹਿਮ-ਸਹਿਮ ਕੇ, ਮਤੇ ਕਿਤੇ ਮੇਰੀ ਚਾਲ-ਢਾਲ ਵਿਚ ਹਿੰਦੂਆਂ ਵਾਲੀ ਵਿਸ਼ੇਸ਼ਤਾ ਨਾ ਪ੍ਰਗਟ ਹੋ ਜਾਏ ਪਰ ਗਲੀ ਦੀ ਗਰੀਬੜੀ ਜਿਹੀ ਵਸੋਂ ਨੂੰ ਜਿਹੜੀ ਸਿਰ 'ਤੇ ਬਿਨਾਂ ਬੁਲਾਏ ਆਣ ਖਲੋਤੀ ਸਵੇਰ ਦੇ ਸੁਆਗਤ ਵਿਚ ਡਰੇ ਹੋਏ ਘੋਗੇ ਵਾਂਗ ਹੌਲੇ-ਹੌਲੇ ਸਿੰਗ ਬਾਹਰ ਕੱਢ ਰਹੀ ਸੀ, ਮੇਰੇ ਵਲ ਅੱਖ ਚੁੱਕ ਕੇ ਵੇਖਣ ਦੀ ਫੁਰਸਤ ਨਹੀਂ ਸੀ। ਮੋੜ 'ਤੇ ਹਲਵਾਈ ਦੀ ਦੁਕਾਨ ਜਿਥੇ ਸੋਡਾਵਾਟਰ, ਸਿਗਰਟ, ਪਾਨ ਅਤੇ ਅਖਬਾਰ ਆਦਿ ਵੀ ਵਿਕਿਆ ਕਰਦੇ ਸਨ, ਉਸੇ ਤਰ੍ਹਾਂ ਮੌਜੂਦ ਸੀ। ਜਿਸ ਪਟੜੇ ਤੋਂ ਹਿੰਦੂ ਹਲਵਾਈ ਉਠ ਕੇ ਚਲਾ ਗਿਆ, ਮੁਸਲਮਾਨ ਹਲਵਾਈ ਆ ਕੇ ਬਹਿ ਗਿਆ, ਬਸ ਇਤਨਾ ਹੀ ਫਰਕ ਸੀ। ਇਹ ਸ਼ਾਇਦ ਉਧਰੋਂ ਕਿਸੇ ਪਟੜੇ ਤੋਂ ਉਠ ਕੇ ਆ ਗਿਆ ਹੋਣੈ! ਮੁਸਲਮਾਨ ਨੂੰ ਹਲਵਾਈ ਦੇ ਰੂਪ ਵਿਚ ਵੇਖਣਾ ਅਜੀਬ ਲਗਦਾ ਸੀ।



*ਲਾਹੌਰ ਦਾ ਨਿਊ ਹੋਸਟਲ ਜਿਥੇ ਬਲਰਾਜ ਸਾਹਨੀ ਰਹਿੰਦਾ ਹੁੰਦਾ ਸੀ।*

ਪਾਰਸੀ ਇਬਾਦਤਖਾਨੇ ਦੇ ਸਾਹਮਣੇ ਮੇਰੀ ਭੂਆ ਦਾ ਘਰ ਵੀ ਉਸੇ ਦਾ ਉਸੇ ਤਰ੍ਹਾਂ ਖੜ੍ਹਾ ਸੀ। ਉਸ ਦਾ ਮੂੰਹ-ਮੱਥਾ ਮੈਨੂੰ ਖਾਮੋਸ਼ੀ ਨਾਲ ਪਛਾਣਨ ਤੇ ਆਪਣੀ ਬੇਵਸੀ ਜਤਾਉਣ ਲੱਗ ਪਿਆ। ਫੋਟੋ ਖਿੱਚ ਕੇ ਉਹਦੇ ਜਜ਼ਬਾਤ ਦਾ ਅਨਾਦਰ ਕਰਨਾ ਮੈਨੂੰ ਮੁਨਾਸਬ ਨਾ ਦਿਸਿਆ। ਉਸ ਤੋਂ ਅੱਗੇ ਪ੍ਰੋਫੈਸਰ ਰੁਚੀ ਰਾਮ ਹੋਰਾਂ ਦੀ ਕੋਠੀ ਵੇਖੀ। ਉਥੇ ਮੇਰੀ ਨਿੱਕੀ ਭੂਆ ਰਹਿੰਦੀ ਹੁੰਦੀ ਸੀ। ਅੱਜ ਕੱਲ੍ਹ ਉਹ ਡੇਹਰਾਦੂਨ ਵਿਚ ਹੈ। ਅੱਜ ਉਸ ਦੀ ਕੋਠੀ ਤਾਂ ਵੇਖ ਲਈ, ਪਰ ਵੰਡ ਤੋਂ ਬਾਅਦ ਉਹਨੂੰ ਮਿਲਣ ਦਾ ਅਵਸਰ ਹਾਲਾਂ ਤਕ ਨਸੀਬ ਨਹੀਂ ਹੋਇਆ। ਇਨ੍ਹਾਂ ਕੋਠੀਆਂ ਕੋਲੋਂ ਇਕ ਗਲੀ ਮਵੇਸ਼ੀ ਹਸਪਤਾਲ ਵਾਲੀ ਸੜਕ ਨੂੰ ਜਾਂਦੀ ਹੈ। ਇਸ ਗਲੀ ਵਿਚ ਮੇਰੇ ਸੰਸਕ੍ਰਿਤ ਦੇ ਪ੍ਰੋਫੈਸਰ ਗੁਲਬਹਾਰ ਸਿੰਘ ਜੀ ਦਾ ਘਰ ਸੀ ਜੋ ਹੁਣ ਸੁਰਗਵਾਸ ਹੋ ਚੁੱਕੇ ਹਨ। ਬੜਾ ਪਿਆਰ ਕਰਦੇ ਸਨ ਉਹ ਮੈਨੂੰ। ਮਵੇਸ਼ੀ ਹਸਪਤਾਲ ਵਾਲੀ ਸੜਕ 'ਤੇ ਪੁੱਜ ਕੇ ਆਪਣੇ ਅੰਗਰੇਜ਼ੀ ਦੇ ਹਰਮਨ ਪਿਆਰੇ ਪ੍ਰੋਫੈਸਰ ਮਦਨ ਗੋਪਾਲ ਸਿੰਘ ਦੀ ਕੋਠੀ ਵੇਖੀ ਜਿਹਦੀ ਮਮਟੀ 'ਤੇ 'ਓਮ' ਉਸੇ ਤਰ੍ਹਾਂ ਉਕਰਿਆ ਹੋਇਆ ਸੀ। ਆਪ ਉਹ ਵੰਡ ਦੇ ਫਸਾਦਾਂ ਵਿਚ ਮਾਰੇ ਗਏ ਸਨ।

ਇਹ ਪਰਿਕਰਮਾ ਸੰਪੂਰਨ ਕਰ ਕੇ ਫਿਰ ਵਾਪਸ ਕਚਹਿਰੀ ਰੋਡ 'ਤੇ ਆ ਗਿਆ। ਡੀ.ਏ.ਵੀ. ਕਾਲਜ ਦੇ ਫਾਟਕ ਉਪਰ ਹੁਣ ਇਸਲਾਮੀਆ ਕਾਲਜ ਦਾ ਬੋਰਡ ਲਗਾ ਹੋਇਆ ਹੈ, ਪਰ ਇਮਾਰਤ ਦੀ ਮਹਿਰਾਬ ਉਪਰ ਨਾਗਰੀ ਵਿਚ ਦਯਾਨੰਦ ਐਂਗਲੋ ਵੈਦਿਕ ਕਾਲਜ ਉਸੇ ਤਰ੍ਹਾਂ ਲਿਖਿਆ ਹੋਇਆ ਹੈ। ਕਾਲਜ ਦੇ ਹੋਸਟਲ ਅੱਗਿਉਂ ਗੋਲਬਾਗ ਵੱਲ ਲੰਘ ਕੇ ਫਿਰ ਸਾਂਦਾ ਰੋਡ ਵਲ ਟੁਰ ਪਿਆ। ਰਾਹ ਵਿਚ ਥਾਂ-ਥਾਂ 'ਤੇ ਸਨਸਨੀਖੇਜ਼ ਸੁਰਖੀ ਵਾਲਾ ਇਸ਼ਤਿਹਾਰ ਲੱਗਿਆ ਹੋਇਆ ਸੀ:

*ਕਿਆ ਆਪ ਚਾਹਤੇ ਹੈਂ ਕਿ ਹਿੰਦੁਸਤਾਨੀ*
*ਹਮਾਰੀ ਬਹੂ ਬੇਟੀਓਂ ਕੋ ਉਠਾ ਕਰ ਲੇ ਜਾਏ?*

ਹੋ ਸਕਦਾ ਹੈ ਕਿਸੇ ਸਿਆਸੀ ਪਾਰਟੀ ਦੀ ਵੰਗਾਰ ਹੋਵੇ, ਜਾਂ ਭਾਵੇਂ ਅੰਮ੍ਰਿਤਸਰ ਵਾਂਗ ਇਥੋਂ ਦੇ ਕਿਸੇ ਹਕੀਮ ਨੇ ਵੀ ਐਨਕ ਤੋੜ ਕਿਸਮ ਦਾ ਸੁਰਮਾ ਤਿਆਰ ਕੀਤਾ ਹੋਵੇ! ਠੀਕ ਗੱਲ ਹੈ। ਜੇ ਬੀਨਾਈ ਚੰਗੀ ਹੋਵੇਗੀ ਤਾਂ ਬਹੂ ਬੇਟੀਆਂ ਦੀ ਰਖਵਾਲੀ ਚੰਗੀ ਤਰ੍ਹਾਂ ਹੋ ਸਕੇਗੀ, ਤੇ ਉਹ ਹਿੰਦੁਸਤਾਨੀਆਂ ਹੱਥੋਂ ਉਧਾਲੇ ਜਾਣ ਦੇ ਖਤਰੇ ਤੋਂ ਬਚ ਜਾਣਗੀਆਂ। ਵਰਤਮਾਨ ਯੁਗ ਦੇ ਸਭਿਆਚਾਰ ਵਿਚ ਹਰ ਚੀਜ਼ ਇਸ਼ਤਿਹਾਰੀ ਹੁੰਦੀ ਜਾ ਰਹੀ ਹੈ। ਬਹਰਹਾਲ ਇਸ਼ਤਿਹਾਰ ਪੜ੍ਹਨ ਦੀ ਮੈਨੂੰ ਕੋਈ ਉਤਸੁਕਤਾ ਨਹੀਂ ਹੋਈ।

ਅੱਗਿਉਂ ਇਕ ਪਾਗਲ ਆਦਮੀ ਆਉਂਦਾ ਦਿਸਿਆ ਜਿਹੜਾ ਲੀਡਰੀ ਅੰਦਾਜ਼ ਨਾਲ ਸਿਰ ਹਿਲਾ-ਹਿਲਾ ਕੇ ਸ਼ਰ੍ਹਾ ਤੇ ਹਦੀਸ ਦੇ ਨੁਕਤੇ ਬਿਆਨ ਕਰ ਰਿਹਾ ਸੀ।

ਯੂਨੀਵਰਸਿਟੀ ਗਰਾਊਂਡ ਵਾਲੇ ਮੋੜ 'ਤੇ ਚਾਹ ਪਾਣੀ ਦੀ ਨਿੱਕੀ ਜਿਹੀ ਦੁਕਾਨ ਦਿਸੀ। ਮਲੇਸ਼ੀਏ ਦੀ ਸਲਵਾਰ ਕਮੀਜ਼ ਪਾਈ ਮੱਸ ਫੁਟ ਮੁੰਡਾ ਮੇਜ਼ ਕੁਰਸੀਆਂ ਪੂੰਝ ਰਿਹਾ ਸੀ। ਮੈਂ ਕੋਲ ਜਾ ਕੇ ਕਿਹਾ- "ਕਿਉਂ ਭਾਈ, ਚਾਹ ਦੀ ਪਿਆਲੀ ਮਿਲੇਗੀ?"

ਜੁਆਬ ਵਿਚ ਉਹ ਹੱਸਣ ਲਗ ਪਿਆ, ਜਿਵੇਂ ਮੈਂ ਉਹਨੂੰ ਕੁਤ-ਕੁਤਾਰੀ ਕੱਢ ਦਿੱਤੀ ਹੋਵੇ।

"ਇਸ ਵਿਚ ਹੱਸਣ ਦੀ ਕੀ ਗੱਲ ਹੈ?" ਮੈਂ ਹੈਰਾਨ ਹੋ ਕੇ ਪੁੱਛਿਆ।

ਉਸ ਲਈ ਹਾਸਾ ਰੋਕਣਾ ਹੀ ਮੁਸ਼ਕਲ ਹੋ ਗਿਆ। ਬਦਸਤੂਰ ਕੁਰਸੀਆਂ ਸਾਫ ਕਰਦਾ-ਕਰਦਾ ਅਖੀਰ ਬੋਲਿਆ, "ਹਾਲੇ ਦੁੱਧ ਨਹੀਂ ਆਇਆ।" ਉਹਦਾ ਗੋਰਾ ਰੂੰ ਚਿਹਰਾ ਲਾਲ ਸੁਰਖ ਹੁੰਦਾ ਜਾ ਰਿਹਾ ਸੀ।

ਉਹਦੀ ਮੂਰਖਤਾ 'ਤੇ ਹੈਰਾਨ ਹੁੰਦਾ ਮੈਂ ਅੱਗੇ ਟੁਰ ਪਿਆ। ਕੰਬਖਤ ਹੱਸਿਆ ਕਿਸ ਗੱਲ 'ਤੇ ਸੀ? ਬਹੁਤ ਸੋਚਣ ਬਾਅਦ ਇਕੋ ਕਾਰਨ ਸਮਝ ਵਿਚ ਆਇਆ। ਉਹ ਜ਼ਰੂਰ ਮੇਰੀ ਪੰਝੀਆਂ ਸਾਲਾਂ ਤੋਂ ਪਰਦੇਸਾਂ ਵਿਚ ਭਟਕਦੀ ਜੰਗ-ਲੱਗੀ ਪੰਜਾਬੀ ਬੋਲਚਾਲ 'ਤੇ ਹੱਸਿਆ ਹੋਣੈ। ਮੈਂ ਗਾਹਕਾਂ ਵਾਂਗ ਨਹੀਂ, ਸ਼ਾਇਦ ਫਕੀਰਾਂ ਵਾਂਗ ਚਾਹ ਦੀ ਮੰਗੀ ਸੀ।

ਸੜਕ ਦੇ ਦੂਜੇ ਬੰਨੇ ਇਕ ਚਾਹ ਵਾਲਾ ਭੁੰਜੇ ਦੁਕਾਨ ਲਾ ਕੇ ਬੈਠਾ ਹੋਇਆ ਸੀ। ਉਹਦੇ ਆਲੇ-ਦੁਆਲੇ ਗਰੀਬੜੇ ਗਾਹਕਾਂ ਦੀ ਕਚਹਿਰੀ ਲੱਗੀ ਹੋਈ ਸੀ। ਮੈਨੂੰ ਇਥੇ ਕਿਸ ਨੇ ਪਛਾਣਨਾ ਸੀ? ਮੈਂ ਹਿੰਮਤ ਕਰ ਕੇ ਕੋਲ ਜਾ ਖਲੋਤਾ ਤੇ ਐਂਤਕੀ ਜ਼ਰਾ ਰੋਅਬ ਤੇ ਮੁਹਾਵਰੇ ਨਾਲ ਫਰਮਾਇਸ਼ ਕੀਤੀ, "ਭਲਵਾਨ ਜੀ, ਚਾਹ ਦਾ ਪਿਆਲਾ ਸਾਨੂੰ ਵੀ ਬਣਾ ਕੇ ਦੇਣਾ ਜ਼ਰਾ।"

ਪਰ ਨਿਸ਼ਾਨਾ ਫਿਰ ਖਤਾ ਹੋ ਗਿਆ। ਇਹ ਯੂਵਾਲੇ ਪਾਸੇ ਦਾ ਬੰਦਾ ਨਿਕਲ ਆਇਆ।

"ਹਜ਼ੂਰ ਨਮਕੀਨ ਹੈ।" ਉਹ ਬੜੀ ਨਿਮਰਤਾ ਨਾਲ ਬੋਲਿਆ।

"ਕੋਈ ਬਾਤ ਨਹੀਂ, ਨਮੀਕਨ ਹੀ ਪੀ ਲੇਂਗੇ", ਹਿੰਦੀ ਬੋਲਦਿਆਂ ਮੈਂ ਆਰਜ਼ੀ ਜਿਹਾ ਸੁਖੱਲ ਮਹਿਸੂਸ ਕੀਤਾ।

ਚਾਹ ਇਕਦਮ ਬੇ-ਸੁਆਦੀ ਸੀ, ਤੇ ਪਿਆਲੇ ਗੰਦੇ ਪਰ ਅਨੋਖੇ ਅਨੁਭਵ ਦਾ ਕੁਝ ਨਾ ਕੁਝ ਲੁਤਫ ਵੀ ਜ਼ਰੂਰ ਹੁੰਦਾ ਹੈ। ਗਾਹਕਾਂ ਦੀ ਜੁੰਡਲੀ ਵਿਚੋਂ ਇਕ ਆਦਮੀ ਨੇ ਜੋ ਬਿਹਾਰ ਵਾਲੇ ਪਾਸੇ ਦਾ ਜਾਪਦਾ ਸੀ, ਮੇਰੇ ਆਗਮਨ ਕਾਰਨ ਰੁਕੀ ਗੱਲਬਾਤ ਦਾ ਸਿਲਸਿਲਾ ਫਿਰ ਚਾਲੂ ਕੀਤਾ।

"ਅਜੀ ਸਾਹਬ, ਜੋ ਮਰਦ ਅਕੇਲੇ ਕਮ ਸੇ ਕਮ ਏਕ ਔਰਤੋਂ ਪਰ ਹਾਵੀ ਨਾ ਹੋ ਸਕੇ, ਭਲਾ ਵੋਹ ਮਰਦ ਕਾਹੇ ਕਾ? ਹਮਾਰੇ ਇਲਾਕੇ ਮੇਂ ਏਕ ਖਾਨਜ਼ਾਦੇ ਥੇ। ਸਾਠ ਸਾਲ ਦੀ ਉਮਰ ਮੇਂ ਬਾਰਾਂ ਸਾਲ ਕੀ ਲੜਕੀ ਸੇ ਨਿਕਾਹ ਪੜ੍ਹਵਾ ਲੀਯਾ। ਖ਼ੁਦਾ ਝੂਠ ਨਾ ਬੁਲਵਾਏ, ਪਹਿਲੀ ਬੀਵੀਓਂ ਸੇ ਲੜਕੇ ਲੜਕੀਓਂ ਔਰ ਦੁਹਤੋਂ ਪੋਤੋਂ ਕੀ ਤਾਦਾਦ ਸੈਂਕੜੋਂ ਤਕ ਪਹੁੰਚਤੀ ਥੀ। ਫਿਰ ਭੀ ਚੱਟਾਨ ਕੀ ਤਰ੍ਹਾਂ ਅਪਨੀ ਜਗ੍ਹਾ ਕਾਇਮ ਥੇ। ਛੋਕਰੀ ਕੋ ਦੋ-ਤੀਨ ਬਰਸ ਖੂਬ ਖਿਲਾਇਆ ਪਿਲਾਇਆ, ਜਵਾਨ ਕੀਯਾ, ਫਿਰ ਕਿਆ... ਹਰ ਸਾਲ ਬੱਚਾ ਜਨਤੀ ਥੀ। ਏਕ ਹਕੀਮ ਸਾਹਿਬ ਉਨ ਕੋ ਰੋਜ਼ਾਨਾ ਚਾਵਲ ਕੇ ਦਾਨੇ ਕੇ ਬਰਾਬਰ ਗੋਲੀ ਖਾਨੇ ਕੋ ਦੀਯਾ ਕਰਤੇ ਥੇ, ਪਰ ਸ਼ਰਤ ਯਿਹ ਕਿ ਸਾਥ ਮੇਂ ਖੁਰਾਕ ਹੋ। ਭਈ ਕਿਯਾ ਕੀਯਾ ਖਾਤੇ ਥੇ ਵੋ, ਕਿਯਾ ਨਾ ਖਾਤੇ ਥੇ! ਅਜੀ ਅਗਰ ਖੁਰਾਕ ਤਗੜੀ ਨਾ ਹੋ, ਸਭੀ ਅੰਗੋਂ ਮੇਂ ਜ਼ਹਿਰ ਫੈਲ ਜਾਏ ਦਵਾਈ ਕਾ, ਇਤਨੀ ਤੇਜ਼ ਥੀ ਕੰਬਖਤ। ਪਚਾਸ ਬਰਸ ਸੇ ਕਮ ਉਮਰ ਦਾ ਆਦਮੀ ਤੋ ਉਸੇ ਖਾ ਨਹੀਂ ਸਕਤਾ, ਵਹੀਂ ਖਤਮ ਹੋ ਜਾਏ।"

ਇਸ ਆਦਮੀ ਦੇ ਅੰਦਾਜ਼ ਵਿਚ ਬੜੀ ਜਾਣੀ-ਜਾਣਤਾ ਸੀ। ਇੰਜ ਜਾਪਦਾ ਸੀ ਜਿਵੇਂ ਕਾਫੀ ਚਿਰ ਤੋਂ ਸ੍ਰੋਤਿਆਂ ਦੀ ਕਾਮ-ਵਾਸਨਾ ਨੂੰ ਉਭਾਰ ਰਿਹਾ ਹੈ ਪਰ ਉਹਦੀਆਂ ਗੱਲਾਂ ਦਾ ਪ੍ਰਤਿਕਰਮ ਜੁੰਡਲੀ ਤੋਂ ਰਤਾ ਕੁ ਅਲੱਗ ਹੋ ਕੇ ਬੈਠੇ, ਹੁੱਕਾ ਪੀਂਦੇ, ਕਾਮੇ ਜਿਹੇ 'ਤੇ ਕੁਝ ਹੋਰ ਤਰ੍ਹਾਂ ਦਾ ਹੋਇਆ। ਉਹ ਅੱਧ-ਵਿਚਾਲੇ ਰੋਸ-ਭਰੇ ਅੰਦਾਜ਼ ਨਾਲ ਆਪਣੀ ਦਾਤਰੀ ਤੇ ਪੱਠਿਆ ਦੀ ਗੰਢ ਚੁਕ ਕੇ ਉਠ ਖਲੋਤਾ ਤੇ ਇਹ ਕਹਿ ਕੇ ਟੁਰਦਾ ਬਣਿਆ, "ਆਹੋ ਮੀਆਂ, ਸਭ ਦੌਲਤਾਂ ਦੀਆਂ ਬਰਕਤਾਂ ਨੇ।"

ਜੁੰਡਲੀ ਉਪਰ ਉਸ ਦੀ ਗੱਲ ਦਾ ਕਾਫੀ ਅਸਰ ਪਿਆ, ਤੇ ਖਾਮੋਸ਼ੀ ਛਾ ਗਈ। ਫਿਰ ਲੰਮੇ ਝਾਟੇ ਤੇ ਦਾੜ੍ਹੀ ਵਾਲੇ ਮਲੰਗ ਨੇ ਉੱਚੀ-ਉੱਚੀ ਉਰਦੂ ਸ਼ੇਅਰ ਪੜ੍ਹਨੇ ਸ਼ੁਰੂ ਕਰ ਦਿੱਤੇ।

ਯੂਨੀਵਰਸਿਟੀ ਗਰਾਊਂਡ ਦੇ ਨਾਲ-ਨਾਲ ਟੁਰਦਾ, ਦਰਖਤਾਂ ਦੀ ਜਾਣੀ-ਪਛਾਣੀ ਛਾਂ ਦਾ ਸੁੱਖ ਮਾਣਦਾ, ਚਬੁਰਜੀ ਅੱਪੜ ਗਿਆ। ਅੱਗਿਉਂ ਜੱਟਾਂ ਦੀ ਝੂਮਦੀ ਟੋਲੀ ਆ ਰਹੀ ਸੀ। ਉਨ੍ਹਾਂ ਨਾਲ ਘੜੀ ਗੱਲਬਾਤ ਕਰਨ ਦਾ ਲਾਲਚ ਮੈਂ ਨਾ ਵਰਜ ਸਕਿਆ। ਪਿੰਡ ਨਾਥਣ ਬਾਵਿਆਂਵਾਲੇ ਦੇ ਵਸਨੀਕ ਸਨ ਉਹ। ਸ਼ਹਿਰ ਵੱਲ ਖਰੀਦੋ-ਫਰੋਖਤ ਕਰਨ ਜਾ ਰਹੇ ਸਨ। ਮੈਂ ਉਨ੍ਹਾਂ ਨੂੰ ਰੋਕ ਆਪਣਾ ਪ੍ਰੀਚੈ ਦਿਤਾ ਤੇ ਫੋਟੋ ਖਿੱਚਣ ਦੀ ਇਜਾਜ਼ਤ ਮੰਗੀ। ਉਨ੍ਹਾਂ ਨੂੰ ਅਚੰਭਾ ਮੇਰੇ ਭਾਰਤੀ ਜਾਂ ਹਿੰਦੂ ਹੋਣ ਉਪਰ ਇਤਨਾ ਨਹੀਂ ਸੀ ਜਿਤਨਾ ਇਸ ਗੱਲ 'ਤੇ ਕਿ ਕੋਈ ਪਤਲੂਣ ਵਾਲਾ ਬਾਊ ਪੇਂਡੂਆਂ ਨਾਲ ਦੋਸਤੀ ਲਾਉਣ ਦੀ ਤਕਲੀਫ ਕਰ ਰਿਹਾ ਹੈ। ਬੰਬਈ ਸ਼ਹਿਰ ਅਤੇ ਹਿੰਦੀ ਫਿਲਮਾਂ ਬਾਰੇ ਉਨ੍ਹਾਂ ਮੇਰੇ ਕੋਲੋਂ ਇਕੋ ਸਾਹ ਕਿਤਨੇ ਈ ਸੁਆਲ ਪੁੱਛ ਛੱਡੇ, ਤੇ ਫਿਰ ਫੋਟੋ ਖਿਚਵਾਉਣਾ ਵੀ ਪਰਵਾਨ ਕਰ ਲਿਆ। ਬੜੀ ਸੁਆਦਲੀ ਮਿਲਣੀ ਸੀ।

ਕਿਨੇਰਡ ਕਾਲਜ ਨੇੜੇ ਇਕ ਕੋਠੀ ਵਿਚ ਕਦੇ ਮੈਂ ਪੂਰਾ ਸਾਲ ਤੰਬੂ ਲਾ ਕੇ ਰਿਹਾ ਸਾਂ-ਨਿਊ ਹੋਸਟਲ ਵਿਚੋਂ ਧੱਕਿਆ ਜਾਣ ਕਰ ਕੇ। ਧੱਕੇ ਜਾਣ ਦੇ ਕਾਰਨਾਂ ਵਿਚੋਂ ਇਕ ਇਹ ਸੀ-ਡਾਰਮਿਟਰੀਆਂ ਵਿਚ ਟੈਨਸ ਖੇਡਣਾ ਤੇ ਸ਼ੀਸ਼ੇ ਭੰਨਣਾ। ਕੋਠੀ ਮੇਰੇ ਇਕ ਪਿਆਰੇ ਜਮਾਤੀ ਦੀ ਸੀ। ਉਸ ਦੇ ਪਿਤਾ ਬੜੇ ਉਦਾਰ ਤੇ ਬਾਰਸੂਖ ਆਦਮੀ ਸਨ। ਕੋਠੀ ਦੀ ਬੜੀ ਜ਼ਮੀਨ ਸੀ। ਉਸ ਦੀ ਇਕ ਨੁਕਰੇ ਤੰਬੂ ਲਾਣ ਦੀ ਇਜਾਜ਼ਤ ਆਸਾਨੀ ਨਾਲ ਮਿਲ ਗਈ ਪਰ ਇਹ ਸੌਦਾ ਮੇਰੇ ਮਿੱਤਰ ਦੇ ਪਿਤਾ ਨੂੰ ਮਹਿੰਗਾ ਪਿਆ। ਜਦੋਂ ਵੀ ਉਹ ਘਰ ਵਿਚ ਕੋਈ ਵੱਡੀ ਪਾਰਟੀ ਕਰਦੇ, ਤੰਬੂ ਵਿਚ ਕਾਲਜ ਦੇ ਮੁੰਡਿਆਂ ਦੀ ਪਾਰਟੀ ਮੁਫਤੋ-ਮੁਫਤ ਹੋ ਜਾਂਦੀ।

ਕੋਠੀ ਦੇ ਫਾਟਕ ਕੋਲ ਖਲੋ ਮੈਂ ਖਾਲੀ ਪਈ ਥਾਂ ਨੂੰ ਵੇਖ-ਵੇਖ ਕੇ ਉਨ੍ਹਾਂ ਰੰਗੀਲੇ ਦਿਨਾਂ ਨੂੰ ਯਾਦ ਕਰਨ ਲੱਗ ਪਿਆ। ਕਦੇ-ਕਦੇ ਛੁੱਟੀ ਵਾਲੇ ਦਿਨ ਕੋਠੀ ਦੇ ਹਾਤੇ ਵਿਚ ਕ੍ਰਿਕਟ ਵੀ ਲਗਦੀ ਸੀ। ਬੈਟਸਮੈਨ ਦਾ ਜਿਹੜਾ ਟੁੱਲਾ ਗੇਂਦ ਨੂੰ ਉਛਾਲ ਕੇ ਮੇਰੇ ਤੰਬੂ ਉਤੇ ਲਿਆ ਸੁੱਟੇ, ਛੱਕਾ ਗਿਣਿਆਂ ਜਾਂਦਾ ਸੀ; ਤੇ ਹਰ ਛੱਕੇ ਪਿਛੋਂ ਘੱਟੇ ਦੀ ਮੋਟੀ ਤਹਿ ਤੰਬੂ ਦੇ ਅੰਦਰ ਪਏ ਸਾਮਾਨ ਉਪਰ ਜੰਮ ਜਾਂਦੀ ਸੀ, ਪਰ ਨਰਾਜ਼ ਹੋਣ ਦੀ ਥਾਂ ਮੈਂ ਆਪ ਇਹਨੂੰ ਖੇਡ ਦਾ ਕਰਾਮਾਤੀ ਅੰਗ ਸਮਝਦਾ ਸਾਂ।

ਕੋਠੀ ਦੇ ਦੋਵੇਂ ਫਾਟਕ ਦਿਨੇ ਰਾਤੀਂ ਖੁੱਲ੍ਹੇ ਰਹਿੰਦੇ ਸਨ ਤੇ ਮੇਰਾ ਤੰਬੂ ਇਕ ਦੇ ਬਿਲਕੁਲ ਨੇੜੇ ਸੀ। ਇਸੇ ਕਾਰਨ ਮਨ ਦੀ ਕਿਸੇ ਹੇਠਲੀ ਤਹਿ ਵਿਚ ਚੋਰ-ਚਕਾਰ ਦਾ ਖਤਰਾ ਬਣਿਆ ਰਹਿੰਦਾ ਸੀ। ਇਕ ਰਾਤ ਟਾਮਸ ਹਾਰਡੀ ਦਾ ਦੁਖਾਂਤ ਨਾਵਲ 'ਟੈੱਸ' ਪੜ੍ਹਦਾ-ਪੜ੍ਹਦਾ ਦੇਰ ਨਾਲ ਸੁੱਤਾ। ਨੀਂਦਰ ਵੀ ਚੰਦਰੀ ਜਿਹੀ ਆਈ। ਘੜੀ-ਮੁੜੀ ਮਾੜਾ ਸੁਪਨਾ ਆਉਂਦਾ ਤੇ ਅੱਖ ਖੁੱਲ੍ਹ ਜਾਂਦੀ। ਇਕ ਵਾਰੀ ਜਾਗੋਮੀਟੋ ਦੀ ਹਾਲਤ ਵਿਚ ਇੰਝ ਦਿਸਿਆ ਜਿਵੇਂ ਤੰਬੂ ਵਿਚ ਚੋਰ ਵੜ ਆਇਆ ਹੈ ਅਤੇ ਇਧਰ-ਉਧਰ ਟੁਰਦਾ ਕੋਈ ਚੀਜ਼ ਢੂੰਡ ਰਿਹਾ ਹੈ। ਪਹਿਲਾਂ ਤਾਂ ਮੈਂ ਡਰ ਨਾਲ ਸਹਿਮ ਗਿਆ, ਫਿਰ ਅੱਭੜਵਾਹੇ ਅੰਗਰੇਜ਼ਾਂ ਵਾਲੀ 'ਵਾਜ ਬਣਾ ਕੇ ਚੀਕਣਾ ਸ਼ੁਰੂ ਕਰ ਦਿੱਤਾ- "ਕੌਨ ਹਾਏ, ਯੂ ਬਲੱਡੀ ਡੈਮ-ਫੂਲ, ਕਾਲਾ ਆਡਮੀ, ਚਲਾ ਜਾਓ ਏਕਡਮ, ਨਹੀਂ ਟੋ ਹਮ ਗੋਲੀ ਮਾਰ ਡੇਗਾ।"

ਇਸ ਧੌਂਸ ਦਾ ਕੋਈ ਅਸਰ ਨਾ ਹੋਇਆ। ਚੋਰ ਉਸੇ ਤਰ੍ਹਾਂ ਨਿਧੜਕ ਟੁਰ-ਫਿਰ ਰਿਹਾ ਸੀ। ਹੁਣ ਮੈਥੋਂ ਵੱਡੀ ਗਲਤੀ ਹੋ ਗਈ। ਮੈਂ ਮੱਛਰਦਾਨੀ ਦੇ ਅੰਦਰਵਾਰ ਲੱਗੇ ਬਿਜਲੀ ਦੇ ਲੈਂਪ ਦਾ ਬਟਨ ਦਬਾ ਦਿੱਤਾ ਜਿਸ ਕਾਰਨ ਬਾਹਰ ਦਾ ਕੁਝ ਦਿਸਣ ਦੀ ਥਾਂ ਕੇਵਲ ਮੱਛਰਦਾਨੀ ਦੇ ਅੰਦਰਵਾਰ ਜਗਮਗ ਹੋ ਗਈ। ਹੁਣ ਤਾਂ ਮੈਨੂੰ ਆਪਣੀ ਜਾਨ ਬਚਾਉਣ ਦੀ ਪੈ ਗਈ। ਝੱਟ ਬੱਤੀ ਬੁਝਾ ਕੇ ਤੰਬੂ ਦੀ ਕੰਧ ਵਾਲੇ ਪਾਸਿਉਂ ਖਿਸਕ ਕੇ ਮੰਜੇ ਹੇਠਾਂ ਲੁਕਣ ਦੀ ਕੀਤੀ। ਨੰਗ-ਧੜੰਗ ਸਾਂ। ਫਰਸ਼ 'ਤੇ ਪਿਆ ਆਖਰਾਂ ਦੀ ਸਰਦੀ ਵਿਚ ਖੌਰੇ ਕਿਤਨੀ ਦੇਰ ਠਰਦਾ ਰਿਹਾ, ਪਰ ਦੁਸ਼ਮਣ ਦਾ ਹਮਲਾ ਕੋਈ ਨਾ ਹੋਇਆ, ਤੇ ਹੌਲੀ-ਹੌਲੀ ਮੇਰੀ ਹੋਸ਼ ਵੀ ਟਿਕਾਣੇ ਆ ਗਈ। ਮਲੂਮ ਹੋਇਆ ਕਿ ਬਾਹਰ ਸੜਕ ਉਤੇ ਲੱਗੇ ਬਿਜਲੀ ਦੇ ਖੰਭੇ ਦੀ ਰੌਸ਼ਨੀ ਤੰਬੂ ਕੇ ਦਰਵਾਜ਼ਿਆਂ ਉਪਰ ਲਟਕਦੀਆਂ, ਤੇ ਹਵਾ ਨਾਲ ਹਿਲਦੀਆਂ ਚਿਕਾਂ ਵਿਚੋਂ ਛਣ ਕੇ ਦੋ ਲੱਤਾਂ ਦੇ ਟੁਰਨ ਦਾ ਵਹਿਮ ਪੈਦਾ ਕਰ ਰਹੀ ਸੀ। ਇਤਨੀ ਦੇਰ ਵਿਚ ਹਾਲ-ਪਾਹਰਿਆ ਸੁਣ ਕੇ ਘਰ ਦੇ ਬੰਦੇ ਨੱਠ ਕੇ ਆ ਗਏ, ਤੇ ਮੈਨੂੰ ਬੜਾ ਹੀ ਸ਼ਰਮਸ਼ਾਰ ਹੋਣਾ ਪਿਆ।

ਅੱਜ ਉਸ ਘਟਨਾ ਨੂੰ ਯਾਦ ਕਰ ਕੇ ਫਿਰ ਸ਼ਰਮਸਾਰ ਹੋ ਰਿਹਾ ਸਾਂ। ਆਪਣੇ ਕਿਸੇ ਹਮਵਤਨ ਨੂੰ ਡਰਾਉਣ ਲਈ-ਭਾਵੇਂ ਉਹ ਚੋਰ ਵੀ ਹੋਵੇ, ਫਰੰਗੀਆਂ ਵਾਂਗ ਭੌਂਕਣਾ ਕਿਤਨੀ ਘਿਨਾਉਣੀ ਮਨੋਬਿਰਤੀ ਦਾ ਸੂਚਕ ਸੀ।

ਚੌਂਕ 'ਤੇ ਪੁੱਜ ਕੇ ਸਮਝ ਨਾ ਆਇਆ ਕਿ ਅੱਗਿਉਂ ਕੀ ਕਰਾਂ। ਵਕਤ ਟਪਾਉਣ ਲਈ ਵਿਦੇਸ਼ੀ ਸੈਲਾਨੀਆਂ ਵਾਂਗ ਚਬੁਰਜੀ ਨੂੰ ਅੰਦਰੋਂ-ਬਾਹਰੋਂ ਗੌਰ ਨਾਲ ਵੇਖਣ ਲੱਗਾ, ਹਾਲਾਂਕਿ ਵੇਖਣ ਵਾਲੀ ਕੋਈ ਖਾਸ ਚੀਜ਼ ਉਥੇ ਨਹੀਂ ਸੀ। ਫਿਰ ਇਕ ਟਾਂਗੇ ਵਾਲੇ ਨੂੰ 'ਮੁਜ਼ੰਗ ਮੁਜ਼ੰਗ' ਪੁਕਾਰਦਿਆਂ ਸੁਣ ਕੇ ਉਹਦੇ ਟਾਂਗੇ 'ਤੇ ਜਾ ਚੜ੍ਹਿਆ। ਧੁੱਪਾਂ

***(ਬਾਕੀ ਸਫਾ 33 ਉਤੇ)***

ਗੁਰਮਤਿ ਵਿਚਾਰ

# ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸਲੋਕ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਹੈ। ਇਸ ਸਲੋਕ ਵਿਚ ਦੱਸਿਆ ਹੈ ਕਿ ਅਸਲੀ ਇੱਜ਼ਤ ਉਹ ਹੀ ਹੈ ਜੋ ਅਕਾਲ ਪੁਰਖ ਵੱਲੋਂ ਬਖਸ਼ਿਸ਼ ਹੁੰਦੀ ਹੈ ਅਤੇ ਇਸ ਇੱਜ਼ਤ ਦਾ ਕੋਈ ਕੁਝ ਵੀ ਵਿਗਾੜ ਨਹੀਂ ਸਕਦਾ। ਗੁਰੂ ਸਾਹਿਬ ਅਕਾਲ ਪੁਰਖ ਵੱਲੋਂ ਕੁਦਰਤਿ ਵਿਚ ਬਖਸ਼ਿਸ਼ ਕੀਤੇ ਮਾਣ ਦੀਆਂ ਉਦਾਹਰਨਾਂ ਰਾਹੀਂ ਸਮਝਾਉਂਦੇ ਹਨ ਕਿ ਅੱਗ ਵਿਚ ਕੁਦਰਤੀ ਸੇਕ ਹੈ ਇਸ ਲਈ ਪਾਲਾ ਜਾਂ ਠੰਢ ਅੱਗ ਦਾ ਕੀ ਵਿਗਾੜ ਸਕਦਾ ਹੈ, ਇਸੇ ਤਰ੍ਹਾਂ ਸੂਰਜ ਰੋਸ਼ਨੀ ਦਾ ਭੰਡਾਰ ਹੈ ਅਤੇ ਰਾਤ ਆਪਣੀ ਕਾਲਖ ਨਾਲ ਸੂਰਜ ਦਾ ਕੋਈ ਨੁਕਸਾਨ ਨਹੀਂ ਕਰ ਸਕਦੀ। ਹਨੇਰਾ ਚੰਦਰਮਾ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ, ਹਵਾ ਅਤੇ ਪਾਣੀ ਦੀ ਕੋਈ ਜਾਤਿ ਨਹੀਂ ਹੁੰਦੀ, ਇਸ ਲਈ ਜਾਤ-ਪਾਤ ਦੀ ਭਿੱਟ ਇਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ-ਭਾਵ ਇਹ ਕੁਦਰਤੀ ਤੱਤ ਮਨੁੱਖ ਦੀ ਕੀਤੀ ਅਜਿਹੀ ਵੰਡ ਤੋਂ ਉਤੇ ਹਨ। ਇਸੇ ਤਰ੍ਹਾਂ ਧਰਤੀ ਵਿਚੋਂ ਪੈਦਾ ਹੋਈਆਂ ਚੀਜ਼ਾਂ ਉਸ ਦਾ ਕੁਝ ਨਹੀਂ ਵਿਗਾੜ ਸਕਦੀਆਂ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜੋ ਇੱਜ਼ਤ ਅਤੇ ਸਤਿਕਾਰ ਅਕਾਲ ਪੁਰਖ ਦੀ ਬਖਸ਼ਿਸ਼ ਵਜੋਂ ਪ੍ਰਾਪਤ ਹੈ, ਉਸ ਦੇ ਦਰਵਾਜ਼ੇ ਤੋਂ ਮਿਲਿਆ ਹੋਇਆ ਹੈ, ਉਸ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਉਹ ਹੀ ਅਸਲੀ, ਸੱਚੀ ਇੱਜ਼ਤ ਅਤੇ ਸਤਿਕਾਰ ਹੈ। ਇਸ ਲਈ ਮਨੁੱਖ ਨੂੰ ਅਕਾਲ ਪੁਰਖ ਦੇ ਦਰੋਂ ਮਿਲਣ ਵਾਲੇ ਸਤਿਕਾਰ ਅਤੇ ਇੱਜ਼ਤ ਪ੍ਰਾਪਤ ਕਰਨ ਲਈ ਜਤਨ ਕਰਨਾ ਚਾਹੀਦਾ ਹੈ ਕਿਉਂ ਕਿਉਹ ਸਦੀਵੀ ਹੈ,

ਅਗੀ ਪਾਲਾ ਕਿ ਕਰੇ
ਸੂਰਜ ਕੇਹੀ ਰਾਤਿ॥
ਚੰਦ ਅਨੇਰਾ ਕਿ ਕਰੇ
ਪਉਣ ਪਾਣੀ ਕਿਆ ਜਾਤਿ॥
ਧਰਤੀ ਚੀਜੀ ਕਿ ਕਰੇ
ਜਿਸੁ ਵਿਚਿ ਸਭੁ ਕਿਛੁ ਹੋਇ॥
ਨਾਨਕ ਤਾ ਪਤਿ ਜਾਣੀਐ
ਜਾ ਪਤਿ ਰਖੈ ਸੋਇ॥੨॥ (ਪੰਨਾ ੧੫੦)

ਗੁਰਮਤਿ ਮਾਰਗ ਨਾਮ ਦਾ ਮਾਰਗ ਹੈ ਜਿਸ ਵਿਚ ਮਨੁੱਖ ਨੂੰ ਸੱਚੇ ਮਨ ਨਾਲ ਉਸ ਅਕਾਲ ਪੁਰਖ ਦਾ ਨਾਮ ਸਿਮਰਨ, ਉਸ ਦੇ ਗੁਣਾਂ ਦਾ ਗਾਇਨ ਕਰਨ ਅਤੇ ਉਸ ਦੀ ਕਿਰਪਾ ਦਾ ਪਾਤਰ ਹੋਣ ਲਈ ਉਦਮ ਕਰਨ ਦਾ ਆਦੇਸ਼ ਕੀਤਾ ਗਿਆ ਹੈ। ਇਸ ਪਉੜੀ ਵਿਚ ਵੀ ਗੁਰੂ ਨਾਨਕ ਸਾਹਿਬ ਉਸ ਅਕਾਲ ਪੁਰਖ ਦੇ ਅਚਰਜ ਰੂਪ ਤੋਂ ਕੁਰਬਾਨ ਜਾਂਦੇ ਹਨ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ, ਹੇ ਅਕਾਲ ਪੁਰਖ ਮੈਂ ਤੇਰੇ ਅਸਚਰਜ ਰੂਪ ਦੀ ਵਡਿਆਈ ਕਰਦਾ ਹਾਂ ਭਾਵ ਮੈਂ ਤੈਨੂੰ ਸਦਾ 'ਸੁਭਹਾਨੁ' (ਆਖ ਆਖ ਕੇ) ਵਡਿਆਉਂਦਾ ਹਾਂ।

ਗੁਰੂ ਸਾਹਿਬ ਅੱਗੇ ਅਕਾਲ ਪੁਰਖ ਦੀ ਵਡਿਆਈ ਦੱਸਦੇ ਹਨ ਕਿ ਉਹ ਹੀ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਅਤੇ ਸਭ ਦਾ ਮਾਲਕ ਹੈ, ਸੰਸਾਰ ਦੇ ਹੋਰ ਜੀਵ ਉਸ ਦੀ ਰਚਨਾ ਹਨ ਇਸ ਲਈ ਜੰਮਦੇ ਅਤੇ ਮਰਦੇ ਰਹਿੰਦੇ ਹਨ। ਜਿਹੜੇ ਜੀਵ ਉਸ ਅਕਾਲ ਪੁਰਖ ਕੋਲੋਂ ਉਸ ਦੇ ਸੱਚੇ ਨਾਮ ਦਾ ਦਾਨ ਮੰਗਦੇ ਹਨ, ਉਹ ਉਸ ਅਕਾਲ ਪੁਰਖ ਵਰਗੇ ਹੀ ਹੋ ਜਾਂਦੇ ਹਨ (ਗੁਰਬਾਣੀ ਵਿਚ ਦੱਸਿਆ ਹੈ ਕਿ ਮਨੁੱਖ ਜਿਸ ਕਿਸਮ ਦੇ ਇਸ਼ਟ ਨੂੰ ਧਿਆਉਂਦਾ ਹੈ, ਉਸ ਦਾ ਵਿਅਕਤਿਤਵ ਉਹੋ ਜਿਹਾ ਹੀ ਬਣ ਜਾਂਦਾ ਹੈ-ਜੈਸਾ ਸੇਵੈ ਤੈਸੋ ਹੋਇ)। ਗੁਰੂ ਦੇ ਸ਼ਬਦ ਰਾਹੀਂ ਉਨ੍ਹਾਂ ਨੂੰ ਅਕਾਲ ਪੁਰਖ ਦੇ ਹੁਕਮ ਦੀ ਸਮਝ ਆ ਜਾਂਦੀ ਹੈ, ਇਸ ਲਈ ਉਨ੍ਹਾਂ ਨੂੰ ਸ਼ਬਦ ਦੀ ਬਰਕਤ ਸਦਕਾ ਅਕਾਲ ਪੁਰਖ ਦਾ ਅਟੱਲ ਹੁਕਮ ਚੰਗਾ ਲਗਦਾ ਹੈ, ਅਰਥਾਤ ਉਹ ਅਕਾਲ ਪੁਰਖ ਦੇ ਸਦੀਵੀ ਵਰਤ ਰਹੇ ਹੁਕਮ ਨੂੰ ਮਿੱਠਾ ਕਰਕੇ ਮੰਨਦੇ ਹਨ। ਉਸ ਅਕਾਲ ਪੁਰਖ ਦੇ ਹੁਕਮ ਨੂੰ ਮੰਨਣ ਨਾਲ ਉਨ੍ਹਾਂ ਨੂੰ ਅਕਾਲ ਪੁਰਖ ਪਾਸੋਂ ਅਸਲੀਅਤ ਦੀ ਸੋਝੀ ਅਤੇ ਉਚੀ ਟਿਕੀ ਹੋਈ ਸੁਰਤਿ ਦੀ ਪ੍ਰਾਪਤੀ ਹੁੰਦੀ ਹੈ।

ਕਹਿਣ ਤੋਂ ਭਾਵ ਹੈ ਕਿ ਮਨੁੱਖ ਨੂੰ ਗੁਰੂ ਦੇ ਸ਼ਬਦ ਰਾਹੀਂ ਅਕਾਲ ਪੁਰਖ ਦੇ ਹੁਕਮ ਦੀ ਸਮਝ ਆਉਂਦੀ ਹੈ, ਅਸਲੀਅਤ ਦੀ ਸੋਝੀ ਪ੍ਰਾਪਤ ਹੁੰਦੀ ਹੈ ਅਤੇ ਉਨ੍ਹਾਂ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇਕਸੁਰ ਹੋ ਜਾਂਦੀ ਹੈ। ਅਕਾਲ ਪੁਰਖ ਦੀ ਮਿਹਰ ਸਦਕਾ ਉਨ੍ਹਾਂ ਦੇ ਮੱਥੇ ਦਾ ਲੇਖ ਸੋਹਣਾ ਲਿਖਿਆ ਜਾਂਦਾ ਹੈ, ਭਾਵ ਮੱਥੇ ਦੇ ਭਾਗ ਜਾਗ ਪੈਂਦੇ ਹਨ ਅਤੇ ਇਹ ਲੇਖ ਕਿਸੇ ਦਾ ਮਿਟਾਇਆ ਮਿਟਦਾ ਨਹੀਂ ਹੈ। ਪਰਮਾਤਮਾ ਦੇ ਨਾਮ ਦੇ ਮਨਣ ਰਾਹੀਂ ਉਸ ਪਰਵਰਦਗਾਰ ਦੀ ਮਿਹਰ ਹੁੰਦੀ ਹੈ ਅਤੇ ਮਨੁੱਖ ਨੂੰ ਉਚੇ ਗਿਆਨ ਅਤੇ ਧਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਨੂੰ ਕੋਈ ਖੋਹ ਜਾਂ ਮਿਟਾ ਨਹੀਂ ਸਕਦਾ। ਉਹ ਅਕਾਲ ਪੁਰਖ ਬੇਅੰਤ ਦਾਤਾਂ ਦੇਣ ਵਾਲਾ ਹੈ, ਉਸ ਦੀਆਂ ਬਖਸ਼ਿਸ਼ਾਂ ਦਾ ਕੋਈ ਅੰਤ ਨਹੀਂ ਹੈ, ਉਹ ਮਨੁੱਖ ਨੂੰ ਹਰ ਰੋਜ਼ ਬੇਅੰਤ ਦਾਤਾਂ ਦਿੰਦਾ ਹੈ ਅਤੇ ਦਿੰਦਾ ਹੀ ਰਹਿੰਦਾ ਹੈ, ਇਹ ਇੱਕ ਅਮੁੱਕ ਸਿਲਸਿਲਾ ਹੈ।

ਗੁਰੂ ਨਾਨਕ ਸਾਹਿਬ ਅਰਦਾਸ ਕਰਦੇ ਹਨ ਕਿ ਵਾਹਿਗੁਰੂ ਤੋਂ ਉਹ ਉਹੀ ਦਾਤ ਮੰਗਦੇ ਹਨ ਜੋ ਉਸ ਅਕਾਲ ਪੁਰਖ ਨੂੰ ਚੰਗੀ ਲੱਗਦੀ ਹੈ ਅਰਥਾਤ ਉਸ ਦੀ ਰਜ਼ਾ ਵਿਚ ਚੱਲਣ ਦੀ ਦਾਤ ਸਭ ਤੋਂ ਵੱਡੀ ਦਾਤ ਹੈ। ਉਸ ਦੀ ਰਜ਼ਾ ਵਿਚ ਰਹਿਣਾ ਹੀ ਸਭ ਤੋਂ ਵੱਡੀ ਬਖਸ਼ਿਸ਼ ਹੈ,

ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ॥
ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ॥
ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ॥
ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ॥
ਮੰਨਿਐ ਗਿਆਨੁ ਧਿਆਨੁ
ਤੁਧੈ ਤੇ ਪਾਇਆ॥
ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ॥
ਤੂੰ ਸਚਾ ਦਾਤਾਰੁ
ਨਿਤ ਦੇਵਹਿ ਚੜਹਿ ਸਵਾਇਆ॥
ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ॥੨੬॥
(ਪੰਨਾ ੧੫੦)

ਅਗਲੇ ਸਲੋਕ ਵਿਚ ਗੁਰੂ ਅੰਗਦ ਦੇਵ ਜੀ ਗੁਰੂ ਦੇ ਉਪਦੇਸ਼ ਰਾਹੀਂ ਪ੍ਰਾਪਤ ਸਿੱਖਿਆ ਦੀ ਅਹਿਮੀਅਤ ਬਿਆਨ ਕਰਦੇ ਹਨ ਕਿ ਜਿਨ੍ਹਾਂ ਦੇ ਸਿਰ 'ਤੇ ਗੁਰੂ ਦਾ ਹੱਥ ਹੈ, ਭਾਵ ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਰਾਹੀਂ ਗਿਆਨ ਪ੍ਰਾਪਤ ਕਰ ਲਿਆ ਹੈ, ਉਸ ਗਿਆਨ ਸਦਕਾ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਹਨ ਅਤੇ ਸਿਫਤਿ-ਸਾਲਾਹ ਸਦਕਾ ਸੱਚ ਵਿਚ ਲੀਨ ਹੋ ਗਏ ਹਨ, ਉਨ੍ਹਾਂ ਨੂੰ ਹੋਰ ਕਿਸੇ ਵੀ ਕਿਸਮ ਦੀ ਸਿੱਖਿਆ ਦੀ ਜ਼ਰੂਰਤ ਨਹੀਂ ਰਹਿੰਦੀ।

ਦੀਖਿਆ ਆਖਿ ਬੁਝਾਇਆ
ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ
ਜਿਨ ਗੁਰੁ ਨਾਨਕ ਦੇਉ॥੧॥ (ਪੰਨਾ ੧੫੦)

ਇਸ ਤੋਂ ਅਗਲਾ ਸਲੋਕ ਗੁਰੂ ਨਾਨਕ ਦੇਵ ਜੀ ਦਾ ਹੈ ਜਿਸ ਵਿਚ ਉਨ੍ਹਾਂ ਨੇ ਅਕਾਲ ਪੁਰਖ ਦੀ ਮਿਹਰ ਦੀ ਗੱਲ ਕੀਤੀ ਹੈ ਕਿ ਬੁੱਧ-ਵਿਵੇਕ ਉਸੇ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਅਕਾਲ ਪੁਰਖ ਆਪ ਬਖਸ਼ਿਸ਼ ਕਰਦਾ ਹੈ। (ਗੁਰਬਾਣੀ ਵਿਚ ਚੰਗੀ ਮੱਤ ਲਈ, ਉਚੇਰੀ ਬੁੱਧੀ ਲਈ ਅਕਾਲ ਪੁਰਖ ਅੱਗੇ 'ਦੀਜੈ ਬੁਧਿ ਬਿਬੇਕਾ' ਰਾਹੀਂ ਅਰਦਾਸ ਕੀਤੀ ਗਈ ਹੈ)।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੂੰ ਅਕਾਲ ਪੁਰਖ ਆਪ ਮਤਿ ਦਿੰਦਾ ਹੈ, ਉਸ ਨੂੰ ਹੀ ਮਤਿ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਨੂੰ ਅਕਾਲ ਪੁਰਖ ਆਪ ਸੋਝੀ ਦਿੰਦਾ ਹੈ ਉਸ ਨੂੰ ਹੀ ਜ਼ਿੰਦਗੀ ਦੀ ਸਮਝ ਲੱਗਦੀ ਹੈ ਕਿ ਇਸ ਜੀਵਨ-ਸਫਰ ਨੂੰ ਕਿਵੇਂ ਸਫਲਾ ਕਰਨਾ ਹੈ। ਜੇ ਇਹ ਸੋਝੀ ਜਾਂ ਬੁੱਧੀ ਹੋਵੇ ਨਾ ਪਰ ਇਸ ਦੀ ਪ੍ਰਾਪਤੀ ਬਾਰੇ ਆਖੀ ਜਾਈਏ, ਇਸ ਨਾਲ ਕੋਈ ਫਾਇਦਾ ਨਹੀਂ ਹੁੰਦਾ। ਅਜਿਹਾ ਮਨੁੱਖ ਆਪਣੇ ਅਮਲੀ ਜੀਵਨ ਵਿਚ ਮਾਇਆ ਵਿਚ ਹੀ ਸੜਦਾ ਰਹਿੰਦਾ ਹੈ। ਉਹ ਅਕਾਲ ਪੁਰਖ ਇਸ ਸੰਸਾਰ ਦੇ ਸਾਰੇ ਜੀਅ-ਜੰਤ ਆਪ ਹੀ ਆਪਣੇ ਹੁਕਮ ਵਿਚ ਪੈਦਾ ਕਰਦਾ ਹੈ ਅਤੇ ਸਾਰੇ ਜੀਵਾਂ ਬਾਰੇ ਵਿਚਾਰਾਂ ਵੀ ਆਪ ਹੀ ਕਰਦਾ ਹੈ ਅਤੇ ਉਹ ਆਪ ਹੀ ਜਾਣਦਾ ਹੈ ਕਿ ਕਿਸ ਨੂੰ ਕੀ ਦੇਣਾ ਹੈ। ਜਿਸ ਮਨੁੱਖ ਨੂੰ ਉਸ ਸਦੀਵੀ ਅਤੇ ਅਵਿਨਾਸ਼ੀ ਅਕਾਲ ਪੁਰਖ ਪਾਸੋਂ ਮਤਿ ਅਤੇ ਬੁਧਿ ਦੀ ਦਾਤ ਮਿਲਦੀ ਹੈ, ਉਸ ਦੇ ਹਰ ਤਰ੍ਹਾਂ ਦੇ ਸ਼ੰਕੇ ਨਵਿਰਤ ਹੋ ਜਾਂਦੇ ਹਨ, ਉਸ ਦੇ ਮਨ ਦੀ ਭਟਕਣ ਦੂਰ ਹੋ ਜਾਂਦੀ ਹੈ,

ਆਪਿ ਬੁਝਾਏ ਸੋਈ ਬੂਝੈ॥
ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ॥
ਕਹਿ ਕਹਿ ਕਥਨਾ ਮਾਇਆ ਲੂਝੈ॥
ਹੁਕਮੀ ਸਗਲ ਕਰੇ ਆਕਾਰ॥
ਆਪੇ ਜਾਣੈ ਸਰਬ ਵੀਚਾਰ॥
ਅਖਰ ਨਾਨਕ ਅਖਿਓ ਆਪਿ॥
ਲਹੈ ਭਰਾਤਿ ਹੋਵੈ ਜਿਸੁ ਦਾਤਿ॥੨॥
(ਪੰਨਾ ੧੫੦)

ਗੁਰਮਤਿ ਦਰਸ਼ਨ ਅਨੁਸਾਰ ਸਿੱਖ ਧਰਮ ਦਾ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਹੋਇਆ ਹੈ। ਗੁਰੂ ਸਾਹਿਬਾਨ ਨੂੰ ਰੱਬ ਨਾਲ ਆਪਣੀ ਇਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਅਨੁਭਵ ਹੋਇਆ, ਉਸ ਦਾ ਪ੍ਰਗਟਾਵਾ ਉਨ੍ਹਾਂ ਨੇ ਆਪਣੀ ਬੋਲੀ ਵਿਚ ਸ਼ਬਦ ਦੇ ਰੂਪ ਵਿਚ, ਬਾਣੀ ਦੇ ਰੂਪ ਵਿਚ ਕੀਤਾ ਹੈ। ਇਸੇ ਲਈ ਸ਼ਬਦ ਨੂੰ, ਬਾਣੀ ਨੂੰ ਧੁਰੋਂ ਆਈ ਮੰਨਿਆ ਗਿਆ ਹੈ ਜਿਸ ਦੇ ਪ੍ਰਕਾਸ਼ਨ ਦਾ ਮਾਧਿਅਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਹੈ। ਇਹ ਇੱਕ ਲਗਾਤਾਰ ਅਮਲ ਹੈ ਜੋ

> **ਵਾਹਿਗੁਰੂ ਦੀ ਰਜ਼ਾ ਵਿਚ ਚੱਲਣ ਦੀ ਦਾਤ ਸਭ ਤੋਂ ਵੱਡੀ ਦਾਤ ਹੈ। ਉਸ ਦੀ ਰਜ਼ਾ ਵਿਚ ਰਹਿਣਾ ਹੀ ਸਭ ਤੋਂ ਵੱਡੀ ਬਖਸ਼ਿਸ਼ ਹੈ।**

ਬਾਨੀ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਅਤੇ ਆਖਰੀ ਸਰੀਰਕ ਗੁਰੂ ਗੋਬਿੰਦ ਸਿੰਘ ਤੱਕ ਨਿਰੰਤਰਤਾ ਵਿਚ ਹੈ। ਇਸ ਦਾ ਆਗਾਜ਼ ਗੁਰੂ ਨਾਨਕ ਸਾਹਿਬ ਦੇ 'ਵੇਈਂ ਨਦੀ ਪ੍ਰਵੇਸ਼' ਤੋਂ ਮੰਨਿਆ ਜਾਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਨਾਲ ਲੰਬੇ ਸਮੇਂ ਵਿਚ ਪੂਰਾ ਹੁੰਦਾ ਹੈ। ਇਸੇ ਲਈ ਦਸ ਗੁਰੂ ਸਾਹਿਬਾਨ ਵਿਚ ਇੱਕੋ ਜੋਤਿ ਪਰਵਾਨ ਕੀਤੀ ਗਈ ਹੈ।

ਸ਼ਬਦ ਨੂੰ, ਬਾਣੀ ਨੂੰ ਸਦੀਵੀ ਪਰਵਾਨ ਕੀਤਾ ਗਿਆ ਹੈ ਜਦ ਕਿ ਸਰੀਰ ਬਿਨਸਣਹਾਰ ਹੈ। ਗੁਰੂ ਦਾ ਸ਼ਬਦ, ਗੁਰੂ ਦੀ ਬਾਣੀ ਹੀ ਗੁਰੂ ਹੈ ਜੋ ਸਰਬ ਸਮਿਆਂ ਵਾਸਤੇ ਮਨੁੱਖ ਦੀ ਅਗਵਾਈ ਕਰਨ ਦੇ ਸਮਰੱਥ ਹੈ। ਇਹ ਦਰਜਾ ਬਾਣੀ ਨੂੰ ਬਾਕਾਇਦਾ ਪਰੰਪਰਕ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਮਿਆਂ ਵਾਸਤੇ ਸਿੱਖਾਂ ਦਾ ਗੁਰੂ ਹੈ ਜਿਸ ਤੋਂ ਅਗਵਾਈ ਲੈਣੀ ਹੈ। ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਇਲਹਾਮ ਦੇ ਇਸੇ ਸਿੱਖ ਸਿਧਾਂਤ ਦਾ ਇਜ਼ਹਾਰ ਕੀਤਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਪਉੜੀ ਵਿਚ ਆਪਣੇ ਆਪ ਨੂੰ ਅਕਾਲ ਪੁਰਖ ਦਾ ਢਾਢੀ ('ਵਾਰ' ਗਾਉਣ ਵਾਲਾ) ਕਿਹਾ ਹੈ।

ਗੁਰੂ ਸਾਹਿਬ ਅਨੁਸਾਰ ਮੈਂ ਵਿਹਲਾ ਸੀ ਜਿਸ ਕੋਲ ਕੰਮ ਨਹੀਂ ਸੀ। ਅਕਾਲ ਪੁਰਖ ਨੇ ਮੈਨੂੰ ਆਪਣਾ ਢਾਢੀ ਬਣਾ ਕੇ ਅਸਲ ਕੰਮ ਲਾ ਦਿੱਤਾ। ਮੈਨੂੰ ਪਰਮਾਤਮਾ ਵੱਲੋਂ ਹੁਕਮ ਹੋਇਆ ਹੈ ਕਿ ਭਾਵੇਂ ਰਾਤ ਹੋਵੇ, ਭਾਵੇਂ ਦਿਨ-ਹਰ ਸਮੇਂ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਰਹਿਣਾ ਹੈ, ਉਸ ਦੇ ਗੁਣਾਂ ਦਾ ਜਸ ਗਾਉਂਦੇ ਰਹਿਣਾ ਹੈ। ਜਦੋਂ ਮੈਂ ਢਾਢੀ ਉਸ ਦੀ ਸਿਫਤਿ-ਸਾਲਾਹ ਵਿਚ ਲੱਗਾ ਹੋਇਆ ਸੀ ਤਾਂ ਮੈਨੂੰ ਅਕਾਲ ਪੁਰਖ ਨੇ ਆਪਣੀ ਹਜ਼ੂਰੀ ਵਿਚ, ਆਪਣੇ ਮਹਿਲ ਵਿਚ ਬੁਲਾਇਆ। ਉਸ ਨੇ ਮੈਨੂੰ ਆਪਣੀ ਸੱਚੀ ਸਿਫਤਿ-ਸਾਲਾਹ ਰੂਪੀ ਸਿਰੋਪਾਉ ਦੀ ਬਖਸ਼ਿਸ਼ ਕੀਤੀ। ਮੈਨੂੰ ਅਕਾਲ ਪੁਰਖ ਦਾ ਸਦੀਵੀ ਕਾਇਮ ਰਹਿਣ ਵਾਲਾ, ਆਤਮਕ ਜੀਵਨ ਦੇਣ ਵਾਲਾ ਨਾਮ ਭੋਜਨ ਰੂਪ ਵਿਚ ਉਸ ਅਕਾਲ ਪੁਰਖ ਪਾਸੋਂ ਪ੍ਰਾਪਤ ਹੋਇਆ। ਜਿਸ ਜਿਸ ਮਨੁੱਖ ਨੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਇਹ ਨਾਮ ਰੂਪੀ ਅੰਮ੍ਰਿਤ ਦਾ ਭੋਜਨ ਰੱਜ ਕੇ ਖਾਧਾ ਹੈ, ਉਸ ਨੇ ਸੁਖ ਪਾਇਆ ਹੈ, ਅਨੰਦ ਪ੍ਰਾਪਤ ਕੀਤਾ ਹੈ। ਮੈਂ ਉਸ ਦਾ ਢਾਢੀ ਜਿਉਂ ਜਿਉਂ ਉਸ ਦੇ ਨਾਮ ਦੀ ਸਿਫਤਿ ਕਰਦਾ ਹਾਂ, ਉਸ ਦੇ ਗੁਣਾਂ ਦਾ ਗਾਇਨ ਕਰਦਾ ਹਾਂ, ਅਕਾਲ ਪੁਰਖ ਦੇ ਦਰ ਤੋਂ ਮਿਲੇ ਇਸ ਨਾਮ ਭੋਜਨ ਨੂੰ ਛਕਦਾ ਹਾਂ ਤਿਵੇਂ ਤਿਵੇਂ ਇਸ ਦਾ ਅਨੰਦ ਪ੍ਰਾਪਤ ਕਰਦਾ ਹਾਂ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਉਸ ਸੱਚੇ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਕੇ, ਉਸ ਦਾ ਜੱਸ ਗਾ ਕੇ ਉਸ ਪੂਰਨ ਅਕਾਲ ਪੁਰਖ ਨੂੰ ਪਾ ਲਈਦਾ ਹੈ, ਉਸ ਦੀ ਪ੍ਰਾਪਤੀ ਹੁੰਦੀ ਹੈ,

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ
ਪੂਰਾ ਪਾਇਆ॥੨੭॥ (ਪੰਨਾ ੧੫੦)

ਇਸੇ ਸਿਧਾਂਤ ਦੀ ਵਿਆਖਿਆ ਸਿੱਖ ਧਰਮ ਦੇ ਪਹਿਲੇ ਵਿਦਵਾਨ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਕੀਤੀ ਹੈ। ਭਾਈ ਗੁਰਦਾਸ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਦੱਸਦੇ ਹਨ ਕਿ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੇ ਦਰਵਾਜ਼ੇ ਤੋਂ ਬਖਸ਼ਿਸ਼ ਪ੍ਰਾਪਤ ਹੋਈ। ਉਸ ਤੋਂ ਪਿੱਛੋਂ ਫਿਰ ਉਨ੍ਹਾਂ ਨੇ ਉਦਮ ਕੀਤਾ, ਨਾਮ ਦੀ ਕਮਾਈ ਕੀਤੀ। ਗੁਰੂ ਬਾਬੇ ਨੇ ਸਾਦਾ ਭੋਜਨ ਕੀਤਾ ਅਤੇ ਆਪਣਾ ਸਾਦਾ ਵਿਛਾਉਣਾ ਕੀਤਾ ਅਰਥਾਤ ਆਪਣੀਆਂ ਨਿਜੀ ਜ਼ਰੂਰਤਾਂ ਨੂੰ ਬਹੁਤ ਸੀਮਤ ਰੱਖਿਆ ਅਤੇ ਸਾਦਾ ਜੀਵਨ ਨਿਰਬਾਹ ਕੀਤਾ।

ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਨਾਮ ਅਭਿਆਸ ਦੀ ਤਪੱਸਿਆ ਕੀਤੀ, ਮਿਹਨਤ ਕੀਤੀ ਅਤੇ ਉਨ੍ਹਾਂ ਦੇ ਵੱਡੇ ਭਾਗਾਂ ਕਾਰਨ, ਬੁਲੰਦ ਕਿਸਮਤ ਸਦਕਾ ਉਨ੍ਹਾਂ ਦੀ ਸੁਰਤਿ ਅਕਾਲ ਪੁਰਖ ਨਾਲ ਇਕਸੁਰ ਹੋ ਗਈ। ਇਸ ਇਕਸੁਰਤਾ ਵਿਚ ਬਾਬਾ ਸੱਚਖੰਡ ਭਾਵ ਅਕਾਲ ਪੁਰਖ ਦੇ ਦਰਬਾਰ ਵਿਚ ਪਹੁੰਚਿਆ ਜਿੱਥੇ ਉਸ ਨੂੰ ਅਕਾਲ ਪੁਰਖ ਪਾਸੋਂ ਨਾਮ ਦਾ ਖਜ਼ਾਨਾ ਅਤੇ ਹਲੀਮੀ ਦੀ ਬਖਸ਼ਿਸ਼ ਹੋਈ। ਇਸ ਪ੍ਰਾਪਤੀ ਦੇ ਪਿੱਛੋਂ ਬਾਬੇ ਨੇ ਜਦੋਂ ਧਿਆਨ ਲਗਾਇਆ ਤਾਂ ਉਨ੍ਹਾਂ ਨੂੰ ਇਹ ਸੰਸਾਰ ਦੁੱਖ ਵਿਚ ਜਲਦਾ ਨਜ਼ਰ ਆਇਆ। ਗੁਰੂ ਦੀ ਅਗਵਾਈ ਨਾ ਹੋਣ ਕਰਕੇ ਸਾਰੀ ਲੋਕਾਈ ਦੁੱਖ ਵਿਚ ਕੁਰਲਾ ਰਹੀ ਸੀ ਅਤੇ ਲੋਕਾਈ ਨੂੰ ਇਸ ਦੁੱਖ ਵਿਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ। ਸੰਸਾਰ ਨੂੰ ਦੁੱਖ ਵਿਚੋਂ ਪਾਰ ਹੋਣ ਦਾ ਰਸਤਾ ਦੱਸਣ ਲਈ ਬਾਬੇ ਨੇ ਉਦਾਸੀਆਂ ਵਾਲਾ ਵੇਸ ਧਾਰਨ ਕਰ ਲਿਆ, ਉਦਾਸੀ ਦੀ ਰੀਤ ਸ਼ੁਰੂ ਕੀਤੀ ਅਤੇ ਦੁਨੀਆਂ ਦਾ ਸੁਧਾਰ ਕਰਨ ਵਾਸਤੇ ਨਿਕਲ ਤੁਰਿਆ,

ਪਹਿਲਾ ਬਾਬੇ ਪਾਯਾ ਬਖਸੁ ਦਰਿ
ਪਿਛੋਦੇ ਫਿਰਿ ਘਾਲਿ ਕਮਾਈ।
ਰੇਤੁ ਅੱਕੁ ਆਹਾਰੁ ਕਰਿ
ਰੋੜਾ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪਸਿਆ
ਵਡੇ ਭਾਗਿ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਿ ਖੰਡਿ
ਨਉ ਨਿਧਿ ਨਾਮੁ ਗਰੀਬੀ ਪਾਈ।
ਬਾਬਾ ਦੇਖੈ ਧਿਆਨੁ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ,
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥

# ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ

**ਆਸਾ ਮਹਲਾ ੫**
ਸਰਬ ਸੁਖਾ ਮੈ ਭਾਲਿਆ
ਹਰਿ ਜੇਵਡੁ ਨ ਕੋਈ॥
ਗੁਰ ਤੁਠੇ ਤੇ ਪਾਈਐ
ਸਚੁ ਸਾਹਿਬੁ ਸੋਈ॥੧॥
ਬਲਿਹਾਰੀ ਗੁਰ ਆਪਣੇ
ਸਦ ਸਦ ਕੁਰਬਾਨਾ॥
ਨਾਮੁ ਨ ਵਿਸਰਉ ਇਕੁ ਖਿਨੁ ਚਸਾ
ਇਹੁ ਕੀਜੈ ਦਾਨਾ॥੧॥ਰਹਾਉ॥
ਭਾਗਠੁ ਸਚਾ ਸੋਇ ਹੈ
ਜਿਸੁ ਹਰਿ ਧਨੁ ਅੰਤਰਿ॥
ਸੋ ਛੂਟੈ ਮਹਾ ਜਾਲ ਤੇ
ਜਿਸੁ ਗੁਰ ਸਬਦੁ ਨਿਰੰਤਰਿ॥੨॥
ਗੁਰ ਕੀ ਮਹਿਮਾ ਕਿਆ ਕਹਾ
ਗੁਰੁ ਬਿਬੇਕ ਸਤ ਸਰੁ॥
ਓਹੁ ਆਦਿ ਜੁਗਾਦੀ ਜੁਗਹ
ਜੁਗੁ ਪੂਰਾ ਪਰਮੇਸਰੁ॥੩॥
ਨਾਮੁ ਧਿਆਵਹੁ ਸਦ ਸਦਾ
ਹਰਿ ਹਰਿ ਮਨੁ ਰੰਗੇ॥
ਜੀਉ ਪ੍ਰਾਣ ਧਨੁ ਗੁਰੂ ਹੈ
ਨਾਨਕ ਕੈ ਸੰਗੇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਸੰਸਾਰਕ ਅਤੇ ਆਤਮਕ ਸੁਖਾਂ ਦੀ ਵਿਚਾਰ ਕਰਦੇ ਹੋਏ ਆਖਦੇ ਹਨ, ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ, ਹੇ ਭਾਈ! ਮੈਂ ਇਸ ਜਗਤ ਦੇ ਸਾਰੇ ਹੀ ਸੁਖਾਂ ਨੂੰ ਭਾਲ ਕੇ ਨੇੜਿਉਂ ਹੋ ਕੇ ਦੇਖ ਲਿਆ ਹੈ, ਪਰ ਉਸ ਮਿਹਰਵਾਨ ਪ੍ਰਭ ਦੇ ਮਿਲਾਪ ਜਿਹਾ ਪਿਆਰਾ ਸੁਖ ਹੋਰ ਕੋਈ ਵੀ ਨਹੀਂ; ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ, ਪਰ ਉਸ ਸਚੇ ਪ੍ਰੀਤਮ ਦਾ ਮਿਲਾਪ ਉਦੋਂ ਹੀ ਹੁੰਦਾ ਹੈ, ਜਦੋਂ ਗੁਰੂ ਮਿਹਰ ਵਿਚ ਆਪ ਆ ਕੇ ਦੇਵੇ।

ਬਲਿਹਾਰੀ ਗੁਰ ਆਪਣੇ
ਸਦ ਸਦ ਕੁਰਬਾਨਾ॥
ਨਾਮੁ ਨ ਵਿਸਰਉ ਇਕੁ ਖਿਨੁ ਚਸਾ
ਇਹੁ ਕੀਜੈ ਦਾਨਾ॥੧॥ਰਹਾਉ॥

ਸ਼ਬਦ ਦੀ 'ਰਹਾਉ' ਦੀ ਪੰਕਤੀ ਵਿਚ

## ਗੁਰਬਾਣੀ ਗਿਆਨ

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਮੈਂ ਤਾਂ ਆਪਣੇ ਅਤਿ ਸੋਹਣੇ, ਅਤਿ ਪਿਆਰੇ ਗੁਰੂਦੇਵ ਤੋਂ ਸਦਾ ਸਦਾ ਬਲਿਹਾਰ ਜਾਂਦਾ ਹਾਂ, ਸਦਾ ਸਦਾ ਕੁਰਬਾਨ ਜਾਂਦਾ ਹਾਂ। ਹੇ ਭਾਈ! ਮੈਂ ਤਾਂ ਆਪਣੇ ਗੁਰਦੇਵ ਦੇ ਚਰਨਾਂ ਵਿਚ ਹਰ ਸਮੇਂ ਇਹੋ ਹੀ ਬੇਨਤੀ ਕਰਦਾ ਹਾਂ, ਹੇ ਸਤਿਗੁਰੂ ਜੀਓ! ਮੈਨੂੰ ਇਹ ਦਾਨ ਦਿਓ ਕਿ ਮੈਂ ਪ੍ਰਭੂ ਦੇ ਨਾਮ ਨੂੰ ਇਕ ਪਲ ਲਈ ਭੀ ਨਾ ਵਿਸਾਰਾਂ।

ਭਾਗਠੁ ਸਚਾ ਸੋਇ ਹੈ
ਜਿਸੁ ਹਰਿ ਧਨੁ ਅੰਤਰਿ॥
ਸੋ ਛੂਟੈ ਮਹਾ ਜਾਲ ਤੇ
ਜਿਸੁ ਗੁਰ ਸਬਦੁ ਨਿਰੰਤਰਿ॥੨॥

ਗੁਰਦੇਵ ਪਿਤਾ ਕਿਡੇ ਸੋਹਣੇ ਢੰਗ ਨਾਲ ਜੀਵ ਨੂੰ ਪ੍ਰੇਰਨਾ ਦਿੰਦੇ ਆਖਦੇ ਹਨ, ਹੇ ਭਾਈ! ਸਹੀ ਮਾਇਨੇ ਵਿਚ ਤਾਂ ਉਹੀ ਜੀਵ ਭਾਗਠੁ ਭਾਗਾਂ ਵਾਲਾ ਹੈ, ਸ਼ਾਹੂਕਾਰ ਹੈ ਜਿਸ ਦੇ ਅੰਦਰ ਹਰੀ ਪਰਮਾਤਮਾ ਦਾ ਨਾਮ ਰੂਪੀ ਖਜ਼ਾਨਾ ਧਨ ਭਰਿਆ ਪਿਆ ਹੋਵੇ। ਹੇ ਭਾਈ! ਵਿਕਾਰਾਂ ਭਰੇ ਇਸ ਸੰਸਾਰ ਦੇ ਮੋਹ ਮਾਇਆ ਦੇ ਮਹਾਂ ਜਾਲ ਵਿਚ ਫਸਣ ਤੋਂ ਉਹ ਜੀਵ ਹੀ ਬਚ ਸਕਦਾ ਹੈ ਜਿਸ ਦੇ ਅੰਦਰ ਪੂਰੇ ਗੁਰੂ ਦਾ ਸ਼ਬਦ ਲਗਾਤਾਰ ਚਲਦਾ ਰਹੇ।

ਗੁਰ ਕੀ ਮਹਿਮਾ ਕਿਆ ਕਹਾ
ਗੁਰੁ ਬਿਬੇਕ ਸਤ ਸਰੁ॥
ਓਹੁ ਆਦਿ ਜੁਗਾਦੀ ਜੁਗਹ
ਜੁਗੁ ਪੂਰਾ ਪਰਮੇਸਰੁ॥੩॥

ਸਾਹਿਬ ਗੁਰਦੇਵ ਪਿਤਾ ਪੂਰੇ ਗੁਰੂ ਦੀ ਉਪਮਾ ਕਰਦੇ ਆਖ ਰਹੇ ਹਨ, ਹੇ ਭਾਈ! ਭਲਾ ਮੈਂ ਕਿਵੇਂ ਇਹ ਦੱਸ ਸਕਦਾ ਹਾਂ, ਮੈਂ ਤਾਂ ਦੱਸਣ ਦੇ ਯੋਗ ਹੀ ਨਹੀਂ ਹਾਂ ਕਿ ਗੁਰੂ ਕਿੰਨੀ ਵੱਡੀ ਅਤੇ ਉਚੀ-ਸੁਚੀ ਆਤਮਾ ਹੈ, ਗੁਰੂ ਤਾਂ ਬਿਬੇਕ ਦਾ ਸਰੋਵਰ ਹੈ, ਉਚੇ-ਸੁਚੇ ਆਚਰਨ ਦਾ ਲਬਾ-ਲਬ ਭਰਿਆ ਪਿਆ ਸਰੋਵਰ ਹੈ। ਗੁਰੂ ਪਰਮੇਸ਼ਰ ਦਾ ਸਰੂਪ ਹੈ ਜੋ ਸ਼ੁਰੂ ਤੋਂ ਹੀ ਹੈ, ਜੁਗਾਂ ਦੇ ਆਦਿ ਤੋਂ ਹੈ ਅਤੇ ਹਰ ਜੁਗ ਵਿਚ ਮੌਜੂਦ ਹੈ।

ਨਾਮੁ ਧਿਆਵਹੁ ਸਦ ਸਦਾ
ਹਰਿ ਹਰਿ ਮਨੁ ਰੰਗੇ॥
ਜੀਉ ਪ੍ਰਾਣ ਧਨੁ ਗੁਰੂ ਹੈ
ਨਾਨਕ ਕੈ ਸੰਗੇ॥੪॥

ਸ਼ਬਦ ਦੇ ਅਖੀਰ ਵਿਚ ਤਾਰਨਹਾਰ ਗੁਰਦੇਵ ਪ੍ਰੇਰਨਾ ਕਰਦੇ ਹਨ, ਹੇ ਭਾਈ! ਉਸ ਮਿਹਰਵਾਨ ਪ੍ਰਭ ਦੇ ਸੋਹਣੇ ਨਾਮ ਦਾ ਸਦਾ ਸਦਾ ਹੀ ਸਿਮਰਨ ਕਰਦੇ ਰਹੋ ਅਤੇ ਆਪਣੇ ਮਨ ਨੂੰ ਉਸ ਹਰੀ ਪ੍ਰਭੂ ਦੇ ਪ੍ਰੇਮ ਰੰਗ ਵਿਚ ਸਦਾ ਸਦਾ ਲਈ ਹੀ ਰੰਗ ਕੇ ਰੱਖੋ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਗੁਰੂ ਹੀ ਮੇਰੀ ਜਿੰਦ-ਜਾਨ ਹੈ, ਗੁਰੂ ਹੀ ਮੇਰੇ ਪ੍ਰਾਣ ਹੈ, ਉਹ ਪ੍ਰਾਣਾਂ ਤੋਂ ਪਿਆਰਾ ਗੁਰੂ ਸਦਾ ਹੀ ਨਾਨਕ ਦੇ ਅੰਗ-ਸੰਗ ਰਹਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿਰੜੀ ਤੇ ਸੁਹਿਰਦ ਕਵਿਤਰੀ ਦੇਵਿੰਦਰ ਕੌਰ ਗੁਰਾਇਆ

**ਸਾਹਿਤ ਦੇ ਰੰਗ**

ਪੰਜਾਬੀ ਕਵਿਤਰੀਆਂ ਵਿਚ ਨਵਾਂ ਨਾਂ ਦੇਵਿੰਦਰ ਗੁਰਾਇਆ ਪੰਜਾਬੀ ਕਾਵਿ ਲਈ ਸ਼ੁਭ ਸ਼ਗਨ ਹੈ। ਸੰਸਾਰ ਕਾਵਿ ਦੇ ਅਨੁਰੂਪ ਹੀ ਪੰਜਾਬੀ ਕਾਵਿ ਦਾ ਮੁਹਾਂਦਰਾ ਹਾਲਾਤ ਅਨੁਸਾਰ ਬਦਲ ਰਿਹਾ ਹੈ। ਅਜੋਕੀ ਕਵਿਤਾ ਵਿਚਾਰਧਾਰਾ ਦੀ ਨਿਰੀ ਸਾਖੇਪ ਪੇਸ਼ਕਾਰੀ ਨਹੀਂ, ਸਗੋਂ ਅਨੁਭਵ ਦੇ ਵਿਸ਼ਾਲ ਸੰਸਾਰ ਤੋਂ ਉਪਜਿਆ ਪ੍ਰਵਾਹ ਹੈ। ਦੇਵਿੰਦਰ ਅੱਜ ਕੱਲ੍ਹ ਅਮਰੀਕਾ ਰਹਿੰਦੀ ਹੈ ਜਿਥੇ ਵੱਖ-ਵੱਖ ਸੋਚਾਂ-ਵਿਚਾਰਾਂ ਵਾਲੇ ਲੋਕ ਵੱਖ-ਵੱਖ ਵਿਸ਼ੇਸ਼ਣ

**ਡਾ. ਸੁਰਿੰਦਰ ਸ਼ਾਂਤ**

ਵਰਤਦੇ ਹਨ, ਪਰ ਇਕ ਗੱਲ 'ਤੇ ਸਾਰੇ ਇਕਮਤ ਹੁੰਦੇ ਹਨ ਕਿ ਉਸ ਦੇਸ਼ ਦੀ ਚਕਾਚੌਂਧ, ਵਿਕਾਸ ਅਤੇ ਸਭਿਆਚਾਰਕ ਦਿਖ ਨੇ ਅਤੇ ਉਸ ਦੇ ਸੰਸਾਰ ਰਾਜਨੀਤੀ ਵਿਚ ਦਬਦਬੇ ਵਾਲੇ ਰੋਲ ਨੇ ਉਥੇ ਪੁੱਜੇ ਪਰਵਾਸੀਆਂ ਦੀਆਂ ਅੰਦਰਲੀਆਂ ਬਿਰਤੀਆਂ ਅਤੇ ਜਜ਼ਬਾਤ ਨੂੰ ਜਾਂ ਤਾਂ ਮਧੋਲ ਸੁੱਟਿਆ ਹੈ, ਜਾਂ ਵੱਖਰਾ ਮੁਹਾਣ ਮੋੜ ਦਿੱਤਾ ਹੈ। ਉਹ ਐਸਾ ਸਮੁੰਦਰ ਹੈ ਜਿਥੇ ਦੇਰ ਸਵੇਰ ਹਰ ਪਰਵਾਸੀ ਉਥੋਂ ਦਾ ਵਾਸੀ ਬਣਦਾ-ਬਣਦਾ ਆਪਣੀ ਹੋਂਦ ਨੂੰ ਪੂਰੀ ਤਰ੍ਹਾਂ ਗੁਆ ਬੈਠਾ ਹੈ, ਪਰ ਕੁਝ ਸਿਰੜੀ ਅਤੇ ਸੁਹਿਰਦ ਲੋਕ ਆਪਣੀ ਸੋਚ ਅਤੇ ਮੁਹਾਵਰੇ ਨੂੰ ਨਾ ਤਾਂ ਖੁੰਢਾ ਹੋਣ ਦਿੰਦੇ ਹਨ, ਤੇ ਨਾ ਹੀ ਕਿਸੇ ਵਿਗਾੜ ਦਾ ਸ਼ਿਕਾਰ ਹੋਣ ਦਿੰਦੇ ਹਨ। ਕੁਝ ਕਵੀ/ਲੇਖਕ ਸਿਰਫ ਰੁਦਨ ਤੱਕ ਸੀਮਤ ਰਹਿੰਦੇ ਹਨ, ਤੇ ਆਪਣੀ ਮਿੱਟੀ ਨੂੰ ਯਾਦ ਕਰਦੇ ਹਨ। ਕੋਈ ਵਿਰਲਾ ਟਾਵਾਂ ਪੂਰੇ ਜਲੌਅ ਵਿਚ ਰਹਿੰਦਾ ਹੋਇਆ ਸੰਘਰਸ਼ਸ਼ੀਲ ਰਹਿੰਦਾ ਹੈ। ਅਜਿਹਾ ਲੇਖਕ ਪਰਵਾਸੀ ਲੇਖਕਾਂ ਦੀ ਨਿੱਕੀ ਜਿਹੀ ਕਤਾਰ ਜਾਂ ਤੰਗ ਜਿਹੇ ਖਾਨੇ ਵਿਚ ਨਹੀਂ ਪੈਂਦਾ, ਸਗੋਂ ਮੁੱਖਧਾਰਾਈ ਕਾਵਿ ਪ੍ਰਵਾਹ ਦਾ ਅੰਗ ਬਣਦਾ ਹੈ। ਦੇਵਿੰਦਰ ਅਜਿਹੇ ਹੀ ਕਵੀਆਂ/ਕਵਿਤਰੀਆਂ 'ਚੋਂ ਇਕ ਹੈ ਜੋ ਅਮਰੀਕਾ ਪੁੱਜ ਕੇ ਪੰਜਾਬੀ ਸਰੋਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਿਉਂ ਦੀ ਤਿਉਂ ਪਛਾਣਦੀ ਹੈ ਅਤੇ ਕਾਵਿ-ਅਨੁਭਵ ਵਿਚ ਲਿਆਉਣ ਦਾ ਯਤਨ ਕਰ ਰਹੀ ਹੈ।

ਉਹਦੇ ਕਾਵਿ ਸੰਗ੍ਰਿਹ 'ਕੱਚੇ ਕੋਠੇ' ਵਿਚਲੀਆਂ ਵਧੇਰੇ ਕਵਿਤਾਵਾਂ ਕਵਿਤਰੀ ਦੇ ਆਪਣੇ ਅਨੁਭਵ ਦਾ ਸਹਿਜ ਪ੍ਰਗਟਾਵਾ ਹਨ। ਇਸ ਪੁਸਤਕ ਦੀ ਪਹਿਲੀ ਹੀ ਕਵਿਤਾ 'ਮਾਸਟਰ ਪੀਸ' ਕਵਿਤਾ ਕਹੀ ਜਾ ਸਕਦੀ ਹੈ। ਔਰਤ ਦਾ ਸਮਾਜਕ ਰੁਤਬਾ ਕੀ ਹੈ? ਪਰਿਵਾਰ ਵਿਚ ਉਸ ਦਾ ਸਥਾਨ ਕੀ ਹੈ? ਉਸ ਤੋਂ ਬਗੈਰ ਕਿਵੇਂ ਸਾਰਾ ਸਮਾਜਕ ਤਾਣਾ-ਬਾਣਾ ਬਿਖਰ ਜਾਂਦਾ ਹੈ? ਕਿਵੇਂ ਘਰ ਖੋਲ਼ਾ ਹੋ ਜਾਂਦਾ ਹੈ ਉਸ ਦੇ ਬਗੈਰ। ਇਹ ਕਵਿਤਾ ਦੇਵਿੰਦਰ ਦੇ ਅੰਤਹਕਰਨ ਦਾ ਸ਼ਾਬਦਿਕ ਪ੍ਰਗਟਾਵਾ ਹੈ ਜੋ ਕਵੀ ਮਨ ਦੀ ਆਵਾਜ਼ ਨਾ ਰਹਿ ਕੇ ਸਮੂਹ ਲੋਕਮਨ ਦੀ ਆਵਾਜ਼ ਹੋ ਨਿਬੜਿਆ ਹੈ,

ਮੈਂ ਕੱਚੇ ਕੋਠੇ ਦੀ ਛੱਤ ਹਾਂ
ਹਰ ਮੌਸਮ ਹੰਢਾਇਆ ਮੈਂ
ਕਦੀ ਧੁੱਪਾਂ ਨੇ ਉਖੇੜਿਆ
ਕਦੀ ਬੁਛਾੜਾਂ ਨੇ ਰੋੜ੍ਹਿਆ
ਪਰ ਮੇਰੀ ਹੋਂਦ ਨਾ ਮਰੀ।
ਮੈਂ ਡਿੱਗੀ, ਟੁੱਟੀ ਤੇ ਖਿੰਡੀ
ਮੁੜ ਛੱਤ ਬਣ ਗਈ।
ਮੈਂ ਕੱਚੇ ਕੋਠੇ ਦੀ ਛੱਤ ਹਾਂ।

ਇਹ ਨਾਰੀਤਵ ਦੀ ਮਹਾਨਤਾ ਅਤੇ ਉਸ ਦੀ ਸਦੀਵੀ ਮੌਲਿਕਤਾ ਵੱਲ ਵੀ ਸੰਕੇਤ ਕਰਦੀ ਹੈ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਹਨ ਜੋ ਨਾਰੀ ਨਾਲ ਜੁੜੇ ਸਰੋਕਾਰਾਂ ਦੀ ਤਰਜਮਾਨੀ ਕਰਦੀਆਂ ਹਨ। 'ਵੇਸਵਾ' ਅਜਿਹੀ ਹੀ ਕਵਿਤਾ ਹੈ ਜੋ ਔਰਤ ਦੀ ਮਜਬੂਰੀ ਤੇ ਬੇਵਸੀ ਨੂੰ ਪ੍ਰਗਟ ਕਰਦੀ ਹੈ, ਉਸ ਦੀ ਨਿਰਾਸ਼ਾ ਤੇ ਮਾਯੂਸੀ ਨੂੰ ਪੇਸ਼ ਕਰਦੀ ਹੈ, ਪਰ ਨਾਲ ਹੀ ਮਰਦ ਉਸ ਦੀ ਖਾਮੋਸ਼ੀ ਨੂੰ ਜ਼ਿੱਲਤ ਵਿਚ ਬਦਲ ਕੇ ਉਸ ਨੂੰ ਅਤਿ ਨੀਵਾਣਾਂ ਵੱਲ ਧੱਕਦਾ ਦੱਸਿਆ ਹੈ। ਆਪ ਫਿਰ ਉਹ ਸੁੱਚੇ ਦਾ ਸੁੱਚਾ ਘੋੜਾ ਰਹਿੰਦਾ ਹੈ। 'ਐ ਮਨੁੱਖ' ਵੀ ਅਜਿਹੀ ਹੀ ਕਵਿਤਾ ਹੈ ਜਿਸ ਵਿਚ ਸਮਾਜਕ ਮਰਿਆਦਾ ਨੂੰ ਲੰਘ ਕੇ ਮਰਦ ਸਾਰੇ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਦਿੰਦਾ ਹੈ। ਧੀ, ਭੈਣ, ਮਾਂ ਦੇ ਰਿਸ਼ਤੇ ਉਸ ਲਈ ਅਰਥਹੀਣ ਹੋ ਜਾਂਦੇ ਹਨ। 'ਮੇਰੀ ਕਵਿਤਾ' ਵਿਚ ਦੇਵਿੰਦਰ ਨੇ 'ਮੈਂ' ਨੂੰ ਸੰਬੋਧਨ ਹੁੰਦਿਆਂ ਇਸਤਰੀਤਵ ਦੇ ਧੁਰ ਅੰਦਰ ਝਾਤ ਪਾਈ ਹੈ।

ਕਵਿਤਰੀ ਅਮਰੀਕਾ ਜਾ ਕੇ ਵੀ ਪਿੰਡ ਦੀਆਂ ਯਾਦਾਂ ਨੂੰ ਉਂਜ ਹੀ ਆਪਣੇ ਸੀਨੇ ਵਿਚ ਸਮੋਈ ਬੈਠੀ ਹੈ। ਉਹ ਉਨ੍ਹਾਂ ਪਲਾਂ-ਛਿਣਾਂ ਨੂੰ ਕਵਿਤਾਵਾਂ ਰਾਹੀਂ ਫੜਨ ਦਾ ਯਤਨ ਕਰਦੀ ਹੈ ਜੋ ਉਸ ਨੇ ਆਪਣੇ ਪਿੰਡ ਦੀਆਂ ਜੂਹਾਂ ਵਿਚ ਗੁਜ਼ਾਰੇ। 'ਪਿੰਡ ਛੱਡ ਆਏ', 'ਬਾਪ', 'ਸਾਡੇ ਕਰਮ ਜੋ ਲਿਖੇ', 'ਮਿੱਟੀਏ ਨੀ ਮਾਫ ਕਰੀਂ', 'ਉਹ ਦਿਨ ਕਿਥੇ ਗਏ'



*ਦੇਵਿੰਦਰ ਕੌਰ ਗੁਰਾਇਆ*

ਆਦਿ ਕਈ ਕਵਿਤਾਵਾਂ ਅਜਿਹੇ ਹੀ ਅਹਿਸਾਸ ਨੂੰ ਮੂਰਤੀਮਾਨ ਕਰਦੀਆਂ ਹਨ ਜਿਨ੍ਹਾਂ ਵਿਚ ਆਰਥਕ ਤੇ ਸਮਾਜਕ ਸੰਘਰਸ਼ ਕਰਦਿਆਂ ਪਿੱਛਲਝਾਤ ਰਾਹੀਂ ਅਤੀਤ ਨੂੰ ਵਧੀਆ ਢੰਗ ਰਾਹੀਂ ਚਿਤਰਿਆ ਗਿਆ ਹੈ। ਪਰਾਏ ਦੇਸ਼ ਵਿਚ ਰਹਿੰਦਿਆਂ ਪਰਾਏ ਧਨ ਦਾ ਅਹਿਸਾਸ ਸਦਾ ਹੀ ਸਤਾਉਂਦਾ ਹੈ। ਨਾਲ ਹੀ ਆਪਣੀ ਮਿੱਟੀ ਵਿਚੋਂ ਪੁੱਟੇ ਜਾਣ ਦੀ ਪੀੜਾ ਵੀ ਅੰਤਰਮਨ ਨੂੰ ਹਲੂਣਦੀ ਹੈ ਅਤੇ ਪੀੜਤ ਕਰਦੀ ਹੈ। ਕਵਿਤਰੀ ਆਪਣੇ ਤੇ ਪਰਾਏ ਦੇਸ਼ ਦੀ ਫਿਜ਼ਾ, ਵਿਤਕਰੇ, ਵਿਹਾਰ, ਧਾਰਮਕ ਵਖਰੇਵੇਂ ਤੇ ਸ਼ੋਸ਼ਣ ਦੇ ਵੱਖ-ਵੱਖ ਤਰੀਕਿਆਂ ਨੂੰ ਪੇਸ਼ ਕਰਦਿਆਂ ਬੜਾ ਕਾਵਿਮਈ ਮਾਹੌਲ ਸਿਰਜਦੀ ਹੈ। ਉਸ ਦੀਆਂ ਇਹ ਕਵਿਤਾਵਾਂ ਪਰਵਾਸ ਦੇ ਦਰਦ ਦਾ ਪ੍ਰਗਟਾਵਾ ਹਨ। ਉਸ ਦੇ ਕੁਝ ਗੀਤ ਵੀ ਬੜੇ ਪਿਆਰੇ ਹਨ ਜਿਨ੍ਹਾਂ ਵਿਚ ਲੈਅ ਹੈ, ਰਸ ਹੈ, ਸੰਗੀਤ ਹੈ ਤੇ ਵਿਚਾਰਾਂ ਦੀ ਸੁੰਦਰ ਪੇਸ਼ਕਾਰੀ ਹੈ। ਇਨ੍ਹਾਂ ਵਿਚ ਭਾਵੁਕਤਾ ਹੈ ਪਰ ਚੇਤਨਾ ਵੀ ਬਰਾਬਰ ਤੁਰਦੀ ਹੈ। ਉਸ ਨੇ ਕਵਿਤਾ ਵਿਚਲੇ ਬਿੰਬ ਤੇ ਪ੍ਰਤੀਕ ਪੇਂਡੂ ਰਹਿਤਲ ਵਿਚੋਂ ਸਿਰਜੇ ਹਨ,

ਅਜੇ ਤਾਂ ਛੱਜ ਛੋਪਿਆਂ ਦਾ ਭਰਿਆ,
ਇਕ ਵੀ ਪੂਣੀ ਕੱਤੀ ਨਾ।
ਅਜੇ ਤਾਂ ਤੱਕਲਾ ਵਿੰਗਾ ਟੇਢਾ,
ਮਾਲ ਚਰਖੇ ਦੀ ਵੱਟੀ ਨਾ।
ਅਜੇ ਤਾਂ ਮੁੰਨਾ ਠੁਕਵਾਉਣ ਲਈ,
ਤਰਖਾਣਾਂ ਦੇ ਘਰ ਜਾਣਾ।
ਅਜੇ ਚਰਮਖਾਂ ਬੁਣਨ ਲਈ
ਬੇਲੇ ਤੋਂ ਕਾਹੀ ਮੰਗਵਾਣੀ।

ਕਲਾਤਮਿਕਤਾ ਕਵਿਤਰੀ ਦਾ ਅਤਿ ਸੁੰਦਰ ਗੁਣ ਹੈ ਜਿਹੜਾ ਉਸ ਦੀਆਂ ਕਵਿਤਾਵਾਂ ਨੂੰ ਹੋਰ ਸ਼ਿੱਦਤ ਨਾਲ ਪੜ੍ਹਨ ਲਈ ਮਜਬੂਰ ਕਰਦਾ ਹੈ। ਉਸ ਦੇ ਗੀਤ 'ਚੀਰੇ ਵਾਲਾ', 'ਇਕ ਕੁੜੀ', 'ਮੈਂ ਕੰਮੀਆਂ ਦੀ ਲਗਰ', 'ਜਾਣ ਵਾਲੇ ਦੀ ਯਾਦ ਵਿਚ', 'ਲਾ ਲੈ ਚੁੰਨੀ ਨੂੰ ਕਿਨਾਰੀ' ਆਦਿ ਵਧੀਆ ਗੀਤ ਹਨ।

ਵਿਦੇਸ਼ ਪੁੱਜ ਕੇ ਵਧੀਆ ਵਸੇਬੇ ਲਈ ਯਤਨਸ਼ੀਲ ਪੰਜਾਬੀਆਂ ਜਾਂ ਹੋਰ ਕੌਮਾਂ ਦੇ ਲੋਕਾਂ ਲਈ ਆਰਥਕ ਸੰਘਰਸ਼ ਜੰਗ ਤੋਂ ਘੱਟ ਨਹੀਂ ਜਿਹੜੀ ਦੇਵਿੰਦਰ ਨੂੰ ਵੀ ਲੜਨੀ ਪਈ। ਇਹ ਜੰਗ ਕੇਵਲ ਅਮਰੀਕਾ ਵਿਚ ਹੀ ਨਹੀਂ ਲੜੀ ਜਾ ਰਹੀ, ਸਗੋਂ ਸਾਰੇ ਦੇਸ਼ਾਂ ਵਿਚ ਥੁੜ੍ਹਾਂ ਮਾਰੇ ਲੋਕ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਹਨ। ਉਂਜ ਆਪਣੀ ਮਿੱਟੀ 'ਚੋਂ ਆਪਣੇ-ਆਪ ਨੂੰ ਪੁੱਟ ਕੇ ਕਿਸੇ ਬੇਗਾਨੀ ਮਿੱਟੀ ਵਿਚ ਜੜ੍ਹਾਂ ਮਜ਼ਬੂਤੀ ਨਾਲ ਲਾਉਣੀਆਂ ਸੌਖਾ ਕਾਰਜ ਨਹੀਂ। ਕਵਿਤਰੀ ਨੇ ਐਸੀਆਂ ਕਈ ਕਵਿਤਾਵਾਂ ਲਿਖੀਆਂ ਹਨ। ਵਖਰੇਵਿਆਂ, ਵਿਤਕਰਿਆਂ ਤੇ ਵਿਖਾਵਿਆਂ ਵਾਲੇ ਇਸ ਦੇਸ਼ ਵਿਚ ਹਰ ਵਿਦੇਸ਼ੀ ਬਾਸ਼ਿੰਦੇ ਨੂੰ ਜੋ ਜੱਦੋਜਹਿਦ ਕਰਨੀ ਪੈਂਦੀ ਹੈ, ਇਨ੍ਹਾਂ ਦੇਸ਼ਾਂ ਵਿਚ ਬਜ਼ੁਰਗਾਂ ਦੀ ਜੋ ਬਦਤਰ ਹਾਲਤ ਹੈ, ਉਸ ਦਾ ਬੜਾ ਯਥਾਰਥਕ ਤੇ ਮਾਰਮਿਕ ਚਿਤਰਨ ਦੇਵਿੰਦਰ ਨੇ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ,

ਪਤਾ ਲੱਗਾ ਹੀ ਨਹੀਂ
ਕਦ ਉਮਰ ਢਲ ਗਈ
ਰੱਬਾ! ਇਹ ਕੀ ਕਹਿਰ ਕਮਾ ਦਿੱਤਾ।
ਕੱਢ ਕੇ ਮਾਸਟਰ ਬੈਡਰੂਮ 'ਚੋਂ ਸੋਫੇ ਵਾਂਗੂ,
'ਬਾਪੂ' ਬੇਸਮੈਂਟ ਵਿਚ ਟਿਕਾ ਦਿੱਤਾ।
ਇਥੇ ਵੰਡਣ ਨੂੰ ਕਰਜ਼ੇ ਤੋਂ ਬਿਨਾਂ ਕੁਝ ਨਹੀਂ,
ਪਰ ਵੰਡਣ ਦੀ ਰੀਤ ਨੂੰ ਕਾਇਮ ਰੱਖਿਆ।
ਮਾਂ ਰਹੀ ਏ ਬੱਚੇ ਖਿਡਾਉਣ ਜੋਗੀ,
ਸਬਜ਼ੀ ਲਿਆਉਣ ਲਈ ਪੁੱਤਾਂ ਨੇ ਪਿਉ ਰੱਖਿਆ।

ਰਿਸ਼ਤਿਆਂ ਦੀ ਟੁੱਟ-ਭੱਜ, ਨੈਤਿਕਤਾ ਵਿਚ ਪੈ ਰਹੀਆਂ ਤਰੇੜਾਂ, ਸਫੈਦ ਹੋ ਰਿਹਾ ਖੂਨ, ਪੈਸੇ ਲਈ ਅੰਨ੍ਹੀ ਦੌੜ, ਆਪਣੀ ਹਉਂ ਨੂੰ ਪੱਠੇ ਪਾਉਣ ਦੀ ਕ-ਰੁਚੀ, ਤਿੜਕਦਾ ਆਪਾ ਅਤੇ ਧਿੰਗੋਜ਼ੋਰੀ ਦਾ ਉਤਰ ਹਰ ਥਾਂ ਪੈਰ ਪਸਾਰ ਰਿਹਾ ਹੈ। ਕਵਿਤਰੀ ਨੇ ਇਨ੍ਹਾਂ ਸਭ ਵਿਸ਼ਿਆਂ ਨੂੰ ਜਜ਼ਬ ਕਰ ਕੇ ਕਵਿਤਾ ਵਿਚ ਢਾਲਣ ਦਾ ਯਤਨ ਕੀਤਾ ਹੈ,

ਧੀਆਂ ਭੈਣਾਂ ਬਣ ਗਈਆਂ,
ਲੇਬਲ ਬਾਜ਼ਾਰ ਦਾ।
ਆਉ! ਨੰਗੇ ਜਿਸਮਾਂ ਨੂੰ,
ਪਾ ਕੇ ਕਫ਼ਨ ਢੱਕ ਦੇਈਏ।
ਇਸ ਸ਼ਹਿਰ ਨੂੰ ਪਾਵੋ ਲਾਅਨਤਾਂ,
ਫਿਟਕਾਰੋ ਵੇ ਕੋਈ।
ਇਸ ਦੀ ਹੋਂਦ ਵਿਚ
ਸਤਿਅਮ ਦਾ ਸੰਸਕਾਰ ਕਿਉਂ ਨਹੀਂ?

ਉਸ ਦੀਆਂ ਕਵਿਤਾਵਾਂ ਵਿਚ ਸ਼ਹਿਰ, ਦਹਿਸ਼ਤ, ਰਿਸ਼ਤਿਆਂ ਦਾ ਨਿੱਘ, ਔਰਤ, ਧੀਆਂ, ਮੇਰੀ ਕਥਾ, ਮੰਡੀਕਰਨ ਆਦਿ ਬੜੇ ਤੀਬਰ ਰੂਪ ਵਿਚ ਉਘੜਦੇ ਹਨ ਅਤੇ ਕਵਿਤਰੀ ਨੇ ਇਨ੍ਹਾਂ ਸਬੰਧੀ ਆਪਣੇ ਵਿਚਾਰਾਂ ਦੀ ਸੁੰਦਰ ਪੇਸ਼ਕਾਰੀ ਕੀਤੀ ਹੈ।

ਦੇਵਿੰਦਰ ਕੋਲ ਕਵਿਤਾ ਕਹਿਣ ਦੀ ਜੁਗਤ ਹੈ ਅਤੇ ਸਮਝ ਵੀ। ਆਉਣ ਵਾਲੇ ਸਮੇਂ ਵਿਚ ਉਸ ਕੋਲੋਂ ਹੋਰ ਵੀ ਵਧੀਆ ਪੁਸਤਕਾਂ ਦੀ ਆਸ ਹੈ। ਦੇਵਿੰਦਰ ਨਾਲ ਸੰਪਰਕ ਫੋਨ: 571-315-9543 ਰਾਹੀਂ ਕੀਤਾ ਜਾ ਸਕਦਾ ਹੈ।

## ਦੇਵਿੰਦਰ ਕੌਰ ਗੁਰਾਇਆ ਦੀਆਂ ਕਵਿਤਾਵਾਂ

### ਸਾਹਾਂ 'ਤੇ ਪਹਿਰੇ

ਅਸੀਂ ਜੀਵਿਆ ਹੀ ਕਦ ਹੈ
ਆਪਣੇ ਹਾਣ ਦਾ ਹੋ ਕੇ?
ਬਸ ਗੁਜ਼ਰ ਕੀਤੀ ਏ
ਕਦੀ ਹੱਸ ਕੇ ਕਦੀ ਰੋ ਕੇ।

ਅਸੀਂ ਲੱਖ ਆਖੀਏ ਉਸ ਨੂੰ
ਸਾਹਾਂ 'ਤੇ ਪਹਿਰੇ ਨਾ ਲਾਇਆ ਕਰ
ਪਰ ਉਹ ਵਿੰਨ੍ਹੇ ਹਵਾਵਾਂ ਨੂੰ
ਪੈਰੀਂ ਕੰਡੇ ਪਰੋ ਕੇ।

ਹਨੇਰੇ ਦੇ ਡਰੋਂ ਬਾਲ ਕੇ
ਘਰ ਦੀਵਾ ਰੱਖਦੇ ਹਾਂ
ਪਰ ਦਿਲ ਦੇ ਦਰਾਜਾਂ ਤੋਂ
ਰੱਖੀਏ ਚਾਨਣ ਲਕੋ ਕੇ।

ਅਸੀਂ ਤੇ ਕਸਮ ਖਾਧੀ ਸੀ
ਝੱਖੜਾਂ ਤੋਂ ਝੁੱਗੀਆਂ ਬਚਾਵਾਂਗੇ
ਪਰ ਖਿੰਡ ਰਹੇ ਹਾਂ ਖੁਦ ਹੀ
ਤੀਲ੍ਹਾ-ਤੀਲ੍ਹਾ ਹੋ ਕੇ।

---

### ਸਾਡੇ ਦਿਲ ਵਰਗਾ

ਸਾਨੂੰ ਸਾਡੇ ਦਿਲ ਵਰਗਾ
ਕੋਈ ਦਿਲਦਾਰ ਨਹੀਂ ਮਿਲਿਆ।
ਪਿਆਰ ਤੇ ਮਿਲਿਆ ਏ
ਇਜ਼ਹਾਰ ਨਹੀਂ ਮਿਲਿਆ।
ਸਾਨੂੰ ਸਾਡੇ ਦਿਲ ਵਰਗਾ...।

ਜੋ ਸਾਡੀ ਸ਼ਾਇਰੀ ਲਈ
ਗੱਲ ਐਸੀ ਕਰ ਜਾਵੇ।
ਇਕ-ਇਕ ਅੱਖਰ 'ਤੇ
ਲੱਖ ਵਾਰੀ ਮਰ ਜਾਵੇ।
ਸ਼ਬਦਾਂ ਦੀ ਮਹਿਫਿਲ ਨੂੰ
ਫਨਕਾਰ ਨਹੀਂ ਮਿਲਿਆ।
ਸਾਨੂੰ ਸਾਡੇ ਦਿਲ ਵਰਗਾ...।

ਹਿੰਮਤ ਸੀ ਸੂਰਜ ਨੂੰ
ਅੱਖੀਆਂ ਵਿਚ ਭਰ ਲਈਏ।
ਚੰਦ ਦੀ ਧਰਤੀ ਤੋਂ
ਮੁੱਠ ਚਾਨਣ ਫੜ ਲਈਏ
ਰਹੀਆਂ ਰਾਹਾਂ ਵਿਚ ਖਿੱਤੀਆਂ
ਤੇ ਸ਼ਾਹ ਸਵਾਰ ਨਹੀਂ ਮਿਲਿਆ।

ਸਾਨੂੰ ਆਪਣੇ ਖੁਦ ਉਤੇ
ਤੇ ਬੜਾ ਭਰੋਸਾ ਏ।
ਕਿਸ ਨੂੰ ਸਜਦਾ ਕਰੀਏ
ਚਹੁੰ ਦਰਾਂ 'ਤੇ ਧੋਖਾ ਏ।
ਐਵੇਂ ਰੱਬ ਰੱਬ ਕਰਦੇ ਆਂ
ਦੀਦਾਰ ਨਹੀਂ ਮਿਲਿਆ।
ਸਾਨੂੰ ਸਾਡੇ ਦਿਲ ਵਰਗਾ...।

ਦੁੱਖ ਆਪਣੇ ਹਿੱਸੇ ਦੇ
ਅਸੀਂ ਸਾਂਭ ਕੇ ਰੱਖਦੇ ਹਾਂ।
ਦੁਨੀਆਂ ਦੇ ਮੇਲੇ ਵਿਚ
ਹੱਸ ਹੱਸ ਕੇ ਨੱਚਦੇ ਹਾਂ।
ਸਾਡੇ ਜਿਹਾਂ ਜ਼ਿੰਦਗੀ ਨੂੰ
ਕੋਈ ਕਿਰਦਾਰ ਨਹੀਂ ਮਿਲਿਆ।
ਸਾਨੂੰ ਸਾਡੇ ਦਿਲ ਵਰਗਾ...।

ਕੀ ਕਰੀਏ ਇੱਜ਼ਤਾਂ ਨੂੰ
ਕੀ ਕਰੀਏ ਮਾਂਵਾਂ ਨੂੰ।
ਸੁੰਨੇ ਰਾਹ ਅਖਲਾਕਾਂ ਦੇ
ਲੱਭਦੇ ਨੇ ਹਾਣਾਂ ਨੂੰ।
ਦਿਲ ਦੀਆਂ ਪਗਡੰਡੀਆਂ ਨੂੰ
ਕੋਈ ਰਾਹਗਾਰ ਨਹੀਂ ਮਿਲਿਆ।
ਸਾਨੂੰ ਸਾਡੇ ਦਿਲ ਵਰਗਾ
ਕੋਈ ਦਿਲਦਾਰ ਨਹੀਂ ਮਿਲਿਆ।


---

### ਸ਼ਹਿਰ

ਇਸ ਸ਼ਹਿਰ ਦੀਆਂ ਕੰਧਾਂ
ਚੁੱਪ ਕਿਉਂ ਨੇ?
ਇਨ੍ਹਾਂ ਕੰਧਾਂ ਵਿਚ
ਕੋਈ ਦਰਾੜ ਕਿਉਂ ਨਹੀਂ?

ਇਸ ਸ਼ਹਿਰ ਦੀਆਂ ਖਿੜਕੀਆਂ
ਬੰਦ ਕਿਉਂ ਨੇ?
ਇਨ੍ਹਾਂ ਖਿੜਕੀਆਂ 'ਚੋਂ
ਆਉਂਦੀ ਆਵਾਜ਼ ਕਿਉਂ ਨਹੀਂ?

ਇਸ ਸ਼ਹਿਰ ਦੇ ਲੋਕ
ਲਾਸ਼ਾਂ ਕਿਉਂ ਨੇ?




***ਦੇਵਿੰਦਰ ਕੌਰ ਗੁਰਾਇਆ ਦੀ ਪੁਸਤਕ 'ਕੱਚੇ ਕੋਠੇ ਦੀ ਛੱਤ'***

ਇਨ੍ਹਾਂ ਦੇ ਬੁੱਲਾਂ 'ਤੇ
ਵਕਤ ਦੀ ਪੁਕਾਰ ਕਿਉਂ ਨਹੀਂ?

ਇਸ ਸ਼ਹਿਰ ਦੀ ਹਰ ਚੀਜ਼
ਫ਼ਰੇਬ ਕਿਉਂ ਹੈ?
ਇਸ ਸ਼ਹਿਰ ਵਿਚ
ਕਿਸੇ 'ਤੇ ਇਤਬਾਰ ਕਿਉਂ ਨਹੀਂ?

ਇਸ ਸ਼ਹਿਰ ਦੀ ਹਰ ਔਰਤ
ਇਸ਼ਤਿਹਾਰ ਕਿਉਂ ਹੈ?
ਇਸ ਦੇ ਸਿਰ 'ਤੇ
ਜੱਗ ਜਨਣੀ ਦਾ ਤਾਜ ਕਿਉਂ ਨਹੀਂ?

ਇਸ ਸ਼ਹਿਰ ਨੂੰ ਪਾਵੋ ਲਾਹਣਤਾਂ
ਫਿਟਕਾਰੋ ਵੇ ਕੋਈ,
ਇਸ ਦੀ ਹੋਂਦ ਵਿਚ
ਸਭਿਅਤਾ ਦਾ
ਸੰਸਕਾਰ ਕਿਉਂ ਨਹੀਂ?

ਇਸ ਸ਼ਹਿਰ ਨੂੰ ਦੇਵੋ ਵਾਸਤਾ
ਚੰਦ ਸੂਰਜਾਂ ਦਾ,
ਇਸ ਸ਼ਹਿਰ ਵਿਚ
ਸ਼ਰਮ-ਹਯਾ ਕਿਉਂ ਨਹੀਂ?

---

### ਔਰਤ

ਮੈਂ ਕਦੀ ਮਾਂ, ਕਦੀ ਭੈਣ
ਕਦੀ ਮਹਿਬੂਬ ਹਾਂ ਤੇਰੀ।

ਪਰ ਹਰ ਹਾਲ ਵਿਚ ਔਰਤ ਹਾਂ
ਤੇਰੀ ਹੋਂਦ ਤੇਰੀ ਹਮਸਫ਼ਰ।

ਹੰਢਾਉਣ ਤੇ ਚੱਖਣ ਲਈ
ਬਾਜ਼ਾਰ ਦੀ ਵਸਤੂ ਨਹੀਂ,
ਮੈਂ ਕਿਨਾਰੇ ਦੀ ਦਿਸ਼ਾ
ਪਗਡੰਡੀ ਹਾਂ ਮੰਜ਼ਿਲ ਹਾਂ।

ਸਮੇਂ ਦੀਆਂ ਬੰਦਸ਼ਾਂ
ਮਾਰਾਂ 'ਚ ਪਿਸਦੀ,
ਕੁੰਦਨ ਹੋ ਗਈ ਹਾਂ
ਸਿਰਜਣ ਲਈ ਕੁਝ ਨਵਾਂ।

ਫ਼ਰਜ਼ਾਂ ਨੂੰ ਪਾਲਦੀ
ਰਿਸ਼ਤਿਆਂ ਨਾਲ ਨਿਭਦੀ,
'ਗੁਰਾਇਆ' ਹੋ ਤ੍ਰਿਕਾਲ ਵੀ
ਧਰਤੀ ਬ੍ਰਹਿਮੰਡ ਹਾਂ।

---

### ਮੰਡੀਕਰਨ

ਉਹ ਮੇਰੇ ਹੀ ਉਜੜੇ
ਘਰ ਦਾ ਮਲਬਾ ਏ
ਜਿਸ ਨੂੰ ਹੂੰਝ ਕੇ
ਇਕ ਪਾਸੇ ਲਾ ਦਿੱਤਾ।

ਉਹ ਮੇਰੇ ਆਪਣੇ ਹੀ
ਸਭਿਆਚਾਰ ਦਾ ਵਿਨਾਸ਼ ਏ
ਜਿਸ ਨੂੰ ਕਰ ਕੇ ਨੰਗਾ
ਉੱਨਤੀ ਦਾ ਨਾਂ ਦਿੱਤਾ।

ਮੇਰੀ ਨਜ਼ਰ ਦਾ ਧੋਖਾ
ਮੇਰੀ ਖੁੰਢੀ ਸੋਚ ਏ
ਜਿਸ ਨੂੰ ਸ਼ਹੁਰਤ ਦਾ
ਫਿਰ ਚੂਨਾ ਲਾ ਦਿੱਤਾ।

ਉਹ ਮੇਰੀ ਕਾਇਰਤਾ ਏ
ਮੇਰੀ ਖੁਦ ਦੀ ਖੁਦਗਰਜ਼ੀ
ਜਿਸ ਨੂੰ ਵਰਗਲਾ ਕੇ
ਮੰਡੀ ਵਿਚ ਬਿਠਾ ਦਿੱਤਾ।

ਉਹ ਮੇਰੇ ਹੀ ਵਿਕ
ਜਾਣ ਦੀ ਮਨਸ਼ਾ ਏ
ਜਿਸ ਦਾ ਦੋਸ਼ ਦੁਸ਼ਮਣ
ਸਿਰ ਹੈ ਲਾ ਦਿੱਤਾ।

ਆਓ! ਚੰਗੀ ਤਰ੍ਹਾਂ ਛੋਹ ਕੇ
ਦੇਖੀਏ ਅਸੀਂ ਜ਼ਿੰਦਾ ਵੀ ਹਾਂ
ਜਿਨ੍ਹਾਂ ਆਪਣੇ ਜਿਸਮ ਨੂੰ
ਐਟਮ ਹੈ ਬਣਾ ਦਿੱਤਾ।

ਗੁਰਾਇਆ ਮੈਂ ਦੇਖ ਲਈ
ਤੇਰੇ ਉਠਣ ਦੀ ਲਾਲਸਾ
ਤਾਹੀਂ ਪਿੰਡ ਦੀਆਂ ਫਿਰਨੀਆਂ
ਨੂੰ ਵਾਹਣੀਂ ਰਲਾ ਦਿੱਤਾ।

# ਅਰਦਾਸ



*ਅਰਦਾਸ ਸਿੱਖੀ ਦੀ ਵਿਲੱਖਣ ਕਿਰਤ ਹੈ। ਸਿੱਖਾਂ ਲਈ ਇਸ ਦਾ ਬਹੁਤ ਵੱਡਾ ਮੁਕਾਮ ਹੈ। ਗੁਰ-ਵਾਕ ਅਨੁਸਾਰ ਅਰਦਾਸ ਕਦੀ ਬਿਰਥੀ ਨਹੀਂ ਜਾਂਦੀ। ਇਹ ਸਰਬੱਤ ਦੇ ਭਲੇ ਵੱਲ ਅਨੰਤ ਉਚੀ ਉਡਾਣ ਹੈ। ਸਿੱਖੀ ਵਿਚ ਸਰਬੱਤ ਦੇ ਭਲੇ ਦਾ ਸੰਕਲਪ ਉਹ ਫੈਲਾਓ ਹੈ ਜਿਸ ਵਿਚ ਸਮੁੱਚੀ ਕਾਇਨਾਤ ਸਿਮਟਦੀ ਪ੍ਰਤੀਤ ਹੁੰਦੀ ਹੈ। ਸਰਬੱਤ ਦਾ ਭਲਾ ਮੰਗਦੀ ਇਹ ਅਰਦਾਸ ਕੋਈ ਪਰੰਪਰਾ ਜਾਂ ਰੀਤ ਨਹੀਂ, ਨਾ ਹੀ ਇਹ ਕੋਈ ਰਟਣ-ਮੰਤਰ ਹੈ। ਇਹ ਤਾਂ ਅਜਿਹਾ ਅਨੁਭਵ ਹੈ ਜੋ ਪਲ-ਪਲ ਜੀਵਿਆ ਜਾਣਾ ਚਾਹੀਦਾ ਹੈ। ਇਸ ਸੂਰਤ ਵਿਚ ਹੀ ਅਰਦਾਸ ਦੀ ਸਾਰਥਿਕਤਾ ਬਣਦੀ ਹੈ। ਅਰਦਾਸ ਬਾਰੇ ਲਿਖੇ ਇਸ ਲੇਖ ਵਿਚ ਲੇਖਕ ਨੇ ਕਈ ਕੋਣਾਂ ਤੋਂ ਅਰਦਾਸ ਦੀਆਂ ਗੱਲਾਂ ਕੀਤੀਆਂ ਹਨ।-ਸੰਪਾਦਕ*

ਅਰਦਾਸ ਸਿੱਖ ਧਰਮ ਅਤੇ ਉਸ ਦੇ ਪੈਰੋਕਾਰਾਂ ਦੀ ਜ਼ਿੰਦਗੀ ਦਾ ਅਤਿਅੰਤ ਮਹੱਤਵਪੂਰਨ ਹਿੱਸਾ ਹੈ। ਸਿੱਖਾਂ ਲਈ ਇਹ ਧਾਰਮਿਕ ਪਰੰਪਰਾ ਰੱਬੀ ਹੁਕਮ ਵਾਂਗ ਹੈ ਜਿਸ ਨੂੰ ਮੰਨੇ ਜਾਂ ਕੀਤੇ ਬਿਨਾਂ ਉਸ ਦਾ ਕੋਈ ਵੀ ਕੰਮ ਨਿਰਵਿਘਨ ਸ਼ੁਰੂ ਜਾਂ ਸੰਪੂਰਨ ਹੋ ਸਕੇ, ਇਕ ਸਵਾਲੀਆ ਨਿਸ਼ਾਨ ਬਣਿਆ ਰਹਿੰਦਾ ਹੈ ਕਿਉਂਕਿ ਕਈ ਵਾਰੀ ਕਈਆਂ ਦੇ ਆਰੰਭੇ ਕਿਸੇ ਵੀ ਤਰ੍ਹਾਂ ਦੇ ਕਾਰਜ ਜੇ ਪਰੰਪਰਾਗਤ ਅਰਦਾਸ ਰਾਹੀਂ ਨਹੀਂ ਕਰਵਾਏ ਗਏ

**ਸੰਪੂਰਨ ਸਿੰਘ**
**ਫੋਨ: 281-635-7466**

ਹੁੰਦੇ, ਤੇ ਉਹ ਨੇਪਰੇ ਨਹੀਂ ਚੜ੍ਹਦੇ ਤਾਂ ਸਬੰਧਤ ਵਿਅਕਤੀ ਜਾਂ ਪਰਿਵਾਰ ਤੇ ਉਸ ਦੇ ਆਸ ਪਾਸ ਇਹ ਭਰਮ ਪੈਦਾ ਹੋ ਜਾਂਦਾ ਹੈ ਜਾਂ ਕਰ ਦਿੱਤਾ ਜਾਂਦਾ ਹੈ। ਇਸ ਲਈ ਅਰਦਾਸ ਕਈ ਕਾਰਨਾਂ ਕਰ ਕੇ ਸਿੱਖੀ ਜੀਵਨ ਦਾ ਅਨਿਖੜਵਾਂ ਅੰਗ ਪ੍ਰਵਾਨਤ ਹੈ।

ਮੈਂ ਅਰਦਾਸ ਦੇ ਇਸ ਸੰਕਲਪ ਨੂੰ ਗੁਰੂ ਸਾਹਿਬਾਨ ਰਾਹੀਂ ਦਰਸਾਏ ਮਾਰਗ ਦਰਸ਼ਨ ਦੀ ਰੋਸ਼ਨੀ ਵਿਚ ਹੀ ਵਾਚਣ ਦਾ ਨਿਮਾਣਾ ਜਿਹਾ ਯਤਨ ਕਰਾਂਗਾ। ਜਿੰਨੀ ਕੁ ਮੇਰੀ ਤੁਛ ਬੁੱਧੀ ਹੈ (ਅਨੁਭਵ ਨਹੀਂ), ਮਹਾਂਪੁਰਸ਼ਾਂ ਦੀਆਂ ਰਚਨਾਵਾਂ ਪੜ੍ਹ ਕੇ, ਉਨ੍ਹਾਂ ਦੇ ਵਿਖਿਆਨ ਸੁਣ ਕੇ, ਜਾਂ ਉਨ੍ਹਾਂ ਦੇ ਜੀਵਨ ਅਨੁਭਵ ਸਬੰਧੀ ਜਾਣਕਾਰੀ ਹਾਸਲ ਕਰ ਕੇ ਮੈਂ ਮਹਿਸੂਸ ਕੀਤਾ ਹੈ ਕਿ ਅਰਦਾਸ ਮਨੁੱਖੀ ਹਿਰਦੇ ਦੀ ਉਹ ਵੇਦਨਾ ਜਾਂ ਤੜਫ ਹੈ ਜਿਹੜੀ ਸਬੰਧਤ ਵਿਅਕਤੀ ਦੇ ਧੁਰ ਅੰਦਰੋਂ, ਉਸ ਦੇ ਸਵਾਸਾਂ ਨੂੰ ਛੂੰਹਦੀ ਹੋਈ, ਉਸ ਦੇ ਅਥਰੂਆਂ ਨਾਲ ਭਿਜ ਕੇ, ਆਪਣੇ ਗੁਰੂ ਜਾਂ ਅਕਾਲ ਪੁਰਖ ਨੂੰ ਸਨਮੁਖ ਜਾਣ ਕੇ (ਬਾਹਰਲੀਆਂ ਨਹੀਂ ਅੰਦਰੂਨੀ ਅੱਖਾਂ ਨਾਲ) ਰੁਪਾਂਤਰਤ ਹੁੰਦੀ ਹੈ ਜੋ ਬਿਰਥੀ ਨਹੀਂ ਜਾ ਸਕਦੀ, ਨਾ ਜਾਣੀ ਚਾਹੀਦੀ ਹੈ ਕਿਉਂਕਿ ਗੁਰੂ ਸਾਹਿਬ ਦਾ ਫਰਮਾਨ 'ਬਿਰਥੀ ਕਦੇ ਨਾ ਹੋਵਈ ਜਨੁ ਕੀ ਅਰਦਾਸਿ' ਠੋਸ ਤੇ ਪ੍ਰਤਖ ਗਵਾਹੀ ਹੈ। ਕਿਉਂਕਿ ਗੁਰਬਾਣੀ ਉਹ ਰੱਬੀ ਬਾਣੀ ਹੈ ਜਿਸ ਦੀ ਹਰ ਤੁਕ ਤੇ ਹਰ ਅੱਖਰ, ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਉਸ ਰੱਬੀ ਹੁਕਮ ਵਾਂਗ ਹੈ ਜਿਸ ਦੀ ਸਾਰਥਿਕਤਾ ਸਬੰਧੀ ਕਿਤੇ ਵੀ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਗਦਾ।

ਅਰਦਾਸ ਦੇ ਸਬੰਧ ਵਿਚ ਲਿਖਣ ਦਾ ਵਿਚਾਰ ਮੇਰੇ ਮਨ ਵਿਚ ਉਠੇ ਵਾਰ-ਵਾਰ ਇਸ ਸਵਾਲ ਨਾਲ ਪੈਦਾ ਹੋਇਆ ਕਿ ਸਮੁਚਾ ਸਿੱਖ ਜਗਤ ਅਨੇਕਾਂ ਵਾਰੀ ਗੁਰੂ ਚਰਨਾਂ ਵਿਚ ਅਰਦਾਸ ਕਰਦਾ ਹੈ। ਅਰਦਾਸ ਵਿਚ ਅਨੇਕਾਂ ਮੰਗਾਂ ਵੀ ਹੁੰਦੀਆਂ ਹਨ ਜਿਨ੍ਹਾਂ ਦੇ ਮੰਨੇ ਜਾਣ ਪ੍ਰਤੀ ਸ਼ੰਕਾ ਅਕਸਰ ਮੇਰੇ ਮਨ ਵਿਚ ਬਣਿਆ ਰਿਹਾ ਹੈ। ਕਾਰਨ ਕੀ ਹੈ? ਜਦ ਕਿ ਅਰਦਾਸ ਦੇ ਬਿਰਥਾ ਨਾ ਹੋਣ ਦੀ ਗੱਲ ਆਪ ਗੁਰੂ ਸਾਹਿਬ ਵਲੋਂ ਕੀਤੀ ਗਈ ਹੈ? ਸਾਡੀ ਅਰਦਾਸ ਅਜਿਹੀ ਵਿਲੱਖਣ ਕਿਰਤ ਹੈ ਜਿਹੜੀ ਸਮੇਂ ਦੇ ਤਕਰੀਬਨ ਸਾਰੇ ਹੀ ਮਹਾਂਪੁਰਸ਼ਾਂ ਤੇ ਪੰਥਕ ਬੁਧੀਜੀਵੀਆਂ ਦੀ ਦੂਰ ਦ੍ਰਿਸ਼ਟੀ ਵਾਲੀ ਸੂਝ ਤੇ ਅਣਥੱਕ ਮਿਹਨਤ ਦਾ ਨਤੀਜਾ ਹੈ ਜਿਸ ਦਾ ਹਰ ਲਫਜ਼ ਆਪਣੇ ਆਪ ਵਿਚ ਇਤਹਾਸ ਸਮੋਈ ਬੈਠਾ ਹੈ, ਜਾਂ ਅਤਿਅੰਤ ਡੂੰਘੇ ਇਤਿਹਾਸਕ ਤੇ ਧਾਰਮਿਕ ਅਰਥ ਰਖਦਾ ਹੈ। ਇਹੀ ਕਾਰਨ ਹੈ ਕਿ ਦੁਨੀਆਂ ਦੇ ਕਿਸੇ ਧਰਮ ਵਿਚਲੀ ਅਰਦਾਸ ਜਾਂ ਪ੍ਰਾਰਥਨਾ ਇੰਨੇ ਵਿਸ਼ਾਲ ਅਰਥ ਨਹੀਂ ਰੱਖਦੀ।

ਸਾਡੀ ਜੋ ਪੰਥ ਪ੍ਰਵਾਨਤ ਅਰਦਾਸ ਹੈ, ਉਸ ਨੂੰ ਤਿੰਨ ਹਿੱਸਿਆਂ ਵਿਚ ਰੱਖ ਕੇ ਵਿਚਾਰਿਆ ਜਾ ਸਕਦਾ ਹੈ। ਪਹਿਲਾ ਹਿੱਸਾ ਤਕਰੀਬਨ ਦਸਮ ਪਾਤਸ਼ਾਹ ਦੀ ਦੇਣ ਹੈ ਤੇ ਬਾਕੀ ਸਾਰੀ ਅਰਦਾਸ ਪੰਥਕ ਯੋਗਦਾਨ ਹੈ। ਅਰਦਾਸ ਉਸ ਇਕ ਵਾਹਿਗੁਰੂ ਦੀ ਫਤਿਹ ਨਾਲ ਆਰੰਭ ਹੁੰਦੀ ਹੈ ਤੇ ਪਰਮਾਤਮਾ ਦੇ ਸ਼ਕਤੀ ਸਰੂਪ ਦੀ ਸਹਾਇਤਾ ਦੀ ਜਾਚਨਾ ਹੈ। ਦਸਮ ਪਿਤਾ ਨੇ ਪਹਿਲੇ ਹਿੱਸੇ ਵਿਚ ਉਸ ਸਰਬਸ਼ਕਤੀਮਾਨ ਅਕਾਲ ਪੁਰਖ ਨੂੰ ਹਮੇਸ਼ਾਂ ਸਿੱਖ ਦੇ ਚੇਤੇ ਵਿਚ ਬਣੇ ਰਹਿਣ ਦੀ ਪ੍ਰੇਰਨਾ ਕੀਤੀ ਹੈ, ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਰੱਬੀ ਅਲੌਕਿਕ ਆਦਰਸ਼ਾਂ ਦਾ ਅੰਤਰਮੁਖੀ ਧਿਆਨ ਧਾਰਨਾ ਹੈ। ਫਿਰ ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ, ਤਿੰਨੇ ਗੁਰੂ ਸਾਹਿਬਾਨ ਆਪਣੇ ਸਿੱਖ ਦੀ ਉਸ ਦੇ ਦੁਨਿਆਵੀ ਤੇ ਰੂਹਾਨੀ ਮਾਰਗ ਦੀ ਅਗਵਾਈ ਤੇ ਸਹਾਇਤਾ ਕਰਨ, ਇਹ ਜਾਚਨਾ ਕੀਤੀ ਗਈ ਹੈ। ਗੁਰੂ ਅਰਜਨ ਦੇਵ, ਗੁਰੂ ਹਰਗੋਬਿੰਦ ਤੇ ਗੁਰੂ ਹਰਿ ਰਾਇ ਪਾਤਸ਼ਾਹਾਂ ਨੂੰ ਹਮੇਸ਼ਾਂ ਆਪਣੀ ਯਾਦ ਵਿਚ ਰੱਖਣਾ ਹੈ ਤਾਂ ਜੋ ਸਿੱਖ ਉਨ੍ਹਾਂ ਆਦਰਸ਼ਾਂ ਨੂੰ ਭੁਲਾ ਨਾ ਬੈਠੇ, ਉਸ ਮਾਰਗ ਤੋਂ ਲਾਂਭੇ ਨਾ ਹੋ ਜਾਵੇ ਜਿਨ੍ਹਾਂ ਉਤੇ ਗੁਰੂ ਸਾਹਿਬਾਨ ਨੇ ਪਹਿਰਾ ਦਿਤਾ। ਗੁਰੂ ਦੇ ਸਿੱਖਾਂ ਦੇ ਸਾਰੇ ਆਤਮਕ, ਮਾਨਸਕ ਤੇ ਸਰੀਰਕ ਰੋਗ ਦੂਰ ਹੋ ਸਕਣ, ਇਸ ਲਈ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਆਪਣੀ ਅੰਤਰ-ਆਤਮਾ ਦੀ ਇਕਾਗਰਤਾ ਵਿਚ ਰੱਖਣਾ ਹੈ। ਸਿੱਖ ਦਾ ਜੀਵਨ ਸਮੂਹ ਬਖਸ਼ਿਸ਼ਾਂ ਨਾਲ ਸਦਾ ਮਾਲਾ-ਮਾਲ ਰਹੇ, ਤਦ ਹੀ ਸੰਭਵ ਹੈ ਜੇ ਬਖਸ਼ਿਸ਼ਾਂ ਦੇ ਭੰਡਾਰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦੁਰ ਜੀ ਨੂੰ ਹਮੇਸ਼ਾਂ ਆਪਣੀ ਯਾਦ ਦਾ ਹਿੱਸਾ ਬਣਾਈ ਰੱਖੋ। ਅਰਦਾਸ ਵਿਚ ਦਸਵੇਂ ਗੁਰੂ ਨੂੰ ਪੰਥ ਨੇ ਸ਼ਾਮਲ ਕੀਤਾ ਜਿਨ੍ਹਾਂ ਪਾਸੋਂ ਆਪਣੇ ਖਾਲਸੇ ਦੀ ਹਰ ਤਰ੍ਹਾਂ ਹਰ ਅਵਸਥਾ ਵਿਚ ਸਹਾਇਤਾ ਮੰਗੀ ਹੈ। ਇਸ ਹਿੱਸੇ ਦੇ ਅੰਤ ਵਿਚ ਇਹ ਹੁਕਮ ਕੀਤਾ ਗਿਆ ਹੈ, ਆਦੇਸ਼ ਦਿਤਾ ਹੈ ਕਿ ਉਹ ਰੱਬੀ ਜੋਤ ਜਿਹੜੀ ਵਾਹਿਗੁਰੂ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟ ਹੋਈ ਤੇ ਦਸ ਜਾਮਿਆਂ ਵਿਚ ਵਿਚਰਦੀ ਤੇ ਪ੍ਰਕਾਸ਼ਮਾਨ ਹੁੰਦੀ ਹੋਈ ਸਦੀਵੀ ਤੌਰ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੋ ਗਈ ਹੈ, ਦੇ ਦਰਸ਼ਨ ਹਰ ਵੇਲੇ ਪੰਥ ਦੇ ਧਿਆਨ ਵਿਚ ਰਹਿਣ, ਉਸ ਰੱਬੀ ਬਾਣੀ ਦਾ ਪਾਠ ਸਿੱਖ ਦੀ ਅੰਤਰ-ਆਤਮਾ ਵਿਚ ਗੂੰਜਦਾ ਰਹੇ, ਦੇ ਨਾਲ ਪੰਥ ਨੂੰ ਉਸ ਵਾਹਿਗੁਰੂ ਦਾ ਉਚਾਰਨ ਕਰਨ ਦਾ ਆਦੇਸ਼ ਹੈ।

ਅਰਦਾਸ ਦੇ ਦੂਜੇ ਹਿੱਸੇ ਵਿਚ ਉਨ੍ਹਾਂ ਸਮੂਹ ਧਾਰਮਿਕ, ਇਤਿਹਾਸਕ ਹਸਤੀਆਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਸਿੱਖ ਪੰਥ ਲਈ ਅਮਿਟ ਪੈੜਾਂ ਪਾਈਆਂ ਹਨ। ਸਿੱਖ ਪੰਥ ਨੂੰ ਇਹ ਹੁਕਮ ਹੈ ਕਿ ਜਿਨ੍ਹਾਂ ਮਹਾਨ ਆਦਰਸ਼ਾਂ ਹਿਤ ਉਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਤੇ ਸਾਡੇ ਲਈ ਸਪਸ਼ਟ ਤੇ ਠੋਸ ਮਾਰਗ ਸਥਾਪਤ ਕੀਤੇ, ਉਨ੍ਹਾਂ ਨੂੰ ਅਸੀਂ ਆਪਣੇ ਧਿਆਨ ਵਿਚ ਰੱਖਣਾ ਹੈ। ਜੇ ਇਹ ਸਾਡੀ ਯਾਦ ਦਾ ਹਿੱਸਾ ਬਣੇ ਰਹਿਣਗੇ ਤਾਂ ਅਸੀਂ ਉਨ੍ਹਾਂ ਮਾਰਗਾਂ, ਉਨ੍ਹਾਂ ਆਦਰਸ਼ਾਂ ਤੋਂ ਭਟਕਾਂਗੇ ਨਹੀਂ।

ਪੰਜਾਂ ਤਖਤਾਂ ਤੇ ਸਮੂਹ ਗੁਰੂ ਘਰਾਂ ਨੂੰ ਵੀ ਹਮੇਸ਼ਾਂ ਆਪਣੇ ਧਿਆਨ ਵਿਚ ਰੱਖਦੇ ਹੋਏ ਉਸ ਵਾਹਿਗੁਰੂ ਅਕਾਲ ਪੁਰਖ ਦੇ ਨਾਮ ਦਾ ਉਚਾਰਨ ਕਰਨਾ ਹੈ।

ਅਰਦਾਸ ਦੇ ਤੀਜੇ ਹਿੱਸੇ ਵਿਚ ਵਾਹਿਗੁਰੂ ਪਾਸੋਂ ਅਨੇਕ ਮੰਗਾਂ ਲਈ ਜੋਦੜੀਆਂ ਹਨ। ਗੁਰੂ ਚਰਨਾਂ 'ਚ ਬੇਨਤੀ ਹੈ, ਸਾਨੂੰ ਵਾਹਿਗੁਰੂ ਸਵਾਸ-ਸਵਾਸ ਯਾਦ ਆਉਂਦਾ ਰਹੇ ਤੇ ਉਹੀ ਸਾਨੂੰ ਸਾਰੇ ਸਰੀਰਕ ਤੇ ਆਤਮਕ ਸੁੱਖਾਂ ਦੀ ਦਾਤ ਦੇਵੇ। ਖਾਲਸਾ ਜਿਥੇ ਵੀ ਹੈ ਅਤੇ ਜਿਸ ਹਾਲਤ ਵਿਚ ਵੀ ਹੈ, ਦੀ ਰਾਖੀ ਲਈ ਬੇਨਤੀ ਹੈ। ਖਾਲਸੇ ਦੀ ਦੇਗ ਤੇ ਤੇਗ ਦੀ ਫਤਿਹ ਹੋਵੇ, ਗੁਰੂ ਆਪਣੇ ਸੇਵਕਾਂ ਦੀ ਰੱਖਿਆ ਕਰੇ, ਪੰਥ ਦਾ ਬੋਲਬਾਲਾ ਬਣੇ ਰਹਿਣ ਲਈ ਸਰਬ ਸ਼ਕਤੀਮਾਨ ਵਾਹਿਗੁਰੂ ਸਹਾਇਤਾ ਕਰੇ, ਬਿਨੈ ਕੀਤੀ ਗਈ ਹੈ। ਪੰਥ ਲਈ ਸਿੱਖੀ, ਕੇਸ, ਰਹਿਤ ਬੁਧੀ ਭਰੋਸਾ ਤੇ ਸਰਵੋਤਮ ਦਾਨ, ਨਾਮਦਾਨ ਦੀ ਬਖਸ਼ਿਸ਼ ਦੀ ਜਾਚਨਾ ਕਰ ਕੇ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਸਿੱਖ ਨੂੰ ਨਵੀਂ ਰੂਹ ਤੇ ਸ਼ਕਤੀ ਬਖਸ਼ਦੇ ਹਨ। ਇਹ ਪੰਥ ਦਾ ਕੇਂਦਰ ਵੀ ਹੈ, ਕੇਂਦਰ ਨਾਲ ਜੁੜੇ ਰਹਿਣਾ ਹੀ ਸਾਡੀ ਅਧਿਆਤਮਿਕ ਜ਼ਿੰਦਗੀ ਦਾ ਆਧਾਰ ਹੈ। ਸਾਡੀਆਂ ਚੌਕੀਆਂ, ਝੰਡੇ, ਬੁੰਗੇ (ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਹੈ) ਸਦੀਵੀ ਬਣੇ ਰਹਿਣ ਤੇ ਧਰਮ ਦਾ ਜੈਕਾਰਾ ਬੁਲੰਦ ਰਹੇ। ਫਿਰ ਸਿੱਖਾਂ ਲਈ ਮਨ ਦੀ ਗਰੀਬੀ ਦੇ ਨਾਲ ਬੇਨਤੀ ਹੈ ਕਿ ਤੇਰਾ ਖਾਲਸਾ ਸੋਝੀਵਾਨ ਵੀ ਹੋਵੇ, ਇਹ ਵੀ ਬਖਸ਼ਿਸ਼ ਕਰੀਂ। ਅਰਦਾਸ ਦੇ ਇਨ੍ਹਾਂ ਲਫ਼ਜਾਂ ਦੀ ਇਹ ਖੂਬਸੂਰਤੀ ਹੈ ਕਿ ਜਿਥੇ ਮੰਗਿਆ ਹੈ ਕਿ ਖਾਲਸਾ ਸਿਆਣਾ ਸਮਝਦਾਰ ਹੋਵੇ, ਤੇ ਇਹ ਸਮਝ ਕੇ ਕਿ ਖਾਲਸਾ ਆਪਣੀ ਸਿਆਣਪ ਸਦਕਾ ਕਿਤੇ ਹੰਕਾਰੀ ਨਾ ਬਣ ਜਾਵੇ, ਮਨ ਦੀ ਗਰੀਬੀ ਮੰਗੀ ਹੈ ਤੇ ਵਾਹਿਗੁਰੂ ਪਾਸੋਂ ਮੰਗਿਆ ਹੈ ਕਿ ਤੂੰ ਹੀ ਸਾਡੀ ਮੱਤ ਬੁਧ ਦਾ ਰਖਵਾਲਾ ਬਣ। ਫਿਰ ਬੜੀ ਹਿਰਦੇਵੇਦਕ ਜੋਦੜੀ ਹੈ ਕਿ ਪੰਥ ਦੇ ਰਖਵਾਲੇ ਅਕਾਲ ਪੁਰਖ, ਸਾਨੂੰ ਨਨਕਾਣਾ ਸਾਹਿਬ ਤੇ ਉਨ੍ਹਾਂ ਸਮੂਹ ਗੁਰੂ ਘਰਾਂ ਦੇ ਖੁੱਲ੍ਹੇ ਦਰਸ਼ਨਾਂ ਦੀ ਦਾਤ ਬਖਸ਼ੀਂ ਜਿਨ੍ਹਾਂ ਤੋਂ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਵਿਛੋੜੇ ਗਏ ਹਾਂ। ਉਸ ਅਕਾਲ ਪੁਰਖ ਦੀਆਂ ਅਪਾਰ ਬਖਸ਼ਿਸ਼ਾਂ ਦਾ ਜ਼ਿਕਰ ਕੀਤਾ ਹੈ ਕਿ ਉਹ ਨਿਮਾਣੇ ਦਾ ਮਾਣ ਹੈ, ਕਮਜ਼ੋਰ ਦੀ ਸ਼ਕਤੀ ਹੈ ਜਿਸ ਦਾ ਕੋਈ ਆਸਰਾ ਨਹੀਂ, ਉਸ ਦਾ ਸਹਾਰਾ ਆਪ ਅਕਾਲ ਪੁਰਖ ਹੈ। ਤੇ ਅੰਤ ਵਿਚ ਹਰ ਜਾਣੇ-ਅਨਜਾਣੇ ਹੋਈ ਭੁੱਲ ਦੀ ਮੁਆਫੀ ਲਈ ਬੇਨਤੀ ਹੈ।

ਅਰਦਾਸ ਦੇ ਸਬੰਧ ਵਿਚ ਇਸ ਨਿਮਾਣੇ ਯਤਨ ਦਾ ਪੇਰ੍ਹਨਾ ਸਰੋਤ ਇਹੀ ਤੀਜਾ ਹਿੱਸਾ ਹੈ ਜਿਸ ਵਿਚ ਪੰਥ ਲਈ ਕੁਝ ਮੰਗਿਆ ਹੈ, ਤੇ ਹਰ ਰੋਜ਼ ਅਨੇਕ ਵਾਰੀ ਮੰਗਿਆ ਜਾ ਰਿਹਾ ਹੈ। ਪੰਥ ਨੂੰ ਸਮੂਹਕ ਰੂਪ ਵਿਚ ਉਹ ਕੁਝ ਮਿਲਿਆ ਜਾਂ ਮਿਲ ਰਿਹਾ ਹੋਵੇ, ਜ਼ਿਆਦਾਤਰ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਦੇ ਇਸ ਫਰਮਾਨ ਕਿ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥' ਵਾਂਗ ਸੰਸਾਰ ਦੇ ਸਾਰੇ ਹੀ ਧਰਮਾਂ ਤੇ ਧਾਰਮਿਕ ਬੁਧ ਪੁਰਸ਼ਾਂ ਦਾ ਵੀ ਇਹੀ ਵਿਸ਼ਵਾਸ ਹੈ ਕਿ ਪ੍ਰਾਰਥਨਾ ਨਿਸਫਲ ਨਹੀਂ ਹੁੰਦੀ। ਸਾਰੇ ਧਰਮ ਹੀ ਵਖ-ਵਖ ਤਰੀਕੇ ਤੇ ਭਾਸ਼ਾਵਾਂ ਰਾਹੀਂ ਇਹ ਸਪਸ਼ਟ ਕਰਦੇ ਹਨ ਕਿ ਪਰਮਾਤਮਾ ਦੀ ਬਖਸ਼ਿਸ਼ ਦਾ ਮੀਂਹ ਹਰ ਇਕ ਉਪਰ ਬਿਨਾਂ ਕਿਸੇ ਵਿਤਕਰੇ ਦੇ ਨਿਰੰਤਰ ਬਰਸ ਰਿਹਾ ਹੈ, ਪਰ ਕੋਈ ਵਿਰਲੀ ਕਣੀ ਹੀ 'ਸਵਾਂਤੀ ਬੂੰਦ' ਬਣਦੀ ਹੈ। ਜੇ ਥੋੜ੍ਹਾ ਹੋਰ ਬਾਰੀਕੀ ਨਾਲ ਵਿਚਾਰੀਏ ਤਾਂ ਅਰਦਾਸ ਦੇ ਜਿਸ ਹਿੱਸੇ ਵਿਚ ਪੰਥ ਲਈ ਕੁਝ ਮੰਗਿਆ ਹੈ, ਉਸ ਦੀ ਪੂਰਤੀ ਜ਼ਿਆਦਾਤਰ ਪਹਿਲੇ ਹਿੱਸੇ ਉਪਰ ਹੀ ਨਿਰਭਰ ਕਰਦੀ ਹੈ,

ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥

ਅਰਦਾਸ ਵਿਚ ਉਨ੍ਹਾਂ ਦਾ ਧਿਆਨ ਧਰਨ ਦੀ ਗੱਲ ਕਹੀ ਹੈ ਜਿਨ੍ਹਾਂ ਨੇ ਸਿੱਖੀ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ। ਉਨ੍ਹਾਂ ਦੇ ਧਿਆਨ ਨਾਲ ਹੀ ਅਸੀਂ ਸਿੱਖੀ ਦਾਨ, ਨਾਮ ਦਾਨ ਤੇ ਭਰੋਸਾ ਦਾਨ ਦੀ ਪ੍ਰਾਪਤੀ ਕਰ ਸਕਦੇ ਹਾਂ ਪਰ ਜਦ ਬਿਪਰਨ ਕੀ ਰੀਤ ਦੇ ਧਾਰਨੀ ਬਣ ਕੇ ਭਰੋਸਾ ਹੀ ਗਵਾ ਲਿਆ ਤਾਂ ਪ੍ਰਾਪਤੀ ਦੀ ਸੰਭਾਵਨਾ ਤਾਂ ਮੱਧਮ ਪੈਣੀ ਹੀ ਹੈ।

ਦਸਮ ਪਾਤਸ਼ਾਹ ਨੇ ਖਾਲਸੇ ਨੂੰ ਸੁਚੇਤ ਤੇ ਚੇਤੰਨ ਕੀਤਾ ਸੀ ਕਿ ਜੇ ਤੂੰ ਚਾਹੁੰਦਾ ਹੈਂ ਕਿ ਮੇਰੀਆਂ ਬਖਸ਼ਿਸ਼ਾਂ ਤੇਰੇ 'ਤੇ ਬਣੀਆਂ ਰਹਿਣ, ਤਾਂ ਤੈਨੂੰ ਮੇਰੀ ਦਰਸਾਈ ਰਹਿਤ ਤੇਰੇ ਜੀਵਨ ਵਾਂਗ ਹੀ ਪਿਆਰੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਦਾ ਇਹ ਵੀ ਫਰਮਾਨ ਹੈ- ਏਕੁ ਪੈਂਡਾ ਜਾਇ ਚਲਿ, ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤੁ ਹੈ॥ ਗੁਰੂ ਸਾਡੀ ਬਾਂਹ ਤਾਂ ਹੀ ਫੜੇਗਾ ਜੇ ਅਸੀਂ ਆਪਣਾ ਮੂੰਹ ਗੁਰੂ ਵੱਲ ਰੱਖਾਂਗੇ, ਆਪਣੇ ਕਦਮਾਂ ਨੂੰ ਗੁਰੂ ਦੇ ਦਰ ਵੱਲ ਤੋਰਾਂਗੇ। ਜੋ ਵੀ ਮੰਗੋ, ਸਾਫ ਮਨ ਨਾਲ ਹੀ ਮੰਗੋ; ਮਨ ਦੀ ਮਲੀਨਤਾ ਗੁਰੂ ਦੀ ਕਿਸੇ ਵੀ ਬਖਸ਼ਿਸ਼ ਲਈ ਰੋਕ ਬਣੇਗੀ। ਮਨ ਦਾ ਉਹੀ ਭਾਂਡਾ ਸ਼ੁਧ ਹੈ ਜਿਸ ਨੂੰ ਗੁਰੂ ਅਕਾਲ ਪੁਰਖ ਦੀ ਪ੍ਰਵਾਨਗੀ ਮਿਲਦੀ ਹੈ। ਖੁਦ ਗੁਰੂ ਉਪਾਅ ਵੀ ਦੱਸਦਾ ਹੈ,


ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ॥
ਏਤੁ ਦੁਆਰੈ ਧੋਇ ਹਛਾ ਹੋਇਸੀ॥

ਭਾਂਡਾ ਅੱਛਾ ਤਾਂ ਕਰ ਲਿਆ ਪਰ ਉਹ ਮੂਧਾ ਜਿੰਨੀ ਵੀ ਦੇਰ ਮਰਜ਼ੀ ਪਿਆ ਰਹੇ, ਉਸ ਦੀ ਮਿਹਰ ਦੀ ਇਕ ਵੀ ਬੂੰਦ ਉਸ ਵਿਚ ਨਹੀਂ ਪੈਣੀ, ਉਸ ਦੀ ਮਿਹਰ ਬਖਸ਼ਿਸ਼ ਦੀ ਵਰਖਾ ਤਾਂ ਅਪਾਰ ਹੁੰਦੀ ਰਹੇਗੀ। ਅਰਦਾਸ ਦੇ ਇਸ ਹਿੱਸੇ ਵਿਚ ਜੋ ਕੁਝ ਵੀ ਮੰਗਿਆ ਹੈ, ਉਸ ਦੇ ਮਿਲਣ ਵਿਚ ਅੜਿੱਕਾ ਕੋਈ ਨਹੀਂ, ਪਰ ਆਪਣੇ ਮਨ ਦੇ ਭਾਂਡੇ ਨੂੰ ਸ਼ੁਧ ਤਾਂ ਖੁਦ ਸਿੱਖ ਪੰਥ ਨੂੰ ਆਪ ਹੀ ਕਰਨਾ ਪੈਣਾ ਹੈ; ਤਦ ਹੀ ਇਸ ਹਿੱਸੇ ਦੀ ਸਾਰਥਕਤਾ ਦੇ ਅਰਥ ਸਪਸ਼ਟ ਹੋ ਸਕਣਗੇ।

ਸਿੱਖ ਜਿਥੇ ਵੀ ਵਸਦਾ ਹੈ, ਅਰਦਾਸ ਵਿਚਲੇ 'ਸਰਬੱਤ ਦੇ ਭਲੇ' ਦੀ ਗੱਲ ਦੂਜੇ ਲੋਕਾਂ ਜਾਂ ਧਰਮਾਂ ਸਾਹਮਣੇ ਕਰਨ ਵਿਚ ਬੜਾ ਫ਼ਖਰ ਮਹਿਸੂਸ ਕਰਦਾ ਹੈ। ਸਰਬੱਤ ਦੇ ਭਲੇ ਦੇ ਇਹ ਲਫ਼ਜ਼ ਜਿੰਨੇ ਪਿਆਰੇ ਤੇ ਸਹੀ ਲਗਦੇ ਹਨ, ਉਨ੍ਹਾਂ ਹੀ ਕਠਿਨ ਇਨ੍ਹਾਂ ਲਫ਼ਜ਼ਾਂ ਨੂੰ ਹਕੀਕਤ ਦਾ ਰੂਪ ਦੇਣ ਦੇ ਅਰਥ ਲਗਦੇ ਹਨ। ਜਿਨ੍ਹਾਂ ਗਿਆਨੀ ਪੁਰਸ਼ਾਂ ਨੇ 'ਸਰਬੱਤ ਦੇ ਭਲੇ' ਦੇ ਇਨ੍ਹਾਂ ਅਤਿ ਪਿਆਰੇ ਲਫ਼ਜ਼ਾਂ ਨੂੰ ਅਰਦਾਸ ਵਿਚ ਸ਼ਾਮਲ ਕੀਤਾ, ਉਨ੍ਹਾਂ ਨੇ ਪੰਥਕ ਇਤਿਹਾਸ ਤੇ ਪੰਥਕ ਸੋਚ ਨੂੰ ਵਿਚਾਰਿਆ ਸੀ ਜਿਹੜੀ ਪ੍ਰਥਮ ਜਾਮੇ (ਗੁਰੂ ਨਾਨਕ ਸਾਹਿਬ) ਤੋਂ ਚਲਦੀ ਆ ਰਹੀ ਸੀ। ਅਰਦਾਸ ਨੂੰ ਅੰਤਮ ਰੂਪ ਦੇਣ ਵਾਲੇ ਵਿਅਕਤੀਆਂ ਵਿਚ ਸਰਬੱਤ ਦੇ ਭਲੇ ਦਾ ਸੰਕਲਪ ਸਥਾਪਤ ਸੀ ਪਰ ਮੇਰੀ ਸਮਝ ਮੁਤਾਬਕ ਸਾਡੇ ਵਿਚ ਇਨ੍ਹਾਂ ਲਫ਼ਜ਼ਾਂ ਦੀ ਸਾਰਥਕਤਾ ਨਹੀਂ ਰਹੀ। ਇਹ ਲਫ਼ਜ਼ ਸਿਰਫ਼ ਰੋਜ਼ ਪੜ੍ਹਨ ਅਤੇ ਦੁਹਰਾਉਣ ਦੀ ਬ੍ਰਾਹਮਣੀ ਮੰਤਰ ਰਟ ਤਕ ਹੀ ਸੀਮਤ ਰਹਿ ਗਏ ਹਨ। ਇਨ੍ਹਾਂ ਲਫ਼ਜ਼ਾਂ ਵਿਚ ਸਾਡੀ ਇਮਾਨਦਾਰੀ ਨਹੀਂ ਰਹੀ, ਸਿਰਫ਼ ਪਰੰਪਰਾ ਬਣ ਗਈ ਹੈ। ਜਿਹੜੀ ਕੌਮ ਖੁਦ ਆਪਣਾ ਭਲਾ ਆਪ ਨਹੀਂ ਕਰ ਸਕਦੀ, ਉਹ ਸਰਬੱਤ ਦੇ ਭਲੇ ਦੀ ਜ਼ਾਮਨ ਕਿੱਦਾਂ ਬਣ ਸਕਦੀ ਹੈ? ਜਿੰਨੀ ਦੇਰ ਤਕ ਸਿੱਖ ਆਪਣੇ ਅੰਦਰੋਂ ਆਪਣੀ ਹਉਮੈ ਦੇ ਤਿਆਗ ਉਪਰੰਤ ਆਪਣੇ ਭਰਾਵਾਂ ਨੂੰ ਇਕ ਨਹੀਂ ਸਮਝਦਾ, ਰਲ ਕੇ ਬੈਠਦਾ ਨਹੀਂ; ਉਨੀ ਦੇਰ 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ' ਨਹੀਂ ਅਪਣਾ ਸਕਦਾ। ਮੈਂ ਇਕ ਵਾਰੀ ਕਿਸੇ ਅੰਗਰੇਜ਼ੀ ਲਿਖਤ ਬਾਰੇ ਕੋਈ ਵਿਚਾਰ ਕਿਸੇ ਪਾਸੋਂ ਸੁਣਿਆ ਸੀ ਕਿ ਅਮਰੀਕਾ ਕਿੰਨਾ ਮਤਲਬਪ੍ਰਸਤ ਦੇਸ਼ ਹੈ, ਲੋਕ ਕਿੰਨੇ ਸਵਾਰਥੀ ਹਨ ਜਿਹੜੇ ਪਰਮਾਤਮਾ ਪਾਸੋਂ ਸਮੁਚੀ ਲੋਕਾਈ ਦੇ ਭਲੇ ਦੀ ਗੱਲ ਨਹੀਂ ਕਰਦੇ, ਸਿਰਫ਼ ਆਪਣਾ ਹੀ ਭਲਾ ਮੰਗਦੇ ਹਨ... ਗਾਡ ਬਲੈੱਸ ਅਮੈਰਿਕਾ"; ਪਰ ਮੈਂ ਸਮਝਦਾ ਹਾਂ, ਭਾਵੇਂ ਇਹ ਲਫ਼ਜ਼ ਸਵਾਰਥ ਜ਼ਾਹਰ ਕਰਦੇ ਹਨ ਪਰ ਘੱਟੋ-ਘੱਟ ਇਨ੍ਹਾਂ ਲਫ਼ਜ਼ਾਂ ਨੂੰ ਕਹਿਣ ਸਮੇਂ ਉਨ੍ਹਾਂ ਵਿਚ ਇਮਾਨਦਾਰੀ ਤਾਂ ਹੈ। ਸਰਬੱਤ ਦੇ ਭਲੇ ਨਾਲ ਸਬੰਧਤ ਜਿੰਨੇ ਲੋਕ ਤੇ ਜਿੰਨੀਆਂ ਸੰਸਥਾਵਾਂ

(ਬਾਕੀ ਅਗਲੇ ਸਫੇ 'ਤੇ)

*ਇਸ ਅਤਿਅੰਤ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀ ਕਿਰਤ ਨੂੰ ਕੇਵਲ ਰਸਮ ਸਮਝ ਕੇ ਨਹੀਂ, ਸਗੋਂ ਉਸ ਦੇ ਅੰਤਰੀਵੀ ਭਾਵਾਂ ਨਾਲ ਇਕ ਸੁਰ ਹੋ ਕੇ ਉਸ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਈਏ। ਅਰਦਾਸ ਤਾਂ ਇਕ ਅਨੁਭਵ ਹੈ ਜਿਸ ਨੂੰ ਜੀਵਿਆ ਜਾਣਾ ਚਾਹੀਦਾ ਹੈ; ਇਹ ਕੋਈ ਅਜਿਹੀ ਕਲਾ ਨਹੀਂ ਹੈ ਜੋ ਸਿੱਖੀ ਤੇ ਪੜ੍ਹੀ ਜਾ ਸਕਦੀ ਹੋਵੇ।*




*ਇਕ ਪ੍ਰਾਚੀਨ ਗੁਟਕੇ ਵਿਚ ਦਰਜ ਅਰਦਾਸ।*

# ਅਜੀਬੋ-ਗਰੀਬ ਕਹਾਣੀ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਪ੍ਰੋ. ਹਰਪਾਲ ਸਿੰਘ ਪੰਨੂ ਪੰਜਾਬੀ ਦੇ ਉਨ੍ਹਾਂ ਵਾਰਤਕ ਲੇਖਕਾਂ ਵਿਚੋਂ ਹੈ ਜਿਨ੍ਹਾਂ ਦੀ ਜਦ ਵੀ ਕੋਈ ਲਿਖਤ ਮਿਲ ਜਾਵੇ, ਮੈਂ ਪੜ੍ਹੇ ਬਗੈਰ ਛੱਡ ਨਹੀਂ ਸਕਦਾ। ਉਹ ਕੁਝ ਇਕ ਛੋਹਾਂ ਨਾਲ ਆਪਣੀ ਸਮੱਗਰੀ ਵਿਚ ਸਜੀਵਤਾ ਭਰ ਦਿੰਦੇ ਹਨ। ਫਿਰ ਅਨੁਭਵ ਦੇ ਪ੍ਰੌੜ ਹਨ ਤੇ ਕਿਸੇ ਪ੍ਰਕਾਰ ਦੇ ਪੂਰਵਆਗ੍ਰਿਹਾਂ ਨੂੰ ਆਪਣੀ ਲਿਖਤ ਤੇ ਹਾਵੀ ਨਹੀਂ ਹੋਣ ਦਿੰਦੇ। ਇਹ ਗੱਲ ਮੈਂ ਇਸ ਕਰਕੇ ਨਹੀਂ ਕਰ ਰਿਹਾ ਕਿ 7 ਜੂਨ ਦੇ 'ਪੰਜਾਬ ਟਾਈਮਜ਼' ਵਿਚ ਉਨ੍ਹਾਂ ਮੇਰਾ ਜ਼ਿਕਰ ਕੀਤਾ ਹੈ ਬਲਕਿ ਇਹ ਮੇਰਾ ਬਹਾਨਾ ਬਣਿਆ ਹੈ। ਉਂਜ ਇਸ ਵਿਚ ਮੇਰੇ ਲਈ ਕੁਝ ਚੁਣੌਤੀਆਂ ਵੀ ਸੁੱਟੀਆਂ ਗਈਆਂ ਹਨ। 'ਗਰੀਬ ਨਹੀਂ, ਅਜੀਬ ਬਿਆਨ' ਦੇ ਸਿਰਲੇਖ ਹੇਠਲੀ ਇਸ ਛੋਟੀ ਜਿਹੀ ਲਿਖਤ 'ਚੋਂ ਕੁਝ ਟੂਕਾਂ ਪੇਸ਼ ਕਰਦਾ ਹਾਂ, "ਉਰਦੂ ਪੰਜਾਬੀ, ਹਿੰਦੀ ਵਿਚ ਕੁਝ ਮੁਹਾਵਰੇ ਅਜਿਹੇ ਹਨ ਜਿਨ੍ਹਾਂ ਦਾ ਕੋਈ ਪਿਛੋਕੜ ਜ਼ਰੂਰ ਹੋਵੇਗਾ ਪਰ ਹੁਣ ਪਤਾ ਨਹੀਂ, ਜਿਵੇਂ ਫੱਟੇ ਚੱਕ ਦਿੱਤੇ, ਮਾਇਨੇ ਕਮਾਲ ਕਰ ਦਿੱਤੀ, ਪਰ ਫੱਟੇ ਕਿਸ ਨੇ, ਕਿਸ ਦੇ, ਕਿਹੜੇ ਚੱਕੇ ਹਨ, ਕਿਸ ਦੇ ਚੱਕੇ ਸਨ, ਕਦੋਂ ਚੱਕੇ ਸਨ, ਪਤਾ ਨਹੀਂ। ਇਸ ਤਰ੍ਹਾਂ ਪੱਤੇ ਤੋੜ ਗਿਆ ਦਾ ਮਤਲਬ ਹੈ ਭੱਜ ਗਿਆ ਪਰ ਪੱਤਿਆਂ ਦਾ ਭੱਜਣ ਨਾਲ ਕੀ ਸਬੰਧ ਹੋਇਆ? ਇਕ ਮੁਹਾਵਰਾ ਹੈ-ਨੌਂ ਦੋ ਗਿਆਰਾਂ ਹੋਣਾ, ਯਾਨਿ ਭੱਜ ਗਏ। ਨੌਂ ਦੋ ਗਿਆਰਾਂ ਦਾ ਭੱਜਣ ਨਾਲ ਕੀ ਤਅਲੁਕ? ਅੱਟੇ-ਸੱਟੇ ਨਹੀਂ ਲਾਉਣੇ। ਜਿਸ ਨੂੰ ਇਨ੍ਹਾਂ ਮੁਹਾਵਰਿਆ ਦੇ ਪਿਛੋਕੜ ਦਾ ਪਤਾ ਹੈ, ਜ਼ਰੂਰ ਦੱਸੇ। 'ਦੋ ਟੁੱਕ ਜਵਾਬ ਦੇਹ' ਦੋ ਟੁੱਕ ਮਾਇਨੇ 'ਹਾਂ' ਹੈ ਜਾਂ 'ਨਾਂਹ'। ਵਿਚਕਾਰਲਾ ਨਹੀਂ।... ਪ੍ਰੋ. ਜੀ. ਐਸ. ਰਿਆਲ ਇਹੋ ਜਿਹੇ ਸਵਾਲਾਂ ਦਾ ਜਵਾਬ ਲੱਭ ਲਿਆ ਕਰਦੇ ਸਨ, ਹੁਣ ਉਨ੍ਹਾਂ ਦੀ ਥਾਂ ਬਲਜੀਤ ਬਾਸੀ ਫਰਜ਼ ਨਿਭਾ ਰਹੇ ਹਨ।"

ਅੱਗੇ ਜਾ ਕੇ ਉਨ੍ਹਾਂ ਕੁਝ ਖਬਰਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਅਸੀਂ ਅਜੀਬੋ-ਗਰੀਬ ਕਹਿੰਦੇ ਹਾਂ। ਮਸਲਨ ਕੰਟੇਨਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਬਾਹਰਲੇ ਦੇਸ਼ਾਂ ਵਿਚ ਅਕਾਲ ਤਖਤ ਵਲੋਂ ਭੇਜਣ ਦੀ ਇਜਾਜ਼ਤ ਤੇ ਅਨੇਕਾਂ ਸਿੱਖਾਂ ਅਤੇ ਸਿੱਖ ਜਥੇਬੰਦੀਆਂ ਵਲੋਂ ਇਸ ਨੂੰ ਗ੍ਰੰਥ ਸਾਹਿਬ ਦੀ ਬੇਹੁਰਮਤੀ ਸਮਝਦਿਆਂ ਜ਼ਬਰਦਸਤ ਰੋਸ ਪ੍ਰਗਟ ਕਰਨਾ। ਅਗਲੀ ਖਬਰ ਦੋ ਅਧਿਆਪਕਾਂ ਨੂੰ ਮਾਲਤੀ ਦੇਵੀ ਪੁਰਸਕਾਰ ਦੇਣ ਸਬੰਧੀ ਹੈ। ਪੁਰਸਕਾਰ ਦੀ ਰਾਸ਼ੀ, ਮਾਣ ਪੱਤਰ ਦੇਣ ਵਾਲਿਆਂ ਦੇ ਨਾਮ ਅਤੇ ਸਨਮਾਨ ਦੇ ਸਥਾਨ ਤਾਂ ਛਪੇ ਹਨ ਪਰ ਇਹ ਨਹੀਂ ਦੱਸਿਆ ਕਿ ਸਨਮਾਨਿਤ ਮਾਸਟਰਨੀਆਂ ਕੌਣ ਹਨ? ਇਕ ਹੋਰ ਵਾਕਿਆ ਦੱਸਿਆ ਹੈ ਜਿਸ ਵਿਚ ਕਿਸੇ ਰਿਟਾਇਰ ਹੋਣ ਵਾਲੇ ਅਧਿਆਪਕ ਦਾ ਪੂਰਾ ਸਨਮਾਨ ਕੀਤਾ ਗਿਆ ਪਰ ਪਾਰਟੀ ਵਿਚ ਪੇਸ਼ ਕੀਤੀ ਸਾਰੀ ਮਿਠਾਈ ਉਤੇ ਪ੍ਰਬੰਧਕ ਤੇ ਹੋਰ ਸੱਜਣ ਹੀ ਟੁੱਟ ਪਏ, ਵਿਦਾਇਗੀ ਲੈ ਰਹੇ ਅਧਿਆਪਕ ਨੂੰ ਇਕ ਸਮੋਸਾ ਵੀ ਨਹੀਂ ਜੁੜਿਆ। ਲੇਖਕ ਅਨੁਸਾਰ ਅਜਿਹੀਆਂ ਘਟਨਾਵਾਂ, ਖਬਰਾਂ ਆਦਿ ਨੂੰ ਅਜੀਬੋ-ਗਰੀਬ ਕਿਹਾ ਜਾਂਦਾ ਹੈ। ਇਹ ਅਜੀਬ ਤਾਂ ਹਨ ਪਰ ਗਰੀਬ ਨਹੀਂ। ਗਰੀਬ ਸ਼ਬਦ ਨੂੰ ਕਿਉਂ ਬਦਨਾਮ ਕੀਤਾ ਜਾ ਰਿਹਾ ਹੈ।

ਗਰੀਬਾਂ ਦੀ ਬੇਇਜ਼ਤੀ ਕਰਨ ਦੇ ਹੋਰ ਬਥੇਰੇ ਢੰਗ ਹਨ। ਇਸ ਪ੍ਰਸੰਗ ਵਿਚ ਪਹਿਲਾਂ ਮੈਂ ਦੋ-ਤਿੰਨ ਗੱਲਾਂ ਕਰਨੀਆਂ ਚਾਹੁੰਦਾ ਹਾਂ। ਪਹਿਲੀ ਇਹ ਕਿ ਪੰਨੂ ਸਾਹਿਬ ਵਲੋਂ ਪੇਸ਼ ਕੀਤੇ ਮੁਹਾਵਰੇ, ਵਾਕੰਸ਼ ਜਾਂ ਸ਼ਬਦ ਜੁੱਟਾਂ ਵਿਚੋਂ ਮੈਂ ਕਈਆਂ ਦਾ ਪਿਛੋਕੜ ਦੱਸਣ ਦੇ ਸਮਰੱਥ ਹਾਂ ਪਰ ਹਾਲ ਦੀ ਘੜੀ ਇਕ ਬਾਰੇ ਹੀ ਗੱਲ ਕੀਤੀ ਜਾਵੇਗੀ। ਉਨ੍ਹਾਂ ਸੁਰਤ ਲਾਈ ਕਿ ਅੱਟੇ-ਸੱਟੇ ਨਹੀਂ ਲਾਉਣੇ। ਸ਼ਬਦਾਂ ਦੀ ਵਿਉਤਪਤੀ ਦੇ ਯਤਨ ਵਿਚ ਤੱਥਾਂ ਅਤੇ ਅੱਟੇ-ਸੱਟੇ ਦੋਵਾਂ ਤੋਂ ਕੰਮ ਲਿਆ ਜਾਂਦਾ ਹੈ। ਅਨੁਮਾਨ ਤੋਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ। ਕੋਈ ਵੀ ਵਿਉਤਪਤੀ ਨਵੇਂ ਤੱਥ ਸਾਹਮਣੇ ਆ ਜਾਣ ਨਾਲ ਰੱਦ ਹੋ ਸਕਦੀ ਹੈ। ਦੇਖਣਾ ਇਹ ਹੁੰਦਾ ਹੈ ਕਿ ਅੱਟਾ-ਸੱਟਾ ਤਰਕਸੰਗਤ ਤੇ ਪੁਖਤਾ ਜਾਪਦਾ ਹੈ। ਪੰਨੂ ਸਾਹਿਬ ਨੇ ਅਜੀਬ ਦੇ ਨਾਲ ਗਰੀਬ ਸ਼ਬਦ ਲੱਗ ਕੇ ਬਣੇ ਅਜੀਬੋ-ਗਰੀਬ ਸ਼ਬਦ ਨਾਲ ਗਰੀਬ ਸ਼ਬਦ ਦੀ ਬੇਇਜ਼ਤੀ ਅਤੇ ਬਦਨਾਮੀ ਹੋਈ ਮਹਿਸੂਸ ਕੀਤੀ ਹੈ। ਬੰਦਾ ਖੁਦ ਗਰੀਬ-ਪੱਖੀ ਹੀ ਨਹੀਂ ਗਰੀਬੀ ਜੜ੍ਹੋਂ ਖਤਮ ਕਰਨ ਦੇ ਹੱਕ ਵਿਚ ਹੈ। ਸੋ, ਆਪਾਂ ਗਰੀਬ ਦਾ ਇਹ ਹਾਲ ਨਹੀਂ ਹੋਣ ਦੇਵਾਂਗੇ, ਗਰੀਬ ਨੂੰ ਵਾਹ ਲਗਦੀ ਇਨਸਾਫ ਦੁਆਉਣ ਦਾ ਜਤਨ ਕਰਾਂਗੇ।

ਪਹਿਲਾਂ ਅਜੀਬ ਸ਼ਬਦ ਲੈਂਦੇ ਹਾਂ। ਸਭ ਜਾਣਦੇ ਹੀ ਹਨ ਕਿ ਇਸ ਦਾ ਮਤਲਬ ਅਦਭੁਤ, ਅਨੋਖਾ, ਵਿਚਿੱਤਰ, ਨਿਰਾਲਾ, ਵਿਲੱਖਣ ਆਦਿ ਹੁੰਦਾ ਹੈ। ਅਜਬ ਵੀ ਇਸੇ ਦਾ ਰੂਪ ਹੈ, ਗੁਰੂ ਰਾਮਦਾਸ ਸਾਹਿਬ ਨੇ ਤਾਂ ਪਰਮਾਤਮਾ ਦੇ ਕੰਮਾਂ ਨੂੰ ਹੀ ਅਜਬ ਕਿਹਾ ਹੈ, "ਅਜਬ ਕੰਮ ਕਰਤੇ ਹਰਿ ਕੇਰੇ॥" ਇਹ ਸ਼ਬਦ ਮੂਲ ਰੂਪ ਵਿਚ ਅਰਬੀ ਤੋਂ ਆਇਆ ਹੈ। ਅਜਬ ਤੋਂ ਹੋਰ ਵੀ ਕਈ ਸ਼ਬਦ ਬਣੇ ਹਨ ਜਿਨ੍ਹਾਂ ਵਿਚੋਂ ਇਕ ਹੈ-ਅਜੂਬਾ ਅਰਥਾਤ ਅਜੀਬ ਗੁਣ ਧਾਰਨ ਕਰਨ ਵਾਲੀ ਚੀਜ਼। ਦੁਨੀਆਂ ਦੇ ਸੱਤ ਅਜੂਬੇ ਇਸ ਕਰਕੇ ਕਹੇ ਜਾਂਦੇ ਹਨ ਕਿਉਂਕਿ ਇਨ੍ਹਾਂ ਜਿਹੀ ਅਜੀਬ ਚੀਜ਼ ਹੋਰ ਕੋਈ ਨਹੀਂ ਹੈ। ਇਸੇ ਦਾ ਅਰਬੀ ਵਿਚ ਬਹੁਵਚਨ ਬਣਿਆ ਹੈ-ਅਜਾਇਬ ਅਰਥਾਤ ਬਹੁਤੀਆਂ ਚੀਜ਼ਾਂ ਨੂੰ ਅਜੀਬ ਦਰਸਾਉਣਾ ਹੋਵੇ ਤਾਂ ਅਜਾਇਬ ਕਿਹਾ ਜਾਵੇਗਾ। ਇਸੇ ਤੋਂ ਅਜਾਇਬ ਘਰ ਸ਼ਬਦ ਬਣਿਆ ਕਿਉਂਕਿ ਇਸ ਇਮਾਰਤ ਵਿਚ ਅਜੀਬ-ਅਜੀਬ ਚੀਜ਼ਾਂ ਰੱਖੀਆਂ ਜਾਂਦੀਆਂ ਹਨ ਜਾਂ ਕਹਿ ਲਵੋ ਉਹ ਚੀਜ਼ਾਂ ਜਿਹੜੀਆਂ ਸਾਡੇ ਆਮ ਜੀਵਨ ਵਿਚ ਅਨੁਭਵ-ਗੋਚਰੇ ਨਹੀਂ ਆਉਂਦੀਆਂ। ਉਂਜ ਮੈਨੂੰ ਥੋੜ੍ਹਾ ਜਿਹਾ ਤੁਅੱਜਬ ਹੁੰਦਾ ਹੈ ਕਿ ਅਸੀਂ ਅਜਾਇਬ ਸ਼ਬਦ ਦੀ ਵਰਤੋਂ ਖਾਸ ਨਾਮ ਦੇ ਅੰਸ਼ ਵਜੋਂ ਵੀ ਵਰਤ ਲੈਂਦੇ ਹਾਂ ਜਿਵੇਂ ਅਜਾਇਬ/ਅਜੈਬ ਸਿੰਘ। ਇਹ ਨਾਂ ਅਟਪਟਾ ਇਸ ਲਈ ਵੀ ਲਗਦਾ ਹੈ ਕਿ ਜਿਵੇਂ ਪਹਿਲਾਂ ਦੱਸਿਆ, ਅਜਾਇਬ ਬਹੁ-ਵਚਨੀ ਸ਼ਬਦ ਹੈ। ਇਸ ਨਾਲੋਂ ਤਾਂ ਅਜੀਬ ਸਿੰਘ ਹੀ ਰੱਖ ਲੈਂਦੇ ਬਚਿੱਤਰ ਸਿੰਘ ਵੀ ਤਾਂ ਹੈ। ਨਾਲ ਹੀ ਇਹ ਵੀ ਦੱਸ ਦੇਈਏ ਕਿ ਪਿਛੇ ਵਰਤਿਆ ਸ਼ਬਦ ਤੁਅੱਜਬ ਜਿਸ ਦਾ ਅਰਥ ਹੈਰਾਨੀ, ਅਚੰਭਾ ਹੁੰਦਾ ਹੈ, ਵੀ ਅਰਬੀ ਵਿਆਕਰਣ ਅਨੁਸਾਰ ਅਜਬ ਤੋਂ ਹੀ ਬਣਿਆ ਹੈ। ਅਜਬ ਸ਼ਬਦ ਸਾਮੀ ਹੈ ਤੇ ਇਸ ਦਾ ਧਾਤੂ ਹੈ ਅ-ਜ-ਬ। ਇਸ ਵਿਚ ਅਨੋਖੇਪਣ ਦਾ ਭਾਵ ਹੈ। ਹੋਰ ਸਾਮੀ ਭਾਸ਼ਾਵਾਂ ਵਿਚ ਇਸ ਧਾਤੂ ਤੋਂ ਬਣੇ ਹੋਰ ਸ਼ਬਦ ਵੀ ਹਨ ਪਰ ਇਥੇ ਉਨ੍ਹਾਂ ਦਾ ਜ਼ਿਕਰ ਕੁਥਾਵਾਂ ਹੋਵੇਗਾ ਕਿਉਂਕਿ ਉਹ ਪੰਜਾਬੀ ਵਿਚ ਨਹੀਂ ਆਏ।



ਹੁਣ ਆਈਏ ਗਰੀਬ ਸ਼ਬਦ 'ਤੇ। ਅਜੀਬ ਦੀ ਤਰ੍ਹਾਂ ਗਰੀਬ ਸ਼ਬਦ ਵੀ ਸਾਮੀ ਮੂਲ ਦਾ ਹੈ ਤੇ ਹੋਰ ਸਾਮੀ ਭਾਸ਼ਾਵਾਂ ਵਿਚ ਇਸ ਤੋਂ ਬਣੇ ਸ਼ਬਦ ਮਿਲਦੇ ਹਨ। ਤੁਅੱਜਬ ਵਾਲੀ ਇਕ ਹੋਰ ਗੱਲ ਹੈ ਕਿ ਇਸ ਸ਼ਬਦ ਦੇ ਧਾਤੂ ਗ-ਰ-ਬ ਵਿਚ ਦੂਰ ਜਾਣ, ਛੁਪਣ, ਵਾਂਝੇ ਹੋਣ ਦਾ ਭਾਵ ਹੈ। ਅਸਲ ਵਿਚ ਦੂਰ ਜਾਣ ਵਿਚ ਵੀ ਛੁਪਣ, ਅਸਤ ਹੋਣ ਦੇ ਭਾਵ ਹਨ। ਸਰੋਤਾਂ ਅਨੁਸਾਰ ਇਸ ਦੇ ਪ੍ਰਾਚੀਨ ਹਿਬਰੂ ਰੂਪ ਕਾਲੇਪਨ, ਹਨੇਰਾ, ਪੱਛਮ ਦੇ ਭਾਵ ਹਨ। ਅਰਬ ਦੇ ਪੱਛਮ ਵਿਚ ਜਿਥੇ ਅਰਬ ਦੇ ਦ੍ਰਿਸ਼ਟੀਕੋਣ ਤੋਂ ਸੂਰਜ ਛੁਪਦਾ ਹੈ, ਅਫਰੀਕਾ ਕਹਾਉਂਦਾ ਹੈ ਤੇ ਇਥੇ ਕਾਲੇ ਲੋਕ ਵਸਦੇ ਹਨ ਜਿਨ੍ਹਾਂ ਨੂੰ ਆਮ ਆਮ ਭਾਸ਼ਾ ਵਿਚ ਹਬਸ਼ੀ ਕਿਹਾ ਜਾਂਦਾ ਹੈ। ਇਹ ਲੋਕ ਗੋਰੇ ਦੇਸ਼ਾਂ ਦੀ ਤਰ੍ਹਾਂ ਅਰਬ ਦੇਸ਼ਾਂ ਵਿਚ ਵੀ ਕਿਸੇ ਸਮੇਂ ਖਰੀਦੇ ਜਾਂਦੇ ਸਨ। ਸੋ, ਗਰਬ ਧਾਤੂ ਦੇ ਛੁਪਣ, ਅਸਤ ਹੋਣ ਦੇ ਭਾਵ ਤੋਂ ਪੱਛਮ ਦੇ ਭਾਵ ਪੈਦਾ ਹੋਏ, ਪੱਛਮ ਦੇ ਲੋਕ (ਅਫਰੀਕੀ) ਕਿਉਂਕਿ ਕਾਲੇ ਸਨ ਇਸ ਲਈ ਇਸ ਵਿਚ ਕਾਲੇਪਨ ਦਾ ਭਾਵ ਆਇਆ ਤੇ ਅੱਗੋਂ ਕਿਉਂਕਿ ਇਹ ਲੋਕ ਗੁਲਾਮਾਂ ਦੀ ਹੈਸੀਅਤ ਵਾਲੇ ਸਨ, ਇਸ ਲਈ ਇਸ ਧਾਤੂ ਤੋਂ ਬਣੇ ਸ਼ਬਦ ਗਰਬਿ ਵਿਚ ਨਿਰਧਨ, ਮਸਕੀਨ ਸਨ ਦੇ ਅਰਥ ਸਮਾ ਗਏ। ਇਥੇ ਗੁਰਬਾ ਸ਼ਬਦ ਵੀ ਵਿਚਾਰਿਆ ਜਾ ਸਕਦਾ ਹੈ। ਅਸੀਂ ਦੇਖਿਆ ਹੈ ਕਿ ਗਰਬ ਧਾਤੂ ਵਿਚ ਵੰਚਿਤ ਹੋਣ ਦੇ ਭਾਵ ਹਨ। ਸੋ ਜਿਹੜਾ ਵਿਅਕਤੀ ਦੂਰ-ਦੁਰਾਡੇ ਦੇ ਸਫਰ ਕਰਦਾ ਹੈ, ਉਸ ਦਾ ਹਾਲ ਮੰਦਾ ਹੀ ਹੁੰਦਾ ਹੈ। ਉਹ ਸਹੂਲਤਾਂ ਤੋਂ ਵਾਂਝਾ ਹੋਇਆ ਦਿਸਦਾ ਹੈ। ਇਸ ਕਰਕੇ ਅਜਿਹੇ ਦੇਸ਼ ਤੋਂ ਭਟਕੇ ਬੰਦੇ ਲਈ ਗਰੀਬ-ਗੁਰਬਾ ਸ਼ਬਦ ਪ੍ਰਚਲਿਤ ਹੋਇਆ।

ਬਹੁਤ ਸਾਰੇ ਪਾਠਕ ਜਾਣਦੇ ਹੋਣਗੇ ਕਿ ਪੱਛਮ ਨੂੰ ਅਰਬੀ ਫਾਰਸੀ ਵਿਚ ਮਗਰਬ ਵੀ ਕਿਹਾ ਜਾਂਦਾ ਹੈ। ਅਰਬੀ ਵਿਚ ਕਿਸੇ ਸ਼ਬਦ ਦੇ ਅੱਗੇ "ਮ" ਅਗੇਤਰ ਲੱਗ ਕੇ ਬਹੁਤ ਸਾਰੇ ਸ਼ਬਦ ਬਣ ਜਾਂਦੇ ਹਨ ਜਿਵੇਂ ਕਤਲ ਤੋਂ ਮਕਤਲ, ਜ਼ੁਲਮ ਤੋਂ ਮਜ਼ਲੂਮ, ਜਲਸ ਤੋਂ ਮਜਲਿਸ ਆਦਿ। ਮਗਰਬ ਵੀ ਇਸੇ ਤਰ੍ਹਾਂ ਗਰਬ ਧਾਤੂ ਤੋਂ ਬਣਿਆ ਜਿਸ ਦੇ ਅਰਥ ਅਸੀਂ ਪਹਿਲਾਂ ਛੁਪਣਾ ਆਦਿ ਦੱਸ ਚੁੱਕੇ ਹਾਂ। ਸੋ, ਮਗਰਿਬ ਉਹ ਹੋਇਆ ਜਿਥੇ ਸੂਰਜ ਛਿਪਦਾ ਹੈ। ਜੋ ਦੇਸ਼ ਛੱਡ ਕੇ ਰੁਜ਼ਗਾਰ ਦੀ ਖਾਤਿਰ ਦੂਰ ਜਾਂਦਾ ਹੈ, ਪਰਦੇਸ ਜਾਂਦਾ ਹੈ, ਉਹ ਮੂਲ ਰੂਪ ਵਿਚ ਗਰੀਬ ਹੀ ਹੋਵੇਗਾ। ਮੁਢਲੇ ਤੌਰ 'ਤੇ ਗਰੀਬ ਸ਼ਬਦ ਵਿਚ ਪਰਦੇਸੀ, ਅਜਨਬੀ, ਘੁਮੱਕੜ ਆਦਿ ਦੇ ਭਾਵ ਸਨ। ਜੋ ਅਜਨਬੀ ਬਣ ਗਿਆ, ਦੂਰ ਦੇਸ਼ ਦਾ ਹੋ ਗਿਆ, ਉਸ ਵਿਚ ਅਜਨਬੀ ਗੁਣ ਹੋਣਗੇ। ਉਹ ਆਮ ਲੋਕਾਂ ਦੀ ਤਰ੍ਹਾਂ ਨਹੀਂ ਹੋਵੇਗਾ, ਅਨੋਖਾ ਹੋਵੇਗਾ, ਵਿਚਿੱਤਰ ਹੋਵੇਗਾ ਜਾਂ ਕਹੋ ਅਜੀਬ ਹੋਵੇਗਾ। ਇਥੋਂ ਹੀ ਸ਼ਬਦ ਜੁੱਟ ਬਣ ਗਿਆ ਅਜੀਬੋ-ਗਰੀਬ (ਅਜੀਬ-ਓ-ਗਰੀਬ) ਅਰਥਾਤ ਪਰਦੇਸੀ ਜਾਂ ਅਜਨਬੀ ਦੀ ਤਰ੍ਹਾਂ ਅਜੀਬ। ਗਰੀਬ ਸ਼ਬਦ ਤੋਂ ਹੀ ਗਰੀਬਖਾਨਾ ਬਣ ਗਿਆ ਅਰਥਾਤ ਆਪਣੇ ਵਧੀਆ ਘਰ ਨੂੰ ਵੀ ਨਿਮਰਤਾ ਸਹਿਤ ਗਰੀਬ ਦੀ ਰਿਹਾਇਸ਼ ਕਹਿਣਾ। ਬਹੁਤ ਸਾਰੇ ਅਰਬੀ ਨਾਂਵਾਂ ਵਿਚ ਵੀ ਗਰੀਬ ਸ਼ਬਦ ਲਗਦਾ ਹੈ। ਪੰਜਾਬ ਵਿਚ ਵੀ ਤਾਂ ਗਰੀਬ ਸਿੰਘ, ਗਰੀਬੂ ਹੁੰਦੇ ਹਨ। ਇਹ ਤੁਹਾਡੇ ਸੋਚਣ 'ਤੇ ਹੈ ਕਿ ਤੁਸੀਂ ਇਸ ਵਿਚ ਗਰੀਬ ਸ਼ਬਦ ਦੇ ਕਿਹੜੇ ਅਰਥ ਲੈਣੇ ਹਨ।

# ਅਰਦਾਸ

(ਪਿਛਲੇ ਸਫੇ ਦੀ ਬਾਕੀ)

ਇਨ੍ਹਾਂ ਦੀਆਂ ਕੰਮ ਕਰਦੀਆਂ ਹਨ, ਸ਼ਾਇਦ ਹੀ ਕਿਸੇ ਹੋਰ ਦੇਸ਼ ਦੀਆਂ ਹੋਣ। 2001 ਦੇ ਅੰਕੜਿਆਂ ਮੁਤਾਬਕ ਜਿੰਨਾ ਦਾਨ ਅਮਰੀਕਾ ਦੀਆਂ ਸੰਸਥਾਵਾਂ ਨੇ ਲੋਕ ਭਲਾਈ ਲਈ ਇਕੱਠਾ ਕੀਤਾ, ਉਹ ਪੂਰੇ ਹਿੰਦੋਸਤਾਨ ਦੇ ਸਾਲਾਨਾ ਬਜਟ ਨਾਲੋਂ ਜ਼ਿਆਦਾ ਸੀ। ਸਾਡੇ ਲਈ ਸਰਬੱਤ ਦਾ ਭਲਾ ਮੰਗਣਾ ਆਪਣੇ ਆਪ ਨੂੰ ਗੁੰਮਰਾਹ ਕਰਨ ਜਾਂ ਧੋਖਾ ਦੇਣ ਤੋਂ ਵਧ ਕੁਝ ਵੀ ਨਹੀਂ, ਜੇ ਅਸੀਂ ਇਨ੍ਹਾਂ ਲਫ਼ਜ਼ਾਂ ਨੂੰ ਅਮਲੀ ਰੂਪ ਦੇਣ ਲਈ ਕੋਈ ਉਪਰਾਲਾ ਨਹੀਂ ਕਰਾਂਗੇ।

ਅਰਦਾਸ ਗੁਰੂ ਦੇ ਸਨਮੁਖ ਬੇਨਤੀ ਤਾਂ ਹੈ ਹੀ, ਪਰ ਗੁਰੂ ਨਾਲ ਕੀਤੇ ਪ੍ਰਣ ਦੇ ਤੌਰ 'ਤੇ ਵੀ ਇਸ ਦੀ ਇਤਿਹਾਸਕ ਪ੍ਰਮਾਣਿਕਤਾ ਮਿਲਦੀ ਹੈ। ਸਿੱਖ ਜੇ ਗੁਰੂ ਨਾਲ ਕੋਈ ਪ੍ਰਣ ਕਰਦਾ ਹੈ, ਤਾਂ ਨਾਲ ਹੀ ਗੁਰੂ ਪਾਸ ਬੇਨਤੀ ਵੀ ਕਰਦਾ ਹੈ ਕਿ ਉਸ ਦਾ ਪ੍ਰਣ ਨਿਭ ਸਕੇ। ਗੁਰੂ ਆਪਣੇ ਸਿੱਖ ਨੂੰ ਸਮਰੱਥਾ ਬਖਸ਼ਦਾ ਹੈ ਪਰ ਇਹ ਨਿਰਭਰ ਕਰਦਾ ਹੈ ਕਿ ਕੀਤੇ ਪ੍ਰਣ ਨੂੰ ਨਿਭਾਉਣ ਦੀ ਜਾਚਨਾ ਕਿੰਨੀ ਕੁ ਭਾਵਪੂਰਨ ਹੈ। ਬਾਬਾ ਦੀਪ ਸਿੰਘ ਨੇ ਹਰਿਮੰਦਰ ਸਾਹਿਬ ਪਹੁੰਚਣ ਦਾ ਪ੍ਰਣ ਕੀਤਾ ਸੀ। ਇਤਿਹਾਸ ਗਵਾਹ ਹੈ ਕਿ ਸਿਰ ਤੇ ਧੜ ਵੱਖ-ਵੱਖ ਹੋਣ ਦੇ ਬਾਵਜੂਦ ਆਪਣੇ ਬਿਰਦ ਦੀ ਪੈਜ ਰੱਖਣ ਲਈ ਵਾਹਿਗੁਰੂ ਵਲੋਂ ਆਪਣੇ ਸਿੱਖ ਨੂੰ ਅਲੌਕਿਕ ਸ਼ਕਤੀ ਵਰਦਾਨ ਹੋਈ ਸੀ। ਸ. ਸ਼ਾਮ ਸਿੰਘ ਅਟਾਰੀ ਵਾਲੇ ਦਾ ਦਿੱਤਾ ਵਚਨ ਨਿਭਿਆ ਸੀ, ਉਸ ਨੇ ਜਿੱਤ ਜਾਂ ਮੌਤ ਮੰਗੀ ਸੀ। ਜਿੱਤ ਬੇਸ਼ਕ ਨਸੀਬ ਨਹੀਂ ਹੋਈ ਪਰ ਹਾਰ ਕੇ ਘਰ ਨਹੀਂ ਮੁੜਿਆ। ਵੀਹਵੀਂ ਸਦੀ ਵਿਚ ਇਕ ਸਾਧਾਰਨ ਸਿੱਖ ਸ. ਦਰਸ਼ਨ ਸਿੰਘ ਫੇਰੂਮਾਨ ਨੇ ਆਦਰਸ਼ ਨੂੰ ਮਿਥ ਕੇ ਅਰਦਾਸ ਕੀਤੀ ਸੀ, ਉਸ ਦਾ ਸਰੀਰ ਤਿਲ-ਤਿਲ ਤੇ ਸਵਾਸ-ਸਵਾਸ ਮੁੱਕਿਆ ਸੀ, ਉਸ ਦਾ ਜੀਵਨ, ਬਹੁਤ ਕਠਿਨ ਸੀ, ਉਸ ਦਾ ਪ੍ਰਣ, ਪਰ ਗੁਰੂ ਦੀ ਬਖਸ਼ਿਸ਼ ਸੀ ਕਿ ਉਹ ਸ਼ਹੀਦੀ ਨੂੰ ਪ੍ਰਾਪਤ ਹੋਇਆ। ਜਿਥੇ ਮਨ ਵਿਚ ਇਮਾਨਦਾਰੀ ਦੀ ਥਾਂ ਫਰੇਬ ਹੋਵੇ, ਕੋਈ ਕਪਟ ਹੋਵੇ, ਗੁਰੂ ਸਹਾਈ ਨਹੀਂ ਹੁੰਦਾ। ਇਨਸਾਨ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਕਿੰਨਾ ਵੀ ਲੋਕਪ੍ਰਿਯ ਕਿਉਂ ਨਾ ਹੋਵੇ ਪਰ ਮਨ ਵਿਚਲਾ ਫਰੇਬ ਸ਼ਹੀਦੀ ਵਰਗੀ ਦਾਤ ਪ੍ਰਾਪਤ ਨਹੀਂ ਹੋਣ ਦਿੰਦਾ।

ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਨੇ ਕਿੰਡੇ ਵੱਡੇ ਅਡੰਬਰ ਕੀਤੇ ਸੀ, ਸੰਸਾਰ ਵਿਆਪੀ ਪ੍ਰਚਾਰ ਹੋਇਆ ਸੀ ਉਨ੍ਹਾਂ ਵੱਲੋਂ ਕੀਤੀ ਅਰਦਾਸ ਦਾ। ਉਨ੍ਹਾਂ ਦੇ ਮਨਾਂ ਵਿਚ ਕਿਉਂਕਿ ਸਿਆਸੀ ਕਪਟ ਸੀ, ਇਸ ਲਈ ਗੁਰੂ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਮਰ ਤਾਂ ਉਹ ਵੀ ਗਏ ਪਰ ਸ਼ਹੀਦੀ ਉਨ੍ਹਾਂ ਦੇ ਭਾਗ ਨਹੀਂ ਬਣ ਸਕੀ ਕਿਉਂਕਿ ਗੁਰੂ ਨੇ ਉਨ੍ਹਾਂ ਦੀ ਅਰਦਾਸ ਪ੍ਰਵਾਨ ਨਹੀਂ ਸੀ ਕੀਤੀ। ਸੰਤ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀਆਂ ਨੂੰ ਗੁਰੂ ਉਪਰ ਦ੍ਰਿੜ ਵਿਸ਼ਵਾਸ ਸੀ। ਉਨ੍ਹਾਂ ਅਰਦਾਸ ਕੀਤੀ ਸੀ, ਗੁਰੂ ਨੇ ਬਲ ਬਖਸ਼ਿਆ ਸੀ, ਆਪਣੇ ਸਵਾਸਾਂ ਤਕ ਦੀਨ ਹੇਤ ਲੜਨ ਦਾ।

ਮੈਂ ਅਰਦਾਸ ਨਾਲ ਸਬੰਧਤ ਇਸ ਸੂਖਮ ਪੱਖ ਨੂੰ ਵੀ ਛੋਹਣਾ ਚਾਹੁੰਦਾ ਹਾਂ ਜਿਹੜਾ ਹੁਣ ਪ੍ਰਚਲਤ ਹੈ। ਇਹ ਗੱਲ ਫਿਰ ਸਪਸ਼ਟ ਕਰਨੀ ਚਾਹੁੰਦਾ ਹਾਂ ਕਿ ਅਰਦਾਸ ਗੁਰੂ ਜਾਂ ਅਕਾਲ ਪੁਰਖ ਦੇ ਰੂ-ਬਰੂ ਇਕ ਅਰਜ਼ੋਈ ਹੈ ਜਿਸ ਦਾ ਸਬੰਧ ਹਰ ਵਿਅਕਤੀ ਦੇ ਆਪਣੇ ਨਿੱਜ ਨਾਲ ਹੁੰਦਾ ਹੈ। ਅਰਦਾਸ ਬੇਸ਼ਕ ਸਮੂਹਕ ਰੂਪ ਵਿਚ ਵੀ ਹੋ ਸਕਦੀ ਹੈ ਪਰ ਉਸ ਵਿਚ ਵੀ ਹਰ ਵਿਅਕਤੀ ਦਾ ਨਿੱਜ ਹੀ ਮੁਖ ਹੁੰਦਾ ਹੈ ਕਿ ਤੁਸੀਂ ਕੀ ਤੇ ਕਿਵੇਂ ਮੰਗ ਰਹੇ ਹੋ। ਅਨੁਭਵੀ ਮਹਾਂਪੁਰਸ਼ਾਂ ਦੇ ਕਥਨ ਹਨ- ਅਰਦਾਸ ਉਧਾਰੀ ਨਹੀਂ ਹੋ ਸਕਦੀ; ਕਿਉਂ ਜੋ ਅਰਦਾਸ ਦਾ ਸਬੰਧ, ਸਬੰਧਤ ਵਿਅਕਤੀ ਦੇ ਹਿਰਦੇ ਨਾਲ ਹੈ, ਉਸ ਦੇ ਅੰਦਰੋਂ ਉਠੀ ਕਿਸੇ ਪੀੜਾ ਜਾਂ ਉਮਾਹ ਨਾਲ ਹੈ, ਉਸ ਦੀ ਅੰਤਰੀਵੀ ਭਾਵਨਾ ਨਾਲ ਹੈ ਤਾਂ ਬੇਸ਼ਕ ਕੋਈ ਦੂਜਾ ਵਿਅਕਤੀ ਉਸ ਨੂੰ ਪ੍ਰਭਾਵਸ਼ਾਲੀ ਲਫ਼ਜ਼ਾਂ ਦਾ ਜਾਮਾ ਪਹਿਨਾ ਕੇ, ਸੁਹਣੇ ਤੇ ਸੁਰੀਲੇ ਤਰੀਕੇ ਨਾਲ ਪੇਸ਼ ਤਾਂ ਕਰ ਸਕਦਾ ਹੈ, ਪਰ ਅਰਦਾਸ ਪ੍ਰਵਾਨ ਹੋਵੇ, ਕੋਈ ਤਰਕ ਨਹੀਂ ਬਣਦਾ?

ਗੁਰਦੁਆਰਿਆਂ ਵਿਚ ਭਾਈ ਸਾਹਿਬਾਨ ਜਾਂ ਗ੍ਰੰਥੀ ਸਾਹਿਬਾਨ ਸ਼ਰਧਾਲੂਆਂ ਦੇ ਕਹਿਣ 'ਤੇ ਉਨ੍ਹਾਂ ਦੀਆਂ ਮੰਗਾਂ ਦੀ ਲੰਬੀ ਲਿਸਟ ਜ਼ਰੂਰ ਅਰਦਾਸ ਦੇ ਆਖੀਰ ਵਿਚ ਜੋੜ ਦਿੰਦੇ ਹਨ; ਅਜਿਹੀਆਂ ਕੀਤੀਆਂ ਜਾਂ ਕਰਵਾਈਆਂ ਅਰਦਾਸਾਂ ਨਾਲ ਅਸੀਂ ਆਪਣੇ ਮਨਾਂ ਦਾ ਭਰਮ ਤਾਂ ਜ਼ਰੂਰ ਪਾਲ ਲੈਂਦੇ ਹਾਂ, ਮਨਾਂ ਵਿਚ ਧਰਵਾਸ ਬੰਨ੍ਹ ਲੈਂਦੇ ਹਾਂ, ਪਰ ਅਰਦਾਸ ਦੀ ਪ੍ਰਵਾਨਗੀ ਪ੍ਰਤੀ ਯਕੀਨ ਨਹੀਂ ਆਉਂਦਾ। ਹਾਂ! ਕੁਝ ਅਜਿਹੇ ਮਹਾਂਪੁਰਸ਼ ਜਿਨ੍ਹਾਂ ਨੂੰ ਉਸ ਵਾਹਿਗੁਰੂ ਦਾ ਅਨੁਭਵ ਹੈ; ਜਿਨ੍ਹਾਂ ਆਪਣੇ ਪਿਆਰ ਭਗਤੀ, ਸਾਧਨਾ, ਧਿਆਨ ਰਾਹੀਂ ਅਕਾਲ ਪੁਰਖ ਦੇ ਮਿਲਾਪ ਦਾ ਅਗੰਮੀ ਰਸ ਮਾਣਿਆ ਹੈ, ਉਨ੍ਹਾਂ ਵਿਚ ਕਿਸੇ ਦੀ ਅਰਦਾਸ ਨੂੰ ਵਾਹਿਗੁਰੂ ਪਾਸ ਪਹੁੰਚਾਉਣ ਤੇ ਮਨਵਾਉਣ ਦੀ ਸਮਰੱਥਾ ਜ਼ਰੂਰ ਹੁੰਦੀ ਹੈ। ਇਤਿਹਾਸ ਵਿਚ ਅਨੇਕਾਂ ਗਵਾਹੀਆਂ ਹਨ।

ਅਨੁਭਵ ਪ੍ਰਾਪਤ ਮਹਾਂਪੁਰਸ਼ਾਂ ਦਾ ਇਹ ਵੀ ਮੰਨਣਾ ਹੈ ਕਿ ਧਾਰਮਿਕ ਸਥਾਨਾਂ 'ਤੇ ਜਾਣਾ, ਗੁਰੂ ਚਰਨਾਂ ਵਿਚ ਆਪਣਾ ਸਮਾਂ ਬਿਤਾਉਣਾ, ਸੰਗਤ ਰੂਪ ਵਿਚ ਗੁਰੂ ਦੇ ਜਸ ਗਾਇਨ ਕਰਨਾ, ਬਹੁਤ ਭਾਗਾਂ ਵਾਲਿਆਂ ਦੇ ਨਸੀਬ ਵਿਚ ਹੁੰਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਅਰਦਾਸ ਕੇਵਲ ਧਾਰਮਿਕ ਸਥਾਨਾਂ ਉਪਰ ਹੀ ਸੰਭਵ ਹੈ। ਗੁਰੂ ਸਾਹਿਬਾਨ ਨੇ ਅਨੇਕ ਵਾਰੀ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਸਰਬਵਿਆਪਕ ਹੈ, ਘਟ ਘਟ ਵਿਚ ਉਸ ਦਾ ਵਾਸਾ ਹੈ- ਚਰਨ ਕਮਲ ਧਿਆਇ ਭੀਤਰਿ, ਘਟ ਘਟਹਿ ਸੁਆਮੀ ਸੁਝੈ॥ ਅਰਦਾਸ ਅਸੀਂ ਕਿਤੇ ਵੀ ਕੀਤੀ ਹੈ, ਜੇ ਉਹ ਭਾਵ-ਭਿੰਨੀ ਹੈ ਤਾਂ ਸੁਣੀ ਹੀ ਜਾਵੇਗੀ।

ਅਚਾਰੀਆ ਰਜਨੀਸ਼ ਦਾ ਵੀ ਕਥਨ ਹੈ ਕਿ ਜੇ ਤੁਹਾਡੀ ਪ੍ਰਾਰਥਨਾ ਸਹੀ ਅਰਥਾਂ ਵਿਚ ਪ੍ਰਾਰਥਨਾ ਹੈ ਤਾਂ ਜਿਥੇ ਕਿਤੇ ਵੀ ਤੁਸੀਂ ਮਨ ਵਿਚ ਅਰਦਾਸ ਦੀ ਭਾਵਨਾ ਰੱਖੋਗੇ, ਉਥੇ ਹੀ ਤੁਹਾਨੂੰ ਉਸ ਦੇ ਚਰਨ ਨਜ਼ਰ ਆਉਣਗੇ। ਬਾਦਸ਼ਾਹ ਬਾਬਰ ਦਾ ਬੇਟਾ ਹਮਾਯੂੰ ਜਦ ਆਪਣੇ ਅੰਤਮ ਪਲਾਂ ਵਿਚੋਂ ਗੁਜ਼ਰ ਰਿਹਾ ਸੀ, ਵੈਦਾਂ ਦੇ ਜਦੋਂ ਸਾਰੇ ਹੀਲੇ-ਵਸੀਲੇ ਵਿਅਰਥ ਜਾਪੇ ਤਾਂ ਖੁਦ ਬਾਬਰ ਨੇ, ਹਮਾਯੂੰ ਦੇ ਮੰਜੇ ਦੁਆਲੇ ਪਰਿਕਰਮਾ ਕਰ ਕੇ ਦੁਆ (ਅਰਦਾਸ) ਕੀਤੀ ਸੀ ਕਿ ਹੇ ਖੁਦਾ! ਮੇਰੇ ਬੇਟੇ ਦੀ ਜਾਨ ਬਖਸ਼, ਬੇਸ਼ਕ ਉਸ ਦੀ ਜਗ੍ਹਾ ਮੈਨੂੰ ਮੌਤ ਆ ਜਾਵੇ। ਇਤਿਹਾਸਕ ਸੱਚਾਈ ਹੈ ਕਿ ਬਾਬਰ ਬਿਮਾਰ ਪੈ ਗਿਆ ਤੇ ਹਮਾਯੂੰ ਤੰਦਰੁਸਤ ਹੋਣਾ ਸ਼ੁਰੂ ਹੋ ਗਿਆ। ਬਾਬਰ ਦੀ ਮੌਤ ਹੋਈ, ਤੇ ਹਮਾਯੂੰ ਮੁਗਲ ਸਲਤਨਤ ਦਾ ਦੂਜਾ ਬਾਦਸ਼ਾਹ ਬਣਿਆ। ਉਸ ਨੇ ਇਹ ਦੁਆ ਕਿਸੇ ਮਸੀਤ ਜਾਂ ਕਿਸੇ ਵੱਡੇ ਮੁੱਲਾਂ ਕਾਜ਼ੀ ਪਾਸੋਂ ਨਹੀਂ ਸੀ ਕਰਵਾਈ। ਕੌਰਵਾਂ ਨੇ ਜਦ ਭਰੇ ਦਰਬਾਰ ਵਿਚ ਦ੍ਰੋਪਤੀ ਨੂੰ ਬੇਪਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਅੰਦਰੋਂ ਉਠੀ ਪੁਕਾਰ ਨੂੰ ਪਰਮਾਤਮਾ ਦੇ ਦਰ ਪ੍ਰਵਾਨਗੀ ਮਿਲੀ ਸੀ ਤੇ ਉਸ ਦੀ ਪਤ ਦੀ ਰਾਖੀ ਹੋਈ ਸੀ- ਬਸਤ੍ਰ ਛੀਨਤ ਦ੍ਰੋਪਦੀ ਰੱਖੀ ਲਾਜ। ਇਸੇ ਤਰ੍ਹਾਂ ਪ੍ਰਹਿਲਾਦ, ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਧੰਨਾ ਭਗਤ ਆਦਿ ਮਿਸਾਲਾਂ ਹਨ।

ਮੈਂ ਇਹ ਗੱਲ ਸਪਸ਼ਟ ਕਰਨੀ ਚਾਹਾਂਗਾ ਕਿ ਇਸ ਅਤਿ ਸੂਖਮ ਤੇ ਸੰਜੀਦਾ ਵਿਸ਼ੇ ਨੂੰ ਛੋਹਣਾ ਪੰਥ ਵਿਚ ਵਿਵਾਦ ਪੈਦਾ ਕਰਨਾ ਨਹੀਂ, ਕਿਉਂਕਿ ਪੰਥ ਤਾਂ ਅੱਗੇ ਹੀ ਅਨੇਕਾਂ ਬੇਅਰਥ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਮੈਂ ਤਾਂ ਸਿਰਫ਼ ਇਹੀ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਅਤਿਅੰਤ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀ ਕਿਰਤ ਨੂੰ ਕੇਵਲ ਰਸਮ ਸਮਝ ਕੇ ਨਹੀਂ, ਸਗੋਂ ਉਸ ਦੇ ਅੰਤਰੀਵੀ ਭਾਵਾਂ ਨਾਲ ਇਕ ਸੁਰ ਹੋ ਕੇ ਉਸ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਈਏ। ਅਰਦਾਸ ਤਾਂ ਇਕ ਅਨੁਭਵ ਹੈ ਜਿਸ ਨੂੰ ਜੀਵਿਆ ਜਾਣਾ ਚਾਹੀਦਾ ਹੈ; ਇਹ ਕੋਈ ਅਜਿਹੀ ਕਲਾ ਨਹੀਂ ਹੈ ਜੋ ਸਿੱਖੀ ਤੇ ਪੜ੍ਹੀ ਜਾ ਸਕਦੀ ਹੋਵੇ। ਫਿਰ ਵੀ ਜੇ ਕੋਈ ਭੁੱਲ ਹੋਈ ਹੋਵੇ ਜੋ ਧਾਰਮਿਕ ਪੱਖ ਤੋਂ ਕਿਸੇ ਨੂੰ ਠੇਸ ਪਹੁੰਚਾਏ, ਜਾਂ ਮੇਰੇ ਪਾਸੋਂ ਜਾਣੇ-ਅਨਜਾਣੇ ਕੁਝ ਅਜਿਹਾ ਲਿਖਿਆ ਗਿਆ ਹੋਵੇ ਜੋ ਪੰਥਕ ਸੋਚ ਮੁਤਾਬਕ ਸਹੀ ਨਹੀਂ, ਤਾਂ ਉਸ ਨੂੰ ਆਪਣੀ ਤੁਛ ਬੁੱਧੀ ਦਾ ਨਤੀਜਾ ਸਮਝ ਕੇ ਪੰਥ ਪਾਸੋਂ ਮੁਆਫੀ ਦੀ ਜਾਚਨਾ ਕਰਦਾ ਹਾਂ।

## ਦੱਸ ਮੇਰੇ ਵੀਰਨਾ

ਦੱਸ ਮੇਰੇ ਵੀਰਨਾ ਤੂੰ ਕੇਹੇ ਗੀਤ ਗਾਈ ਜਾਨੈਂ?
ਸੱਚੀ-ਸੁੱਚੀ ਬੋਲੀ ਤਾਈਂ ਮਿੱਟੀ 'ਚ ਮਿਲਾਈ ਜਾਨੈਂ।

ਬੱਕਰੇ ਬੁਲਾ ਕੇ ਚੰਨਾਂ ਬਣਦੈਂ ਪੰਜਾਬੀ,
ਕੱਢ-ਕੱਢ ਗਾਲ੍ਹਾਂ ਹਿੱਕ ਤਣਦੈਂ ਪੰਜਾਬੀ।
ਮਾਂ-ਬੋਲੀ ਆਪਣੀ 'ਤੇ ਜ਼ੁਲਮ ਕਮਾਈ ਜਾਨੈਂ।
ਦੱਸ ਮੇਰੇ ਵੀਰਨਾ ਤੂੰ...।

ਗੱਲੇ ਕੱਥੇ ਗੱਲ ਤੂੰ ਕਰੇਂ ਹਥਿਆਰਾਂ ਦੀ,
ਵੀਡੀਓ ਬਣਾਵੇਂ ਅਧ-ਨੰਗੀਆਂ ਤੂੰ ਨਾਰਾਂ ਦੀ।
ਪੈਗਾਂ ਦੀਆਂ ਗੱਲਾਂ ਐਵੇਂ ਗੀਤਾਂ ਵਿਚ ਪਾਈ ਜਾਨੈਂ।
ਦੱਸ ਮੇਰੇ ਵੀਰਨਾ ਤੂੰ...।

ਗੁਰੂਆਂ ਨੇ ਰਚੀ ਬਾਣੀ ਬੋਲੀ ਨੂੰ ਸੰਵਾਰਿਆ,
ਸੂਫ਼ੀਆਂ ਨੇ ਗਾ ਕੇ ਕਾਫ਼ੀ ਇਸ ਨੂੰ ਸ਼ਿੰਗਾਰਿਆ।
ਵਾਰਸ ਦਿਆ ਵਾਰਸਾ ਵਾਰਸ ਨੂੰ ਭੁਲਾਈ ਜਾਨੈਂ।
ਦੱਸ ਮੇਰੇ ਵੀਰਨਾ ਤੂੰ...।

ਪਿਆਰ ਤੇ ਮਿਠਾਸ ਭਰੀ ਸ਼ਹਿਦ ਨਾਲੋਂ ਮਿੱਠੀ ਬੋਲੀ,
ਇਹਦੇ ਜਿਹੀ ਦੁਨੀਆਂ 'ਚ ਕੋਈ ਨਾ ਮੈਂ ਡਿੱਠੀ ਬੋਲੀ।
ਬੋਲ ਬੋਲ ਫਿੱਕੇ ਬੋਲ ਮਿਠਤ ਮੁਕਾਈ ਜਾਨੈਂ।
ਦੱਸ ਮੇਰੇ ਵੀਰਨਾ ਤੂੰ ਕੇਹੇ ਗੀਤ ਗਾਈ ਜਾਨੈਂ?

-ਸੁਖਦੇਵ ਸਿੰਘ ਸ਼ਾਂਤ
ਇੰਡੀਅਨਐਪੋਲਿਸ, ਇੰਡੀਆਨਾ।
ਫੋਨ: 317-372-7941



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਸ਼ੁਕਰ ਹੈ ਉਹ ਨਹੀਂ ਮੋਈ

***ਕਾਨਾ ਸਿੰਘ ਦੇ ਇਸ ਲੇਖ (ਸ਼ੁਕਰ ਹੈ ਉਹ ਨਹੀਂ ਮੋਈ) ਵਿਚ ਜੀਅ-ਜੀਵ-ਜੰਤ ਨਾਲ ਪਿਆਰ ਅਤੇ ਇਸਰਾਰ ਦੀ ਕਥਾ ਬੜੀ ਦਿਲਚਸਪ ਹੈ। ਉਹ ਆਪਣੀਆਂ ਰਚਨਾਵਾਂ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ-ਕਰਦੀ ਬੜੀ ਰਸਦਾਰ, ਸੁਘੜ, ਚੁਸਤ ਲਿਖਤ ਸਿਰਜ ਦਿੰਦੀ ਹੈ। ਉਹਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਬੁੱਲੇ ਸ਼ਾਹ ਜਿਵੇਂ ਨੱਚ-ਨੱਚ ਫਾਵਾਂ ਹੋ ਰਿਹਾ ਹੋਵੇ! ਰਚਨਾ ਵਿਚ ਲੋਹੜੇ ਦਾ ਸੇਕ ਅਤੇ ਨਾਲ ਹੀ ਰਵਾਨੀ। ਪਤਾ ਹੀ ਨਹੀਂ ਲਗਦਾ ਕਿ ਉਸ ਦੀ ਆਪਣੀ ਕਹਾਣੀ ਕਦੋਂ ਸਰਬੱਤ ਦੀ ਕਥਾ ਬਣ ਜਾਂਦੀ ਹੈ। 'ਸ਼ੁਕਰ ਹੈ ਉਹ ਨਹੀਂ ਮੋਈ' ਵਿਚ ਮਾਨਵੀ ਤਰੰਗਾਂ ਦਾ ਜਲੌਅ ਸਰਸ਼ਾਰ ਕਰਦਾ ਜਾਂਦਾ ਹੈ। -ਸੰਪਾਦਕ***

ਸਵੇਰ ਦੇ ਸੱਤ ਵੱਜੇ। ਚਾਹ ਦੀ ਪਿਆਲੀ ਹੱਥ ਵਿਚ ਫੜੀ ਮੈਂ ਘਰ ਦੇ ਮੂਹਰਲੇ ਵਿਹੜੇ ਦੇ ਬਾਹਰਵਾਰ ਵਾਲੀ ਬਗੀਚੀ ਵਿਚ ਵੜੀ। ਕੰਧ ਨਾਲ ਜੁੜੇ ਹੋਏ ਅਨਾਰ ਦਾ ਰੁੱਖ ਫੁੱਲੋ-ਫੁੱਲ ਸੀ, ਲਾਲ ਟਹਿਕਦੇ ਫੁੱਲ। ਵਿਹੜੇ ਦੀ ਚਾਰਦੀਵਾਰੀ ਦੀ ਕੰਧ ਉਪਰ ਚੜ੍ਹੀ ਹੋਈ ਮਨੀ-ਪਲਾਂਟ ਦੀ ਵੇਲ ਦੇ ਹੇਠਾਂ ਵਲ ਮੁੜੇ ਹੋਏ ਕੁੱਪੇ ਦੀ ਸ਼ਕਲ ਦੇ ਚੌੜੇ ਜਿਹੇ ਪੱਤੇ ਨੇ ਮੇਰਾ ਧਿਆਨ ਖਿੱਚਿਆ।... ਹੈਂ! ਇਹ ਕੀ? ਇਸ ਨੂੰ ਕੀੜਾ ਲੱਗ ਗਿਆ?

ਮੈਂ ਪੱਤਾ ਉਧੇੜਨ ਦੀ ਕੀਤੀ, ਤੇ ਹੈਰਾਨ ਰਹਿ ਗਈ। ਵਿਚ ਆਲ੍ਹਣਾ ਟਿਕਿਆ ਹੋਇਆ ਸੀ; ਰੂੰ, ਤੀਲੀਆਂ, ਫੰਗਾਂ ਤੇ ਇਕ-ਦੋ ਕਾਤਰਾਂ ਨਾਲ ਗੁੰਦਿਆ ਹੋਇਆ ਨਿੱਕਾ ਜਿਹਾ ਆਲ੍ਹਣਾ।

'ਇਹ ਗਲਹਿਰੀ ਦਾ ਆਲ੍ਹਣਾ ਹੈ ਬੀਬੀ ਜੀ', ਵਿਹੜੇ ਵਿਚ ਝਾੜੂ ਮਾਰ ਰਹੀ ਬਬਿਤਾ ਨੇ ਦੱਸਿਆ। ਮਾਲੀ ਪਰਿਵਾਰ ਦੀ ਬਬਿਤਾ ਰੁੱਖਾਂ, ਫਲਾਂ ਅਤੇ ਪੰਛੀਆਂ ਦੀ ਵਾਹਵਾ ਪਛਾਣ ਰੱਖਦੀ ਹੈ।

ਇੰਨਾ ਨੀਵਾਂ ਆਲ੍ਹਣਾ? ਇਹ ਤਾਂ ਧਰਤੀ ਤੋਂ ਮਸਾਂ ਤਿੰਨ ਕੁ ਫੁੱਟ ਦੀ ਉਚਾਈ 'ਤੇ ਹੀ ਪਾਇਆ ਹੋਇਆ ਸੀ, ਕਿਸੇ ਬਾਲਕ ਜਾਂ ਕੁੱਤੇ-ਬਿੱਲੇ ਦੀ ਅਸਾਨ ਪਹੁੰਚ ਵਿਚ। ਇਹ ਕਿੰਨਾ ਕੁ ਮਹਿਫ਼ੂਜ਼ ਹੋਣਾ ਸੀ ਭਲਾ?... ਮੈਂ ਸੋਚਦੀ ਰਹੀ।

ਬੁਲਬੁਲਾਂ ਅਕਸਰ ਹੀ ਸਾਡੇ ਘਰ ਦੇ ਅਨਾਰ ਅਤੇ ਨਿੰਬੂ ਦੇ ਰੁੱਖਾਂ ਉਪਰ ਆਲ੍ਹਣੇ ਪਾਂਦੀਆਂ ਰਹਿੰਦੀਆਂ ਹਨ ਪਰ ਇੰਨੇ ਨੀਵੇਂ ਤਾਂ ਨਹੀਂ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਡੀ ਦੋਸਤੀ ਦੀ ਸਰੀਰਕ ਭਾਸ਼ਾ ਤੋਂ ਪੰਛੀ-ਜਨੌਰ ਭਲੀ-ਭਾਂਤ ਵਾਕਿਫ ਹੁੰਦੇ ਹਨ।

---

ਸਾਡੇ ਮੁੰਬਈਆ ਘਰ ਦੇ ਸੌਣ-ਸੁੱਫ਼ੇ ਦੇ ਖੱਬੇ ਕੋਨੇ ਦੀ ਬਰੈਕਟ ਉਪਰ ਪਈਆਂ ਸਾਡੀਆਂ ਪਰਿਵਾਰਕ ਤਸਵੀਰਾਂ ਪਿੱਛੇ ਚਿੜੀ-ਚਿੜੇ ਨੇ ਘਰ ਪਾ ਲਿਆ। ਉਹ ਬੋਟਾਂ ਦੇ ਪਰੋਟ ਨੂੰ ਪਾਲ-ਪੂਰ ਤੇ ਉਡਾ ਕੇ ਮੁੜ-ਮੁੜ ਉਥੇ ਹੀ ਨਵਾਂ ਆਲ੍ਹਣਾ ਉਸਾਰ ਲੈਂਦੇ। ਮੈਂ ਉਨ੍ਹਾਂ ਦੇ ਹਰ ਪੂਰ ਦੀ ਉਡਾਰੀ ਮਗਰੋਂ ਬਰੈਕਟ ਦੀ ਸਾਫ਼-ਸੁਫ਼ਾਈ ਕਰ ਕੇ ਮੁੜ ਉਸੇ ਤਰ੍ਹਾਂ ਕੰਧ ਤੋਂ ਵਿੱਥ ਪਾ ਕੇ ਤਸਵੀਰਾਂ ਟਿਕਾ ਦਿੰਦੀ। ਚਿੜੀ-ਚਿੜਾ ਸਾਡੀ ਹਾਜ਼ਰੀ ਵਿਚ ਖਾਣੇ ਦੀ ਮੇਜ਼ ਉਤੇ ਮੇਰੇ ਵਲੋਂ ਜਾਣ-ਬੁਝ ਕੇ ਖਿਲਾਰੇ ਹੋਏ ਦਾਲ, ਚੌਲ, ਡਬਲਰੋਟੀ, ਬਾਜਰਾ ਜਾਂ ਰੋਟੀ ਦੇ ਭੋਰ ਚੁਗਦੇ ਰਹਿੰਦੇ। ਫਿਰ ਵੀ ਉਨ੍ਹਾਂ ਦਾ ਆਲ੍ਹਣਾ ਫਰਸ਼ ਤੋਂ ਘਟੋ-ਘਟ ਛੇ ਫੁੱਟ ਉਚਾ ਤਾਂ ਹੁੰਦਾ ਹੀ ਸੀ। ਦੂਜੇ, ਸਾਡਾ ਉਹ ਘਰ ਉਸ ਇਮਾਰਤ ਦੀ ਪਹਿਲੀ ਮੰਜ਼ਿਲ ਉਤੇ ਹੋਣ ਕਾਰਨ ਸੱਪ-ਸਡੁੰਗੇ ਦੀ ਪਹੁੰਚ ਤੋਂ ਵੀ ਦੂਰ ਹੁੰਦਾ ਸੀ।

ਇਹ ਆਲ੍ਹਣਾ ਬੇ-ਹੱਦ ਨੀਵਾਂ ਸੀ, ਸ਼ਰ੍ਹੇਆਮ ਅਤੇ ਘਰ ਦੀ ਸੁਰੱਖਿਆ ਤੋਂ ਐਨ ਬਾਹਰ। ਅਨਰਥ ਕਰ ਬੈਠੀ ਸਾਂ ਮੈਂ ਆਲ੍ਹਣਾ ਉਧੇੜ ਕੇ, ਅਣਜਾਣ ਹੀ। ਆਲ੍ਹਣਾ ਮੇਰੇ ਹੱਥ ਵਿਚ ਸੀ ਤੇ ਮੈਂ ਉਦਾਸ।

'ਤੁਸੀਂ ਇਹਨੂੰ ਕੰਧ ਦੀ ਮੋਰੀ ਵਿਚ ਅਡੋਲ ਹੀ ਟਿਕਾ ਦਿਓ ਬੀਬੀ ਜੀ। ਗਾਲ੍ਹੜ ਆਪੇ ਹੀ ਇਹਨੂੰ ਕਿਧਰੇ ਹੋਰ ਲੈ ਜਾਵੇਗੀ।' ਬਬਿਤਾ ਨੇ ਸਲਾਹ ਦਿੱਤੀ ਪਰ ਮੈਨੂੰ ਸ਼ੱਕ ਸੀ।

ਉਹ ਦਿਨ, ਦੂਜਾ ਤੇ ਤੀਜਾ ਵੀ। ਆਲ੍ਹਣਾ ਉਥੇ ਹੀ ਪਿਆ ਰਿਹਾ। ਉਂਜ ਦਾ ਉਂਜ। ਮੀਂਹ ਵਿਚ ਭਿੱਜ ਵੀ ਗਿਆ। ਸੁੱਟਣਾ ਪਿਆ।

ਗਲਹਿਰੀ ਥਣਧਾਰੀ ਜੀਵ ਹੈ। ਸ਼ਰਮੀਲੀ ਜਿਹੀ। ਉਹ ਭੋਜਨ ਲਕੋ ਕੇ ਖਾਂਦੀ ਹੈ। ਜ਼ਰੂਰ ਆਪਣੇ ਬੋਟਾਂ ਨੂੰ ਦੁੱਧ ਵੀ ਲੁਕ ਕੇ ਹੀ ਚੁੰਘਾਂਦੀ ਹੋਵੇਗੀ। ਚਿੜੀਆਂ ਦੇ ਬੋਟ ਤਾਂ ਅਕਸਰ ਹੀ ਵੇਖਣ ਨੂੰ ਮਿਲ ਜਾਂਦੇ ਹਨ ਪਰ ਗਲਹਿਰੀ ਦੇ ਕਦੇ ਨਹੀਂ ਵੇਖੇ। ਦੋ ਗਲਹਿਰੀਆਂ ਇਕੱਠੀਆਂ ਜਾਂ ਆਹਮੋ-ਸਾਹਮਣੇ ਮਿਲਦੀਆਂ ਤਾਂ ਆਮ ਹੀ ਦਿਸਦੀਆਂ ਪਰ ਉਹ ਪੰਛੀਆਂ ਵਾਂਗ ਟੋਲੀਆਂ ਵਿਚ ਨਹੀਂ ਵਿਚਰਦੀਆਂ। ਉਨ੍ਹਾਂ ਨੂੰ ਏਕਾਂਤ ਪਸੰਦ ਹੈ। ਗਿਰੀਆਂ, ਬੀਜ, ਦਾਣੇ, ਫਲ, ਦਾਲਾਂ, ਚੌਲ ਜਾਂ ਖੁੰਬਾਂ ਕੁਝ ਵੀ ਖਾ ਲੈਂਦੀ ਹੈ ਗਾਲ੍ਹੜ।

ਸਦਾ ਫੁਰਤੀਲੀ, ਕੁੱਦਦੀ-ਫੁਦਕਦੀ, ਦੌੜਦੀ ਅਰ ਰੁੱਖਾਂ 'ਤੇ ਚੜ੍ਹਦੀ-ਲਹਿੰਦੀ ਗਾਲ੍ਹੜ ਅਕਸਰ ਹੀ ਵੇਖ ਲਈਦੀ ਹੈ। ਸਰਲ ਤੇ ਸਹਿਜ ਭੋਲੀ-ਭਾਲੀ ਜਿਹੀ ਜਿੰਦੜੀ। ਹਿੰਸਕ ਜਾਂ ਲੜਾਕੂ ਤਾਂ ਬਿਲਕੁਲ ਨਹੀਂ।

ਗਾਲ੍ਹੜਾਂ ਮੈਨੂੰ ਬਹੁਤ ਚੰਗੀਆਂ ਲਗਦੀਆਂ ਹਨ। ਅੱਖਾਂ ਵਿਚ ਅੱਖਾਂ ਪਾ ਕੇ ਮੂੰਹ ਹਿਲਾਂਦੀਆਂ ਜਿਵੇਂ ਕੁਝ ਕਹਿ ਰਹੀਆਂ ਹੋਣ। ਅਨਾਰ ਦੇ ਰੁੱਖ ਹੇਠਾਂ ਕੰਧ ਦੇ ਬਨੇਰੇ ਉਪਰ ਮੈਂ ਅਕਸਰ ਹੀ ਕੱਚੇ-ਪੱਕੇ ਦਾਣੇ, ਰੋਟੀ ਦਾ ਭੋਰ, ਮੂੰਗਫਲੀ ਜਾਂ ਖੋਪੇ ਦੀ ਗਿਰੀ ਦੇ ਟੋਟਿਆਂ ਦਾ ਚੋਗਾ ਬਖੇਰ ਦਿੰਦੀ ਹਾਂ। ਚਿੜੀਆਂ ਕਾਂਵਾਂ ਤੋਂ ਇਲਾਵਾ ਗਾਲ੍ਹੜਾਂ ਵੀ ਮੂੰਹ ਮਾਰਦੀਆਂ ਰਹਿੰਦੀਆਂ ਨੇ। ਉਹ ਆਪਣੇ ਹਿੱਸੇ ਦਾ ਖਾਜਾ ਮੂੰਹ ਵਿਚ ਨੱਪੀ ਦੌੜ ਜਾਂਦੀਆਂ ਨੇ ਸ਼ਾਇਦ ਛਿਪ ਕੇ ਟੁੱਕਣ ਲਈ ਪਰ ਇਕ ਗਾਲ੍ਹੜ ਨੇ ਇਸ ਪੱਖੋਂ ਵੀ ਮੈਨੂੰ ਹੈਰਾਨ ਕਰ ਦਿੱਤਾ ਹੈ। ਉਹ ਗੌਰੀ ਦੇ ਦੁੱਧ ਦੇ ਬਾਟੇ ਵਿਚੋਂ ਨਿਧੜਕ ਦੁੱਧ ਡੀਕਦੀ ਹੈ। ਉਸ ਦਾ ਨਾਂ ਮੈਂ ਗੁੱਲੋ ਪਾ ਦਿੱਤਾ ਹੈ।

ਗੌਰੀ ਗਲੀ ਦੀ ਕੁੱਤੀ ਹੈ, ਦੁੱਧ-ਚਿੱਟੀ। ਉਹਨੇ ਬਦੋਬਦੀ ਹੀ ਮੈਨੂੰ ਆਪਣਾ ਬਣਾ ਲਿਆ ਹੈ। ਉਹ ਰੋਜ਼ ਮੇਰੇ ਕੋਲੋਂ ਦੁੱਧ-ਡਬਲਰੋਟੀ ਛਕਦੀ ਹੈ, ਦੋਇ ਵੇਲੇ। ਦੋ-ਤਿੰਨ ਘਰਾਂ ਦੀ ਲਾਡਲੀ। ਕੋਈ ਉਹਨੂੰ ਤੁਲਸੀ ਕਰ ਕੇ ਬੁਲਾਂਦਾ ਹੈ ਤੇ ਕੋਈ ਬਰਫੀ।

ਗੁੱਲੋ, ਗਾਲ੍ਹੜ ਗੌਰੀ ਨਾਲ ਮਿਲ ਕੇ ਦੁੱਧ ਪੀਂਦੀ ਹੈ ਘੁੱਟੋ-ਘੁੱਟ। ਨਿੰਸਲ ਪਈ ਗੌਰੀ ਦੀ ਪਿੱਠ ਉਪਰ ਗੁੱਲੋ ਦੌੜਦੀ ਰਹਿੰਦੀ ਹੈ ਤੇ ਗੌਰੀ ਇੰਜ ਪਈ ਰਹਿੰਦੀ ਹੈ ਜਿਵੇਂ ਗੁਦਗੁਦੀ ਮਾਣ ਰਹੀ ਹੋਵੇ। ਕਦੇ-ਕਦੇ ਗੌਰੀ ਗਲਹਿਰੀ ਨੂੰ ਇਸ ਤਰ੍ਹਾਂ ਪੰਜੇ ਵਿਚ ਭਰ ਲੈਂਦੀ ਹੈ ਜਿਵੇਂ ਉਹਨੂੰ ਥਪਥਪਾ ਕੇ ਸੁਆ ਰਹੀ ਹੋਵੇ। ਇਹ ਸਾਰੀ ਖੇਡ ਮੈਂ ਆਪਣੇ ਘਰ ਦੇ ਪਿਛਲੇ ਬੂਹੇ ਅੱਗੇ ਵਾਪਰਦੀ ਵੇਖਦੀ ਹਾਂ ਜਦ ਕਿ ਇਹ ਆਲ੍ਹਣਾ ਮੈਂ ਆਪਣੇ ਦੋ-ਗਲੀਏ ਘਰ ਦੇ ਮੂਹਰਲੇ ਬੂਹੇ ਦੇ ਬਾਹਰ ਦੀ ਬਗੀਚੀ ਦੇ ਕੰਧ ਨਾਲ ਲਿਪਟੇ ਹੋਏ ਮਨੀਪਲਾਂਟ ਦੇ ਪੱਤੇ ਨਾਲ ਪਿਆ ਹੋਇਆ ਪਾਇਆ ਸੀ। ਇਹ ਗੁੱਲੋ ਦਾ ਨਹੀਂ ਹੋਣਾ। ਜ਼ਰੂਰ ਇਹ ਦੂਜੀ ਗਾਲ੍ਹੜ ਦਾ ਹੋਵੇਗਾ ਜੋ ਸਵੇਰੇ-ਸਵੇਰੇ ਅਖ਼ਬਾਰ ਚੁੱਕਣ ਵੇਲੇ ਮੇਰੇ ਮੱਥੇ ਲੱਗਦੀ ਹੈ, ਸੁੱਚੇ ਮੂੰਹ ਲੈਣ ਵਾਲੇ ਮੇਰੇ ਭਿੱਜੇ ਬਦਾਮਾਂ ਦੀਆਂ ਗਿਰੀਆਂ ਵਿਚੋਂ ਇਕ ਗਿਰੀ ਦੀ ਭਾਈਵਾਲ।

ਬੰਦਾ ਹੋਵੇ ਜਾਂ ਜੀਵ, ਹਰ ਕੋਈ ਆਪਣੀ ਹੀ ਮੁਸ਼ੱਕਤ ਨਾਲ ਹਾਸਲ ਕੀਤੀ ਹੋਈ ਵਸਤੂ ਦੀ ਕਦਰ ਕਰਦਾ ਹੈ। ਕਿਧਰੇ ਮੇਰੇ ਲਾਡ-ਪਿਆਰ ਦੀਆਂ ਸ਼ੁਆਵਾਂ ਹੀ ਉਸ ਗਲਹਿਰੀ ਦੀ ਲਾਪ੍ਰਵਾਹੀ ਦਾ ਕਾਰਨ ਨਾ ਬਣ ਗਈਆਂ ਹੋਣ!

ਚਲੋ ਚੰਗਾ ਹੀ ਹੋਇਆ। ਇੰਨਾ ਨੀਵਾਂ ਆਲ੍ਹਣਾ ਕਿੰਨਾ ਕੁ ਸੁਰੱਖਿਅਤ ਹੋਣਾ ਸੀ। ਹੋਰ ਪਾ ਲਵੇਗੀ। ਮੈਂ ਮਨ ਨੂੰ ਸਮਝਾਣਾ ਚਾਹਿਆ ਪਰ ਨਾ ਮੰਨਿਆ ਮੇਰਾ ਮਨ। ਬੀਤੇ ਦੀ ਇਕ ਘਟਨਾ ਉਨੀ ਹੀ ਤੀਖਣਤਾ ਨਾਲ ਉਦਾਸ ਕਰ ਗਈ...।

---

ਮਹੀਨਾ ਅਕਤੂਬਰ ਦਾ, ਤੇ ਸੰਨ 1973

ਦੀਪੀ ਪੁੱਤਰ ਪੰਜ ਸਾਲ ਦਾ ਤੇ ਸੰਨੀ ਨੌਂ ਦਾ। ਅਸੀਂ ਦੁਸਹਿਰੇ ਦੀਆਂ ਛੁੱਟੀਆਂ ਮਨਾਉਣ ਦਿੱਲੀ ਸਾਂ, ਮੇਰੇ ਪੇਕੇ ਘਰ।

ਹਰ ਮਾਪਾ ਆਪਣੀ ਔਲਾਦ ਨੂੰ ਆਪਣੇ ਬੀਤੇ ਦੀਆਂ ਗਲੀਆਂ ਵਿਚੋਂ ਲੰਘਾਉਣ ਦਾ ਇਛੁੱਕ ਹੁੰਦਾ ਹੈ। ਮੈਂ ਵੀ ਸਾਂ। ਛੁੱਟੀਆਂ ਦੌਰਾਨ ਆਪਣੇ ਕਿਸ਼ੋਰ ਭਣੇਵੇਂ ਅਵਤਾਰ ਉਰਫ ਤਾਰੀ ਨੂੰ ਨਾਲ ਲੈ ਕੇ ਮੈਂ ਬੱਚਿਆਂ ਨਾਲ ਲਾਲ ਕਿਲ੍ਹਾ, ਹਮਾਯੂੰ ਦਾ ਮਕਬਰਾ ਅਤੇ ਗੁਰਦੁਆਰਾ ਸੀਸ ਗੰਜ, ਬੰਗਲਾ ਸਾਹਿਬ ਅਤੇ ਰਕਾਬ ਗੰਜ ਸਣੇ ਬਿਰਲਾ ਮੰਦਿਰ ਆਦਿ ਵਖਾਣ ਮਗਰੋਂ ਇਕ ਦਿਨ ਤਾਲ ਕਟੋਰਾ ਬਾਗ਼ ਵਲ ਵੀ ਲੈ ਤੁਰੀ।

ਨਿੱਘਾ ਨਿੱਘਾ ਮੌਸਮ। ਬਾਗ਼ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਤਾਰੀ ਨੇ ਬਾਲ-ਖਿਡੌਣੇ ਵੇਚਣ ਵਾਲੇ ਰਾਹ ਜਾਂਦੇ ਫਰੇਰੇ ਕੋਲੋਂ ਬੱਚਿਆਂ ਨੂੰ ਗੁਲੇਲਾਂ ਖਰੀਦ ਦਿੱਤੀਆਂ। ਨਵੀਂ ਖੇਡ ਤੇ ਨਵਾਂ ਉਮਾਹ। ਨਿਸ਼ਾਨੇਬਾਜ਼ੀ ਲਈ ਚਾਂਭਲੇ ਹੋਏ ਬੱਚੇ ਕਦੇ ਕਿਸੇ ਪੰਛੀ ਨੂੰ ਨਿਸ਼ਾਨਾ ਸਾਧਦੇ ਤੇ ਕਦੇ ਕਿਸੇ ਅੰਬੀ ਨੂੰ।

ਜੇ ਨਿੱਕਾ ਕਿਸੇ ਪਾਸਿਉਂ ਵਧੇਰੇ ਹੁਸ਼ਿਆਰ ਹੋਵੇ ਤਾਂ ਵੱਡੇ ਦੀ ਈਰਖਾ ਸੁਭਾਵਕ ਹੀ ਹੈ। ਦੀਪੀ ਦੀ ਨਿਸ਼ਾਨੇਬਾਜ਼ੀ ਚੰਗੇਰੀ ਹੋਣ ਕਾਰਨ ਖੱਬੂ ਸੰਨੀ ਔਖਾ ਹੋ ਰਿਹਾ ਸੀ। ਕੁਝ ਤਾਰੀ ਵੀ ਦੀਪੀ ਨੂੰ ਵੱਧ ਹੱਲਾਸ਼ੇਰੀ ਦੇ ਰਿਹਾ ਸੀ।

'ਦੀਪੀ, ਹੁਣ ਤੂੰ ਚੰਪਾ ਦੇ ਉਸ ਤ੍ਰਿਫੁੱਲੇ ਗੁੱਛੇ ਨੂੰ ਨਿਸ਼ਾਨਾ ਬਣਾ।' ਤਾਰੀ ਨੇ ਆਖਿਆ।

ਦੀਪੀ ਨੇ ਨਿਸ਼ਾਨਾ ਸਾਧਿਆ। ਪੂਰੀ ਇਕਾਗਰਤਾ ਨਾਲ। ਰੋੜਾ ਟਹਿਣੀ ਨੂੰ ਲੱਗ ਕੇ ਕੁਝ ਕਦਮਾਂ 'ਤੇ ਆਣ ਡਿੱਗਿਆ, ਪਰ ਇਹ ਕੀ?

ਨਿਮੋਲੀ ਟੁਕਦੀ ਗਾਲ੍ਹੜ ਚਿੱਤ ਪੈ ਗਈ। ਅਸੀਂ ਦੌੜ ਕੇ ਉਸ ਕੋਲ ਪੁੱਜੇ।... ਉਹ ਮਰ ਗਈ ਸੀ।

'ਤੂੰ ਗਲਹਿਰੀ ਮਾਰ ਦਿੱਤੀ।' ਸੰਨੀ ਚੀਕਿਆ।

ਡਰ, ਪੀੜ ਤੇ ਪਛਤਾਵੇ ਨਾਲ ਨਪੀੜਿਆ ਮਾਸੂਮ ਦੀਪੀ ਅਤੇ ਸਾਹਮਣੇ ਪਈ ਨਿਰਜਿੰਦ ਗਲਹਿਰੀ! ਅਸੀਂ ਸਾਰੇ ਸਕਤੇ ਵਿਚ।

'ਨਹੀਂ ਬੇਟੇ, ਇਹ ਤਾਂ ਸਬੱਬ ਦੀ ਹੋਣੀ ਹੈ। ਗਲਹਿਰੀ ਮਰ ਗਈ ਹੈ ਪਰ ਤੂੰ ਨਹੀਂ ਮਾਰੀ। ਤੂੰ ਤਾਂ ਚੰਪਾ ਦੇ ਫੁੱਲ ਦਾ ਨਿਸ਼ਾਨਾ ਸਾਧਿਆ ਸੀ। ਇਸ ਵਿਚ ਤੇਰਾ ਕੋਈ ਕਸੂਰ ਨਹੀਂ।'

ਮੈਂ ਦੀਪੀ ਦੇ ਸਦਮੇ ਨੂੰ ਘਟਾਉਣ ਦਾ ਜਤਨ ਕੀਤਾ। ਦੁਖੀ ਤਾਂ ਮੈਂ ਵੀ ਸਾਂ ਅੰਦਰੋ-ਅੰਦਰ, ਪਰ ਭਾਣਾ ਵਰਤ ਚੁੱਕਿਆ ਸੀ ਤੇ ਹੁਣ ਉਸ ਪੀੜ-ਨਪੀੜੇ ਬਾਲਕ ਨੂੰ ਦੋਸ਼ੀ ਭਾਵਨਾ ਤੋਂ ਮੁਕਤ ਕਰਨ ਦਾ ਮਸਲਾ ਸੀ।... ਪਿਕਨਿਕ ਬਰਬਾਦ ਹੋ ਗਈ।

ਟੈਂਨਸ਼ਨ ਕਾਰਨ ਹਮੇਸ਼ਾਂ ਦੀਪੀ ਨੂੰ ਮਾਈਗਰੇਨ ਦਾ ਦੌਰਾ ਪੈ ਜਾਂਦਾ ਸੀ।... ਉਸ ਦਿਨ ਵੀ ਸਿਰ-ਪੀੜ ਨਾਲ ਉਸ ਦਾ ਬੁਰਾ ਹਾਲ ਹੋਇਆ। ਅਗਲੇ ਕੁਝ ਦਿਨ ਉਹ ਖ਼ਾਮੋਸ਼ ਅਤੇ ਨਿਸੱਤਾ ਜਿਹਾ ਰਿਹਾ। ਜੰਗਪੁਰੇ ਸਥਿਤ ਨਾਨਕੇ ਘਰ ਦੇ ਵਿਹੜੇ ਦੀ ਮਿੱਠੀ ਨਿੰਮ ਦੇ ਰੁੱਖ ਉਪਰ ਚੜ੍ਹਦੀ-ਲਹਿੰਦੀ ਗਾਲੜ੍ਹ ਨੂੰ ਤੱਕਦਿਆਂ ਹੀ ਪੀੜ-ਵਲਿੱਸਾ ਦੀਪੀ ਮੇਰੇ ਵਲ ਵੇਖਦਾ। ਅੱਖ ਮਿਲਦਿਆਂ ਹੀ ਸਾਡੇ ਵਿਚਕਾਰ ਦਰਦ ਦੀ ਲਹਿਰ ਲੰਘ ਜਾਂਦੀ।

ਸਾਡਾ ਮੁੰਬਈਆ ਘਰ ਤਾਂ ਸੀ ਹੀ ਸਾਗਰ-ਤੱਟ ਉਤੇ। ਸ਼ਾਮੀ ਗਵਾਲੀਅਰ ਪੈਲੇਸ ਬੰਗਲੇ ਦੇ ਵਿਸ਼ਾਲ ਦਲਾਨ ਵਿਚਲੇ ਨਾਰੀਅਲ, ਚੀਕੂ ਅਤੇ ਜਾਮੁਨ ਦੇ ਰੁੱਖਾਂ ਉਪਰ ਦੁੜੰਗਦੀਆਂ ਗਾਲੜ੍ਹਾਂ ਵੇਖਦਿਆਂ ਹੀ ਹੱਸਦਾ-ਖੇਡਦਾ ਦੀਪੀ ਚੁੱਪ ਕਰ ਜਾਂਦਾ। ਮਾਂ-ਪੁੱਤਰ ਦੀਆਂ ਨਜ਼ਰਾਂ ਮਿਲਦੀਆਂ।

'ਸੌਰੀ ਮੰਮੀ', ਜਿਵੇਂ ਦੀਪੀ ਆਖ ਰਿਹਾ ਹੋਵੇ।

'ਤੂੰ ਨਿਰਦੋਸ਼ ਹੈਂ ਮੇਰੇ ਬੱਚੇ', ਮੈਂ ਜਿਵੇਂ ਉਸ ਨੂੰ ਦਿਲਾਸਾ ਦੇ ਰਹੀ ਹੋਵਾਂ। ਉਹ ਨਿੱਕੀ ਜਿਹੀ ਸੁਹਲ, ਨਿਰਜਿੰਦ ਜਿੰਦੜੀ ਸਦਾ ਮਾਂ-ਪੁੱਤ ਦੇ ਦਰਮਿਆਨ ਰਹੀ।

---

ਬੱਚਿਆਂ ਨੂੰ ਮਾਪਿਆਂ ਦੇ ਬਚਪਨ ਦੀਆਂ ਕਹਾਣੀਆਂ ਵਿਚ ਬੜੀ ਦਿਲਚਸਪੀ ਹੁੰਦੀ ਹੈ। ਮੇਰੇ ਦੁਆਲੇ ਵੀ ਹੋ ਜਾਣਾ ਦੋਹਾਂ ਪੁੱਤਰਾਂ ਨੇ, ਤੇ ਮੈਂ ਛੋਹ ਲੈਣੀ ਬਾਲ-ਉਮਰ ਦੀ ਕੋਈ ਆਪ ਬੀਤੀ...

'ਨਿੱਕੀ ਜਿਹੀ ਸਾਂ ਮੈਂ। ਸੁਣਦੀ ਸਾਂ ਕਿ ਚੁਰਾਸੀ ਲੱਖ ਜੂਨਾਂ ਮਗਰੋਂ ਹੀ ਜੀਵ ਨੂੰ ਮਨੁੱਖਾ ਜੀਵਨ ਨਸੀਬ ਹੁੰਦਾ ਹੈ। ਸੱਪਾਂ, ਠੂਹਿਆਂ, ਚੂਹੇ, ਬਿੱਲੀਆਂ ਅਤੇ ਕੀੜੇ-ਮਕੌੜਿਆਂ ਨੂੰ ਵੇਖ ਕੇ ਮੈਨੂੰ ਡਾਢਾ ਤਰਸ ਆਉਂਦਾ ਕਿ ਕਦੋਂ ਉਨ੍ਹਾਂ ਦੀਆਂ ਜੂਨਾਂ ਕੱਟਣਗੀਆਂ ਤੇ ਕਦੋਂ ਉਨ੍ਹਾਂ ਨੂੰ ਬੰਦੇ ਦੀ ਜੂਨ ਮਿਲੇਗੀ। ਚੂਹੇ ਬਿੱਲੀ ਤਾਂ ਮੇਰੇ ਵੱਸ ਦਾ ਰੋਗ ਨਹੀਂ ਸਨ, ਪਰ ਕੀੜੀਆਂ ਦੀਆਂ ਕਤਾਰਾਂ ਨੂੰ ਜਾਂਦਿਆਂ ਵੇਖ ਕੇ ਮੈਨੂੰ ਖ਼ਿਆਲ ਆਉਂਦਾ ਕਿ ਘੱਟੋ-ਘੱਟ ਇਨ੍ਹਾਂ ਦੀ ਤਾਂ ਇਕ ਜੂਨ ਮੈਂ ਘਟਾਅ ਹੀ ਸਕਦੀ ਹਾਂ, ਤੇ ਫੇਰ ਮੈਂ ਮਿੱਧਣ ਲੱਗਦੀ ਕੀੜੀਆਂ ਨੂੰ ਆਪਣੇ ਪੈਰਾਂ ਨਾਲ...।' ਮੈਂ ਗੱਲ ਛੇੜਦੀ।

'ਤੇ ਮਾਂ, ਇਸ ਪਾਪ ਦਾ ਤੈਨੂੰ ਕੋਈ ਪਛਤਾਵਾ ਨਹੀਂ?' ਬੱਚੇ ਪੁੱਛਦੇ।

'ਨਹੀਂ ਮੇਰੇ ਬੱਚਿਓ, ਮੇਰਾ ਉਹ ਕਰਮ ਉਸ ਉਮਰ ਦੀ ਨਾ-ਸਮਝੀ ਕਾਰਨ ਸੀ। ਆਪਣੇ ਬਾਲ-ਬੁੱਧ ਮੁਤਾਬਕ ਕੀੜੀਆਂ ਦਾ ਘਾਣ ਕਰ ਕੇ ਮੈਂ ਉਨ੍ਹਾਂ 'ਤੇ ਉਪਕਾਰ ਕਰ ਰਹੀ ਹੁੰਦੀ ਸਾਂ। ਹਾਂ, ਪਰ ਅੱਜ ਜੇ ਮੈਂ ਸਿਰਫ਼ ਅਤੇ ਸਿਰਫ਼ ਅਨੰਦ ਲੈਣ ਲਈ ਕਿਸੇ ਦੀ ਜਾਨ ਲੈ ਲਵਾਂ ਤਾਂ ਉਹ ਗੁਨਾਹ ਹੋਵੇਗਾ...।'

ਇਉਂ ਗਾਹੇ-ਬਗਾਹੇ ਮੈਂ ਅਸਿੱਧੇ ਤੌਰ 'ਤੇ ਦੀਪੀ ਦੇ ਚੇਤੇ ਵਿਚ ਘਰ ਕਰ ਗਈ ਦੋਸ਼ੀ ਭਾਵਨਾ ਤੋਂ ਉਸ ਨੂੰ ਮੁਕਤ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ।

'ਫੁੱਲ-ਫਲ; ਪੰਛੀ-ਜਨੌਰ; ਕੀੜੇ-ਮਕੌੜੇ ਸਭ ਸਾਡੇ ਮਿੱਤਰ ਹਨ, ਅੱਖ ਦਾ ਨਜ਼ਾਰਾ ਤੇ ਰੂਹ ਦਾ ਸਕੂਨ। ਸਭ ਆਪੋ ਆਪਣੀ ਔਕਾਤ ਅਤੇ ਕਰਤਬ ਮੁਤਾਬਕ ਸਾਡਾ ਭਲਾ ਕਰਦੇ ਹਨ। ਇਨ੍ਹਾਂ ਦੀ ਸੁਰੱਖਿਆ ਦੇ ਅਸੀਂ ਜ਼ਿੰਮੇਵਾਰ ਹਾਂ...।' ਕਦੇ-ਕਦੇ ਆਪਣੀ ਰੌਂ ਵਿਚ ਬੋਲਦਿਆਂ ਮੇਰੀ ਨਜ਼ਰ ਅਚਾਨਕ ਦੀਪੀ ਉਤੇ ਜਾ ਪੈਂਦੀ। ਅੱਖ ਨਾਲ ਅੱਖ ਮਿਲਦੀ। ਬੀਤੇ ਦੀ ਉਹ ਮੋਈ ਹੋਈ ਗਲਹਿਰੀ ਸਾਡੇ ਦਰਮਿਆਨ ਆ ਖਲੋਂਦੀ। ਦੀਪੀ ਦਾ ਚਿਹਰਾ ਕੁਮਲਾ ਜਾਂਦਾ। ਮੈਂ ਗੱਲ ਦਾ ਰੁਖ ਬਦਲ ਲੈਂਦੀ।

ਪੰਜਵੀਂ 'ਚ ਪੜ੍ਹਦਾ ਦਸ-ਗਿਆਰਾਂ ਸਾਲ ਦਾ ਦੀਪੀ ਕੁਝ ਦਿਨਾਂ ਤੋਂ ਚੁੱਪ-ਚੁੱਪ ਸੀ। ਖਾਵੇ ਪੀਵੇ ਵੀ ਘੱਟ। ਸਮਝ ਨਾ ਆਵੇ ਕਿਉਂ। ਇਕ ਸ਼ਾਮ ਉਸ ਦਾ ਜਮਾਤੀ ਮਨੋਜ ਆ ਨਿਕਲਿਆ।

ਦੀਪੀ ਘਰ ਨਹੀਂ ਸੀ।

'ਆਂਟੀ ਜੀ, ਜਿੰਮੀ ਮਰ ਗਿਆ।' ਮਨੋਜ ਨੇ ਦੱਸਿਆ।

'ਜਿੰਮੀ ਕੌਣ?'

'ਤੁਸੀਂ ਨਹੀਂ ਜਾਣਦੇ ਜਿੰਮੀ ਕੁੱਤੇ ਬਾਰੇ? ਰੋਜ਼ ਹੀ ਤਾਂ ਦੀਪੀ ਉਸ ਨੂੰ ਆਪਣਾ ਟਿਫਨ ਖੁਆਉਂਦਾ ਸੀ। ਅੱਧੀ ਛੁੱਟੀ ਹੁੰਦਿਆਂ ਹੀ ਉਹ ਦੀਪੀ ਕੋਲ ਆ ਜਾਂਦਾ। ਲੰਗੜਾ ਸੀ ਜਿੰਮੀ, ਮਰਦੂਦ ਜਿਹਾ। ਅਸੀਂ ਸਾਰੇ ਉਸ ਨੂੰ ਦੀਪੀ ਦਾ ਛੋਟਾ ਭਾਈ ਆਖ ਕੇ ਛੇੜਦੇ ਸਾਂ। ਜਿੰਮੀ ਸੜਕ ਪਾਰ ਕਰ ਕੇ ਦੀਪੀ ਵੱਲ ਦੌੜਦਾ ਆ ਰਿਹਾ ਸੀ ਕਿ ਸਕੂਲ ਦੇ ਗੇਟ ਸਾਹਵੇਂ ਤੇਜ਼ ਰਫਤਾਰ ਗੱਡੀ ਹੇਠਾਂ ਆ ਕੇ ਮਰ ਗਿਆ...।'

ਪਿਛਲੇ ਕੁਝ ਦਿਨਾਂ ਤੋਂ ਦੀਪੀ ਦਾ ਟਿਫਨ ਉਂਜ ਦਾ ਉਂਜ ਹੀ ਵਾਪਸ ਆ ਰਿਹਾ ਸੀ ਸਕੂਲੋਂ। ਸੋ... ਇਹ ਸੀ ਕਾਰਨ ਉਸ ਦੀ ਉਦਾਸੀ ਦਾ।

'ਫੇਰ ਮਰ ਗਈ ਗਲਹਿਰੀ', ਮੈਂ ਹੌਕਾ ਭਰਿਆ।

---

ਅਤਿਵਾਦ ਦਾ ਝੱਖੜ ਝੁੱਲਿਆ। ਸਤਾਰਾਂ ਵਰ੍ਹਿਆਂ ਦੇ ਕਿਸ਼ੋਰ ਦੀਪੀ ਨੂੰ ਨਾਲ ਲਈ ਮੁੰਬਈ ਨੂੰ ਛੱਡ ਕੇ ਮੈਂ ਮੁਹਾਲੀ ਆ ਟਿਕੀ। ਅਗਲੇਰੀ ਪੜ੍ਹਾਈ ਦੇ ਨਾਲ-ਨਾਲ ਦੀਪੀ ਨੇ ਹੋਟਲ ਵਿਚ ਰਿਸੈਪਸ਼ਨਿਸਟ ਦੀ ਨੌਕਰੀ ਫੜ ਲਈ ਅਤੇ ਮੈਂ ਯੋਗ ਤੇ ਹੋਮਿਓਪੈਥੀ ਦੇ ਕਿੱਤਿਆਂ ਨਾਲ ਸਬੰਧਤ ਘਰ ਵਿਚ 'ਗਰੋ ਯੰਗ ਹੈਲਥ ਕੇਅਰ' ਨਾਂ ਦਾ ਕੇਂਦਰ ਖੋਲ੍ਹ ਕੇ ਨਾਲੋ-ਨਾਲ ਸਾਹਿਤਕ ਸਭਾਵਾਂ ਵਿਚ ਵੀ ਸ਼ਾਮਲ ਹੋਣ ਲੱਗੀ। ਦੀਪੀ ਹੀ ਮੈਨੂੰ ਆਪਣੀ ਮੋਟਰਸਾਈਕਲ 'ਤੇ ਪਿੱਛੇ ਬਿਠਾ ਕੇ ਸਭ ਥਾਈਂ ਲੈਣ-ਛੱਡਣ ਜਾਂਦਾ।

ਟੈਗੋਰ ਥਿਏਟਰ ਦੇ ਪ੍ਰੋਗਰਾਮ 'ਚ ਸ਼ਾਮਲ ਹੋਣ ਮਗਰੋਂ ਘਰ ਪਰਤਦਿਆਂ ਰਾਤੀਂ ਬੂਹਾ ਖੋਲ੍ਹ ਕੇ ਬਰਾਂਡੇ ਵਿਚ ਵੜੇ ਹੀ ਸਾਂ ਕਿ ਮੇਰੇ ਸੌਣ ਸੁੱਫ਼ੇ ਦੇ ਬੂਹੇ ਅੱਗੇ ਅਹਿੱਲ ਪਈ ਕਿਰਲੀ ਤੱਕੀ। ਪੂਛ ਕੱਟੀ ਹੋਈ ਸੀ। ਸਾਹ ਲੈਂਦੀ ਵੀ ਨਾ ਜਾਪੇ।

'ਮਰ ਗਈ ਹੈ ਸ਼ਾਇਦ।' ਮੈਂ ਆਖਿਆ।

ਬਚਪਨ ਵਿਚ ਕੋਹੜ ਕਿਰਲੀ ਨੂੰ ਵੇਖ ਕੇ ਮੈਨੂੰ ਬੜੀ ਕ੍ਰਿਹਤ ਆਉਂਦੀ। ਜੇ ਭੋਜਨ ਕਰਦੀ ਦੀ ਨਜ਼ਰ ਪੈ ਜਾਵੇ ਤਾਂ ਮੇਰਾ ਖਾਣਾ ਵੀ ਵਿਚੇ ਰਹਿ ਜਾਂਦਾ।... ਜੇ ਮੇਰਾ ਵੱਸ ਚੱਲੇ ਤਾਂ ਮੈਂ ਦੁਨੀਆਂ ਦੀਆਂ ਸਾਰੀਆਂ ਕਿਰਲੀਆਂ ਖ਼ਤਮ ਕਰ ਦਿਆਂ, ਮੈਂ ਸੋਚਦੀ ਪਰ ਜਦੋਂ ਮੇਰੀ ਗੋਦੀ ਦਾ ਪਲੇਠਾ-ਬਾਲ, ਸੰਨੀ ਰਿਹਾੜ ਕਰਦਾ-ਕਰਦਾ ਅਚਾਨਕ ਕੰਧ ਉਤੇ ਤੁਰਦੀ ਕਿਰਲੀ ਵੇਖਦਿਆਂ ਹੀ ਉਸ ਵੱਲ ਸ਼ਿਸ਼ਤ ਲਾਈ ਚੁੱਪ ਕਰ ਜਾਂਦਾ ਤਾਂ ਮੈਨੂੰ ਉਹ ਸੰਨੀ ਦਾ ਬਾਲ-ਖਿਡੌਣਾ ਜਾਪਣ ਲੱਗਦੀ ਅਤੇ ਉਸ ਲਈ ਮੇਰੇ ਮਨ ਦੀ ਰਾਖਵੀਂ ਨਫ਼ਰਤ ਕੁਝ ਕੁਝ ਮਨਫ਼ੀ ਹੋਣ ਲੱਗਦੀ। ਫਿਰ ਵੀ ਕਿਰਲੀ ਤਾਂ ਕਿਰਲੀ ਹੀ ਹੈ। ਬਚਪਨ ਤੋਂ ਹੀ ਦੁੱਧ-ਡਿੱਗੀ ਕਿਰਲੀ ਦੇ ਜ਼ਹਿਰ ਨਾਲ ਹੋਈਆਂ ਮੌਤਾਂ ਦੀਆਂ ਦੁਰਘਟਨਾਵਾਂ ਸੁਣ-ਸੁਣ ਕੇ ਉਸ ਵੱਲ ਵੇਖਦਿਆਂ

***(ਬਾਕੀ ਅਗਲੇ ਸਫੇ 'ਤੇ)***

***ਗੁੱਲੋ, ਗਾਲ੍ਹੜ ਗੌਰੀ ਨਾਲ ਮਿਲ ਕੇ ਦੁੱਧ ਪੀਂਦੀ ਹੈ ਘੁੱਟੋ-ਘੁੱਟ। ਨਿੱਸਲ ਪਈ ਗੌਰੀ ਦੀ ਪਿੱਠ ਉਪਰ ਗੁੱਲੋ ਦੌੜਦੀ ਰਹਿੰਦੀ ਹੈ ਤੇ ਗੌਰੀ ਇੰਜ ਪਈ ਰਹਿੰਦੀ ਹੈ ਜਿਵੇਂ ਗੁਦਗੁਦੀ ਮਾਣ ਰਹੀ ਹੋਵੇ। ਕਦੇ-ਕਦੇ ਗੌਰੀ ਗਲਹਿਰੀ ਨੂੰ ਇਸ ਤਰ੍ਹਾਂ ਪੰਜੇ ਵਿਚ ਭਰ ਲੈਂਦੀ ਹੈ ਜਿਵੇਂ ਉਹਨੂੰ ਥਪਥਪਾ ਕੇ ਸੁਆ ਰਹੀ ਹੋਵੇ। ਇਹ ਸਾਰੀ ਖੇਡ ਮੈਂ ਆਪਣੇ ਘਰ ਦੇ ਪਿਛਲੇ ਬੂਹੇ ਅੱਗੇ ਵਾਪਰਦੀ ਵੇਖਦੀ।***



***ਨਿੱਕੀ ਜਿਹੀ ਸਾਂ ਮੈਂ। ਸੁਣਦੀ ਸਾਂ ਕਿ ਚੁਰਾਸੀ ਲੱਖ ਜੂਨਾਂ ਮਗਰੋਂ ਹੀ ਜੀਵ ਨੂੰ ਮਨੁੱਖਾ ਜੀਵਨ ਨਸੀਬ ਹੁੰਦਾ ਹੈ। ਸੱਪਾਂ, ਠੂਹਿਆਂ, ਚੂਹੇ, ਬਿੱਲੀਆਂ ਅਤੇ ਕੀੜੇ-ਮਕੌੜਿਆਂ ਨੂੰ ਵੇਖ ਕੇ ਮੈਨੂੰ ਡਾਢਾ ਤਰਸ ਆਉਂਦਾ ਕਿ ਕਦੋਂ ਉਨ੍ਹਾਂ ਦੀਆਂ ਜੂਨਾਂ ਕੱਟਣਗੀਆਂ ਤੇ ਕਦੋਂ ਉਨ੍ਹਾਂ ਨੂੰ ਬੰਦੇ ਦੀ ਜੂਨ ਮਿਲੇਗੀ। ਚੂਹੇ ਬਿੱਲੀ ਤਾਂ ਮੇਰੇ ਵੱਸ ਦਾ ਰੋਗ ਨਹੀਂ ਸਨ, ਪਰ ਕੀੜੀਆਂ ਦੀਆਂ ਕਤਾਰਾਂ ਨੂੰ ਜਾਂਦਿਆਂ ਵੇਖ ਕੇ ਮੈਨੂੰ ਖ਼ਿਆਲ ਆਉਂਦਾ ਕਿ ਘੱਟੋ-ਘੱਟ ਇਨ੍ਹਾਂ ਦੀ ਤਾਂ ਇਕ ਜੂਨ ਮੈਂ ਘਟਾਅ ਹੀ ਸਕਦੀ ਹਾਂ, ਤੇ ਫੇਰ ਮੈਂ ਮਿੱਧਣ ਲੱਗਦੀ ਕੀੜੀਆਂ ਨੂੰ ਆਪਣੇ ਪੈਰਾਂ ਨਾਲ...।***

# ਪੁੱਤ ਡਾਕੂ ਬਣ ਕੇ ਪੈ ਗਏ...


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com


ਪੰਦਰਾਂ ਜੂਨ ਨੂੰ ਪਿਤਾ ਦਿਵਸ ਦਾ ਦਿਹਾੜਾ ਮਨਾਇਆ ਗਿਆ। ਫੇਸਬੁੱਕ ਅਤੇ ਟਵਿਟਰ ਉਤੇ 'ਹੈਪੀ ਫਦਰ ਡੇ' ਦੇ ਸੁਨੇਹੇ ਆਉਂਦੇ ਰਹੇ। ਮੈਂ ਵੀ ਆਪਣੇ ਪਿਤਾ ਜੀ ਦੀ ਫੋਟੋ ਫੇਸਬੁੱਕ 'ਤੇ ਪਾ ਕੇ ਆਪਣੇ ਸਾਥੀਆਂ ਸੱਜਣਾਂ ਸੰਗ ਹਾਜ਼ਰੀ ਲੁਆ ਦਿੱਤੀ। ਪਿਤਾ ਜੀ ਦੀ ਫੋਟੋ ਤੱਕ ਕੇ ਮੈਂ ਸਤਾਰਾਂ ਸਾਲ ਪਿੱਛੇ ਉਥੇ ਚਲਾ ਗਿਆ ਜਿਥੇ ਮੈਂ ਬਾਹਰ ਆਉਣ ਲਈ ਤਰਲੋਮੱਛੀ ਹੋ ਰਿਹਾ ਸੀ। ਮੈਂ ਗਰੀਬੀ ਦੀਆਂ ਜੰਜ਼ੀਰਾਂ ਤੋਂ ਆਪ ਅਤੇ ਪਰਿਵਾਰ ਨੂੰ ਆਜ਼ਾਦ ਕਰਵਾਉਣ ਲਈ ਕੰਡਿਆਲੇ ਬਾਰਡਰ ਟੱਪਣ ਲਈ ਵੀ ਤਿਆਰ ਸੀ। ਪਿਤਾ ਜੀ ਨੂੰ ਭਾਈਆਂ ਦੇ ਬਟਵਾਰੇ ਨੇ ਝੰਜੋੜ ਸੁੱਟਿਆ ਸੀ। ਜਿਨ੍ਹਾਂ ਭਰਾਵਾਂ ਲਈ ਸਾਰੀ ਜਵਾਨੀ ਬਾਹਰ ਕੱਢ ਦਿੱਤੀ, ਉਨ੍ਹਾਂ ਨੇ ਹੀ ਪਿਤਾ ਨੂੰ ਮੱਖਣ ਦੇ ਵਾਲ ਵਾਂਗ ਸਾਰੀ ਜਾਇਦਾਦ ਅਤੇ ਖੇਤੀਬਾੜੀ ਦੇ ਸੰਦਾਂ ਵਿਚੋਂ ਬਾਹਰ ਕੱਢ ਦਿੱਤਾ ਸੀ। ਮੈਂ ਆਪਣੇ ਪਿਤਾ ਦੇ ਸਬਰ-ਸੰਤੋਖ ਨੂੰ ਸਲਾਮ ਕਰਦਾ ਹਾਂ ਜਿਸ ਨੇ ਕਹਿ ਦਿੱਤਾ, "ਕੋਈ ਨਾ, ਵਾਹਿਗੁਰੂ ਹੋਰ ਦੇਊਗਾ।" ਪਰ ਇਹ ਵੀ ਆਖਦਾ, "ਕੀ ਹੋਰ ਦੁੱਖ ਦੇਊਗਾ?" ਪਿਤਾ ਜੀ ਦਾ ਸਾਧੂ ਸੁਭਾਅ ਮੈਨੂੰ ਚੰਗਾ ਨਾ ਲੱਗਦਾ। ਮੈਂ ਕਹਿੰਦਾ, "ਤੁਸੀਂ ਆਪਣੇ ਹਿੱਸੇ ਖਾਤਰ ਭਰਾਵਾਂ ਨਾਲ ਲੜਦੇ ਕਿਉਂ ਨਹੀਂ?" ਸ਼ਰੀਕੇ ਵਾਲੇ ਵੀ ਚਾਚਿਆਂ ਦਾ ਹੱਕ ਪੂਰ ਗਏ ਸਨ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ... ਅਕਤੂਬਰ 1997 ਦੀ ਗੱਲ ਹੈ। ਅਸੀਂ ਝੋਨੇ ਦੀ ਪਰਾਲੀ ਨੂੰ ਅੱਗ ਲਾ ਰਹੇ ਸੀ। ਛੋਟਾ ਭਰਾ ਆਥਣ ਵਾਲੀ ਚਾਹ ਲੈ ਕੇ ਆ ਗਿਆ। ਅਸੀਂ ਤੂਤ ਦੀ ਛਾਂ ਥੱਲੇ ਬੈਠ ਚਾਹ ਪੀਣ ਲੱਗ ਗਏ। ਚਾਹ ਪੀਂਦਿਆਂ ਮੈਂ ਪਿਤਾ ਜੀ ਨੂੰ ਕਿਹਾ, "ਮੈਨੂੰ ਪੈਸੇ ਦੇਵੋ, ਮੈਂ ਬਾਹਰਲੇ ਕੰਟਰੀ ਜਾਣਾ ਹੈ। ਇਥੇ ਰਹਿ ਕੇ ਆਪਣਾ ਕੁਝ ਨਹੀਂ ਬਣਨਾ।"

ਸੱਚ ਜਾਣਿਓ, ਪਿਤਾ ਜੀ ਦੇ ਜਵਾਬ ਤੋਂ ਪਹਿਲਾਂ, ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਫਿਰ ਮਨ ਨੂੰ ਟਿਕਾਣੇ ਕਰ ਕੇ ਬੋਲੇ, "ਤੈਨੂੰ ਇਥੇ ਰੋਟੀ ਨਹੀਂ ਮਿਲਦੀ।"

"ਗੱਲ ਰੋਟੀ ਦੀ ਨਹੀਂ ਹੈ! ਮੇਰਾ ਛੋਟਾ ਭਰਾ ਹੈ, ਭੈਣ ਹੈ। ਅੱਗਿਉਂ ਮੇਰੇ ਦੋ ਪੁੱਤਰ ਵੀ ਹਨ। ਇਨ੍ਹਾਂ ਦਾ ਭਵਿੱਖ ਬਣਾਉਣ ਲਈ ਕੁਝ ਕਰਨਾ ਹੀ ਪੈਣਾ ਹੈ। ਜੇ ਕੁਝ ਨਾ ਕੀਤਾ ਤਾਂ ਅਗਲੇ ਕੁਝ ਸਾਲਾਂ ਵਿਚ ਜਿਥੇ ਆਪਾਂ ਬੈਠੇ ਹਾਂ, ਇਹ ਖੇਤ ਆਪਣੇ ਨਹੀਂ ਰਹਿਣੇ। ਜਦੋਂ ਆਮਦਨ ਘੱਟ ਤੇ ਖਰਚੇ ਵੱਧ ਹੋਣ ਤਾਂ ਘਰੇ ਲੜਾਈ-ਕਲੇਸ਼ ਹੋਣਾ ਲਾਜ਼ਮੀ ਹੈ।" ਮੈਂ ਇਸ ਗੱਲ ਤੋਂ ਡਰਦਾ ਸੀ। ਪਿਤਾ ਜੀ ਨੇ ਆਪਣੀ ਕਮਾਈ ਵਿਚੋਂ ਜੋੜੀ ਰਕਮ ਦਾ ਹਿਸਾਬ ਲਾ ਕੇ ਤੀਹ ਹਜ਼ਾਰ ਰੁਪਏ ਦੇਣ ਦਾ ਹੁੰਗਾਰਾ ਭਰ ਲਿਆ। ਤੀਹ ਹਜ਼ਾਰ ਨਾਲ ਤਾਂ ਕੁਝ ਵੀ ਨਹੀਂ ਸੀ ਬਣਨਾ। ਹੁਣ ਜਾਂ ਤਾਂ ਜ਼ਮੀਨ ਦਾ ਕਿੱਲਾ ਬੈਅ ਹੋਣਾ ਸੀ ਜਾਂ ਫਿਰ ਕਿਸੇ ਤੋਂ ਵਿਆਜੂ ਰੁਪਏ ਲੈਣ ਪੈਣੇ ਸਨ। ਪਿਤਾ ਜੀ ਨੇ ਸਾਰੀ ਉਮਰ ਕਿਸੇ ਤੋਂ ਇਕ ਰੁਪਿਆ ਵੀ ਵਿਆਜ 'ਤੇ ਨਹੀਂ ਸੀ ਲਿਆ, ਤੇ ਨਾ ਹੁਣ ਲੈਣਾ ਚਾਹੁੰਦੇ ਸਨ। ਉਧਰ ਮੈਨੂੰ ਮੇਰਾ ਪਿੰਡ ਤਿਹਾੜ ਜੇਲ੍ਹ ਵਾਂਗ ਜਾਪਦਾ ਸੀ, ਮੈਂ ਕਿਵੇਂ ਨਾ ਕਿਵੇਂ ਉਥੋਂ ਨਿਕਲਣਾ ਚਾਹੁੰਦਾ ਸੀ ਪਰ ਰੁਪਿਆਂ ਤੋਂ ਬਿਨਾਂ ਗੱਲ ਨਾ ਬਣੀ। ਮੇਰੇ ਅੰਦਰ, ਵਿਦੇਸ਼ ਜਾਣ ਦੀ ਪਰਵਾਜ਼ ਲਈ ਜੱਦੋਜਹਿਦ ਜਾਰੀ ਸੀ। ਪਿੰਡ ਦਾ ਕੋਈ ਵੀ ਬੰਦਾ ਕਿਸੇ ਵੀ ਦੇਸ਼ ਵਿਚੋਂ ਵਾਪਸ ਪਿੰਡ ਆਉਂਦਾ, ਤਾਂ ਮੈਂ ਉਸ ਦੀ ਦੋ ਘੰਟੇ ਚੌਕੀ ਜ਼ਰੂਰ ਭਰਦਾ। ਉਸ ਤੋਂ ਬਾਹਰ ਬਾਰੇ ਜਾਣਨ ਦੀ ਕੋਸ਼ਿਸ਼ ਕਰਦਾ।

ਖੈਰ! ਝੋਨੇ ਦੀ ਫਸਲ ਸਾਂਭ ਕੇ ਕਣਕ ਬੀਜ ਦਿੱਤੀ। ਘਰੋਂ ਖੇਤ ਤੇ ਖੇਤੋਂ ਘਰ ਦੇ ਚੱਕਰਾਂ ਵਿਚ ਤੁਰੇ ਰਹਿੰਦੇ। ਫਿਰ ਇਕ ਦਿਨ ਮੇਰੇ ਇਟਲੀ ਰਹਿੰਦੇ ਮਿੱਤਰਾਂ ਦਾ ਫੋਨ ਆਇਆ ਜਿਨ੍ਹਾਂ ਨੇ ਇਟਲੀ ਵਾਸਤੇ ਕਿਸੇ ਏਜੰਟ ਦਾ ਨੰਬਰ ਦਿੱਤਾ। ਇਹ ਏਜੰਟ ਸਮਰਾਲੇ ਕੋਲ ਗਹਿਲੇਵਾਲ ਦਾ ਦਰਸ਼ਨ ਸਿੰਘ ਆੜ੍ਹਤੀਆ ਸੀ। ਉਸ ਨੂੰ ਫੋਨ ਕਰ ਕੇ ਮਿਲਿਆ, ਤਾਂ ਉਸ ਨੇ ਢਾਈ ਲੱਖ ਵਿਚ ਇਟਲੀ ਪਹੁੰਚਾਉਣ ਦੀ ਗੱਲ ਕਹੀ। ਗੱਲ ਫਿਰ ਉਥੇ ਦੀ ਉਥੇ ਸੀ... ਰੁਪਏ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ। ਮੇਰੇ ਨਾਂ ਕੁਝ ਵੀ ਨਹੀਂ ਸੀ, ਤੇ ਪਿਤਾ ਜੀ ਨੇ ਕਿਤੇ ਦਸਤਖ਼ਤ ਕਰਨ ਲਈ ਤਿਆਰ ਨਹੀਂ ਸੀ ਹੋਣਾ। ਫਿਰ ਇਕ ਲੱਖ ਤਾਂ ਮੇਰੇ ਮਿੱਤਰ ਨੇ ਭੇਜ ਦਿੱਤਾ, ਤੇ ਇਕ ਲੱਖ ਮੈਂ ਆਪਣੇ ਸਹੁਰਿਆਂ ਤੋਂ ਲੈ ਆਇਆ। ਬਾਕੀ ਆਪ ਇਕੱਠੇ ਕਰ ਕੇ ਏਜੰਟ ਨੂੰ ਫੜਾ ਦਿੱਤੇ। ਛੇਤੀ-ਛੇਤੀ ਕਰਦਿਆਂ ਏਜੰਟਾਂ ਨੇ ਆਪਣੀ ਚਾਲ ਕੀੜੀ ਚਾਲ ਵਿਚ ਬਦਲ ਲਈ, ਤੇ ਮੈਂ ਦੋ ਮਹੀਨੇ ਦਿੱਲੀ ਬੈਠ ਕੇ ਵਾਪਸ ਪਿੰਡ ਆ ਕੇ ਝੋਨੇ ਦੀ ਫਸਲ ਸਾਂਭਣ ਲੱਗ ਪਿਆ। ਫਿਰ ਪੂਰੇ ਛੇ ਮਹੀਨਿਆਂ ਬਾਅਦ ਮੈਨੂੰ ਦਰਸ਼ਨ ਸਿੰਘ ਨੇ ਪਾਸਪੋਰਟ ਅਤੇ ਰੁਪਏ ਵਾਪਿਸ ਕਰ ਦਿੱਤੇ, ਸਿਰਫ ਪੰਜ ਹਜ਼ਾਰ ਰੁਪਇਆ ਕੱਟਿਆ। ਮੈਂ ਦਿੱਲੀਉਂ ਹੋਰ ਤਾਂ ਕੁਝ ਲਿਆਇਆ ਨਹੀਂ ਸੀ ਪਰ ਆਪਣੀ ਦਸਤਾਰ ਤੇ ਕੇਸ ਲੁਹਾ ਆਇਆ ਸੀ। ਪਿੰਡ ਵਾਲਿਆਂ ਨੇ ਟਿੱਚਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਪਰ ਪਿਤਾ ਜੀ ਨੇ ਕੁਝ ਨਹੀਂ ਕਿਹਾ। ਸ਼ਾਇਦ ਉਨ੍ਹਾਂ ਨੂੰ ਮੇਰੇ ਮੁੜਨ ਦੀ ਖੁਸ਼ੀ ਹੋਈ ਹੋਵੇਗੀ ਕਿਉਂਕਿ ਪਿਤਾ ਜੀ ਮੈਨੂੰ ਅੱਖਾਂ ਤੋਂ ਪਰ੍ਹੇ ਨਹੀਂ ਸੀ ਕਰਨਾ ਚਾਹੁੰਦੇ।

ਖੈਰ! ਮੈਂ ਉਦਾਸੇ ਜਿਹੇ ਮਨ ਨਾਲ ਤੁਰਿਆ ਤਾਂ ਫਿਰਦਾ ਸੀ ਪਰ ਕਿਸੇ ਮਰੀਜ਼ ਵਾਂਗ ਮੇਰਾ ਹਾਲ ਮਾੜਾ ਹੀ ਸੀ। ਇੰਜ ਚੱਕਰਾਂ ਵਿਚ ਘੁੰਮਦਿਆਂ ਮੇਰੀ ਮੁਲਾਕਾਤ ਪਿੰਡ ਦੇ ਇਕ ਬੰਦੇ ਨਾਲ ਹੋਈ ਜਿਸ ਨੇ ਸ਼ਿੱਪ 'ਤੇ ਚੜ੍ਹਨ ਲਈ ਕਿਹਾ। ਮੈਂ ਸ਼ਿੱਪ ਬਾਰੇ ਉਕਾ ਹੀ ਅਣਜਾਣ ਸੀ। ਉਸ ਨੇ ਆਪ ਵੀ ਨਾਲ ਜਾਣ ਲਈ ਹਾਮੀ ਭਰ ਲਈ, ਰੁਪਏ ਮੇਰੇ ਹੀ ਲੱਗਣੇ ਸਨ; ਯਾਨਿ ਦੋਵਾਂ ਦਾ ਸਾਢੇ ਤਿੰਨ ਲੱਖ ਰੁਪਏ। ਮੈਂ ਵੀ ਹਾਮੀ ਭਰ ਦਿੱਤੀ। ਅਸੀਂ ਮੁਹਾਲੀ ਮੇਵਾ ਸਿੰਘ ਨੂੰ ਜਾ ਮਿਲੇ। ਉਸ ਨੇ ਪਾਸਪੋਰਟ ਫੜ ਲਏ। ਘਰੇ ਆ ਕੇ ਮੈਂ ਫਿਰ ਪਿਤਾ ਜੀ ਦੁਆਲੇ ਘੁੰਮਣ ਲੱਗਿਆ। ਪਿਤਾ ਜੀ ਲਈ ਇੰਨੇ ਰੁਪਏ ਇਕੱਠੇ ਕਰਨੇ ਮੁਸ਼ਕਲ ਸਨ, ਪਰ ਮੇਰੀ ਜ਼ਿਦ ਜ਼ਿੰਦਾਬਾਦ ਸੀ। ਦੋ-ਤਿੰਨ ਸਾਲਾਂ ਵਿਚ ਸਾਡਾ ਚਾਚਿਆਂ ਵੱਲ ਆਉਣਾ-ਜਾਣਾ ਫਿਰ ਸ਼ੁਰੂ ਹੋ ਗਿਆ ਸੀ। ਮੈਂ ਰੁਪਿਆਂ ਦਾ ਸਵਾਲ ਉਨ੍ਹਾਂ ਨੂੰ ਪਾ ਦਿੱਤਾ। ਉਹ ਦੋਵੇਂ ਹੀ ਹੱਥ ਖੜ੍ਹੇ ਕਰ ਗਏ, ਹਾਲਾਂਕਿ ਉਨ੍ਹਾਂ ਦੀ ਸਮਰੱਥਾ ਹੈ ਸੀ, ਪਰ ਪਤਾ ਨਹੀਂ ਕਿਉਂ ਉਨ੍ਹਾਂ ਜਵਾਬ ਦੇ ਦਿੱਤਾ। ਫਿਰ ਸਾਡੇ ਪਿੰਡ ਦਾ ਇਕ ਬੰਦਾ ਵਿਆਜ 'ਤੇ ਢਾਈ ਲੱਖ ਰੁਪਏ ਦੇਣੇ ਮੰਨ ਲਿਆ। ਮੈਂ ਇਹ ਰੁਪਏ ਪਿੰਡ ਵਾਲੇ ਬੰਦੇ ਨਾਲ ਜਾ ਕੇ ਏਜੰਟ ਨੂੰ ਦੇ ਦਿੱਤੇ। ਅਗਲੇ ਦਿਨ ਮਦਰਾਸ ਤੋਂ ਸ਼ਿੱਪ ਫੜ ਲਿਆ। ਪਿਤਾ ਜੀ ਪਿੱਛੋਂ ਅੱਖਾਂ ਭਰ ਕੇ ਕਹਿੰਦੇ, ਜ਼ਿੱਦੀ ਹੱਟਿਆ ਨਹੀਂ, ਘਰ ਦੀ ਰੌਣਕ ਵੀ ਨਾਲ ਲੈ ਗਿਆ।

ਮੈਨੂੰ ਵੀ ਘਰ ਛੱਡਣਾ ਔਖਾ ਲੱਗਦਾ ਸੀ ਪਰ ਕੋਈ ਸ਼ੌਕ ਨੂੰ ਘਰੋਂ ਪੈਰ ਨਹੀਂ ਪੁੱਟਦਾ! ਮਜਬੂਰੀਆਂ ਹੀ ਪੈਰ ਪੁੱਟਣ ਲਈ ਮਜਬੂਰ ਕਰਦੀਆਂ ਹਨ। ਸ਼ਿੱਪ ਰਾਹੀਂ ਮੈਂ ਅਮਰੀਕਾ ਪਹੁੰਚ ਗਿਆ। ਇਥੇ ਆ ਕੇ ਵਿਆਜੂ ਰੁਪਏ ਮੋੜ ਕੇ ਹੋਰ ਰੁਪਏ ਜੋੜਨ ਲੱਗ ਪਿਆ। ਇਥੇ ਬੇਸ਼ੱਕ ਮੇਰੀ ਆਮਦਨ ਥੋੜ੍ਹੀ ਸੀ ਪਰ ਮੇਰੇ ਖਰਚੇ ਵੀ ਨਾਂ-ਮਾਤਰ ਸਨ। ਅੰਦਰ ਕੁਝ ਕਰਨ ਦੀ ਕਾਹਲ ਸੀ। ਰੁਪਏ ਜੋੜ ਕੇ ਪਹਿਲੀ ਵਾਰ ਪੰਜ ਕਿੱਲੇ ਜ਼ਮੀਨ ਖਰੀਦੀ। ਪਿਤਾ ਜੀ ਨੇ ਜਦੋਂ ਇਹ ਸੁਣਿਆ ਕਿ ਮੇਰੇ ਕੋਲ ਪੰਜ ਕਿੱਲੇ ਬੈਅ ਲੈਣ ਜੋਗੇ ਰੁਪਏ ਹਨ ਤਾਂ ਉਹ ਰੋ ਪਏ। ਪਿਤਾ ਜੀ ਦੇ ਸਬਰ-



ਮੇਜਰ ਕੁਲਾਰ ਦੇ ਪਿਤਾ ਸ. ਸੁਰਜੀਤ ਸਿੰਘ ਕੁਲਾਰ

ਸੰਤੋਖ ਨੂੰ ਫਲ ਲੱਗ ਗਿਆ ਸੀ। ਉਨ੍ਹਾਂ ਦਾ ਸਾਧੂ ਸੁਭਾਅ ਮੈਨੂੰ ਵੀ ਚੰਗਾ ਲੱਗਣ ਲੱਗ ਪਿਆ ਸੀ। ਉਨ੍ਹਾਂ ਨੇ ਮੈਨੂੰ ਹਮੇਸ਼ਾ ਸਬਰ, ਸੰਤੋਖ ਤੇ ਨਿਮਰਤਾ ਦਾ ਪਾਠ ਪੜ੍ਹਾਇਆ ਸੀ। ਮੈਂ ਕਈ ਵਾਰ ਇਸ ਰਾਹ ਤੋਂ ਡੋਲ ਜਾਂਦਾ ਰਿਹਾ ਪਰ ਹੁਣ ਮੈਨੂੰ ਯਕੀਨ ਹੋ ਗਿਆ ਕਿ ਫਲ ਹਮੇਸ਼ਾ ਨੀਵਿਆਂ ਰੁੱਖਾਂ ਨੂੰ ਲੱਗਦੇ ਹਨ।

ਫੋਨ ਦੀ ਘੰਟੀ ਨੇ ਮੈਨੂੰ ਆਪਣੇ ਅਤੀਤ ਵਿਚੋਂ ਬਾਹਰ ਕੱਢ ਲਿਆਂਦਾ। ਮੈਂ ਫੋਨ ਸੁਣ ਕੇ ਬਾਹਰ ਨਿਕਲ ਗਿਆ। ਸੈਰ ਕਰਦਿਆਂ ਮੈਂ ਉਸੇ ਬਜ਼ੁਰਗ ਜੋੜੇ ਨੂੰ ਜਾ ਫਤਹਿ ਬੁਲਾਈ। ਅੱਜ ਉਨ੍ਹਾਂ ਦੇ ਚਿਹਰੇ 'ਤੇ ਖੁਸ਼ੀ ਨੱਚ ਰਹੀ ਸੀ। ਬਿੱਲੂ ਨੇ ਆਉਣ ਦਾ ਪੱਕਾ ਵਾਅਦਾ ਕੀਤਾ ਸੀ। ਉਹ 'ਮਾਂ ਦਿਵਸ' ਉਤੇ ਤਾਂ ਨਹੀਂ ਸੀ ਆਇਆ, ਪਰ ਅੱਜ ਜ਼ਰੂਰ ਆਉਣ ਲਈ ਕਿਹਾ ਸੀ। ਬੇਬੇ ਨੇ ਚਾਹ ਬਣਾ ਲਈ। ਮੈਂ ਵੀ ਗੱਲੀਂ ਲੱਗ ਗਿਆ। ਬੇਬੇ ਪੂਰੀ ਖੁਸ਼ ਸੀ। ਮੈਨੂੰ ਵੀ ਤਸੱਲੀ ਹੋ ਗਈ ਕਿ ਚਲੋ ਅੱਜ ਬਾਪੂ ਦਾ ਪੁੱਤ ਆ ਕੇ ਬਾਪ ਨੂੰ ਕੋਈ ਤੋਹਫ਼ਾ ਦੇ ਜਾਊਗਾ, 'ਮਾਂ ਦਿਵਸ' ਉਤੇ ਦਿੱਤੇ ਜ਼ਖ਼ਮਾਂ 'ਤੇ ਮਲ੍ਹਮ ਲਾ ਜਾਊਗਾ। ਬੇਬੇ ਨੂੰ ਪੁੱਛਿਆ ਕਿ ਅੱਜ ਐਤਵਾਰ ਹੈ, ਗੁਰਦੁਆਰੇ ਨਹੀਂ ਗਏ, ਤਾਂ ਬੇਬੇ ਨੇ ਦੱਸਿਆ ਕਿ ਉਨ੍ਹਾਂ ਨੂੰ ਸਲੀਮ ਸਵੇਰੇ ਹੀ ਮੱਥਾ ਟੇਕਣ ਲੈ ਗਿਆ ਸੀ। ਮੇਰੇ ਦਿਲ ਵਿਚ ਕਈ ਸਵਾਲ ਉਠਦੇ ਹਨ ਕਿ ਅਸੀਂ ਕਿੰਨੇ ਮਤਲਬਪ੍ਰਸਤ ਹੋ ਗਏ ਹਾਂ। ਆਪਣੇ ਮਾਪਿਆਂ ਨੂੰ ਵੀ ਮਤਲਬ ਲਈ ਹੀ ਮਿਲਦੇ ਹਾਂ ਤੇ ਆਹ ਕੋਈ ਪਾਕਿਸਤਾਨੀ ਭਾਈਜਾਨ ਬਗੈਰ ਕਿਸੇ ਮਤਲਬ ਇਸ ਬਜ਼ੁਰਗ ਜੋੜੇ ਦੀ ਸੇਵਾ ਕਰਦਾ ਹੈ।...

ਮੈਂ ਚਾਹ ਪੀ ਕੇ ਵਾਪਸ ਆ ਗਿਆ ਅਤੇ ਤਿਆਰ ਹੋ ਕੇ ਗੁਰਦੁਆਰੇ ਚਲਿਆ ਗਿਆ। ਸ਼ਾਮ ਨੂੰ ਪੰਜਾਬੀ ਸਾਹਿਤ ਸਭਾ (ਕੈਲੀਫੋਰਨੀਆ) ਦੀ ਮੀਟਿੰਗ ਅਤੇ ਕਵੀ ਦਰਬਾਰ ਵਿਚ ਹਾਜ਼ਰੀ ਲੁਆ ਕੇ ਵਾਪਸ ਘਰ ਆ ਗਿਆ। ਫਿਰ ਉਸ ਬਜ਼ੁਰਗ ਜੋੜੇ ਕੋਲ ਗਿਆ ਤਾਂ ਦੇਖਿਆ ਉਨ੍ਹਾਂ ਦੇ ਚਿਹਰਿਆਂ ਤੋਂ ਖੁਸ਼ੀ ਗਾਇਬ ਸੀ। ਘਰ ਵਿਚ ਚਾਰੇ ਪਾਸੇ ਉਦਾਸੀ ਛਾਈ ਹੋਈ ਸੀ। ਬੇਬੇ ਤੋਂ ਕਾਰਨ ਪੁੱਛਿਆ ਤਾਂ ਬੇਬੇ ਨੇ ਦੱਸਿਆ ਕਿ ਬਿੱਲੂ ਪੁੱਤ ਆਇਆ ਸੀ।

"ਫਿਰ ਤਾਂ ਖੁਸ਼ੀ ਦੀ ਗੱਲ ਹੋਈ, ਤੇ ਤੁਸੀਂ ਉਦਾਸੇ ਕਿਉਂ ਹੋ?" ਮੈਂ ਪੁੱਛਿਆ।

"ਪੁੱਤਰਾ! ਉਹ ਸਾਨੂੰ ਮਿਲਣ ਨਹੀਂ ਸੀ ਆਇਆ, ਨਾ ਕੋਈ ਤੋਹਫ਼ਾ ਲਿਆਇਆ ਸੀ ਸਗੋਂ ਸਾਡੇ ਹੱਥ ਵੱਢਣ ਆਇਆ ਸੀ।" ਬਜ਼ੁਰਗ ਬੋਲਿਆ।

"ਬਾਬਾ ਜੀ ਉਹ ਕਿਵੇਂ?" ਮੈਂ ਹੈਰਾਨ ਹੋ ਗਿਆ।

"ਪੁੱਤਰਾ! ਮੈਨੂੰ ਆਪਣੇ ਪਿਉ ਦੀ ਜੱਦੀ ਜਾਇਦਾਦ ਵਿਚੋਂ ਤਿੰਨ ਕਿੱਲੇ ਜ਼ਮੀਨ ਹਿੱਸੇ ਆਈ ਸੀ। ਨਾ ਮੈਂ ਇਕ ਵੀ ਸਿਆੜ ਬੈਅ ਕੀਤਾ, ਤੇ ਨਾ ਇਕ ਸਿਆੜ ਬੈਅ ਖਰੀਦਿਆ। ਤੇ ਬਿੱਲੂ ਨੇ ਵੀ ਕੋਈ ਜ਼ਮੀਨ ਦਾ ਕਿੱਲਾ ਬੈਅ ਨਹੀਂ ਲਿਆ। ਇਸ ਨੂੰ ਆਇਆਂ ਵੀ ਪੰਦਰਾਂ ਸਾਲ ਹੋ ਗਏ ਹਨ। ਚਲੋ, ਇਸ ਨੇ ਇਥੇ ਆਪਣਾ ਘਰ-ਬਾਰ ਬਣਾ ਲਿਆ ਹੈ। ਪਿੰਡ ਵਾਲੇ ਤਿੰਨ ਕਿੱਲੇ ਮੇਰਾ ਛੋਟਾ ਭਰਾ ਤੇ ਭਤੀਜੇ ਮਾਮਲੇ 'ਤੇ ਵਾਹ ਲੈਂਦੇ ਹਨ। ਮੈਂ ਜਦੋਂ ਕਿਤੇ ਪਿੰਡ ਜਾਂਦਾ ਹਾਂ, ਤਾਂ ਆਪਣਾ ਮਾਮਲਾ ਲੈ ਕੇ ਖਰਚ ਕਰ ਲੈਂਦਾ ਹਾਂ। ਮੇਰਾ ਖੇਤ ਨਾਲ ਮੋਹ ਹੋਣ ਦੇ ਨਾਤੇ ਮੈਂ ਰੋਜ਼ ਖੇਤ ਗੇੜਾ ਮਾਰ ਆਉਂਦਾ ਹਾਂ ਪਰ ਪਿਛਲੇ ਕਈ ਸਾਲਾਂ ਤੋਂ ਬਿੱਲੂ ਨੇ ਇਹ ਰਟ ਲਾਈ ਐ ਕਿ ਉਹ ਤਿੰਨ ਕਿੱਲੇ ਵੇਚ ਕੇ ਮੈਨੂੰ ਰੁਪਏ ਡਾਲਰਾਂ ਵਿਚ ਵਟਾ ਕੇ ਦੇ ਦੇ।" ਬਾਬਾ ਬੋਲਿਆ।

"ਫਿਰ ਤੁਸੀਂ ਕੀ ਕਿਹਾ?" ਮੈਂ ਅਗਾਂਹ ਬਾਰੇ ਪੁੱਛਿਆ।

"ਪੁੱਤਰਾ! ਪੁੱਤ ਅਮਰੀਕਾ ਹੋਵੇ... ਇਕ ਧੀ ਕੈਨੇਡਾ ਹੋਵੇ... ਫਿਰ ਮੈਂ ਜਿਉਂਦੇ ਜੀਅ ਕਿਵੇਂ ਅੰਗੂਠਾ ਲਾ ਦੇਵਾਂ। ਮੈਨੂੰ ਤਾਂ ਕਚਹਿਰੀਆਂ ਵਿਚ ਹੀ ਦਿਲ ਦਾ ਦੌਰਾ ਪੈ ਜਾਣਾ। ਜਦੋਂ ਮੈਂ ਆਪਣੇ ਸੁਆਸਾਂ ਦੀ ਪੂੰਜੀ ਖਤਮ ਕਰ ਕੇ ਡੱਬੇ ਵਿਚ ਬੰਦ ਹੋ ਜਾਊਂਗਾ, ਫਿਰ ਭਲਾ ਦੂਜੇ ਦਿਨ ਹੀ ਜ਼ਮੀਨ ਵੇਚ ਆਵੇ। ਮੈਨੂੰ ਮੌਤ ਤੋਂ ਪਹਿਲਾਂ ਕਿਉਂ ਜਿਉਂਦੇ ਨੂੰ ਮਾਰਦਾ ਹੈ।" ਬਾਬੇ ਦਾ ਗੱਚ ਭਰ ਆਇਆ।

"ਬਾਬਾ ਜੀ! ਅੱਜ ਕੀ ਕਹਿ ਗਿਆ?" ਮੈਂ ਫਿਰ ਪੁੱਛਿਆ।

"ਪੁੱਤਰਾ! ਅੱਜ ਆਇਆ ਸੀ ਇਕੱਲਾ ਹੀ। ਨਾ ਨੂੰਹ, ਨਾ ਪੋਤੇ, ਨਾ ਪੋਤੀ ਨੂੰ ਨਾਲ ਲਿਆਇਆ। ਚਾਹ-ਪਾਣੀ ਪੀਤਾ, ਮਗਰੋਂ ਕਾਗਜ਼ ਕੱਢ ਕੇ ਕਹਿੰਦਾ, 'ਬਾਪੂ ਇਥੇ ਅੰਗੂਠਾ ਲਾ ਦੇ।' ਮੈਂ ਕਿਹਾ, 'ਇਹ ਕਾਗਜ਼ ਕਿਸ ਵਾਸਤੇ ਨੇ।' ਕਹਿੰਦਾ, 'ਮੁਖ਼ਤਿਆਰਨਾਮਾ ਹੈ। ਮੈਂ ਆਪਣੇ ਸਾਲੇ ਦੇ ਨਾਂ ਮੁਖ਼ਤਿਆਰਨਾਮਾ ਤਿਆਰ ਕਰਵਾ ਲਿਆ ਹੈ, ਤੇ ਤੂੰ ਅੰਗੂਠਾ ਲਾ ਦੇ, ਉਹ ਜ਼ਮੀਨ ਵੇਚ ਕੇ ਮੈਨੂੰ ਪੈਸੇ ਭੇਜ ਦੇਵੇਗਾ, ਤੈਨੂੰ ਇੰਡੀਆ ਵੀ ਨਹੀਂ ਜਾਣਾ ਪੈਣਾ'।... ਉਸ ਦੀ ਇਸ ਗੱਲ ਨੇ ਮੇਰੇ ਸਿਰ ਸੌ ਘੜਾ ਪਾਣੀ ਦਾ ਪਾ ਦਿੱਤਾ। ਮੈਂ ਕਿਹਾ, ਚੰਗਾ ਪਿਉ ਨੂੰ ਮਿਲਣ ਆਇਆਂ।" ਬਾਬਾ ਜੀ ਦੱਸਦੇ ਗਏ...

"ਪੁੱਤਰਾ! ਮੈਂ ਕਿਹਾ, ਜਿੰਨਾ ਚਿਰ ਮੈਂ ਜਿਉਂਦਾ ਹਾਂ, ਤੂੰ ਭੁੱਲ ਜਾ ਕਿ ਮੈਂ ਅੰਗੂਠਾ ਲਾ ਦੇਊਂਗਾ। ਮਰੇ ਤੋਂ ਬਾਅਦ ਭਲਾ ਪੈਰਾਂ ਦੇ ਅੰਗੂਠੇ ਵੀ ਲਵਾ ਲਵੀਂ... ਅੱਗਿਉਂ ਕਹਿੰਦਾ, ਤੂੰ ਤਾਂ ਵੀਹ ਸਾਲ ਨਹੀਂ ਮਰਦਾ, ਤੇ ਮੇਰੇ ਕੋਲ ਵੀਹ ਸਾਲ ਉਡੀਕ ਨਹੀਂ ਹੋਣੀ। ਫਿਰ ਮੈਂ ਕਿਹਾ, ਜਾਂ ਤਾਂ ਜ਼ਹਿਰ ਦੀ ਪੁੜੀ ਦੇ ਜਾ, ਜਾਂ ਗੋਲੀ ਮਾਰ ਦੇ। ਫਿਰ ਮਨ ਆਈਆਂ ਕਰ ਲਈਂ।" ਬਾਬਾ ਜੀ ਉਚੀ-ਉਚੀ ਰੋ ਪਏ।

ਮੈਂ ਹੈਰਾਨ ਕਿ ਮੈਂ ਆਪਣੇ ਮਾਪਿਆਂ ਨੂੰ ਯਾਦ ਕਰ ਕੇ ਰੋਂਦਾ ਹਾਂ, ਤੇ ਬਿੱਲੂ ਆਪਣੇ ਮਾਪਿਆਂ ਨੂੰ ਮਿਲ ਕੇ ਰੁਆਉਂਦਾ ਹੈ। ਅਸੀਂ ਕਿਉਂ ਇੰਨੇ ਸੁਆਰਥੀ ਹੋ ਗਏ ਹਾਂ? ਕੀ ਸਾਨੂੰ ਯਾਦ ਭੁੱਲ ਗਿਆ ਹੈ ਕਿ ਜਿਸ ਤਰ੍ਹਾਂ ਅਸੀਂ ਆਪਣੇ ਮਾਪਿਆਂ ਨਾਲ ਕਰਦੇ ਹਾਂ, ਉਸੇ ਤਰ੍ਹਾਂ ਦਾ ਵਿਹਾਰ ਸਾਡੀ ਔਲਾਦ ਸਾਡੇ ਨਾਲ ਵੀ ਕਰੂਗੀ? ਕੀ ਦੁਨੀਆਂ ਦੀਆਂ ਸੁੱਖ-ਸਹੂਲਤਾਂ ਖਰੀਦਣ ਲਈ ਅਸੀਂ ਆਪਣੇ ਮਾਪਿਆਂ ਨੂੰ ਜਿਉਂਦਿਆਂ ਵੇਚ ਦੇਣਾ ਹੈ? ਬਜ਼ੁਰਗ ਤਾਂ ਸਾਡਾ ਸਰਮਾਇਆ ਹੁੰਦੇ ਨੇ। ਨਾ ਭੁੱਲੋ ਕਿ ਅਸੀਂ ਵੀ ਇਕ ਦਿਨ ਬੁੱਢੇ ਹੋਣਾ ਹੈ। ਬਜ਼ੁਰਗ ਤਾਂ ਪਿਆਰ ਦੇ ਭੁੱਖੇ ਹਨ। ਜਾਇਦਾਦ ਦੀ ਭੁੱਖ ਸਾਨੂੰ ਹੈ। ਔਲਾਦ ਦਾ ਭਵਿੱਖ ਬਣਾਉਂਦੇ ਹੋਏ ਆਪਣੇ ਮਾਪਿਆਂ ਦਾ ਬੁਢਾਪਾ ਨਾ ਰੋਲੋ, ਨਹੀਂ ਤਾਂ ਅੱਗੇ ਦਰਗਾਹ ਵਿਚ ਵੀ ਢੋਈ ਨਹੀਂ ਮਿਲਣੀ।

ਬਾਬਾ ਜੀ ਦਾ 'ਪਿਤਾ ਦਿਵਸ' ਮਾੜਾ ਰਿਹਾ ਪਰ ਮੈਂ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ। ਸ਼ਾਇਦ ਦੁੱਖ ਹੀ ਇੰਨਾ ਵੱਡਾ ਸੀ ਕਿ ਮੇਰਾ ਹੌਸਲਾ ਵੀ ਬਾਬਾ ਜੀ ਦੇ ਹੰਝੂ ਨਾ ਰੋਕ ਸਕਿਆ। ਮੈਨੂੰ ਆਪਣੇ ਪਿਤਾ ਜੀ ਯਾਦ ਆ ਗਏ। ਅੱਜ ਸਾਡੇ ਵਿਚਕਾਰ ਬੇਸ਼ੱਕ ਸੱਤ ਸਮੁੰਦਰਾਂ ਦੀ ਦੂਰੀ ਹੈ, ਪਰ ਅਸੀਂ 'ਪਿਤਾ ਦਿਵਸ' ਉਤੇ ਘੁੱਟ ਕੇ ਗਲਵਫੜੀ ਪਾਈ ਹੋਈ ਸੀ। ਪਰਮਾਤਮਾ ਕ੍ਰਿਪਾ ਕਰੇ, ਕਿਸੇ ਨਾਲ ਬਾਬਾ ਜੀ ਵਾਂਗ ਨਾ ਹੋਵੇ।

# ਸ਼ੁਕਰ ਹੈ ਉਹ ਨਹੀਂ ਮੋਈ

ਹੀ ਮੇਰਾ ਦਿਲ ਦਹਿਲ ਜਾਣਾ ਸੁਭਾਵਕ ਸੀ।

ਦੀਪੀ ਨੇ ਝਾੜੂ ਦੀ ਤੀਲੀ ਨਾਲ ਕਿਰਲੀ ਨੂੰ ਹਿਲਾਇਆ। ਕਿਰਲੀ ਨੇ ਫੜਾਕਾ ਮਾਰਿਆ। ਮੇਰੀ ਚੀਕ ਨਿਕਲ ਗਈ।... ਚੀਕ ਖੌਫ਼ ਅਤੇ ਕ੍ਰਹਿਤ ਭਰੀ ਸੀ।

'ਕਿਉਂ ਨਫ਼ਰਤ ਕਰਦੇ ਹੋ ਉਸ ਨੂੰ? ਕੀ ਦੋਸ਼ ਹੈ ਉਸ ਦਾ ਜੇ ਉਹ ਕੋਹਣ ਕਿਰਲੀ ਹੈ? ਤਾਂ? ਉਸ ਨੇ ਤੁਹਾਡਾ ਕੀ ਵਿਗਾੜਿਆ ਹੈ?' ਦੀਪੀ ਗਰਜਿਆ।

ਮੈਂ ਸ਼ਰਮਿੰਦੀ ਸਾਂ।

'ਇਹਦੀ ਪੂਛ ਕਟ ਗਈ ਹੈ। ਜਦ ਤੱਕ ਪੂਛ ਮੁੜ ਨਾ ਉਗੇ, ਇਹ ਚਲ ਨਹੀਂ ਸਕੇਗੀ ਸ਼ਾਇਦ। ਮਰ ਜਾਏਗੀ ਵਿਚਾਰੀ, ਭੁੱਖੀ-ਭਾਣੀ...।' ਆਖਦਿਆਂ ਦੀਪੀ ਨੇ ਕਿਰਲੀ ਨੂੰ ਤੀਲੀ ਨਾਲ ਕੰਧ ਕੋਲ ਸਰਕਾ ਦਿੱਤਾ ਤਾਂ ਜੁ ਉਹ ਰਾਤੀਂ ਕਿਸੇ ਕੀੜੇ-ਮਕੌੜੇ ਦਾ ਸ਼ਿਕਾਰ ਕਰ ਸਕੇ। ਮੇਰੇ ਸੌਣ-ਸੁੱਫ਼ੇ ਵਿਚ ਵੜ ਕੇ ਉਸ ਨੇ ਬੂਹੇ ਦੀ ਅੰਦਰਲੀ ਚਿਟਕਣੀ ਲਗਾ ਦਿੱਤੀ ਅਤੇ ਰਾਤੀਂ ਗੁਸਲਖ਼ਾਨੇ ਵਿਚ ਆਣ-ਜਾਣ ਲਈ ਮੈਨੂੰ ਆਪਣੇ ਕਮਰੇ ਦਾ ਲਾਂਘਾ ਇਸਤੇਮਾਲ ਕਰਨ ਲਈ ਪੱਕਿਆਂ ਕੀਤਾ।

ਹਨੇਰੇ ਵਿਚ ਤੁਰਦਿਆਂ ਕਿਧਰੇ ਕਿਰਲੀ ਨੂੰ ਮੈਂ ਆਪਣੇ ਪੈਰਾਂ ਨਾਲ ਮਧੋਲ-ਮਾਰ ਨਾ ਸੁੱਟਾਂ, ਇਹ ਦੀਪੀ ਦਾ ਤੌਖ਼ਲਾ ਸੀ।

ਸਵੇਰੇ ਉਠਦੇ ਸਾਰ ਦੀਪੀ ਨੇ ਮੇਰੇ ਸੁੱਫ਼ੇ ਦਾ ਬੂਹਾ ਖੋਲ੍ਹਦਿਆਂ ਬਾਹਰ ਵੇਖਿਆ। ਛਿਪਕਲੀ ਗਾਇਬ ਸੀ।

'ਬਚ ਗਈ ਬਚ ਗਈ, ਦੁਮ ਕੱਟੀ ਬਚ ਗਈ।' ਦੀਪੀ ਖੁਸ਼ੀ ਨਾਲ ਉਛਲ ਪਿਆ।

ਆਉਂਦੇ ਕੁਝ ਦਿਨਾਂ ਲਈ ਉਹ ਸਾਡੀ ਲਾਡਲੀ 'ਦੁਮ ਕੱਟੀ' ਸੀ, ਘਰ ਦਾ ਜੀਅ।

ਸ਼ੁਕਰ ਹੈ ਗਲਹਿਰੀ ਨਹੀਂ ਮੋਈ। ਜਿਉਂਦੀ ਹੈ ਉਹ...।

ਤਾਲ ਕਟੋਰੇ ਦੀ ਗਲਹਿਰੀ! ਸਾਡੇ ਚੇਤੇ ਦੀ ਗਲਹਿਰੀ!!... ਮੈਂ ਸੁਖ ਦਾ ਸਾਹ ਲਿਆ।

---

ਸ਼ਾਮ ਦਾ ਵੇਲਾ।

'ਅੱਧੇ ਘੰਟੇ ਤੱਕ ਆ ਰਿਹਾਂ।' ਦੀਪੀ ਦਾ ਫੋਨ ਸੀ।

ਇਕ ਦੋ ਤਿੰਨ... ਚਾਰ ਘੰਟੇ ਵੀ ਲੰਘ ਗਏ।... ਦੀਪੀ ਨਹੀਂ ਆਇਆ।... ਫ਼ਿਕਰ ਲੱਗਾ।... ਮੈਂ ਫੋਨ ਕੀਤਾ।

'ਮੁਹਾਲੀ ਘਰੇ ਪੁੱਜਣ ਹੀ ਵਾਲਾ ਸਾਂ ਕਿ ਰਾਹ ਵਿਚ ਕਿਸੇ ਗੱਡੀ ਥੱਲੇ ਆ ਕੇ ਫੱਟੜ ਹੋਇਆ ਚਿਚਲਾਂਦਾ ਕਤੂਰਾ ਵੇਖਿਆ। ਉਹਨੂੰ ਚੁੱਕ ਕੇ ਉਨ੍ਹੀਂ ਪੈਰੀਂ ਵਾਪਸ ਚੰਡੀਗੜ੍ਹ ਗੱਡੀ ਮੋੜ ਲਈ। ਸਲੋਤਰੀ ਕੋਲੋਂ ਮਰਹਮ-ਪੱਟੀ ਕਰਾਈ, ਤੇ ਉਸ ਨੂੰ ਆਪਣੇ ਘਰ ਲੈ ਆਇਆ। ਦੇਰ ਹੋ ਗਈ। ਨਹੀਂ ਆ ਸਕਿਆ ਤੁਹਾਨੂੰ ਮਿਲਣ।'

ਕਤੂਰੇ ਦੀ ਤੀਮਾਰਦਾਰੀ ਵਿਚ ਇੰਨਾ ਮਸ਼ਗੂਲ ਹੋ ਗਿਆ ਸੀ ਦੀਪੀ ਪੁੱਤਰ, ਕਿ ਉਸ ਨੂੰ ਇਕੱਲੀ ਰਹਿੰਦੀ ਮਾਂ ਦੀ ਚਿੰਤਾ ਵੀ ਵਿਸਰ ਗਈ।

ਜੁਗ ਜੁਗ ਜੀਵੇ ਗਲਹਿਰੀ!...ਮਨ ਨੂੰ ਸਕੂਨ ਮਿਲਿਆ।

---

ਗਲਹਿਰੀ ਦਾ ਆਲ੍ਹਣਾ ਮੈਥੋਂ ਨਸ਼ਟ ਹੋ ਗਿਆ। ਭੋਲੇ-ਭਾਅ ਹੀ। ਮੈਂ ਉਦਾਸ ਹਾਂ। ਉਖੜੀ-ਉਖੜੀ। ਆਪਣੀ ਦੋਸ਼ੀ ਭਾਵਨਾ ਦੀਪੀ ਨਾਲ ਸਾਂਝੀ ਕਰਨੀ ਚਾਹੁੰਦੀ ਹਾਂ ਪਰ ਕੀਕੂੰ ਕਰਾਂ? ਹੁਣ ਉਸ ਦਾ ਆਪਣਾ ਨਿਵੇਕਲਾ ਘਰ ਹੈ। ਉਹ ਆਪਣੇ ਕੰਮ-ਕਾਜ ਅਤੇ ਬਾਗ-ਪਰਿਵਾਰ ਵਿਚ ਵਾਲੋ-ਵਾਲ ਖੁਭਿਆ ਹੋਇਆ ਹੈ। ਕਦੇ-ਕਦੇ ਹੀ ਮੇਲ ਹੁੰਦਾ ਹੈ। ਉਸ ਨਾਲ ਰੋਜ਼ਾਨਾ ਜ਼ਿੰਦਗੀ ਦੀ ਆਮ ਗੱਲਬਾਤ ਨਹੀਂ ਹੁੰਦੀ।...ਗਲਹਿਰੀ ਦੀ ਕੀ ਗੱਲ ਕਰਾਂ?...ਜੇ ਮੈਂ ਗਲਹਿਰੀ ਦਾ ਜ਼ਿਕਰ ਵੀ ਕਰਾਂ, ਤਾਂ ਕੀ ਉਹ ਸੁਣੇਗਾ? ਸੁਣਦਾ ਹੋਇਆ ਵੀ ਉਹ ਅਣਸੁਣਦਾ ਹੋਵੇਗਾ।

ਦੀਪੀ ਦੀ ਪੀੜ ਤੇ ਬੇਚੈਨੀ ਮੈਂ ਹਮੇਸ਼ਾਂ ਭਾਂਪ ਲੈਂਦੀ ਸੀ, ਤੇ ਹੁਣ ਵੀ ਭਾਂਪ ਲੈਂਦੀ ਹਾਂ, ਅਣਦੱਸੀ ਹੀ; ਪਰ ਮੇਰੀ ਕੌਣ ਭਾਂਪੇ?... ਦੀਪੀ ਦੀ ਮਾਂ ਜਿਉਂਦੀ ਹੈ, ਮੋਈ ਨਹੀਂ।

---

ਅੱਜ ਸ਼ਾਮੀਂ ਦੀਪੀ ਆ ਨਿਕਲਿਆ। ਨਾਲ ਜ਼ਾਵੀਆ ਵੀ ਸੀ, ਮੇਰੀ ਪੋਤੀ।

ਗੱਡੀਓਂ ਉਤਰ ਕੇ ਉਹ ਘਰ ਦੇ ਪਿਛਲੇ ਵਿਹੜੇ ਵਿਚ ਵੜੇ ਹੀ ਸਨ ਕਿ ਚੰਪਾ ਦੇ ਰੁੱਖ ਤੋਂ ਟੁੱਪ-ਟੁੱਪ ਕਰਦੀ ਗੁਲੋ ਗਲਹਿਰੀ ਆਣ ਲੱਥੀ। ਉਹ ਗੋਰੀ ਦੀ ਬਾਟੀ ਵਿਚੋਂ ਦੁੱਧ ਪੀਣ ਲੱਗੀ। ਘੁੱਟੋ-ਘੁੱਟ।

ਗੋਰੀ ਗਾਲ੍ਹੜ ਨੂੰ ਜੀਭ ਨਾਲ ਕੁਤ-ਕੁਤਾੜਨ ਲੱਗੀ।

ਗਾਲ੍ਹੜ ਛੜੱਪ ਜਾ ਡਿੱਗੀ ਬਾਟੀ ਵਿਚ, ਤੇ ਫਿਰ ਦੁੱਧ-ਭਿੱਜੀ ਟੁੱਪ-ਟੁੱਪ ਚੜ੍ਹ ਗਈ ਨਿੰਬੂ ਦੇ ਰੁੱਖ ਉਤੇ।

'ਪਾਪਾ ਵੇਖੋ, ਦਾਦੀ ਵੇਖੋ।' ਤਿੰਨਾਂ ਸਾਲਾਂ ਦੀ ਜ਼ਾਵੀਆ ਨੇ ਕਿਲਕਾਰੀ ਮਾਰੀ।

ਦੀਪੀ ਨਾਲ ਮੇਰੀ ਨਜ਼ਰ ਮਿਲੀ। ਅਸੀਂ ਮੁਸਕਰਾਏ।

'ਜੁਗ ਜੁਗ ਜੀਵੇ ਗਲਹਿਰੀ, ਬੋਲ ਜ਼ਾਵੀਆ ਬੋਲ।' ਮੈਂ ਆਖਿਆ।

'ਜੁਗ ਜੁਗ ਜੀਵੇ ਗਲਹਿਰੀ।' ਜ਼ਾਵੀਆ ਤਾੜੀਆਂ ਮਾਰ ਮਾਰ ਗਾਉਣ ਲੱਗੀ।

'ਜੁਗ ਜੁਗ ਜੀਵੇ ਗਲਹਿਰੀ।' ਦੀਪੀ ਨੇ ਵੀ ਜ਼ਾਵੀਆ ਨਾਲ ਸੁਰ ਮਿਲਾਈ।

ਜੁਗ ਜੁਗ ਜੀਣ ਜੀਵ ਜੰਤ...

ਸਾਰੇ ਦੇ ਸਾਰੇ ਜੀਵ ਜੰਤ...

ਮੇਰੇ ਮਗਰ ਜ਼ਾਵੀਆ ਤੇ ਜ਼ਾਵੀਆ ਮਗਰ ਦੀਪੀ ਤਾੜੀਆਂ ਮਾਰਦੇ ਲੰਮੀ ਹੇਕ ਨਾਲ ਗਾਉਣ ਲੱਗੇ...। ਗਾਉਂਦੇ ਗਏ... ਗਾਉਂਦੇ ਗਏ... ਗਾਉਂਦੇ ਗਏ।

ਕਹਾਣੀ

# ਕਬਰ ਪੁੱਟ

***ਨਾਮਾ-ਨਿਗਾਰ ਅਮਰ ਸਿੰਘ ਦੀ ਕਹਾਣੀ 'ਕਬਰ ਪੁੱਟ' 20ਵੀਂ ਸਦੀ ਦੇ ਉਸ ਦੌਰ ਦੀ ਰਚਨਾ ਹੈ ਜਦੋਂ ਵਕਤ ਕਰਵਟਾਂ ਬਦਲ ਰਿਹਾ ਸੀ ਅਤੇ ਨਵੀਂ ਨਰੋਈ ਸੋਚ ਮਰ-ਮੁੱਕ ਚੁੱਕੀਆਂ ਕਦਰਾਂ-ਕੀਮਤਾਂ ਨੂੰ ਸਲਾਮ ਕਹਿ ਰਹੀ ਸੀ। ਉਸ ਵਕਤ ਇਸ ਕਹਾਣੀ ਨੇ ਸਾਹਿਤ ਜਗਤ ਨੂੰ ਇੰਨਾ ਝੰਜੋੜਿਆ ਸੀ ਕਿ ਅਮਰ ਸਿੰਘ ਦੇ ਨਾਂ ਨਾਲ ਇਸ ਕਹਾਣੀ ਦਾ ਨਾਂ ਪੱਕੇ ਤੌਰ 'ਤੇ ਜੁੜ ਗਿਆ ਸੀ। ਉਹ ਅਮਰ ਸਿੰਘ ਤੋਂ ਅਮਰ ਸਿੰਘ 'ਕਬਰ ਪੁੱਟ' ਹੋ ਗਿਆ। ਸੱਚ-ਮੁੱਚ ਇਸ ਕਹਾਣੀ ਦੀਆਂ ਬਹੁਤ ਸਾਰੀਆਂ ਪਰਤਾਂ ਹਨ ਅਤੇ ਹਰ ਵਾਰ ਪੜ੍ਹਿਆਂ, ਕਹਾਣੀ ਦੀ ਕੋਈ ਹੋਰ ਪਰਤ ਪਾਠਕ ਦੇ ਸਾਹਮਣੇ ਆਣ ਖੁੱਲ੍ਹਦੀ ਹੈ, ਐਨ ਉਸੇ ਤਰ੍ਹਾਂ ਜਿਵੇਂ ਹਨੇਰੇ ਕਮਰੇ ਦੀ ਕੋਈ ਤਾਕੀ ਖੁੱਲ੍ਹਦੀ ਹੈ। ਅਸੀਂ ਅਮਰ ਸਿੰਘ ਦੀ ਇਹ ਸ਼ਾਹਕਾਰ ਕਹਾਣੀ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

## ਅਮਰ ਸਿੰਘ

ਜਗਦੀਸ਼ ਆਪਣੇ ਪਲੰਘ ਉਤੇ ਬੈਠੀ, ਡਰੈਸਿੰਗ ਟੇਬਲ ਉਤੇ ਪਈ ਬਿਜਲੀ ਦੀ ਮੋਮਬੱਤੀ ਦੇ ਧੁੰਦਲੇ ਜਿਹੇ ਚਾਨਣ ਵਿਚ ਮੇਰੇ ਰਵੱਈਏ ਵਿਰੁਧ ਸ਼ਿਕਾਇਤ ਕਰ ਰਹੀ ਹੈ ਤੇ ਮੈਂ ਹਨੇਰੀ ਬਰਸਾਤੀ ਰਾਤ ਤੇ ਉਸ ਕਾਲੇ ਕਫ਼ਨ ਨੂੰ ਦੇਖ ਰਿਹਾ ਹਾਂ ਜੋ ਬਾਰੀ ਵਿਚੋਂ ਨਜ਼ਰ ਆ ਰਿਹਾ ਹੈ, ਤੇ ਜਿਸ ਨੇ ਸਾਡੇ ਇਸ ਲੰਮੇ ਚੌੜੇ 'ਕਾਸ਼ਾਨੇ' ਨੂੰ ਜਗਦੀਸ਼ ਦੇ ਬੈਡਰੂਮ ਸਮੇਤ ਆਪਣੇ ਹਨੇਰੇ ਜੱਫ਼ੇ ਵਿਚ ਜਕੜਿਆ ਹੋਇਆ ਹੈ। ਤੇ ਜਗਦੀਸ਼ ਕਹਿ ਰਹੀ ਹੈ, ਮੈਂ ਬਹੁਤ ਸਾਰਾ ਬਦਲ ਗਿਆ ਹਾਂ। ਮੇਰੀ ਹਿੱਕ ਵਿਚ ਦਿਲ ਨਹੀਂ ਰਿਹਾ। ਇਸ ਤੋਂ ਉਲਟ ਉਹਦੇ ਦਿਲ ਵਿਚ ਮੇਰਾ ਪਿਆਰ ਪਹਿਲੇ ਨਾਲੋਂ ਵੀ ਤੀਬਰ ਹੋ ਗਿਆ ਹੈ, ਪਰ ਮੈਂ ਭਰਾਵਾਂ ਨਾਲ ਮੌਜ ਮੇਲੇ ਵਿਚ ਰੁੱਝ ਕੇ ਭੈਣ ਨੂੰ ਬਿਲਕੁਲ ਭੁੱਲ ਗਿਆ ਹਾਂ।

ਮੈਂ ਜਗਦੀਸ਼ ਦੀਆਂ ਅੱਖਾਂ ਵਿਚ ਤੱਕਦਾ ਹਾਂ, ਆਪਣੇ ਦਿਲ ਵਿਚ ਝਾਕਦਾ ਹਾਂ, ਬਾਰੀ ਤੋਂ ਬਾਹਰ ਦੇਖਦਾ ਹਾਂ ਜਿਥੇ ਰਾਤ ਆਪਣੀ ਉਮਰ ਦਾ ਆਖਰੀ ਅੱਧ ਚੁੱਪ-ਚਾਪ ਅੱਥਰੂਆਂ ਵਿਚ ਵਗਾ ਰਹੀ ਹੈ। ਬੂਹੇ ਦੇ ਪਾਰ ਇਕ ਹੋਰ ਬੂਹਾ ਹੈ ਜਿਸ 'ਤੇ ਪਏ ਹੋਏ ਫਰਾਂਸੀਸੀ ਜਾਲੀ ਦੇ ਪਰਦੇ ਉਹਲੇ ਮੈਨੂੰ ਸਿਗਰਟ ਧੁਖਦਾ ਨਜ਼ਰ ਆ ਰਿਹਾ ਹੈ। ਇਹ ਦੇਵਿੰਦਰ ਦਾ ਕਮਰਾ ਹੈ। ਮੇਰਾ ਕਮਰਾ ਬਿਲਕੁਲ ਹਨੇਰੇ ਹੈ। ਤੇ ਮੇਰਾ ਦਿਲ ਬੈਠਦਾ ਜਾਂਦਾ ਹੈ।

ਇਹ ਮੇਰੇ ਹਸਪਤਾਲੋਂ ਨਿਕਲਣ ਦਾ ਦੂਜਾ ਦਿਨ ਹੈ ਤੇ ਮੇਰੀ ਅਰੋਗਤਾ ਦੇ ਜਸ਼ਨ ਦਾ ਪਹਿਲਾ ਦਿਹਾੜਾ। ਮੈਨੂੰ ਕੁਝ ਪਤਾ ਨਹੀਂ ਕਿ ਮੈਨੂੰ ਬਿਮਾਰੀ ਕੀ ਹੋਈ ਸੀ। ਮੈਨੂੰ ਕੇਵਲ ਇੰਨਾ ਦੱਸਿਆ ਗਿਆ ਹੈ ਕਿ ਪਟਨੇ ਸਟੇਸ਼ਨ ਉਤੇ ਰੇਲ ਦੇ ਕਰਮਚਾਰੀਆਂ ਨੇ ਮੈਨੂੰ ਰੇਲ ਦੇ ਡੱਬੇ ਵਿਚ ਬੇਹੋਸ਼ ਪਏ ਦੇਖਿਆ ਸੀ, ਜਿਥੋਂ ਮੈਨੂੰ ਰੇਲਵੇ ਹਸਪਤਾਲ ਵਿਚ ਪੁਚਾਇਆ ਗਿਆ। ਮੇਰੀ ਤਲਾਸ਼ੀ ਲੈਣ 'ਤੇ ਪੁਲਿਸ ਨੂੰ ਮੇਰੇ ਇਕ ਦੋਸਤ ਦਾ ਪਤਾ ਲੱਗਾ। ਉਹਨੂੰ ਤਾਰ ਦਿੱਤੀ ਗਈ। ਮੇਰੇ ਦੋਸਤ ਨੇ ਭਰਾਵਾਂ ਨੂੰ ਖਬਰ ਦਿੱਤੀ। ਤੇ ਉਹ ਮੈਨੂੰ ਕਲਕੱਤੇ ਲੈ ਆਏ।

ਅੱਜ ਸਾਰਾ ਦਿਨ ਮੇਰੇ ਭਰਾ ਮੇਰੇ ਅਰੋਗ ਹੋਣ ਦਾ ਜਸ਼ਨ ਮਨਾਉਂਦੇ ਰਹੇ ਤੇ ਘਰ ਵਾਪਸੀ ਦਾ ਵੀ। ਅੱਜ ਤੋਂ ਸੱਤ ਵਰ੍ਹੇ ਪਹਿਲੋਂ ਮੈਂ ਉਨ੍ਹਾਂ ਨੂੰ ਛੱਡ ਕੇ ਚਲਾ ਗਿਆ ਸਾਂ। ਉਨ੍ਹਾਂ ਦਾ ਬਿਜ਼ਨਸ ਹੋਰ ਸੀ ਤੇ ਮੇਰਾ ਕੰਮ ਹੋਰ।

ਦੋਹਾਂ ਕਾਰਜਾਂ ਦਾ ਟਕਰਾਉ ਮੇਰੇ ਘਰ ਛੱਡਣ ਦਾ ਕਾਰਨ ਬਣਿਆ ਸੀ। ਤੇ ਪਿਛਲੇ ਤਿੰਨ ਵਰ੍ਹਿਆਂ ਤੋਂ ਤਾਂ ਮੇਰੇ ਘਰ ਵਾਲਿਆਂ ਨੂੰ ਮੇਰਾ ਕੋਈ ਪਤਾ ਹੀ ਨਹੀਂ ਸੀ। ਜਗਦੀਸ਼ ਦੀ ਸ਼ਿਕਾਇਤ ਕਿੰਨੀ ਕੁ ਠੀਕ ਹੈ।

ਫਰਾਂਸੀਸੀ ਜਾਲੀ ਦੇ ਉਹਲੇ ਸਿਗਰਟ ਧੁਖ-ਧੁਖ ਕੇ ਖਤਮ ਹੋ ਗਿਆ ਹੈ। ਤੇ ਉਹਦੀ ਆਖ਼ਰੀ ਚੰਗਿਆੜੀ ਨਾਲ ਇਕ ਨਵਾਂ ਸਿਗਰਟ ਬਲ ਚੁੱਕਾ ਹੈ। ਮੈਂ ਜਗਦੀਸ਼ ਦਾ ਧਿਆਨ ਇਸ ਵੱਲ ਕਰਵਾਉਂਦਾ ਹਾਂ। ਉਸ ਦਾ ਚਿਹਰਾ ਹੋਰ ਵੀ ਹਨੇਰਾ ਹੋ ਜਾਂਦਾ ਹੈ। ਤੇ ਮੈਂ ਸੋਚਦਾ ਹਾਂ ਕਿ ਮੈਂ ਬਦਲ ਗਿਆ ਹਾਂ, ਜਾਂ ਇਹ ਲੋਕ। ਜਗਦੀਸ਼ ਦਾ ਚਾਨਣ-ਚਰਾਗ ਚਿਹਰਾ ਹਨੇਰੇ ਪੈ ਗਿਆ ਹੈ ਤੇ ਉਹ ਆਪਣੇ ਬੈਡਰੂਮ ਵਿਚ ਬੈਠੀ ਆਪਣੇ ਬੀਤ ਚੁੱਕੇ ਦਿਨਾਂ ਨੂੰ ਯਾਦ ਕਰ ਕੇ ਚੁੱਪ-ਚਾਪ ਆਪਣੇ ਸੁਹਾਗ ਦੀ ਲਾਸ਼ 'ਤੇ ਅਥਰੂ ਵਗਾਉਂਦੀ ਰਹਿੰਦੀ ਹੈ। ਦੇਵਿੰਦਰ ਵੀ ਉਹ ਪਹਿਲੇ ਵਾਲਾ ਦੇਵਿੰਦਰ ਨਹੀਂ ਰਿਹਾ।

ਅੱਜ ਗ੍ਰਾਂਡ ਹੋਟਲ ਵਿਚ ਉਹ ਨਾਚ ਦਾ ਇਕ ਰਾਊਂਡ ਨੱਚ ਕੇ ਬੈਠ ਗਿਆ ਸੀ। ਐਡਨਾ ਦੀਆਂ ਸੋਹਣੀਆਂ ਪ੍ਰੇਰਕ ਅੱਖਾਂ ਵੀ ਉਹਨੂੰ ਨਾਚ ਦੀ ਪ੍ਰੇਰਨਾ ਨਹੀਂ ਸਨ ਦੇ ਸਕੀਆਂ। ਇਹ ਦੇਵਿੰਦਰ ਉਹੋ ਹੈ ਜੋ ਸਾਰੀ-ਸਾਰੀ ਰਾਤ ਨੱਚਿਆ ਕਰਦਾ ਸੀ ਤੇ ਥੱਕਦਾ ਨਹੀਂ ਸੀ; ਜਿਸ ਨਾਲ ਹਰ ਕੁੜੀ ਨੱਚਣ ਲਈ ਦਿਲ ਹੀ ਦਿਲ ਵਿਚ ਅਰਦਾਸਾਂ ਕਰਿਆ ਕਰਦੀ ਸੀ। ਤੇ ਬਹੁਤ ਸਾਰੀਆਂ ਕੁੜੀਆਂ ਨੂੰ ਨਿਰਾਸ਼ ਹੋਣਾ ਪੈਂਦਾ ਸੀ, ਕਿਉਂਕਿ ਰਾਤ ਬਹੁਤ ਛੋਟੀ ਹੁੰਦੀ ਸੀ।

ਐਡਨਾ ਨਿਰਾਸ਼ ਹੋ ਕੇ ਉਸ ਦੇ ਲਾਗੇ ਬੈਠ ਗਈ। ਉਹ ਹੌਲੀ ਹੌਲੀ ਡਰਾਈ ਜਿਨ ਦਾ ਦੂਜਾ ਪੈਗ ਸਿਪ ਕਰ ਰਿਹਾ ਸੀ, ਸਗੋਂ ਸਮਝਿਆ ਜਾਏ ਤਾਂ ਬੁੱਲ੍ਹ ਗਿੱਲੇ ਕਰ ਰਿਹਾ ਸੀ। ਉਹ ਹੱਸ-ਹੱਸ ਕੇ ਐਡਨਾ ਨਾਲ ਗੱਲਾਂ ਕਰ ਰਿਹਾ ਸੀ ਤੇ ਮੈਂ ਵਰਮੌਥ ਦਾ ਸੁਨਹਿਰੀ ਗਲਾਸ ਸਾਹਮਣੇ ਰੱਖੀ ਉਸ ਵੱਲ ਤੱਕ ਰਿਹਾ ਸਾਂ। ਉਹਦੇ ਹਾਸੇ ਦੇ ਨਾਲ-ਨਾਲ ਮੈਨੂੰ ਬੋਅ ਜਿਹੀ ਆ ਰਹੀ ਸੀ।

ਜਸ਼ਨ ਦੇ ਅੰਤ ਤੱਕ ਉਸ ਨੇ ਜਿਨ ਦੇ ਕੇਵਲ ਦੋ ਪੈਗ ਪੀਤੇ ਸਨ, ਪਰ ਉਹ ਲੜਖੜਾ ਰਿਹਾ ਸੀ। ਉਸ ਨੇ ਬਾਹਰ ਨਿਕਲ ਕੇ ਗੁਰਬਖਸ਼ ਨੂੰ ਕਾਰ ਡਰਾਈਵ ਕਰਨ ਲਈ ਕਿਹਾ ਤੇ ਉਜ਼ਰ ਇਹ ਪੇਸ਼ ਕੀਤਾ ਕਿ ਉਸ ਨੂੰ ਵਧੇਰੇ ਚੜ੍ਹ ਗਈ ਸੀ। ਮੈਂ ਹੈਰਾਨ ਸਾਂ। ਉਸ ਨੇ ਕੇਵਲ ਦੋ ਪੈਗ ਪੀਤੇ ਸਨ, ਉਹ ਵੀ ਡਰਾਈ ਜਿਨ ਦੇ; ਜੋ ਔਰਤਾਂ ਦਾ ਡਰਿੰਕ ਸਮਝਿਆ ਜਾਂਦਾ ਹੈ। ਇਹ ਦੇਵਿੰਦਰ ਉਹੋ ਦੇਵਿੰਦਰ ਸੀ ਜੋ ਵਿਸਕੀ ਦੀ ਪੌਣੀ-ਪੌਣੀ ਬੋਤਲ ਪੀ ਕੇ ਬੜੀ ਚੁਸਤੀ ਨਾਲ ਬੜੀ ਹੀ ਰੈਸ਼ ਡਰਾਈਵ ਕਰਦਾ ਹੁੰਦਾ ਸੀ। ਤੇ ਉਸ ਦੀ ਤੇਜ਼ ਪਰ ਸਾਫ਼ ਡਰਾਈਵਿੰਗ ਦਾ ਲੋਹਾ ਕਲਕੱਤੇ ਭਰ ਵਿਚ ਮੰਨਿਆ ਜਾਂਦਾ ਸੀ।

ਫਰਾਂਸੀਸੀ ਜਾਲੀ ਦੇ ਪਿਛੋਂ ਹੌਲੀ-ਹੌਲੀ ਕਰਾਹੁਣ ਦੀ ਆਵਾਜ਼ ਆਉਣ ਲੱਗ ਪਈ ਹੈ। ਮੈਂ ਸਵਾਲੀਆ ਅੱਖਾਂ ਨਾਲ ਜਗਦੀਸ਼ ਵੱਲ ਦੇਖਦਾ ਹਾਂ। ਉਸ ਦੀਆਂ ਅੱਖਾਂ ਵਿਚ ਦਰਦ ਹੈ, ਤੇ ਸਹਿਮ। "ਇਸ ਤਰ੍ਹਾਂ ਕਈ ਵਾਰ ਹੋ ਜਾਂਦਾ ਹੈ", ਉਹ ਸਹਿਮੀ ਹੋਈ ਆਵਾਜ਼ ਵਿਚ ਕਹਿੰਦੀ ਹੈ, "ਤੂੰ ਜਾ ਕੇ ਪੁੱਛ। ਮੈਂ ਪੁੱਛਿਆ ਤਾਂ ਉਹ ਭੜਕ ਪਏਗਾ।"

ਮੈਂ ਦੇਵਿੰਦਰ ਦੇ ਕਮਰੇ ਵਿਚ ਜਾ ਕੇ ਉਸ ਤੋਂ ਕਰਾਹੁਣ ਦਾ ਕਾਰਨ ਪੁੱਛਦਾ ਹਾਂ।

"ਐਵੇਂ! ਛਾਤੀ ਵਿਚ ਪੀੜ ਹੁੰਦੀ ਹੈ", ਉਹ ਕਰਾਹ ਕੇ ਜੁਆਬ ਦਿੰਦਾ ਹੈ। ਤੇ ਉਸ ਦੇ ਕਰਾਹੁਣ ਵਿਚੋਂ ਮੈਨੂੰ ਮਰੇ ਹੋਏ ਮਾਸ ਦੀ ਬੋਅ ਆਉਂਦੀ ਹੈ, ਜਿਵੇਂ ਕੋਈ ਲਾਸ਼ ਕਫ਼ਨ ਦਫ਼ਨ ਤੋਂ ਬਿਨਾਂ ਸੜ ਰਹੀ ਹੈ। ਮੈਂ ਉਸ ਤੋਂ ਦਰਦ ਦਾ ਕਾਰਨ ਪੁੱਛਦਾ ਹਾਂ, ਪਰ ਉਹ ਕੁਝ ਨਹੀਂ ਦੱਸਦਾ। ਕਰਾਹੀ ਜਾਂਦਾ ਹੈ ਤੇ ਮੈਨੂੰ ਇਕੱਲੇ ਛੱਡ ਜਾਣ ਲਈ ਬੇਨਤੀ ਕਰਦਾ ਹੈ। ਮੈਂ ਵਾਪਸ ਆ ਜਾਂਦਾ ਹਾਂ।

"ਮੈਨੂੰ ਉਸ ਦੇ ਮੂੰਹ ਵਿਚੋਂ ਲਾਸ਼ ਦੀ ਬੋਅ ਆਉਂਦੀ ਹੈ", ਮੈਂ ਜਗਦੀਸ਼ ਨੂੰ ਕਹਿੰਦਾ ਹਾਂ।

ਉਹ ਡਰ ਕੇ ਮੇਰੀਆਂ ਅੱਖਾਂ ਵਿਚ ਝਾਕਣ ਲੱਗ ਪੈਂਦੀ ਹੈ, ਜਿਵੇਂ ਮੈਂ ਪਾਗਲ ਹੋ ਗਿਆ ਹੋਵਾਂ। ਮੈਨੂੰ ਚੇਤਾ ਆਉਂਦਾ ਹੈ ਕਿ ਜਸ਼ਨ ਵਿਚ ਕੁਝ ਲੋਕਾਂ ਨੂੰ ਮੈਂ ਆਪਣੀ ਬਿਮਾਰੀ ਬਾਰੇ ਘੁਸਰ-ਮੁਸਰ ਕਰਦੇ ਸੁਣਿਆ ਸੀ। ਉਹ ਕਹਿ ਰਹੇ ਸਨ ਕਿ ਮੈਂ ਪਾਗਲ ਹੋ ਗਿਆ ਸਾਂ।

"ਸ਼ਰਾਬ ਦੀ ਬੋਅ ਹੋਏਗੀ", ਉਹ ਕਹਿੰਦੀ ਹੈ।

"ਨਹੀਂ, ਉਹ ਸ਼ਰਾਬ ਦੀ ਬੋਅ ਨਹੀਂ", ਮੈਂ ਕਹਿੰਦਾ ਹਾਂ। "ਮੈਂ ਭਲਾ ਸ਼ਰਾਬ ਦੀ ਬੋਅ ਨਹੀਂ ਪਛਾਣ ਸਕਦਾ? ਮੈਂ ਆਪ ਵੀ ਤਾਂ ਪੀਤੀ ਹੋਈ ਹੈ। ਸ਼ਰਾਬੀ ਨੂੰ ਤਾਂ ਸ਼ਰਾਬ ਦੀ ਬੋਅ ਆਉਂਦੀ ਹੀ ਨਹੀਂ। ਉਹ ਹੋਰ ਬੋਅ ਹੈ। ਮੁਰਦੇ ਦੀ ਬੋਅ! ਸੜਦੀ ਗਲਦੀ ਲਾਸ਼ ਦੀ ਬੋਅ।"

"ਤੈਨੂੰ ਪਤਾ ਹੈ", ਜਗਦੀਸ਼ ਗੱਲ ਨੂੰ ਮੋੜਾ ਦੇਣ ਲਈ ਦੱਸਦੀ ਹੈ, "ਦੇਵਿੰਦਰ ਦਾ ਇਕ ਦੋਸਤ ਹੁੰਦਾ ਸੀ, ਪ੍ਰਕਾਸ਼?"

"ਹਾਂ! ਮੈਂ ਜਾਣਦਾ ਹਾਂ", ਮੈਂ ਸਿਰ ਹਿਲਾ ਕੇ ਕਹਿੰਦਾ ਹਾਂ, "ਉਹ ਮੇਰਾ ਵੀ ਦੋਸਤ ਸੀ।"

ਉਹ ਗੱਲ ਮੁੜ ਸ਼ੁਰੂ ਕਰ ਦਿੰਦੀ ਹੈ, "ਪ੍ਰਕਾਸ਼ ਦੀ ਭੈਣ...।"

"ਹਾਂ! ਮੈਂ ਸਮਝ ਗਿਆ ਹਾਂ। ਉਹੋ ਪੁਰਾਣੀ ਗੱਲ, ਪਿਤਾ ਜੀ ਨਹੀਂ ਮੰਨੇ ਹੋਣਗੇ। ਉਹ ਜ਼ਰਾ ਘੱਟ ਹੈਸੀਅਤ ਦੇ ਆਦਮੀ ਸਨ ਨਾ।"

"ਨਹੀਂ", ਉਹ ਹੌਕਾ ਭਰ ਕੇ ਕਹਿੰਦੀ ਹੈ, "ਪਿਤਾ ਜੀ ਮੰਨ ਗਏ ਸਨ। ਸਾਰੀ ਗੱਲ ਪੱਕੀ ਹੋ ਗਈ ਸੀ, ਪਰ...।"

"ਪਰ ਕੀ?"

"ਫੇਰ ਪਤਾ ਨਹੀਂ ਕੀ ਹੋਇਆ, ਉਨ੍ਹਾਂ ਕਿਹਾ ਲਤਾ ਤੇ ਦੇਵਿੰਦਰ ਦਾ ਟੇਵਾ ਨਹੀਂ ਮਿਲਦਾ।"

"ਇਹ ਕੀ ਬਕਵਾਸ ਹੈ? ਉਹ ਤਾਂ ਬੜੇ ਆਜ਼ਾਦ-ਖਿਆਲ ਲੋਕ ਸਨ। ਜ਼ਰੂਰ ਕੋਈ ਹੋਰ ਕਾਰਨ ਹੋਵੇਗਾ।" ਮੈਂ ਪੁੱਛਦਾ ਹਾਂ, "ਲਤਾ ਵਿਆਹੀ ਗਈ?"

"ਹਾਂ! ਥੋੜ੍ਹੇ ਹੀ ਦਿਨ ਪਿਛੋਂ।" ਜਗਦੀਸ਼ ਦੱਸਦੀ ਹੈ, "ਉਹ ਕੋਈ ਜੀਓਲੋਜਿਸਟ ਹੈ। ਕੁਝ ਬੜਾ ਵੱਡਾ...।"

"ਹੂੰ! ਮੈਂ ਨਹੀਂ ਸਾਂ ਕਹਿੰਦਾ, ਦੇਵਿੰਦਰ ਦੇ ਮੂੰਹ ਵਿਚੋਂ ਮੁਰਦੇ ਦੀ ਬੋਅ ਆਉਂਦੀ। ਕਮਬਖਤ! ਲਾਸ਼ ਚੁੱਕੀ ਫ਼ਿਰਦਾ ਹੈ। ਲਾਸ਼ਾਂ ਕਬਰਾਂ ਵਿਚ ਦੱਬੀਆਂ ਜਾਂਦੀਆਂ ਹਨ ਜਾਂ ਸੀਨਿਆਂ ਵਿਚ?"

ਜਗਦੀਸ਼ ਫ਼ੇਰ ਡਰ ਜਾਂਦੀ ਹੈ ਤੇ ਗੱਲ ਦਾ ਰੁਖ ਪਲਟਣ ਲਈ ਪੁੱਛਦੀ ਹੈ, "ਤੂੰ ਐਨਾ ਚਿਰ ਕਰਦਾ ਕੀ ਰਿਹਾ ਹੈਂ?"

"ਮੈਂ...ਮੈਂ...ਉਸ ਜ਼ਮੀਨ ਵਿਚ ਜਿਹੜੀ ਮੈਨੂੰ ਆਪਣੇ ਦਾਦਾ ਜੀ ਤੋਂ, ਦਾਦਾ ਜੀ ਨੂੰ ਪੜਦਾਦਾ ਜੀ ਤੋਂ, ਉਨ੍ਹਾਂ ਨੂੰ ਆਪਣੇ ਦਾਦੇ-ਪੜਦਾਦੇ ਤੋਂ ਵਿਰਸੇ ਵਿਚ ਮਿਲੀ ਸੀ, ਇਕ ਵੱਡਾ ਸਾਰਾ ਕਬਰਸਤਾਨ ਬਣਾ ਲਿਆ ਹੈ। ਮੈਂ ਕਬਰਾਂ ਪੁੱਟਦਾ ਹਾਂ, ਮੁਰਦੇ ਦੱਬਣ ਦਾ ਪ੍ਰਚਾਰ ਕਰਦਾ ਹਾਂ ਤੇ ਲੋਕਾਂ ਨੂੰ ਕਹਿੰਦਾ ਹਾਂ ਕਿ ਲਾਸ਼ਾਂ ਮੇਰੇ ਕਬਰਸਤਾਨ ਵਿਚ ਦੱਬਿਆ ਕਰਨ।"

ਜਗਦੀਸ਼ ਮੈਨੂੰ ਮੇਰੇ ਕਮਰੇ ਵਿਚ ਲੈ ਜਾਂਦੀ ਹੈ ਤੇ ਸੌਂ ਜਾਣ ਦੀ ਪ੍ਰੇਰਨਾ ਕਰਦੀ ਹੈ, ਪਰ ਮੈਂ ਦੇਵਿੰਦਰ ਕੋਲ ਚਲਾ ਜਾਂਦਾ ਹਾਂ। "ਮੇਰੇ ਵੀਰ!" ਮੈਂ ਕਹਿੰਦਾ ਹਾਂ, "ਆਪਣੇ ਪਿਆਰ ਦੀ ਲਾਸ਼ ਮੇਰੇ ਹਵਾਲੇ ਕਰ ਦੇ, ਤਾਂ ਕਿ ਮੈਂ ਉਸ ਨੂੰ ਆਪਣੇ ਕਬਰਸਤਾਨ ਵਿਚ ਦੱਬ ਦਿਆਂ। ਹਿੱਕ ਵਿਚ ਚੁੱਕੀ ਫਿਰੇਂਗਾ ਤਾਂ ਤੇਰੀ ਛਾਤੀ ਵਿਚ ਪੀੜ ਹੁੰਦੀ ਰਹੇਗੀ। ਇਸ ਲਾਸ਼ ਦਾ ਪਿੱਛਾ ਛੱਡ, ਤੇ ਆ ਕੋਈ ਚੰਗਾ ਕੰਮ ਕਰੀਏ।"

ਪਰ ਉਹ ਨਹੀਂ ਮੰਨਦਾ। ਨਿਕੰਮਾ! ਪਿਆਰ ਪਿੱਛੋਂ ਪਿਆਰ ਦੀ ਲਾਸ਼ ਨੂੰ ਪਿਆਰ ਕਰੀ ਜਾਂਦਾ ਹੈ, ਜੋ ਇਸ ਨੂੰ ਆਪ ਇਕ ਦਿਨ ਲਾਸ਼ ਬਣਾ ਦੇਵੇਗੀ। ਤੇ ਅੱਕ ਕੇ ਮੈਂ ਸੌਣ ਲਈ ਚਲਾ ਜਾਂਦਾ ਹਾਂ।

***

ਮੇਰੇ ਤਿੰਨ ਭਰਾਵਾਂ ਵਿਚ ਕਾਨਫਰੰਸ ਹੋ ਰਹੀ ਹੈ। ਬਿਜ਼ਨਸ ਵਿਚ ਭਾਰੀ ਕਰਾਈਸਿਸ ਹੈ। ਬਿਹਾਰ ਦੀ ਬਚੀ-ਖੁਚੀ ਮਾਰਕੀਟ, ਵਿਰੋਧੀਆਂ ਦੇ ਹੱਥ ਵਿਚ ਚਲੀ ਜਾ ਰਹੀ ਹੈ। ਏਜੰਟ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਹੇ। ਦੇਵਿੰਦਰ ਬਿਮਾਰ ਹੈ। ਮੈਨੂੰ ਕੰਮ ਦਾ ਬੜਾ ਤਜਰਬਾ ਹੈ। ਮੈਨੂੰ ਉਥੇ ਜਾਣਾ ਚਾਹੀਦਾ ਹੈ। ਨਹੀਂ ਤਾਂ...ਨਹੀਂ ਤਾਂ...।

ਦਿਲ ਨਹੀਂ ਮੰਨਦਾ। ਮੇਰਾ ਕਬਰਸਤਾਨ ਉਦਾਸ ਹੋ ਜਾਏਗਾ। ਦੁਨੀਆਂ ਵਿਚ ਬੋਅ ਹੀ ਫੈਲਦੀ ਰਹੇਗੀ, ਪਰ ਮੇਰੇ ਭਰਾ। ਉਹ ਮੈਨੂੰ ਬਹੁਤ ਪਿਆਰੇ ਹਨ। ਮੈਨੂੰ ਆਪਣੀਆਂ ਭੈਣਾਂ ਨਾਲ ਮੁਹੱਬਤ ਹੈ। ਪਿਤਾ ਦੇ ਸਖਤ ਸੁਭਾਉ ਦੇ ਹੁੰਦਿਆਂ ਵੀ ਮੈਂ ਉਸ ਦਾ ਸ਼ੁਭਚਿੰਤਕ ਹਾਂ। ਮਾਂ! ਇਹ ਤਾਂ ਇਕ ਅਜਿਹੀ ਸੁਗੰਧ ਹੈ ਜੋ ਮੈਂ ਇਸ ਬਦਬੋ ਨੂੰ ਖ਼ਤਮ ਕਰ ਕੇ ਪੈਦਾ ਕਰਨਾ ਚਾਹੁੰਦਾ ਹਾਂ। ਫੇਰ ਹੋਵੇ ਕੀ?

ਮੈਨੂੰ ਆਪਣੇ ਭਰਾਵਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਮੈਂ ਆਪਣੇ ਭਰਾਵਾਂ ਦੇ ਕੰਮ ਦੇ ਨਾਲ-ਨਾਲ ਲਾਸ਼ਾਂ ਵੀ ਇਕੱਠੀਆਂ ਕਰਾਂਗਾ ਤੇ ਉਨ੍ਹਾਂ ਨੂੰ ਆਪਣੇ ਕਬਰਸਤਾਨ ਵਿਚ ਦਬਾਉਂਦਾ ਚਲਿਆ ਜਾਵਾਂਗਾ ਤੇ ਫੇਰ...ਤੇ ਫ਼ੇਰ...ਮੈਂ ਮੰਨ ਜਾਂਦਾ ਹਾਂ।

***

ਤੂਫ਼ਾਨ ਝੱਗ ਛੱਡਦਾ, ਫ਼ੁੰਕਾਰਦਾ ਬਹੁਤ ਪਿੱਛੇ ਰਹਿ ਗਿਆ ਹੈ। ਅਸੀਂ ਜਿਵੇਂ ਕਾਲੀ ਸਵਾਰ ਦੇ ਸਮੁੰਦਰ ਦੀ ਉਚੀ ਨੀਵੀਂ ਤਹਿ ਉਤੇ ਹੌਲੀ-ਹੌਲੀ ਸਰਕ ਰਹੇ ਹਾਂ। ਸਾਡੀ ਕਾਰ ਦੀ ਤੇਜ਼ ਸਰਚ ਲਾਈਟ ਬੱਦਲਾਂ ਦੀਆਂ ਧੁੰਦਲੀਆਂ ਲਹਿਰਾਂ ਵਿਚ ਡੁੱਬ ਕੇ ਬੇਵੱਸ ਹੋ ਗਈ ਹੈ। ਕੁਝ ਫੁੱਟ ਤੋਂ ਵੱਧ ਅੱਗੇ ਕੁਝ ਵੀ ਨਜ਼ਰ ਨਹੀਂ ਆਉਂਦਾ। ਕਿਤੇ ਮੀਲਾਂ ਉਤੇ, ਇਸ ਹਨੇਰੇ ਪਰਦੇ ਪਿੱਛੇ ਲੁਕਿਆ ਹੋਇਆ ਆਕਾਸ਼ ਆਪਣੀ ਮੰਦ-ਹਾਲੀ ਦੇ ਅੰਤਮ ਬਚੇ-ਖੁਚੇ ਅੱਥਰੂ ਵਗਾ ਰਿਹਾ ਹੈ, ਜਿਨ੍ਹਾਂ ਨੂੰ ਕਾਰ ਦਾ ਵਾਈਪਰ ਤੇਜ਼ੀ ਨਾਲ ਸ਼ੀਸ਼ੇ ਤੋਂ ਪੂੰਝ ਸੁੱਟਦਾ ਹੈ। ਡਰਾਈਵਰ ਸਾਰੇ ਦਿਨ ਦੀ ਡਰਾਈਵਿੰਗ ਤੋਂ ਪਿੱਛੋਂ ਥੱਕ ਕੇ ਪਿਛਲੀ ਸੀਟ 'ਤੇ ਸੌਂ ਗਿਆ ਹੈ ਤੇ ਪ੍ਰਕਾਸ਼ ਮੇਰੀ ਵੱਖੀ ਵਿਚ ਬੈਠਾ ਹੈ। ਡਾਈਸਬੋਰਡ ਉਤੇ ਘੜੀ ਦੀ ਵੱਡੀ ਸੂਈ ਦੋ ਦੇ ਹਿੰਦਸੇ ਉਤੇ ਖੜੋਤੀ ਛੋਟੀ ਸੂਈ ਵੱਲ ਹੌਲੀ ਹੌਲੀ ਵਧ ਰਹੀ ਹੈ।

ਸ਼ਾਮ ਦੇ ਪੰਜ ਵਜੇ, ਜਦੋਂ ਮੈਂ ਬਚਨਪੁਰ ਨੂੰ ਛੱਡਿਆ ਸੀ, ਸੁਨਹਿਰੀ ਸੂਰਜ ਮਾਨਭੂਮ ਦੀ ਇਸ ਉਚੀ ਨੀਵੀਂ ਪਹਾੜੀ ਧਰਤੀ ਨੂੰ ਜਗਮਗਾ ਰਿਹਾ ਸੀ ਤੇ ਮੈਨੂੰ ਪੂਰੀ ਆਸ ਸੀ ਕਿ ਅੱਠ-ਨੌਂ ਵਜੇ ਤੱਕ ਅਸੀਂ ਹਰ ਹਾਲਤ ਵਿਚ ਰਾਣੀਗੰਜ ਪਹੁੰਚ ਜਾਵਾਂਗੇ, ਪਰ ਇਕਦਮ ਕਿਤੋਂ ਬੱਦਲ ਉਮਡ ਆਏ ਸਨ। ਆਕਾਸ਼ ਨਦੀਆਂ ਬਣ ਕੇ ਜ਼ਮੀਨ ਉਤੇ ਟੁੱਟ ਰਿਹਾ ਸੀ। ਸੂਰਜ ਕਿਸੇ ਪਹਾੜੀ ਗੁਫ਼ਾ ਵਿਚ ਜਾ ਵੜਿਆ ਸੀ। ਕਾਰ ਦੀਆਂ ਅੱਖਾਂ ਧੁੰਦਲੀਆਂ ਤੇ ਬੇ-ਵੱਸ ਹੋ ਗਈਆਂ ਸਨ।

ਇਕ ਕਾਲਾ ਪ੍ਰਛਾਵਾਂ ਅਚਾਨਕ ਇਨ੍ਹਾਂ ਧੁੰਦਲੀਆਂ ਅੱਖਾਂ ਅੱਗਿਉਂ ਹੱਥ ਹਿਲਾਉਣ ਲੱਗਾ। ਮੈਂ ਬ੍ਰੇਕ ਲਾਈ। ਖੱਬੇ ਪਾਸੇ ਦਾ ਸ਼ੀਸ਼ਾ ਖੋਲ੍ਹਿਆ। ਨਦੀ ਦੇ ਪੁਲ ਲਾਗੇ ਇਕ ਗੱਡੀ ਖੜ੍ਹੀ ਸੀ ਜਿਸ ਦੀ ਖੁੱਲ੍ਹੀ ਬੋਨੇਟ ਉਤੇ ਇਕ ਹੋਰ ਪ੍ਰਛਾਵਾਂ ਝੁਕਿਆ ਹੋਇਆ ਸੀ।

"ਤੁਹਾਡੇ ਕੋਲ ਕੋਈ ਫ਼ਾਲਤੂ ਕੰਡੰਸਰ ਹੈ?" ਹੱਥ ਹਿਲਾਉਣ ਵਾਲੇ ਪ੍ਰਛਾਵੇਂ ਨੇ ਪੁੱਛਿਆ, "ਸਾਡਾ ਕੰਡੰਸਰ ਕੰਮ ਨਹੀਂ ਕਰ ਰਿਹਾ।"

ਆਵਾਜ਼ ਕੁਝ ਪਛਾਣੀ ਹੋਈ ਜਿਹੀ ਮਲੂਮ ਹੋਈ।

"ਨਹੀਂ", ਮੈਂ ਟਾਰਚ ਦੀ ਰੋਸ਼ਨੀ ਉਸ ਦੇ ਚਿਹਰੇ ਉਤੇ ਸੁੱਟਦਿਆਂ ਉਤਰ ਦਿੱਤਾ। ਉਸ ਦੀਆਂ ਅੱਖਾਂ ਚੁੰਧਿਆ ਗਈਆਂ।

"ਪ੍ਰਕਾਸ਼!" ਮੈਂ ਉਸ ਨੂੰ ਪਛਾਣ ਲਿਆ ਸੀ।

ਪ੍ਰਕਾਸ਼ ਨੇ ਗੱਡੀ ਉਥੇ ਹੀ ਛੱਡ ਦਿੱਤੀ ਹੈ ਤੇ ਅਸੀਂ ਦੋਵੇਂ ਝਰੀਆਂ ਵੱਲ ਵਧ ਰਹੇ ਹਾਂ। ਪ੍ਰਕਾਸ਼ ਆਪਣੇ ਬਾਰੇ ਦੱਸ ਰਿਹਾ ਹੈ। ਬੱਦਲਾਂ ਦਾ ਸਮੁੰਦਰ ਅਸਮਾਨ ਵੱਲ ਭਾਟਾ ਵਿਚ ਸੁੰਗੜਦਾ ਹੋਇਆ ਸਾਡੇ ਦੁਆਲੇ ਇਕ ਤਾਬੂਤ ਦੀ ਸ਼ਕਲ ਧਾਰਨ ਕਰ ਰਿਹਾ ਹੈ। ਇਕ ਹਨੇਰਾ ਤਾਬੂਤ ਜਿਸ ਵਿਚ ਕਾਰ ਦੀਆਂ ਟਪੂੰਜੀ ਬੱਤੀਆਂ ਚਾਨਣ ਫੈਲਾਉਣ ਦਾ ਮਾੜਾ ਜਿਹਾ ਜਤਨ ਅਸਫ਼ਲ ਹੀ ਕਰੀ ਜਾ ਰਹੀਆਂ ਹਨ। ਪ੍ਰਕਾਸ਼ ਦੱਸ ਰਿਹਾ ਹੈ ਕਿ ਉਸ ਨੇ ਝਰੀਆਂ ਵਿਚ ਚੂਨੇ ਦੇ ਪੱਥਰ ਦੀਆਂ ਖਾਨਾਂ ਵਿਚੋਂ ਪੱਥਰ ਕੱਢ ਕੇ ਚੂਨਾ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਹ ਕੰਮ ਉਸ ਨੂੰ ਆਪਣੇ ਜੀਓਲੋਜਿਸਟ ਜੀਜੇ ਦੇ ਰਸੂਖ ਨਾਲ ਮਿਲਿਆ ਹੈ। ਉਹ ਬਹੁਤ ਖੁਸ਼ ਹੈ। ਰਾਣੀਗੰਜ ਸਟੇਸ਼ਨ ਦੇ ਲਾਗੇ ਹੀ ਉਸ ਦਾ ਬੰਗਲਾ ਹੈ। ਉਸ ਕੋਲ ਦੋ ਕਾਰਾਂ ਹਨ। ਇਕ ਛੋਟੀ ਹਿਲਮੈਨ ਤੇ ਦੂਜੀ ਵੱਡੀ ਸ਼ੈਵਰਲੈਟ। ਤੇ ਮੈਂ ਹੈਰਾਨ ਹੋ ਕੇ ਸੋਚ ਰਿਹਾ ਹਾਂ: ਇਹ ਦੁਨੀਆਂ ਵੀ ਅਜੀਬ ਹੈ। ਇਹ ਸਮਾਜ ਵੀ ਅਜੀਬ ਹੈ। ਇਹ ਪ੍ਰਕਾਸ਼ ਉਹੋ ਹੈ ਜਿਸ ਨੂੰ ਕੋਈ ਕੰਮ ਨਹੀਂ ਸੀ ਮਿਲਦਾ। ਇਕ ਸਮੇਂ ਪਿਤਾ ਜੀ ਨੇ ਇਸ ਦੀ ਆਵਾਰਗੀ ਨੂੰ ਮੁੱਖ ਰੱਖਦੇ ਹੋਏ ਦੇਵਿੰਦਰ ਨੂੰ ਉਸ ਨਾਲ ਮੇਲ-ਜੋਲ ਰੱਖਣੋਂ ਵੀ ਰੋਕਿਆ ਸੀ।

ਮੈਨੂੰ ਦੇਵਿੰਦਰ ਦਾ ਖਿਆਲ ਆਉਂਦਾ ਹੈ। ਉਸ ਦੀ ਛਾਤੀ ਦੇ ਦਰਦ ਦਾ ਖਿਆਲ ਆਉਂਦਾ ਹੈ। ਉਸ ਦੇ ਮੂੰਹ ਵਿਚੋਂ ਆਉਣ ਵਾਲੀ ਬੋਅ ਦਾ ਖਿਆਲ ਆਉਂਦਾ ਹੈ। ਤੇ ਮੈਂ ਬੇਹੱਦ ਉਦਾਸ ਹੋ ਜਾਂਦਾ ਹਾਂ।

"ਲਤਾ ਕਿਵੇਂ ਹੈ?" ਮੈਂ ਪੁੱਛਦਾ ਹਾਂ।

"ਚੰਗੀ ਹੈ", ਪ੍ਰਕਾਸ਼ ਜੁਆਬ ਦਿੰਦਾ ਹੈ। ਤੇ ਦਬਾਉਣ ਦੇ ਬਾਵਜੂਦ ਹਲਕੀ ਜਿਹੀ ਆਹ ਉਸ ਦੇ ਮੂੰਹ ਵਿਚੋਂ ਨਿਕਲ ਜਾਂਦੀ ਹੈ। ਮੈਨੂੰ ਫੇਰ ਲਾਸ਼ ਦੀ ਬੋਅ ਆਉਣ ਲੱਗ ਪੈਂਦੀ ਹੈ। ਇਹ ਮੇਰੇ ਨੱਕ ਦਾ ਕਸੂਰ ਹੈ, ਜਾਂ ਮੇਰੇ ਪੇਸ਼ੇ ਦਾ? ਮੈਨੂੰ ਇਸ ਸੁਸਾਇਟੀ ਵਿਚੋਂ ਇਸ ਸਮਾਜ ਵਿਚ ਬੋਅ ਹੀ ਬੋਅ ਆਉਂਦੀ ਹੈ। ਲਾਸ਼ਾਂ ਹੀ ਲਾਸ਼ਾਂ ਦਿਖਾਈ ਦਿੰਦੀਆਂ ਹਨ। ਜਿਵੇਂ ਮਨੁੱਖਾਂ ਦੇ ਸ਼ਹਿਰਾਂ ਵਿਚ ਨਹੀਂ, ਲਾਸ਼ਾਂ ਦੇ ਸ਼ਹਿਰਾਂ ਵਿਚ ਰਹਿ ਰਿਹਾ ਹੋਵਾਂ।

ਚਾਰੇ ਪਾਸੇ ਚੁੱਪ ਹੈ। ਡੂੰਘੀ ਬੇਜਿੰਦ ਚੁੱਪ। ਤਾਬੂਤ ਦੇ ਅੰਦਰ ਦੀ ਚੁੱਪ। ਦੁਨੀਆਂ ਇਕ ਵੱਡਾ ਸਾਰਾ ਤਾਬੂਤ ਬਣੀ ਹੋਈ ਹੈ। ਮੇਰੇ ਸੰਧੇਵੇ ਨੂੰ ਤੇਜ਼ ਹੋਣਾ ਚਾਹੀਦਾ ਹੈ, ਤਾਂ ਜੋ ਇਸ ਤਾਬੂਤ ਲਈ ਵੱਡੀ ਸਾਰੀ ਕਬਰ ਪੁੱਟ ਸਕਾਂ।

"ਤੂੰ ਅੱਜਕੱਲ੍ਹ ਕਰਦਾ ਕੀ ਹੈਂ?" ਪ੍ਰਕਾਸ਼ ਪੁੱਛਦਾ ਹੈ।

ਮੈਂ ਉਸ ਨੂੰ ਆਪਣਾ ਧੰਦਾ ਦੱਸਦਾ ਹਾਂ। ਉਹੋ ਧੰਦਾ ਜੋ ਮੈਂ ਕਦੀ ਜਗਦੀਸ਼ ਨੂੰ ਦੱਸਿਆ ਸੀ। ਤੇ ਉਸ ਨੂੰ ਕਹਿੰਦਾ ਹਾਂ, "ਮੇਰੇ ਦੋਸਤ! ਮੈਨੂੰ ਤੇਰੇ ਮੂੰਹ ਵਿਚੋਂ ਲਾਸ਼ ਦੀ ਬੋਅ ਆਉਂਦੀ ਹੈ। ਇਹ ਲਾਸ਼ ਮੇਰੇ ਹਵਾਲੇ ਕਰ ਦੇ, ਤਾਂ ਜੋ ਮੈਂ ਇਸ ਨੂੰ ਕਬਰ ਵਿਚ ਸੁਆ ਦਿਆਂ।"

"ਮੇਰੇ ਜੀਜਾ ਜੀ ਸਵਰਗਵਾਸ ਹੋ ਚੁੱਕੇ ਹਨ!" ਪ੍ਰਕਾਸ਼ ਨੇ ਲਾਸ਼ ਮੇਰੇ ਹਵਾਲੇ ਕਰ ਦਿੱਤੀ ਹੈ। ਤੇ ਹੁਣ ਉਹ ਉਦਾਸ ਹੋ ਕੇ ਉਸ ਦਾ ਸੋਗ ਮਨਾ ਰਿਹਾ ਹੈ।

ਸਾਹਮਣੇ ਕਾਲੀਆਂ ਡਾਹਣੀਆਂ ਤੋਂ ਉਪਰ ਕਾਲੇ ਬੱਦਲਾਂ ਦੇ ਤਾਬੂਤ ਦੀ ਛੱਤ ਉਤੇ ਦੱਬੇ ਚਾਨਣ ਦੀ ਲਾਲ ਲਾਲ ਲੋਅ ਦਿਖਾਈ ਦੇਣ ਲੱਗ ਪੈਂਦੀ ਹੈ, ਜਿਵੇਂ ਮਸਾਣ ਘਾਟ ਵਿਚ ਚਿਤਾ ਬਲ ਰਹੀ ਹੋਵੇ।

"ਇਹ ਚਾਨਣ ਕੇਹਾ ਹੈ?"

"ਇਹ ਮੇਰੀਆਂ ਚੂਨੇ ਦੀਆਂ ਭੱਠੀਆਂ ਦੀ ਛਾਇਆ ਹੈ", ਪ੍ਰਕਾਸ਼ ਜੁਆਬ ਦਿੰਦਾ ਹੈ। ਤੇ ਮੈਂ ਫੇਰ ਉਹੋ ਚੁੱਪ ਧਾਰਨ ਕਰ ਲੈਂਦਾ ਹਾਂ। ਪ੍ਰਕਾਸ਼ ਨੂੰ ਇਹ ਚੁੱਪ ਚੰਗੀ ਨਹੀਂ ਲਗਦੀ। ਉਹ ਪੁੱਛਦਾ ਹੈ ਕਿ ਮੈਨੂੰ ਕਬਰਾਂ ਪੁੱਟਣ ਤੇ ਲਾਸ਼ਾਂ 'ਕੱਠੀਆਂ ਕਰਨ ਵਿਚੋਂ ਕੀ ਲੱਭਦਾ ਹੈ? ਬਿਜਨਸਮੈਨ ਹੈਂ ਨਾ। ਹਰ ਚੀਜ਼ ਨੂੰ ਲਾਭ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈਂ। ਪਿਉ ਨੂੰ, ਮਾਂ ਨੂੰ, ਭੈਣ ਨੂੰ, ਭਣਵਈਏ ਨੂੰ, ਦੋਸਤ ਨੂੰ, ਮਾਲੀ ਲਾਭ ਦੇ ਰਿਸ਼ਤੇ ਨਾਲ ਜਾਚਦਾ ਹੈਂ।

"ਕੁਝ ਵੀ ਫ਼ਾਇਦਾ ਨਹੀਂ ਹੁੰਦਾ", ਮੈਂ ਜਵਾਬ ਦਿੰਦਾ ਹਾਂ।

ਉਹ ਹੈਰਾਨ ਹੋ ਜਾਂਦਾ ਹੈ, ਜਿਵੇਂ ਮੈਂ ਝੂਠ ਬੋਲ ਰਿਹਾ ਹੋਵਾਂ।

ਤੇ ਗੱਲ ਵੀ ਠੀਕ ਹੈ। ਮੈਂ ਸੱਚ-ਮੁੱਚ ਝੂਠ ਬੋਲ ਰਿਹਾ ਹਾਂ, ਪਰ ਮੈਂ ਉਸ ਨੂੰ ਦੱਸਣਾ ਨਹੀਂ ਚਾਹੁੰਦਾ। ਇਹ ਗੁਰ ਮੈਂ ਇਸ ਵਪਾਰੀ ਸਮਾਜ ਤੋਂ ਸਿੱਖਿਆ ਹੈ ਕਿ ਆਪਣਾ ਅਸਲੀ ਲਾਭ ਕਦੀ ਕਿਸੇ ਨੂੰ ਨਾ ਦੱਸੋ; ਨਹੀਂ ਤਾਂ ਹਕੂਮਤ ਦੀ ਮਸ਼ੀਨਰੀ ਹਰਕਤ ਵਿਚ ਆ ਜਾਂਦੀ ਹੈ, ਕਦੀ ਇਨਕਮ ਟੈਕਸ ਦੇ ਮਹਿਕਮੇ ਦੀ ਸ਼ਕਲ ਵਿਚ ਤੇ ਕਦੀ ਲਾਅ ਐਂਡ ਆਰਡਰ ਦੀ ਸ਼ਕਲ ਵਿਚ।

ਪ੍ਰਕਾਸ਼ ਨਹੀਂ ਜਾਣਦਾ ਕਿ ਮੈਂ ਆਪਣੇ ਕਬਰਸਤਾਨ ਦੇ ਲਾਗੇ ਹੀ ਵੱਡੀ ਸਾਰੀ ਫੈਕਟਰੀ ਲਾਈ ਹੋਈ ਹੈ ਜੋ ਇਨ੍ਹਾਂ ਲਾਸ਼ਾਂ ਦੀਆਂ ਹੱਡੀਆਂ ਤੋਂ ਖਾਦ ਤਿਆਰ ਕਰਦੀ ਹੈ। ਇਹ ਖਾਦ ਮੈਂ ਕਿਸਾਨਾਂ ਤੇ ਬਾਗਬਾਨਾਂ ਨੂੰ ਵੰਡ ਦਿੰਦਾ ਹਾਂ, ਤਾਂ ਜੋ ਉਹ ਆਪਣੇ ਖੇਤਾਂ ਤੇ ਬਾਗਾਂ ਵਿਚ ਸੁਨਹਿਰੀ ਅਨਾਜ ਦੇ ਸਿੱਟੇ ਤੇ ਰੰਗ-ਬਰੰਗੇ ਲਾਲ ਲਾਲ ਸੁਗੰਧਤ ਫੁੱਲ ਉਗਾ ਸਕਣ, ਤੇ ਇਸ ਦੁਨੀਆਂ ਨੂੰ ਸੁੰਦਰ ਗੁਲਜ਼ਾਰ ਬਣਾ ਦੇਣ, ਤਾਂ ਜੋ ਮੈਨੂੰ ਇਥੋਂ ਦੀ ਲਾਸ਼ਾਂ ਦੀ ਸੜ੍ਹਾਂਦ-ਮਾਰਦੀ ਬੋਅ ਦੀ ਥਾਂ ਫੁੱਲਾਂ ਦੀ ਮਧੁਰ ਖੁਸ਼ਬੋ ਆਇਆ ਕਰੇ ਅਤੇ ਮੈਂ ਇਸ ਖੁਸ਼ਬੋ ਉਤੇ ਮਸਤ ਹੋ ਕੇ ਕਬਰਾਂ ਪੁੱਟਣ ਦਾ ਗੰਦਾ ਕੰਮ ਛੱਡ ਕੇ ਫੁੱਲ ਉਗਾਉਣ ਦਾ ਸੋਹਣਾ ਕੰਮ ਸ਼ੁਰੂ ਕਰ ਦੇਵਾਂ।

## ਹਾਇਕੂ

ਰਿਸ਼ਵਤ ਦਾ ਕੇਸ
ਰਿਸ਼ਵਤ ਦੇ ਕੇ
ਬਰੀ ਹੋ ਗਏ।

ਕਲਾਕਾਰ ਦੇ ਚਿੜੀਆਂ-ਤੋਤੇ
ਪੱਕੇ ਬਹਿ ਗਏ ਕਾਗਦ ਉਤੇ
ਰੰਗਾਂ ਦੀਆਂ ਲਕੀਰਾਂ ਨਾਲ।

ਨਵਾਂ ਅਮੀਰ
ਰਮ 'ਚ ਪਾਵੇ ਬਕਾਰਡੀ
ਸੋਡੇ ਦੀ ਥਾਂ।

ਪਾਣੀ ਧਰਿਆ
ਚਾਹ ਖੂਬ ਉਬਲੀ
ਥੱਲਾ ਸੜਿਆ।

***-ਜਨਮੇਜਾ ਸਿੰਘ ਜੌਹਲ***

# ਪੰਛੀਆਂ ਪਰਦੇਸੀਆਂ ਵੇ ਉਡ-ਪੁਡ ਜਾਣਿਆ...

**ਦੇਸੀ ਪਰਿਕਰਮਾ**

ਪਹਾੜ 'ਤੇ ਬੰਦਾ ਕਈ ਵਾਰ ਚਾਅ-ਚਾਅ ਵਿਚ ਛਲਾਂਗ ਮਾਰ ਕੇ ਚੜ੍ਹਦਾ ਜਾਂਦਾ ਹੈ, ਪਰ ਉਤਰਨ ਵੇਲੇ ਮੁਸੀਬਤਾਂ ਹੁੰਦੀਆਂ ਹਨ। ਇਹੋ ਮਾਨਸਿਕ ਦਸ਼ਾ ਬੰਦੇ ਦੀ ਉਦੋਂ ਹੁੰਦੀ ਹੈ ਜਦੋਂ ਉਹ ਦੇਸ਼ ਛੱਡ ਕੇ ਪਰਦੇਸੀ ਹੁੰਦਾ ਹੈ। ਦਿਲ-ਗੁਰਦੇ ਤੇ ਜੰਮਣ ਭੋਇੰ ਨਾਲ ਮੋਹ ਰੱਖਣ ਵਾਲਾ ਸ਼ਾਇਦ ਹੀ ਕੋਈ ਪਰਵਾਸੀ ਹੋਵੇ ਜਿਸ ਦੀ ਕੋਈ ਰਾਤ ਅਜਿਹੀ ਸੁੱਕੀ ਲੰਘ ਗਈ ਹੋਵੇ ਜਿਸ ਰਾਤੀਂ ਉਹ ਬਿਨਾਂ ਜਹਾਜ਼ੋਂ ਆਪਣੇ ਮੁਲਕ ਨਾ ਗਿਆ


**ਐਸ. ਅਸ਼ੋਕ ਭੌਰਾ**

ਹੋਵੇ। ਜਿਹੜੇ ਇਸ ਵਰਤਾਰੇ ਨੂੰ ਸਵੀਕਾਰ ਨਹੀਂ ਕਰਨਗੇ, ਉਨ੍ਹਾਂ ਦਾ ਜਾਂ ਤਾਂ ਆਪਣੀ ਮਾਂ ਨਾਲ ਪਿਆਰ ਨਹੀਂ ਹੋਵੇਗਾ, ਜਾਂ ਉਹ ਸਿਰਫ ਪੈਸੇ ਦਾ ਪੁੱਤ ਬਣ ਗਿਆ ਹੋਵੇਗਾ। ਕਈ ਜਹਾਜ਼ ਚੜ੍ਹਨ ਦੀ ਖੁਸ਼ੀ ਵਿਚ ਬਾਹਰ ਤਾਂ ਆ ਗਏ, ਪਰ ਇਥੇ ਆ ਕੇ ਚੇਤਾ ਆਉਂਦਾ ਕਿ ਰੇੜ੍ਹੀ ਜਾਂ ਗੱਡੇ ਦੀ ਸਵਾਰੀ ਮਜ਼ੇਦਾਰ ਬਹੁਤ ਹੁੰਦੀ ਸੀ। ਜਿਹੜੇ ਹਾਲੇ ਇਹ ਸੁਆਦ ਵੇਖਣ ਲਈ ਵਿਲਕ ਰਹੇ ਨੇ ਉਨ੍ਹਾਂ ਬਾਰੇ ਤਾਂ ਕੀ ਕਹਾਂ?

ਸਿਆਣੇ ਭਾਵੇਂ ਲੱਖ ਕਹਿਣ ਕਿ ਭੌਰ ਮੌਤ ਵੇਲੇ ਹੀ ਵਜੂਦ 'ਚੋਂ ਉਡਾਰੀ ਮਾਰਦਾ ਹੈ, ਪਰ ਪਰਦੇਸੀਆਂ ਨੂੰ ਭੌਰ ਦੀ ਇਕ ਉਡਾਰੀ ਉਦੋਂ ਵੀ ਦੇਖਣੀ ਪੈਂਦੀ ਹੈ ਜਦੋਂ ਉਹ ਦਿੱਲੀ ਦੇ ਹਵਾਈ ਅੱਡੇ ਦੀ ਕੰਧ ਟੱਪ ਕੇ ਨਿਕਲਦੇ ਹਨ। ਸਮੇਂ-ਸਮੇਂ ਦੀ ਗੱਲ ਹੈ, ਕਦੇ ਵਿਦੇਸ਼ੀ ਫੇਰੀਆਂ ਬਾਰੇ ਰੋਜ਼ਾਨਾ ਦੈਨਿਕ ਪੱਤਰਾਂ 'ਚ ਲਿਖਿਆ ਕਰਦਾ ਸਾਂ, ਪਰ ਹੁਣ ਦੇਸੀ ਘੁੰਮਣ-ਘੇਰੀਆਂ ਚੇਤੇ ਦੇ ਚੂੰਢੀ ਵੱਢਣ ਲੱਗੀਆਂ ਹੋਈਆਂ ਨੇ।

ਪਿਛਲੇ ਦੋ ਵਰ੍ਹਿਆਂ ਤੋਂ ਮੇਰੇ ਬੇਟੇ ਮਨਵੀਰ ਤੇ ਅਨਮੋਲ, ਪਤਨੀ ਕਸ਼ਮੀਰ ਆਪਣੀ ਕਮਾਈ 'ਚੋਂ ਮੇਰੀ ਮਾਂ ਪ੍ਰਕਾਸ਼ ਕੌਰ ਦੀ ਯਾਦ ਵਿਚ ਅੱਖਾਂ ਦਾ ਮੁਫ਼ਤ ਕੈਂਪ ਲਗਾਉਣ ਦੀ ਹਲਕੀ ਜਿਹੀ ਹਿੰਮਤ ਕਰ ਰਹੇ ਹਨ। ਸਹਾਇਤਾ ਸੰਸਥਾ ਦੇ ਸਹਿਯੋਗ ਨਾਲ ਅਤੇ ਡਾ. ਹਰਕੇਸ਼ ਸੰਧੂ ਤੇ ਡਾ. ਰਾਜਿੰਦਰ ਸਿੰਘ ਦੀ ਅਗਵਾਈ ਹੇਠ ਸਮਾਜਕ ਫਰਜ਼ ਨਿਭਾਉਣ ਦਾ ਆਪਣਾ ਹੀ ਅਨੰਦ ਮਿਲ ਰਿਹਾ ਹੈ। ਉਹ ਅਸੀਸਾਂ ਜੋ ਗਰੀਬ ਤੇ ਲੋੜਵੰਦ ਅੱਖਾਂ ਤੋਂ ਪੱਟੀ ਖੁੱਲ੍ਹਣ ਵੇਲੇ ਦਿੰਦੇ ਹਨ, ਉਹਦਾ ਕੋਈ ਮੁੱਲ ਮਿਣਿਆ ਹੀ ਨਹੀਂ ਜਾ ਸਕਦਾ। ਇਸ ਤੋਂ ਸਿਵਾ ਮੇਰੀ ਇਸ ਵਾਰ ਦੀ ਪੰਜਾਬ ਫੇਰੀ ਵਿਚ ਕਿੰਨਾ ਕੁਝ ਖਾਸ ਤਾਂ ਵਾਪਰ ਗਿਆ ਸੀ, ਪਰ ਜਿਸ ਦਾ ਸਭ ਤੋਂ ਵੱਧ ਚਾਅ ਸੀ, ਉਹ ਸੀ ਮਿੰਨੀ ਓਲੰਪਿਕ ਕਰ ਕੇ ਜਾਣਿਆ ਜਾਂਦਾ ਹਕੀਮਪੁਰ ਦਾ ਖੇਡ ਮੇਲਾ ਕਰੀਬ ਸੱਤਾਂ ਸਾਲਾਂ ਬਾਅਦ ਇਤਫ਼ਾਕਵੱਸ ਵੇਖਣਾ ਨਸੀਬ ਹੋਣਾ। ਇਹ ਮੇਲਾ ਕਰਾਉਣ ਵਾਲੇ ਵੈਨਕੂਵਰ ਤੋਂ ਬਲਿਊਬੇਰੀ ਦੇ ਧੜੱਲੇਦਾਰ ਜ਼ਿਮੀਂਦਾਰ ਚਰਨ ਸਿੰਘ, ਮਲਕੀਅਤ ਸਿੰਘ ਤੇ ਗੁਰਜੀਤ ਸਿੰਘ ਹਰ ਖੇਡ ਪ੍ਰੇਮੀ ਦੇ ਧੁਰ ਅੰਦਰ ਤਕ ਵਸਦੇ ਹਨ। ਹਾਲਾਂਕਿ ਪਿਛਲੇ ਦੋ ਸਾਲਾਂ ਤੋਂ ਇਹ ਮੇਲਾ ਚਰਨ ਦੇ ਪੁੱਤਰ ਦੇ ਗੰਭੀਰ ਹਾਲਤ ਵਿਚ ਬਿਮਾਰ ਹੋਣ ਕਾਰਨ ਨਹੀਂ ਹੋ ਸਕਿਆ ਸੀ, ਪਰ ਮੇਰੇ ਲਈ ਜਿਹੜੀ ਵੱਧ ਖੁਸ਼ੀ ਸੀ, ਉਹ ਇਸ ਕਰ ਕੇ, ਕਿ ਕਿਲਾ ਰਾਏਪੁਰ ਦੀਆਂ ਖੇਡਾਂ ਮੈਂ ਬਹੁਤ ਛੋਟੀ ਉਮਰੇ ਦੇਖਣ ਲੱਗ ਪਿਆ ਸੀ, ਪਰ ਹਕੀਮਪੁਰ ਦਾ ਖੇਡ ਮੇਲਾ ਅਤੇ ਮੰਨਣਹਾਨੇ ਦਾ ਕੁਸ਼ਤੀ ਦੰਗਲ ਜਦੋਂ ਦੇ ਸ਼ੁਰੂ ਹੋਏ ਹਨ, ਇਨ੍ਹਾਂ ਬਾਰੇ ਵੱਡੇ-ਵੱਡੇ ਲੇਖ ਤੇ ਰਿਪੋਰਟਾਂ ਮੈਂ ਅਖਬਾਰਾਂ ਵਿਚ ਨਿਰੰਤਰ 15-16 ਸਾਲ ਲਿਖਦਾ ਰਿਹਾ ਹਾਂ।

ਆਪਣੇ ਸਾਹਿਤਕ ਮਿੱਤਰ ਹਰਬੰਸ ਹੀਓਂ ਤੋਂ ਪਤਾ ਲੱਗਾ ਕਿ ਪ੍ਰਿੰਸੀਪਲ ਸਰਵਣ ਸਿੰਘ ਹੋਰੀਂ ਬੰਗਾ 'ਚ ਹੀ ਹਨ। ਮੈਂ ਹੱਪੋਵਾਲ ਤੋਂ ਸੈਕਰਾਮੈਂਟੋ ਦੇ ਸ਼ਾਇਰ ਜੱਸੀ ਸ਼ੀਹਮਾਰ ਦੇ ਪਿਤਾ ਦੇ ਸਸਕਾਰ ਤੋਂ ਪਰਤ ਰਿਹਾ ਸਾਂ। ਪ੍ਰਿੰਸੀਪਲ ਨੂੰ ਫੋਨ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਗੁਰਜੀਤ ਤੁਹਾਡੇ ਪੁਰਾਣੇ ਮਿੱਤਰ ਗੁੱਡੂ ਦੀ ਦੁਕਾਨ 'ਤੇ ਦਾੜ੍ਹੀ ਕਟਾ ਰਿਹਾ ਹੈ। ਸਣੇ ਖਿਲਰੇ ਵਾਲਾਂ ਦੇ, ਅਸੀਂ ਗਲਵੱਕੜੀ ਹੋ ਗਏ। ਆਥਣੇ ਗੁਰਜੀਤ ਨੇ ਹਕੀਮਪੁਰ ਆਉਣ ਲਈ ਕਿਹਾ, 'ਆ'ਜੀਂ ਨਾਲੇ ਫੋਟੋ ਖਿੱਚਾਂਗਾ ਤੇ ਨਾਲੇ ਬੈਠਾਂਗੇ।' ਮਹਿਫਿਲ ਫਿਰ ਬੰਗਿਆਂ ਤੋਂ ਫਿਲੌਰ ਜਾਣ ਵਾਲੀ ਸੜਕ 'ਤੇ ਬਣੀ ਪੁਰੇਵਾਲਾਂ ਦੀ ਹਵੇਲੀ ਵਰਗੀ ਰਿਹਾਇਸ਼ ਵਿਚ ਅੱਧੀ ਰਾਤ ਤੱਕ ਚੱਲੀ। ਪ੍ਰਿੰਸੀਪਲ ਤੋਂ ਸਿਵਾ ਸੁਰਜਨ ਸਿੰਘ ਚੱਠਾ ਸਮੇਤ ਖੇਡਾਂ ਤੇ ਕੌਡੀ ਵਾਲੇ ਵੱਡੇ ਲੋਕ ਹਾਜ਼ਰ ਸਨ। ਪ੍ਰਿੰਸੀਪਲ ਸਰਵਣ ਸਿੰਘ ਦੇ ਪਿੰਡ ਚਕਰ ਦੀ ਚਰਚਾ ਬਹੁਤ ਸੁਣੀ ਸੀ, ਖ਼ਬਰਾਂ 'ਚ ਵੀ ਕਹਾਣੀਆਂ ਬਣ ਗਈਆਂ ਸਨ ਕਿ ਜੇ ਕੋਈ ਪੰਜਾਬ ਦਾ ਪਿੰਡ ਦੇਖਣਾ ਤਾਂ ਉਹ ਚਕਰ ਜ਼ਰੂਰ ਵੇਖ ਕੇ ਆਵੇ, ਜਗਰਾਉਂ ਲਾਗੇ। ਅੰਡਰਗਰਾਊਂਡ ਵਾਟਰ ਸਿਸਟਮ, ਖੇਡਾਂ ਤੇ ਸਟੇਡੀਅਮ। ਮੈਂ ਇੱਛਾ ਜ਼ਾਹਿਰ ਕੀਤੀ ਤਾਂ ਤੀਜੇ ਦਿਨ ਜਾਣਾ ਤੈਅ ਹੋ ਗਿਆ। ਉਸ ਦਿਨ ਅਸੀਂ ਸਵੇਰੇ ਅੱਠ ਕੁ ਵਜੇ ਉਨ੍ਹਾਂ ਨੂੰ ਮੁਕੰਦਪੁਰ ਦੇ ਅਮਰਦੀਪ ਸ਼ੇਰਗਿੱਲ ਮੈਮੋਰੀਅਲ ਕਾਲਜ ਨੇੜਿਉਂ ਉਨ੍ਹਾਂ ਦੀ ਰਿਹਾਇਸ਼ ਤੋਂ ਨਾਲ ਬਿਠਾ ਲਿਆ। ਜਿਵੇਂ ਤਾਜ ਮਹੱਲ ਵੇਖ ਕੇ ਹੀ ਪਤਾ ਲਗਦਾ ਹੈ ਕਿ ਸ਼ਾਹਜਹਾਂ ਨੇ ਇਹ ਬਣਾਇਆ ਕਿਉਂ ਸੀ; ਖੇਡਾਂ 'ਚ ਪ੍ਰਾਪਤੀਆਂ, ਗਰਾਊਂਡ ਤੇ ਸਟੇਡੀਅਮ ਦੇਖ ਕੇ ਤਸਦੀਕ ਹੋ ਗਿਆ ਸੀ ਕਿ ਇਹੋ ਜਿਹਾ ਪਿੰਡ ਖੇਡ ਲੇਖਕ ਸਰਵਣ ਸਿੰਘ ਦਾ ਹੀ ਹੋ ਸਕਦੈ। ਸੋਲਰ ਸਿਸਟਮ, ਵਾਟਰ ਟਰੀਟਮੈਂਟ ਪਲਾਂਟ, ਕੋਈ ਨਾਲੀ ਨਹੀਂ ਦਿਸਦੀ, ਸੀਵਰੇਜ ਸਿਸਟਮ, ਵੱਡੀਆਂ ਸੜਕਾਂ ਵਰਗੀਆਂ ਗਲੀਆਂ 'ਚ ਲੱਗੇ ਦਰਖ਼ਤ, ਝੀਲ ਦਾ ਚੜ੍ਹਦੇ ਪਾਸੇ ਸੁਖਨਾ ਲੇਕ ਵਰਗਾ ਨਜ਼ਾਰਾ, ਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਮਾਲਵੇ ਦੀ ਸੱਥਾਂ ਵਾਲੀ ਵਿਰਾਸਤ ਆਧੁਨਿਕ ਸਹੂਲਤਾਂ ਨਾਲ ਲੈਸ। ਘਾਹ, ਫੁੱਲ-ਬੂਟਿਆਂ ਨਾਲ ਸ਼ਿੰਗਾਰੀਆਂ ਲਾਲ ਕਿਲ੍ਹੇ ਦੇ ਬਰਾਂਡੇ ਵਰਗੀਆਂ ਪੱਕੀਆਂ ਸੱਥਾਂ, ਪੱਖੇ ਤੇ ਕੂਲਰਾਂ ਦਾ ਪੂਰਾ ਜੁਗਾੜ। ਬੋਹੜਾਂ ਤਾਂ ਖੈਰ ਨਹੀਂ ਰਹੀਆਂ, ਪਰ ਬਾਬਿਆਂ ਦੀਆਂ ਗੱਲਾਂ ਨਾਲ ਚਾਲੀ ਸਾਲ ਪੁਰਾਣਾ ਪੰਜਾਬ ਚੇਤੇ ਆ ਗਿਆ। ਹੁਣ ਜੋ ਕੋਈ ਪੰਜਾਬ ਜਾਵੇ ਤਾਂ ਉਹਨੂੰ ਮਸ਼ਵਰਾ ਜ਼ਰੂਰ ਦਿਆਂਗਾ ਕਿ ਇਕ ਵਾਰ ਚਕਰ ਜ਼ਰੂਰ ਜਾਇਓ, ਉਥੇ ਜਾ ਕੇ ਜੀਅ ਮੱਲੋ-ਮੱਲੀ ਕਹਿਣ ਲੱਗ ਪੈਂਦਾ, 'ਨਹੀਂ, ਹਾਲੇ ਸਾਰਾ ਪੰਜਾਬ ਨਸ਼ਿਆਂ ਵਿਚ ਨਹੀਂ ਡੁੱਬਿਆ।' ਕਰੀਬ ਅੱਧ ਦਿਹਾੜੀ ਤੋਂ ਵੱਧ ਸਮਾਂ ਇਥੇ ਗੁਜ਼ਾਰ ਕੇ ਅਸੀਂ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਜਸਵੰਤ ਸਿੰਘ ਕੰਵਲ ਦੇ ਪਿੰਡ ਢੁਡੀਕੇ ਹਾਜ਼ਰੀ ਭਰਨ ਲਈ ਤੁਰ ਪਏ। ਚਾਰ ਦਿਨ ਤੋਂ ਚਲਦੇ ਟੂਰਨਾਮੈਂਟ ਦਾ ਉਦਣ ਉਥੇ ਆਖਰੀ ਦਿਨ ਸੀ।



*ਇਕ ਯਾਦਗਾਰੀ ਪਲ: ਬਾਪੂ ਜਸਵੰਤ ਸਿੰਘ ਕੰਵਲ ਨੂੰ ਪੁਸਤਕ 'ਗੱਲੀਂ ਬਾਤੀਂ' ਦਿੰਦਿਆਂ*



*ਪਿੰਡ ਚਕਰ ਦੀ ਮਾਡਰਨ ਸੱਥ ਦੁਆਲੇ ਬਾਬਿਆਂ ਦੀ ਹਾਜ਼ਰੀ*

ਬਾਪੂ ਕੰਵਲ ਨੂੰ ਮੈਂ ਕਰੀਬ ਇਕ ਦਹਾਕੇ ਬਾਅਦ ਮਿਲ ਰਿਹਾ ਸਾਂ। ਗਰਾਊਂਡ 'ਚ ਬੈਠ ਕੇ ਕੌਡੀ ਦੇਖੀ। ਤਿੰਨ ਕੁ ਚੱਕਰ ਕੰਵਲ ਸਾਹਿਬ ਨਾਲ ਲਾਏ। ਖਚਾ-ਖਚ ਭਰੇ ਲਾਲਾ ਲਾਜਪਤ ਰਾਏ ਕਾਲਜ ਦੇ ਸਟੇਡੀਅਮ ਵਿਚ ਇੰਨੀ ਭੀੜ ਸੀ ਕਿ ਲੋਕ ਖੜ੍ਹਨ ਤਾਂ ਦਿੰਦੇ ਹੀ ਨਹੀਂ ਸਨ। ਮੈਂ ਆਪਣੀ ਪੁਸਤਕ 'ਗੱਲੀਂ ਬਾਤੀਂ' ਜਦੋਂ ਕੰਵਲ ਸਾਹਿਬ ਨੂੰ ਭੇਟ ਕੀਤੀ ਤਾਂ ਜੁਆਬ ਸੁਣਿਓ, 'ਕਾਕਾ, ਮੈਂ ਤਾਂ ਮੰਨਦਾ ਸੀ ਕਿ ਤੂੰ ਗਾਉਣ ਵਾਲਿਆਂ ਜਾਂ ਢਾਡੀਆਂ ਬਾਰੇ ਹੀ ਲਿਖਦੈਂ। ਕਿਤਾਬ ਮੈਂ ਲੈ ਲੈਨੈ, ਪਰ ਉਂਜ ਮੈਂ ਸਾਰੀ ਪਹਿਲਾਂ ਹੀ ਪੜ੍ਹ ਲਈ ਐ। ਬਹੁਤ ਅੱਛਾ ਲਿਖਣ ਲੱਗ ਪਿਐਂ ਅਸ਼ੋਕ, ਤੇਰੀ ਵਾਰਤਕ ਤੋਂ ਸਦਕੇ।' ਪ੍ਰਿੰਸੀਪਲ ਸਰਵਣ ਸਿੰਘ ਇਸ ਕਾਲਜ ਵਿਚ ਲੰਬਾ ਸਮਾਂ ਪੜ੍ਹਾਉਂਦੇ ਵੀ ਰਹੇ, ਤੇ ਪੰਜਾਬੀ ਵਿਭਾਗ ਦੇ ਮੁਖੀ ਵੀ ਰਹੇ। ਦਿੱਲੀਉਂ ਖਾਲਸਾ ਕਾਲਜ ਤੋਂ ਲੈ ਕੇ ਵੀ ਕੰਵਲ ਹੀ ਆਇਆ ਸੀ। ਅੱਧੇ ਕੁ ਮੈਚ ਦੀ ਕੁਮੈਂਟਰੀ ਪ੍ਰਿੰਸੀਪਲ ਨੇ ਵੀ ਕੀਤੀ। ਨਵੀਂ ਪੁਸਤਕ ਵੀ ਮੰਚ ਤੋਂ ਰਿਲੀਜ਼ ਹੋਈ। ਤੇ ਫਿਰ ਨਾਲ ਦੇ ਪਿੰਡ ਕੰਵਲ ਸਾਹਿਬ ਨੂੰ ਆਪਣੀ ਗੱਡੀ 'ਚ ਹੀ ਲੈ ਕੇ ਪ੍ਰਿੰਸੀਪਲ ਦੇ ਕੁੜਮਾਂ ਦੇ ਘਰ ਚਲੇ ਗਏ। ਉਸ ਦਿਨ 95 ਸਾਲਾਂ ਦੇ ਬਾਪੂ ਕੰਵਲ ਨੇ ਡੂਢ ਪੈਗ ਲਾ ਲਿਆ ਸੀ। ਉਹਦੀ ਸਿਹਤ ਦੱਸਦੀ ਹੈ ਕਿ ਹੁਣ ਸਦੀ ਤੋਂ ਉਪਰ ਉਮਰ ਤਾਂ ਪੱਕੀ ਵੱਟ 'ਤੇ ਪਈ ਐ। ਉਥੋਂ ਅਸੀਂ ਕੰਵਲ ਹੋਰਾਂ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਹੀ ਉਤਾਰ ਕੇ ਪਿੰਡ ਭੌਰੇ ਨੂੰ ਵਾਪਸ ਚੱਲ ਪਏ।

ਪੰਜਾਬੀ ਸ਼ਾਇਰ ਅਤੇ ਖੇਤੀ 'ਚ ਪਿੰਡ ਦਾ ਨਾਂ ਰੋਸ਼ਨ ਕਰਨ ਵਾਲੇ ਮਹਿੰਦਰ ਦੋਸਾਂਝ ਦੇ ਪਿੰਡ ਜਗਤਪੁਰ 'ਚ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਹੀ ਹੁਣ ਤਕ ਹਕੀਮਪੁਰ ਦਾ ਖੇਡ ਮੇਲਾ ਲੱਗਦਾ ਆਇਆ ਹੈ। ਇਸ ਵਾਰ ਪਹਿਲੇ ਦਿਨ ਤਾਂ ਕੁਝ ਸਮਾਂ ਹੀ ਗੁਜ਼ਾਰਿਆ, ਪਰ ਅੰਤਿਮ ਤੇ ਫਾਈਨਲ ਮੈਚਾਂ ਵਾਲੇ ਦਿਨ ਪੂਰਾ ਦਿਨ ਸ਼ਮਸ਼ੇਰ ਸੰਧੂ, ਆਪਣੇ ਸਾਥੀ ਅਧਿਆਪਕ ਪ੍ਰੇਮ ਸਿੰਘ ਤੇ ਹਰਬੰਸ ਹੀਓਂ ਨਾਲ ਕਬੱਡੀ ਦਾ ਹਰ ਪਲ ਮਾਣਿਆ, ਕੁਸ਼ਤੀ ਦੇ ਨਜ਼ਾਰੇ ਵੇਖੇ, ਹਰੀਆਂ ਵੇਲਾਂ ਤੇ ਹਕੀਮਪੁਰਾ ਦੇ ਨਿਹੰਗ ਸਿੰਘਾਂ ਦੇ ਘੋੜਿਆਂ ਦੇ ਕਰਤੱਬ ਲਾਜਵਾਬ, ਹਲਟ ਦੌੜਾਂ, ਰੱਸਾ-ਕਸ਼ੀ, ਕੁੱਤਿਆਂ ਦੀ ਦੌੜ ਦੇ ਫਸਵੇਂ ਮੈਚ। ਕੁਸ਼ਤੀ ਮੈਚਾਂ ਦੀ ਕੁਮੈਂਟਰੀ ਕੋਚ ਪੀ.ਆਰ. ਸੋਂਧੀ ਕਰ ਰਿਹਾ ਸੀ, ਸਮੁੱਚੇ ਖੇਡ ਮੇਲੇ ਦੀ ਪ੍ਰੋ. ਮੱਖਣ ਸਿੰਘ, ਹਲਟ ਦੌੜਾਂ ਬਾਰੇ ਹੋਰ ਤੇ ਕੁੱਤਿਆਂ ਬਾਰੇ ਹੋਰ। ਦੋ ਸਾਲਾਂ ਦੇ ਵਕਫ਼ੇ ਤੋਂ ਪਿੱਛੋਂ ਹੋਣ ਵਾਲੇ ਇਸ ਖੇਡ ਮੇਲੇ ਦੀ ਦਰਸ਼ਕਾਂ ਦੀ ਭੀੜ ਇੱਦਾਂ ਜਿਵੇਂ ਭੁੱਖੇ ਨੂੰ ਖੀਰ ਤੇ ਉਹ ਵੀ ਬਦਾਮਾਂ ਵਾਲੀ ਲੱਭ ਪਈ ਹੋਵੇ। ਗੱਡੀਆਂ, ਟਰੱਕਾਂ ਨਾਲ ਆਲੇ-ਦੁਆਲੇ ਦੇ ਖੇਤਾਂ 'ਚ ਕਣਕ ਭੰਨੀ ਜਾ ਰਹੀ ਸੀ, ਚਟਾਲਾ ਮਿੱਧਿਆ ਜਾ ਰਿਹਾ ਸੀ, ਪਰ ਸਪੀਕਰਾਂ ਥਾਣੀਂ ਚੱਲਦੀ ਕੁਮੈਂਟਰੀ ਦੀ ਇਕ ਝਲਕ ਪੇਸ਼ ਹੈ, 'ਲਓ ਬਈ ਹੋ ਗਈ ਕਮਾਲ, ਹੋ ਰਹੀਆਂ ਕਬੱਡੀ ਆਲੀਆਂ ਫੈਡਰੇਸ਼ਨਾਂ 'ਕੱਠੀਆਂ... ਕੌਡੀ ਦਾ ਪਾ'ਤਾ ਪੁਰੇਵਾਲਾਂ ਨੇ ਪੂਰਾ ਮੁੱਲ, ਸਦਕੇ ਗੁਰਜੀਤ ਸਿਹਾਂ... ਅਹੁ ਦੇਖੋ ਸੁਰਜਨ ਚੱਠਾ ਕਿਵੇਂ ਹੋਈ ਜਾਂਦੈ 'ਕੱਠਾ... ਬਈ ਇਹਨੂੰ ਆਂਹਦੇ ਨੇ ਕੌਡੀ ਨਾਲ ਇਸ਼ਕ... ਸ਼ਮਸ਼ੇਰ ਸੰਧੂ ਤੋਤੇ ਰੰਗੀ ਪੱਗ ਬੰਨ੍ਹ ਕੇ ਦੇਖਦੈ ਨਜ਼ਾਰੇ... ਏ... ਲੈ ਬਈ ਕਰ'ਤੀ ਘੁੱਗੀ ਘੈਂ... ਕਰਤਾ ਚਿੱਤ, ਝੂਰੋ ਨਾ ਪੰਜਾਬੀਓ ਜੁਆਨੀਆਂ ਹਾਲੇ ਹੈ'ਗੀਆਂ। ਨਸ਼ੇ ਤਾਂ ਸਰਕਾਰਾਂ ਵੰਡਦੀਆਂ... ਲਓ ਜੀ ਲੈ ਗਿਆ ਕਾਲੀ ਰਮਨ ਚਾਂਦਗੀ ਰਾਮ ਦਾ ਪੱਠਾ ਗੁਰਜ ਤੇ ਭਾਰਤ ਕੇਸਰੀ ਵਾਲਾ ਸਵਾ ਦੋ ਲੱਖ ਇਨਾਮ... ਹਲਟ ਦੌੜ ਵਾਲਿਓ ਬਲਦਾਂ ਦੇ ਆਰ ਨ੍ਹੀਂ ਲਾਉਣੀ... ਆਹ ਜਿੱਤ ਗਿਆ ਬਿਸ਼ਨੇ ਦਾ ਕੁੱਤਾ... ਬਈ ਨਿਹੰਗ ਹੋ ਗਏ ਤੱਤੇ... ਹੋ ਗਈ ਦਗੜ-ਦਗੜ... ਦੌੜ ਘੋੜੇ... ਜੁਆਕ ਬਚਾ ਕੇ ਰੱਖਿਓ... ਹੈ ਤੇਰੀ ਹੋ'ਗੀ ਨਾ ਉਹੀ ਗੱਲ... ਆ ਗਿਆ ਮੂਹਰੇ ਜੁਆਕ... ਬਈ ਫਟਾਫਟ ਲੈ ਜੋ ਢਾਹਾਂ ਹਸਪਤਾਲ ਨੂੰ... ਜੋਗਾ ਸਿਹਾਂ ਦੌੜਾ ਲੈ ਗੱਡੀ...ਰਚ'ਤਾ ਇਤਿਹਾਸ... ਜਿਉਂਦੇ ਵੱਸਦੇ ਰਹੋ ਪੁਰੇਵਾਲ ਵੀਰੋ.. ਅਹੁ ਦੇਖੋ ਬੁੜ੍ਹਾ ਜਾ ਪਿਆ ਪੌੜੀਆਂ ਤੋਂ... ਚੱਕੋ ਚੱਕੋ... ਘੁੱਟ ਲਾਈ ਲਗਦੀ ਐ...।'

ਐਂ ਕੁਮੈਂਟਰੀ ਰਾਹੀਂ ਸੁਆਦ ਜਮਾਂ ਲੰਗਰ ਦੀ ਦਾਲ ਵਰਗਾ ਆ ਰਿਹਾ ਸੀ। ਉਂਜ ਪਤਾ ਨੀ ਬਾਦਲਾਂ ਦੇ ਕਬੱਡੀ ਕੱਪ ਦਾ ਅਸਰ ਹੋ ਗਿਐ, ਭੀੜ ਸਾਰੀ ਕਬੱਡੀ ਵੱਲ ਹੀ ਖਿੱਚੀ ਜਾਂਦੀ ਸੀ, ਕੁਸ਼ਤੀ ਤਾਂ ਟਾਵਾਂ-ਟੱਲਾ ਹੀ ਦੇਖਦਾ ਹੋਊ।

ਟੀ.ਵੀ. ਚੈਨਲਾਂ ਦੇ ਦਰਜਨਾਂ ਕੈਮਰੇ, ਪ੍ਰੈਸ ਫੋਟੋਗ੍ਰਾਫਰਾਂ ਦੇ ਸਟਿੱਲ ਕੈਮਰੇ ਭੱਜੇ ਫਿਰ ਰਹੇ ਸਨ। ਇਸ ਵਾਰ ਪਤਾ ਲੱਗਾ ਕਿ ਮੀਡੀਆ ਪੂਰੇ ਦਾ ਪੂਰਾ ਵਪਾਰਕ ਹੋ ਗਿਐ। ਜਿੰਨਾ ਵੱਡਾ ਇਸ਼ਤਿਹਾਰ ਅਮਰੀਕਾ ਵਾਂਗੂੰ ਉਨੀ ਕਵਰੇਜ। ਚਲੋ ਇਹ ਤਾਂ ਹੁਣ ਲਗਦੈ ਹੋਣਾ ਹੀ ਸੀ, ਪਰ ਦੁੱਖ ਇਸ ਗੱਲ ਦਾ ਹੋਇਆ ਕਿ ਪੱਤਰਕਾਰੀ ਕਰਨ ਨਾਲੋਂ ਗਲਾਂ 'ਚ ਪ੍ਰੈਸ ਦੇ ਆਈ. ਕਾਰਡ ਦਾ ਵੱਧ ਪ੍ਰਦਰਸ਼ਨ ਕਰਨ ਵਾਲੇ ਲੋਕ ਸਟੇਜ 'ਤੇ ਪਹਿਲਾਂ ਗੁਰਜੀਤ ਨਾਲ ਤੇ ਫਿਰ ਪ੍ਰਿੰਸੀਪਲ ਸਰਵਣ ਸਿੰਘ ਨਾਲ 'ਲਿਫਾਫੇ ਦੇਣੇ' ਬੰਦ ਕਰਨ ਕਰ ਕੇ ਘੀਂ-ਘੀਂ ਕਰ ਰਹੇ ਸਨ, ਬਹਾਨਾ ਭਾਵੇਂ ਇਸ਼ਤਿਹਾਰਾਂ ਦਾ ਸੀ। ਅਸਲ 'ਚ ਪ੍ਰਿੰਸੀਪਲ ਦੱਸ ਰਿਹਾ ਸੀ ਕਿ ਪ੍ਰਬੰਧਕ ਐਡੀਟਰਾਂ ਨੂੰ ਮਿਲ ਕੇ ਆਏ ਸਨ, ਤੇ ਉਨ੍ਹਾਂ ਕਿਹਾ ਸੀ, 'ਲਿਫਾਫਾ ਭਰਿਆ ਤਾਂ ਕੀ, ਖਾਲੀ ਵੀ ਨਾ ਦਿਓ ਇਨ੍ਹਾਂ ਨੂੰ।' ਹਲਕੇ ਦੇ ਸਾਬਕਾ ਐਮ.ਐਲ.ਏ. ਚੌਧਰੀ ਮੋਹਣ ਲਾਲ ਨੇ ਜਦੋਂ ਮਾਈਕ ਥਾਣੀਂ ਮੇਲੇ ਨੂੰ ਸੱਤ ਲੱਖ ਦੇਣ ਦਾ ਐਲਾਨ ਕੀਤਾ ਤਾਂ ਦੂਜੇ ਮਾਈਕ ਥਾਣੀਂ ਸਰਵਣ ਸਿੰਘ ਨੇ ਵੀ ਆਖ'ਤਾ, 'ਜਨਾਬ ਦਿਨ ਵੀ ਨਾਲ ਹੀ ਦੱਸ ਦਿਓ ਦੇਣੇ ਕਿੱਦਣ ਨੇ?' ਖੂਬ ਹਾਸਾ ਪਿਆ।



*ਸ਼ਮਸ਼ੇਰ ਸੰਧੂ ਹੋਰਾਂ ਨਾਲ ਪੁਰੇਵਾਲ ਖੇਡ ਮੇਲਾ ਵੇਖਦਿਆਂ*

ਅੱਧੀ ਰਾਤ ਤਕ ਕਦੇ ਸ਼ਮਸ਼ੇਰ ਸੰਧੂ, ਕਦੇ ਪ੍ਰਿੰਸੀਪਲ, ਕਦੇ ਸੁਰਜਨ ਚੱਠਾ ਗਲਾਸੀਆਂ ਦੇ ਨਾਲ ਗੱਲਾਂ ਦੇ ਘੁੰਗਰੂ ਵੀ ਛਣਕਾਉਂਦੇ, ਗੱਲਾਂ ਵੀ ਪੂਰੀਆਂ ਰੰਗੀਨ ਜਿਵੇਂ ਬੁਢਾਪਾ ਤਾਂ ਆ ਜਾਂਦਾ ਜਵਾਨੀ ਨਹੀਂ ਜਾਂਦੀ।

ਤੜਕੇ ਢਾਈ ਵਜੇ ਉਦਣ ਅਸੀਂ ਘਰ ਪੁੱਜੇ ਹੋਵਾਂਗੇ।

## ਲਾਹੌਰ ਦੀ ਫੇਰੀ

*(ਸਫਾ 25 ਦੀ ਬਾਕੀ)*

ਜ਼ੋਰ ਦੀਆਂ ਚੜ੍ਹ ਆਈਆਂ ਸਨ, ਆਵਾਜਾਈ ਚੋਖੀ ਵਧ ਗਈ ਸੀ। ਇਕ ਬਸ ਸਟਾਪ ਉਤੇ ਕਾਲੇ ਬੁਰਕੇ ਪਾਈ ਖਲੋਤੀਆਂ ਕਾਲਜੀਏਟ ਕੁੜੀਆਂ ਦਾ ਪੰਛੀਆਂ ਵਰਗਾ ਵੱਡਾ ਸਾਰਾ ਝੁਰਮਟ ਸੀ। ਅਜਿਹੇ ਝੁਰਮਟ ਕੱਲ੍ਹ ਵੀ ਮੈਂ ਕਈ ਥਾਂ ਵੇਖੇ ਸਨ। ਮੰਨਿਆਂ ਬੁਰਕਾਪੋਸ਼ੀ ਪਿਛਾਂਹ-ਖਿਚੂ ਚੀਜ਼ ਸਹੀ, ਪਰ ਕੁੜੀਆਂ ਲਈ ਤਾਲੀਮ ਤਾਂ ਉਤਨੀ ਹੀ ਆਮ ਹੋ ਗਈ ਜਾਪਦੀ ਹੈ ਜਿਤਨੀ ਹੋਰ ਕਿਸੇ ਦੇਸ਼ ਵਿਚ। ਨਾਲੇ ਇਹ ਬੁਰਕਾ ਪੁਰਾਣੇ ਜ਼ਮਾਨੇ ਦੇ ਤੰਬੂ-ਨੁਮਾ ਬੁਰਕਿਆਂ ਵਰਗਾ ਨਹੀਂ। ਇਹ ਹੁਸਨ ਨੂੰ ਲਕਾਉਂਦਾ ਹੈ ਜਾਂ ਹੋਰ ਵੀ ਨਿਖਾਰਦਾ ਹੈ-ਵਿਚਾਰਨ ਵਾਲੀ ਗੱਲ ਹੈ। ਬਸਾਂ, ਮੋਟਰਾਂ, ਟੈਕਸੀਆਂ ਮੁਲਤਾਨ ਰੋਡ ਉਤੇ ਦੂਰ-ਦੂਰ ਜਾਂਦੀਆਂ ਦਿਸ ਰਹੀਆਂ ਸਨ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਸ ਪਾਸੇ ਸ਼ਹਿਰ ਦੀ ਆਬਾਦੀ ਬਹੁਤ ਵਧ ਗਈ ਹੈ।

ਟਾਂਗੇ ਵਾਲਾ ਕਿਹੜੀ-ਕਿਹੜੀ ਸੜਕ ਤੋਂ ਲੰਘ ਕੇ ਮੁਜ਼ੰਗ ਜਾਏਗਾ, ਇਹ ਨਕਸ਼ਾ ਯਾਦ ਵਿਚ ਨਹੀਂ ਸੀ ਆ ਰਿਹਾ, ਪਰ ਮੈਨੂੰ ਜਾਪਿਆ ਕਿ ਇਧਰੋਂ ਇਕ ਸੜਕ ਬਾਹਰਵਾਰ ਲਾਰੰਸ ਗਾਰਡਨ ਨੂੰ ਵੀ ਜਾਂਦੀ ਸੀ। ਮਨੁੱਖ ਦਾ ਜੀਵਨ ਦਰਅਸਲ ਜੀਵਨ ਨਹੀਂ, ਉਹ ਪੜਾਅ-ਪੜਾਅ 'ਤੇ ਸੰਪੂਰਨ ਕੀਤੇ ਅਨੇਕ ਜੀਵਨਾਂ ਦਾ ਸਮੂਹ ਹੈ ਅਤੇ ਮੈਂ ਆਪਣੇ ਅਜਿਹੇ ਜੀਵਨ ਦਾ ਇਸ ਲਾਰੰਸ ਗਾਰਡਨ ਵੱਲ ਜਾਂਦੀ ਸੜਕ 'ਤੇ ਭੋਗ ਪਾਇਆ ਸੀ...

ਇਹੋ ਜਿਹੀ ਹੀ ਕੋਈ ਸਵੇਰ ਸੀ। ਮੈਂ ਤੇ ਮੇਰੀ ਪ੍ਰੀਤਮਾ ਆਪੋ-ਆਪਣੇ ਘਰੋਂ ਸੈਰ ਦਾ ਬਹਾਨਾ ਕਰ ਕੇ ਨਿਕਲੇ ਹੋਏ, ਭਟਕਦੇ ਭਟਕਦੇ, ਉਸ ਸੜਕ 'ਤੇ ਆ ਗਏ ਸਾਂ। ਹੱਥ ਵਿਚ ਹੱਥ ਨਹੀਂ ਸਨ ਪਾਏ ਉਸ ਦਿਨ, ਮੂੰਹਾਂ ਦੇ ਸੋਕੇ ਤੇ ਕੁੜਿੱਤਣਾਂ ਕਾਰਨ ਗੱਲ ਕਰਨਾ ਵੀ ਔਖਾ ਔਖਾ ਮਹਿਸੂਸ ਹੁੰਦਾ ਸੀ। ਮੈਂ ਉਸ ਅੱਗੇ ਤਜਵੀਜ਼ ਰੱਖੀ ਸੀ, ਕਿਧਰੇ ਨੱਠ ਜਾਣ ਦੀ ਵਿਉਂਤ ਬਣਾਈਏ। ਉਸ ਜੁਆਬ ਦਿਤਾ ਸੀ, "ਵਿਉਂਤਾਂ ਬਣਾਉਣ ਦੀ ਲੋੜ ਨਹੀਂ, ਜੇ ਨੱਠਣਾ ਹੈ ਤਾਂ ਇਸੇ ਵੇਲੇ ਨੱਠ ਚਲੋ। ਇਕ ਵਾਰੀ ਘਰ ਪਰਤ ਕੇ ਮੇਰੇ ਕੋਲੋਂ ਫਿਰ ਨਹੀਂ ਕਿਧਰੇ ਜਾਇਆ ਜਾਣਾ।" ਪਰ ਮੈਨੂੰ ਬਿਨਾਂ ਤਿਆਰੀ ਨੱਠਣਾ ਅਸੰਭਵ ਦਿਸਦਾ ਸੀ। ਤੇ ਉਹ ਪੁੱਛਦੀ ਸੀ, "ਕੀ ਤਿਆਰੀ? ਕਿਸ ਕਿਸਮ ਦੀ ਤਿਆਰੀ?"

ਅੱਜ ਪੰਝੀ ਵਰ੍ਹਿਆਂ ਬਾਅਦ ਪਿਛੇ ਮੁੜ ਕੇ ਵੇਖਦਿਆਂ ਮੈਨੂੰ ਆਪਣੀ ਮੂਰਖਤਾ ਅਤੇ ਉਸ ਦੀ ਸਿਆਣਪ ਉਤੇ ਹੈਰਾਨ ਹੋਣਾ ਪੈ ਰਿਹਾ ਹੈ।

ਉਹ ਬਾਲੜੀ ਜਿਨ੍ਹੇ ਮੇਰੀ ਐਮ.ਏ. ਦੀ ਡਿਗਰੀ ਦੇ ਮੁਕਾਬਲੇ ਵਿਚ ਮਸਾਂ ਮੈਟ੍ਰਿਕ ਪਾਸ ਕੀਤਾ ਸੀ, ਖੌਰੇ ਕਿਵੇਂ ਜਾਣ ਗਈ ਸੀ ਕਿ ਜਿਥੇ ਜਾਨ ਦੀ ਬਾਜ਼ੀ ਲਾਉਣੀ ਹੋਵੇ, ਉਥੇ ਵਿਉਂਤਾਂ ਬਣਾਉਣ ਤੇ ਆਸਰੇ ਢੂੰਡਣ ਦੀ ਜ਼ਰੂਰਤ ਨਹੀਂ ਰਹਿੰਦੀ। ਸਾਡੇ ਪ੍ਰੇਮ ਦੇ ਸੁਪਨ-ਮਹਿਲ ਤੋਂ ਬਾਹਰ ਚਵ੍ਹੀਂ ਪਾਸੇ ਹਨੇਰਾ ਹੀ ਹਨੇਰਾ ਸੀ। ਜੀਵਨ ਦਾ ਨਾ ਮੈਨੂੰ ਕੋਈ ਤਜਰਬਾ ਸੀ, ਨਾ ਉਹਨੂੰ; ਫਿਰ ਵੀ ਹਨੇਰੇ ਵਿਚ ਛਾਲ ਮਾਰਨ ਦਾ ਉਹਨੂੰ ਡਰ ਨਹੀਂ ਸੀ, ਤੇ ਮੈਂ ਝਿਜਕ ਰਿਹਾ ਸਾਂ। ਸ਼ਾਇਦ ਉਹ ਜਾਣ ਗਈ ਸੀ ਕਿ ਵਿਉਂਤਾਂ ਬਣਾਉਣ ਦੀਆਂ ਗੱਲਾਂ ਕਰ ਕੇ ਦਰਅਸਲ ਮੈਂ ਆਪਣੀ ਕਾਇਰਤਾ ਲੁਕਾ ਰਿਹਾ ਸਾਂ। ਬੜੀ ਭਿਆਨਕ ਹਾਲਤ ਸੀ ਸਾਡੀ, ਤੇ ਉਸੇ ਅਨੁਕੂਲ ਉਹ ਸੜਕ ਵੀ ਬੜੀ ਭਿਆਨਕ ਸੀ, ਜਿਵੇਂ ਸੈਨਤਾਂ ਨਾਲ ਹੋਣੀ ਦੇ ਝਾਉਲੇ ਵਿਖਾ ਰਹੀ ਹੋਵੇ! ਹਰ ਪਾਸੇ ਕਬਰਿਸਤਾਨ, ਖਨਗਾਹਾਂ ਦੇ ਖੰਡਰ, ਨਹਿਸ਼ ਦਰਖਤਾਂ ਉਪਰ ਬੈਠੀਆਂ ਗਿੱਧਾਂ ਦੀਆਂ ਕਤਾਰਾਂ, ਸੂਲਾਂ ਵਾਂਗ ਤਿੱਖੀਆਂ ਤੇ ਮੋਏ ਪਸ਼ੂਆਂ ਦੇ ਜਬਾੜਿਆਂ ਵਾਂਗ ਲਿਸ਼ਕਦੀਆਂ ਕਿੱਕਰ ਦੀਆਂ ਕੰਡਿਆਲੀਆਂ ਵਾੜਾਂ।

ਮੈਂ ਵੇਖਿਆ, ਟਾਂਗੇ ਵਾਲਾ ਉਸੇ ਸੜਕ ਉਤੇ ਪੈ ਗਿਆ ਹੈ। ਮੈਂ ਤੌਖਲੇ ਨਾਲ ਉਹਨੂੰ ਰੋਕਿਆ-"ਨਹੀਂ ਭਾਈਆ, ਇਸ ਸੜਕੋਂ ਨਹੀਂ, ਕਿਸੇ ਹੋ ਪਾਸਿਉਂ ਚੱਲ।"

"ਜੀ ਅਹੁ, ਅਗਾਂਹ ਅਸੀਂ ਖੱਬੇ ਨੂੰ ਭੌਂ ਜਾਣਾਂ, ਇਸ ਸੜਕ ਨੂੰ ਕੀ ਕਰਨੈਂ ਅਸੀਂ?"

ਉਸੇ ਤਰ੍ਹਾਂ ਵੀਰਾਨ ਪਈ ਸੀ ਉਹ ਸੜਕ, ਜ਼ਰਾ ਵੀ ਨਹੀਂ ਸੀ ਬਦਲੀ। ਹਾਂ, ਪਰ ਕਬਰਿਸਤਾਨਾਂ ਵਿਚ ਮੇਰੇ ਜੀਵਨ ਦੀ ਕਬਰ ਦਾ ਵਾਧਾ ਜ਼ਰੂਰ ਸੀ।



ਫਿਲਮਸਾਜ਼ ਜਿਮ ਜਾਰਮਸ਼

**ਪੰਜਾਬੀ ਸਿਨੇਮਾ ਪਿਛਲੇ ਕੁਝ ਸਾਲਾਂ ਤੋਂ ਮਸਾਂ ਕੁਝ ਕੁ ਤੁਰਨ ਜੋਗਾ ਹੋਇਆ ਹੈ ਪਰ ਜਿਸ ਤਰ੍ਹਾਂ ਦੀਆਂ ਪੰਜਾਬੀ ਫਿਲਮਾਂ ਧੜਾ-ਧੜ ਬਣ ਰਹੀਆਂ ਹਨ, ਉਸ ਦੇ ਪ੍ਰਸੰਗ ਵਿਚ ਸਾਡੇ ਕਾਲਮਨਵੀਸ ਜਤਿੰਦਰ ਮੌਹਰ ਨੇ ਆਪਣੀ ਟਿੱਪਣੀ ਭੇਜੀ ਹੈ। ਪੰਜਾਬੀ ਫਿਲਮਾਂ ਬਾਰੇ ਉਨ੍ਹਾਂ ਪਹਿਲਾਂ ਵੀ ਗਾਹੇ-ਬਗਾਹੇ ਟਿੱਪਣੀਆਂ ਕੀਤੀਆਂ ਹਨ ਪਰ ਐਤਕੀਂ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਫਿਲਮਸਾਜ਼ਾਂ ਨੂੰ ਹੌਲੀ-ਹੌਲੀ ਕਰ ਕੇ ਪਿਛਾਂਹ ਸੁੱਟਿਆ ਜਾ ਰਿਹਾ ਹੈ ਅਤੇ ਹੋਰ ਗੈਰ-ਪੇਸ਼ੇਵਰ ਲੋਕ ਜਿਸ ਤਰ੍ਹਾਂ ਸਭ ਤੋਂ ਮੂਹਰੇ ਆਣ ਖਲੋਤੇ ਹਨ, ਉਸ ਨਾਲ ਫਿਲਮਾਂ ਵਿਚ ਮੁੱਦਿਆਂ ਦੀ ਥਾਂ ਚੁਟਕਲਿਆਂ ਨੇ ਲੈ ਲਈ ਹੈ। ਜਤਿੰਦਰ ਮੌਹਰ ਨੇ ਇਸ ਲੇਖ ਵਿਚ ਇਸੇ ਨੁਕਤੇ 'ਤੇ ਉਂਗਲ ਰੱਖੀ ਹੈ। ਉਸ ਨੇ ਖੁਦ ਦੋ ਫਿਲਮਾਂ ਬਣਾਈਆਂ ਹਨ। ਪਹਿਲੀ 'ਮਿੱਟੀ' ਅਤੇ ਦੂਜੀ 'ਸਰਸਾ'। ਫਿਲਮ 'ਸਰਸਾ' ਮੁੱਖ ਰੂਪ ਵਿਚ ਸਟੂਡੈਂਟ ਪਾਲਿਟਿਕਸ ਬਾਰੇ ਉਮਦਾ ਫਿਲਮ ਸੀ ਪਰ ਜਦੋਂ ਫਿਲਮ ਦੇ ਕਰਤਿਆਂ-ਧਰਤਿਆਂ ਨੇ ਫਿਲਮ ਨੂੰ ਹੋਰ ਦਾ ਹੋਰ ਰੂਪ ਦੇਣਾ ਚਾਹਿਆ ਤਾਂ ਜਤਿੰਦਰ ਨਾ ਚਾਹੁੰਦਾ ਹੋਇਆਂ ਵੀ ਇਸ ਫਿਲਮ ਤੋਂ ਵੱਖ ਹੋ ਗਿਆ। ਉਸ ਦਾ ਕਹਿਣਾ ਸੀ ਕਿ ਉਹ ਜਿਨ੍ਹਾਂ ਗੱਲਾਂ ਖਿਲਾਫ ਹੁਣ ਤੱਕ ਲੜਦਾ ਆਇਆ ਹੈ, ਉਸ ਲਈ ਇੰਨੀ ਕੁਰਬਾਨੀ ਤਾਂ ਬਹੁਤ ਛੋਟੀ ਹੈ।**

# ਫਿਲਮਸਾਜ਼ੀ ਅਤੇ ਸਮਕਾਲੀ ਪੰਜਾਬੀ ਸਿਨੇਮਾ



ਜਤਿੰਦਰ ਮੌਹਰ
ਫੋਨ: 91-97799-34747

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਸਿਨੇਮਾ ਦੀ ਚੜ੍ਹਤ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਬਣਨ ਵਾਲੀਆਂ ਬਹੁਤੀਆਂ ਫਿਲਮਾਂ ਹਾਸਰਸ ਹਨ ਜਿਨ੍ਹਾਂ ਨੂੰ ਵਿਤੀ ਕਾਮਯਾਬੀ ਦਾ ਸਬੱਬ ਮੰਨਿਆ ਜਾਂਦਾ ਸੀ। ਇਨ੍ਹਾਂ ਵਿਚੋਂ ਬਹੁਤੀਆਂ ਫਿਲਮਾਂ ਵਿਤੀ ਨਾਕਾਮਯਾਬੀ ਵੱਲ ਗਈਆਂ ਹਨ। ਹਾਸਰਸ ਫਿਲਮਾਂ ਦਾ ਗੁਬਾਰਾ ਫੁੱਟਣ ਤੋਂ ਬਾਅਦ ਨਵੀਆਂ ਪਹਿਲਕਦਮੀਆਂ ਅਤੇ ਪੇਸ਼ਬੰਦੀਆਂ ਦੀ ਸੰਭਾਵਨਾ ਵਧੀ ਹੈ। ਇਸ ਦੌਰ ਵਿਚ ਨਵੇਂ ਤਜਰਬੇ ਕਰਨ ਵੱਲ ਵਧਣ ਦਾ ਮੌਕਾ ਹੈ ਪਰ ਵੱਡੇ ਪੱਧਰ ਉੱਤੇ ਨਵੀਆਂ ਪਹਿਲਕਦਮੀਆਂ ਨਾ ਹੋਣ ਦੇ ਕਈ ਉਘੜਵੇਂ ਕਾਰਨ ਹਨ।

ਫਿਲਮ ਸਨਅਤ ਦੇ ਭਾਰੂ ਰੁਝਾਨ ਦੀ ਨੁਮਾਇੰਦਗੀ ਗ਼ੈਰ-ਪੇਸ਼ੇਵਰ, ਲਕੀਰ ਦੇ ਫਕੀਰ ਅਤੇ ਜੁਗਾੜੂ ਕਿਸਮ ਦੇ ਲੋਕ ਕਰਦੇ ਹਨ। ਫਿਲਮ ਵਿਚ ਮਹਿੰਗੇ ਅਦਾਕਾਰਾਂ ਦੀ ਦਖ਼ਲਅੰਦਾਜ਼ੀ ਰਹਿੰਦੀ ਹੈ। ਹਦਾਇਤਕਾਰ ਅਤੇ ਲੇਖਕ ਨੂੰ ਕਿਹਾ ਜਾਂਦਾ ਹੈ ਕਿ ਉਹ ਮਹਿੰਗੇ ਅਤੇ 'ਮਸ਼ਹੂਰ' ਅਦਾਕਾਰ ਨੂੰ ਸੋਚ ਕੇ ਕਹਾਣੀ ਲਿਖੇ। ਫਿਲਮ ਦੇ ਵਿਤੀ ਮਾਲਕ ਦੀ ਆਪਣੀ ਸੋਚ ਅਤੇ ਦਖ਼ਲਅੰਦਾਜ਼ੀ ਵੀ ਹੁੰਦੀ ਹੈ। ਮਹਿੰਗਾ ਅਦਾਕਾਰ ਅਤੇ ਵਿਤੀ ਮਾਲਕ ਦੋਵੇਂ ਕਹਾਣੀ ਦੀ ਚੋਣ ਕਰਨ ਵਿਚ ਵੱਡੇ ਚੋਣਕਾਰ ਹੁੰਦੇ ਹਨ। ਕੁਝ ਇੱਕ ਨੂੰ ਛੱਡ ਕੇ ਬਹੁਤੇ ਵਿਤੀ ਮਾਲਕ ਜ਼ਮੀਨ ਵੇਚਣ-ਖਰੀਦਣ ਦੇ ਧੰਦੇ ਤੋਂ ਆਉਂਦੇ ਹਨ। ਪਰਵਾਸੀ ਵਿਤੀ ਮਾਲਕਾਂ ਲਈ ਪੰਜਾਬ ਅੱਜ ਵੀ ਤੀਹ-ਚਾਲੀ ਸਾਲ ਪਹਿਲਾਂ ਵਾਲੀ ਥਾਂ ਉੱਤੇ ਹੀ ਰੁਕਿਆ ਪਿਆ ਹੈ। ਇਨ੍ਹਾਂ ਦੀ ਫਿਲਮਸਾਜ਼ੀ ਬਾਬਤ ਨਿੱਜੀ ਸਮਝ ਫਿਲਮ ਉੱਤੇ ਹਮੇਸ਼ਾਂ ਅਸਰਅੰਦਾਜ਼ ਹੁੰਦੀ ਹੈ। ਇਨ੍ਹਾਂ ਚੋਣਕਾਰਾਂ ਦੇ ਨਾਲ-ਨਾਲ ਉਨ੍ਹਾਂ ਦੇ 'ਨੇੜਲੇ' ਵੀ ਨਾਲ ਆਉਂਦੇ ਹਨ ਜੋ ਕਹਾਣੀ ਸੁਣਨ ਦੀ ਪ੍ਰਕਿਰਿਆ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਇਹ ਆਪਣੇ 'ਕੀਮਤੀ' ਸੁਝਾਅ ਵਿਤੀ ਮਾਲਕ ਜਾਂ ਮਹਿੰਗੇ ਅਦਾਕਾਰ ਨੂੰ ਦਿੰਦੇ ਰਹਿੰਦੇ ਹਨ। ਸਾਰਿਆਂ ਨੂੰ ਬੇਸ਼ੱਕ ਇਕੋ ਰੱਸੇ ਨਹੀਂ ਬੰਨ੍ਹਿਆਂ ਜਾ ਸਕਦਾ ਪਰ ਬਹੁਤੀ ਵਾਰ ਫਿਲਮ ਬਣਾਉਣ ਦੇ ਅਮਲ ਵਿਚ ਇਹ ਜਮਾਤ ਮਾਰੂ ਭੂਮਿਕਾ ਨਿਭਾਉਂਦੀ ਹੈ। ਇੱਥੇ ਫਿਲਮਸਾਜ਼ ਜਿਮ ਜਾਰਮਸ਼ ਦਾ ਜ਼ਿਕਰ ਕਰਨਾ ਅਹਿਮ ਰਹੇਗਾ। ਉਹਦੇ ਫਿਲਮਸਾਜ਼ੀ ਬਾਬਤ ਪੇਸ਼ ਕੀਤੇ ਪੰਜ ਨਿੱਜੀ ਵਿਚਾਰਾਂ ਵਿਚੋਂ ਇੱਕ ਇਹ ਹੈ, "ਚਾਪਲੂਸਾਂ ਅਤੇ ਘੜੰਮ ਚੌਧਰੀਆਂ ਤੋਂ ਹਰ ਕੀਮਤ ਉੱਤੇ ਦੂਰ ਰਹੋ। ਇਹ ਲੋਕ ਹਮੇਸ਼ਾਂ ਤੁਹਾਡੇ ਆਲੇ-ਦੁਆਲੇ ਹੁੰਦੇ ਹਨ ਜਿਨ੍ਹਾਂ ਦਾ ਫਿਲਮ ਨਿਰਮਾਣ ਵਿਚ ਸ਼ਾਮਲ ਹੋਣ ਦਾ ਮਕਸਦ ਅਮੀਰ ਬਣਨਾ, ਮਸ਼ਹੂਰ ਹੋਣਾ ਜਾਂ ਅਹੁਦਾ ਹਾਸਲ ਕਰਨਾ ਹੁੰਦਾ ਹੈ। ਇਹ ਲੋਕ ਫਿਲਮ ਨਿਰਮਾਣ ਬਾਰੇ ਉਨਾ ਕੁ ਹੀ ਜਾਣਦੇ ਹੁੰਦੇ ਹਨ ਜਿੰਨਾ ਜਾਰਜ ਬੁਸ਼ ਛਾਪਾਮਾਰ ਲੜਾਈ ਵਿਚ ਹੱਥੋ-ਹੱਥ ਦੀ ਝੜਪ ਬਾਰੇ ਜਾਣਦਾ ਹੈ।"

ਇਹ ਵਿਚਾਰ ਪੰਜਾਬੀ ਫਿਲਮਾਂ ਦੇ ਮੌਜੂਦਾ ਹਾਲਾਤ ਨੂੰ ਪੇਸ਼ ਕਰਨ ਲਈ ਬਿਲਕੁਲ ਢੁੱਕਵਾਂ ਹੈ। ਫਿਲਮਸਾਜ਼ੀ ਮਹਿੰਗਾ ਅਤੇ ਪੈਸੇ ਵਾਲਾ ਕਾਰਜ ਹੈ ਪਰ ਇਹਦੇ ਨਾਲ ਹੀ ਇਹ ਇੱਕ ਕਲਾ ਵੀ ਹੈ। ਕਲਾ ਅਤੇ ਸੰਵੇਦਨਾ ਤੋਂ ਵਿਹੂਣੇ ਲੋਕ ਜਦੋਂ ਇਸ ਪੇਸ਼ੇ ਉੱਤੇ ਕਾਬਜ਼ ਹੋਣਗੇ ਤਾਂ ਹਾਲਾਤ ਸੁਖਾਵੇਂ ਨਹੀਂ ਹੋ ਸਕਦੇ। ਇਹਦੇ ਨਾਲ ਫਿਲਮਸਾਜ਼ ਉੱਤੇ ਐਲਾਨੀਆਂ ਅਤੇ ਅਣ-ਐਲਾਨੀਆਂ ਪਾਬੰਦੀਆਂ ਦੀ ਸੰਭਾਵਨਾ ਵਧ ਜਾਂਦੀ ਹੈ। ਫਿਲਮ ਦੀ ਵਿਤੀ ਕਾਮਯਾਬੀ ਦੀ ਗਰੰਟੀ ਕੋਈ ਨਹੀਂ ਦੇ ਸਕਦਾ। ਪੁਰਾਣੀਆਂ ਲੀਹਾਂ ਨੂੰ ਪਿੱਟ ਕੇ ਕੰਮ ਨਹੀਂ ਸਾਰਿਆ ਜਾ ਸਕਦਾ ਜਦੋਂ ਕਿ ਇਹ ਸਾਬਤ ਹੋ ਚੁੱਕਿਆ ਹੈ ਕਿ ਇਹ ਲੀਹਾਂ ਵਿਤੀ ਨਾਕਾਮਯਾਬੀ ਵੱਲ ਲੈ ਕੇ ਜਾਂਦੀਆਂ ਰਹੀਆਂ ਹਨ। ਉਹ ਲੋਕ ਘੱਟੋ-ਘੱਟ ਲਾਗਤ ਵਸੂਲਣ ਦਾ ਦਾਅਵਾ ਕਰਦੇ ਹਨ ਜਿਨ੍ਹਾਂ ਦਾ ਫਿਲਮ ਸਨਅਤ ਦੇ ਵਸੀਲਿਆਂ ਉੱਤੇ ਕਬਜ਼ਾ ਹੈ। ਇਹ ਲਾਗਤ ਚਾਲੂ ਫਿਲਮਾਂ ਤੋਂ ਬਿਨ੍ਹਾਂ ਮੁੱਦਾ ਆਧਾਰਤ ਫਿਲਮਾਂ ਤੋਂ ਵੀ ਵਸੂਲੀ ਜਾ ਸਕਦੀ ਹੈ। ਗੱਲ ਤਾਂ ਸਹੀ ਤਰ੍ਹਾਂ ਲੋਕਾਂ ਤੱਕ ਫਿਲਮ ਪਹੁੰਚਾਉਣ ਦੀ ਹੈ। ਜਿਨ੍ਹਾਂ ਦੇ ਹੱਥ ਇਹ ਵਸੀਲੇ ਨਹੀਂ ਹਨ, ਉਨ੍ਹਾਂ ਨੂੰ ਫਿਲਮ ਪੇਸ਼ ਕਰਨ ਦੇ ਨਵੇਂ ਢੰਗ ਲੱਭਣੇ ਪੈਣਗੇ। ਜਦੋਂ ਸਾਡਾ ਸਿਨੇਮਾ ਆਲਮੀ ਸਿਨੇਮੇ ਦੀ ਕੜੀ ਵਜੋਂ ਕੰਮ ਕਰੇਗਾ ਤਾਂ ਨਵੇਂ ਢੰਗ ਸਾਡੀ ਪਹੁੰਚ ਵਿਚ ਹੋਣਗੇ। ਆਲਮੀ ਸਿਨੇਮੇ ਦਾ ਹਾਣੀ ਬਣਨ ਲਈ ਸਾਨੂੰ ਵਿਸ਼ਿਆਂ ਅਤੇ ਤਜਰਬਿਆਂ ਉੱਤੇ ਕੰਮ ਕਰਨਾ ਪਵੇਗਾ। ਇਸ ਤੋਂ ਬਿਨਾਂ ਸਾਡੇ ਕੋਲ ਹੋਰ ਕੋਈ ਰਸਤਾ ਨਹੀਂ ਹੈ। ਨਵੇਂ ਵਸੀਲਿਆਂ ਦੀ ਪਹੁੰਚ ਨਾਲ ਚਾਲੂ ਮਿੱਥਾਂ ਟੁੱਟਦੀਆਂ ਹਨ ਅਤੇ ਫਿਲਮਸਾਜ਼ ਵਧੇਰੇ ਸਹਿਜਤਾ ਨਾਲ ਫਿਲਮ ਬਣਾ ਸਕਦਾ ਹੈ।



ਨੌਜਵਾਨ ਫਿਲਮਸਾਜ਼ ਜਤਿੰਦਰ ਮੌਹਰ ਦੀਆਂ ਦੋ ਮੁੱਦਾ ਪ੍ਰਧਾਨ ਫਿਲਮਾਂ 'ਮਿੱਟੀ' ਅਤੇ 'ਸਰਸਾ' ਦੇ ਪੋਸਟਰ।

ਕੋਈ ਕਿਸੇ ਨੂੰ ਸਮਝਾ ਨਹੀਂ ਸਕਦਾ ਕਿ ਫਿਲਮ ਕਿਹੋ ਜਿਹੀ ਬਣਾਉਣੀ ਚਾਹੀਦੀ ਹੈ। ਇਹ ਹਰ ਫਿਲਮਸਾਜ਼ ਦੀ ਨਿੱਜੀ ਚੋਣ ਹੈ। ਹਰ ਕਿਸੇ ਨੂੰ ਫਿਲਮਸਾਜ਼ੀ ਬਾਬਤ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਹੈ। ਮਸਲਾ ਉਦੋਂ ਪੈਦਾ ਹੁੰਦਾ ਹੈ ਜਦੋਂ ਭਾਰੂ ਰੁਝਾਨ ਅਤੇ ਰੁਤਬੇ ਦੇ ਜ਼ੋਰ ਨਾਲ ਘੱਟ-ਗਿਣਤੀ ਜਾਂ ਮੁੱਦਾ ਪ੍ਰਧਾਨ ਫਿਲਮ ਦੀ ਗੱਲ ਕਰਨ ਵਾਲਿਆਂ ਉੱਤੇ ਦਬਾਅ ਬਣਾਇਆ ਜਾਂਦਾ ਹੈ। ਉਨ੍ਹਾਂ ਦੇ ਵਿਚਾਰ ਨੂੰ ਤਰਕ ਦੀ ਕਸਵੱਟੀ ਉੱਤੇ ਪਰਖਣ ਦੀ ਥਾਂ ਉਲਾਰ ਜਾਂ ਭਾਰੂ ਰੁਝਾਨ ਦਾ ਹਊਆ ਦਿਖਾ ਕੇ ਗਲਤ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਸ ਵੇਲੇ ਵਿਚਾਰਨਾ ਬਣਦਾ ਹੈ ਕਿ ਕਿਸੇ ਖ਼ਾਸ ਕਿਸਮ ਦੀ ਫਿਲਮਸਾਜ਼ੀ ਬਾਬਤ ਧਾਰਨਾ ਦਾ ਸਮਾਜ ਨਾਲ ਕੀ ਰਿਸ਼ਤਾ ਬਣਦਾ ਹੈ। ਉਹਦੀ ਧਾਰਨਾ ਮਨੁੱਖੀ ਸੰਵੇਦਨਾ ਅਤੇ ਬਿਹਤਰ ਮਨੁੱਖੀ ਜ਼ਿੰਦਗੀ ਦੀ ਜੱਦੋ-ਜਹਿਦ ਵਿਚ ਕੀ ਭੂਮਿਕਾ ਅਦਾ ਕਰਦੀ ਹੈ। ਸਭ ਤੋਂ ਵੱਡੀ ਸੱਟ ਮੁੱਦਾ ਪ੍ਰਧਾਨ ਫਿਲਮਾਂ ਉੱਤੇ ਇਹ ਕਹਿ ਕੇ ਮਾਰੀ ਜਾਂਦੀ ਹੈ ਕਿ ਲੋਕਾਂ ਦਾ ਬੌਧਿਕ ਪੱਧਰ ਉੱਚਾ ਨਹੀਂ ਹੈ, ਇਸ ਕਰ ਕੇ ਮੁੱਦਾ ਪ੍ਰਧਾਨ ਫਿਲਮਾਂ ਬਣਾਉਣਾ ਸਹੀ ਨਹੀਂ ਹੈ। ਇਹ ਗਲਤ ਮਿੱਥ ਹੈ। ਅਸੀਂ ਦੂਜਿਆਂ ਦੀਆਂ ਧਮਕੀਆਂ ਨੂੰ ਸਲਾਹ ਦੇ ਰੂਪ ਵਿਚ ਪ੍ਰਚਾਰਨ ਦੀ ਆਦਤ ਪਾ ਲਈ ਹੈ। ਫਿਲਮ ਬਣਾਉਣਾ ਫਿਲਮਸਾਜ਼ ਅਤੇ ਵਿੱਤੀ ਮਾਲਕ ਦਾ ਕੰਮ ਹੈ। ਲੋਕਾਂ ਦੇ ਸਾਹਮਣੇ ਜੋ ਪਰੋਸਿਆ ਜਾਂਦਾ ਹੈ, ਉਹ ਉਸੇ ਵਿਚੋਂ ਚੋਣ ਕਰਦੇ ਹਨ। ਆਪਣੀ ਨਾਲਾਇਕੀ ਅਤੇ ਖ਼ੁਦਗ਼ਰਜ਼ੀ ਦਾ ਭਾਂਡਾ ਹਰ ਵਾਰ ਅਵਾਮ ਸਿਰ ਨਹੀਂ ਭੰਨਿਆ ਜਾ ਸਕਦਾ। ਜ਼ਿੰਮੇਵਾਰ ਅਤੇ ਹੁਨਰਮੰਦ ਫਿਲਮਸਾਜ਼ ਐਲਾਨੀਆਂ ਅਤੇ ਅਣ-ਐਲਾਨੀਆਂ ਪਾਬੰਦੀਆਂ ਨਾਲ ਦੋ-ਚਾਰ ਹੁੰਦਾ ਹੋਇਆ ਆਪਣਾ ਮੂਲ ਨਹੀਂ ਛੱਡ ਸਕਦਾ।

ਫਿਲਮਸਾਜ਼ ਜਿਮ ਜਾਰਮਸ਼ ਦੇ ਵਿਚਾਰ ਸਖ਼ਤ ਲੱਗ ਸਕਦੇ ਹਨ ਪਰ ਇਹ ਸਾਨੂੰ ਫਿਲਮ ਕਲਾ ਦੀ ਸਹੀ ਤਸਵੀਰ ਦਿਖਾਉਣ ਦੇ ਯੋਗ ਹਨ। ਇਨ੍ਹਾਂ ਨੂੰ ਵਿਚਾਰੇ ਬਿਨਾਂ ਫਿਲਮਸਾਜ਼ੀ ਅਤੇ ਫਿਲਮਸਾਜ਼ ਦੀ ਆਜ਼ਾਦੀ ਬਾਬਤ ਬਹਿਸ ਅਧੂਰੀ ਰਹੇਗੀ। ਲੇਖ ਦੇ ਅੰਤ ਵਿਚ ਉਹਦੇ ਵਿਚਾਰ ਦਾ ਹਵਾਲਾ ਦੇ ਕੇ ਗੱਲ ਖਤਮ ਕਰਦਾ ਹਾਂ। ਉਹ ਲਿਖਦਾ ਹੈ, "ਡਾਢਿਆਂ ਦੀ ਬਕਵਾਸ ਨੂੰ ਕਦੇ ਵੀ ਆਪਣੇ ਸਿਰ ਨਾ ਚੜ੍ਹਨ ਦੇਵੋ। ਉਨ੍ਹਾਂ ਕੋਲ ਸਿਰਫ਼ ਦੋ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ, ਉਹ ਤੁਹਾਡੀ ਮਦਦ ਕਰ ਸਕਦੇ ਹਨ। ਦੂਜੀ, ਉਹ ਤੁਹਾਡੀ ਮਦਦ ਨਹੀਂ ਕਰਨਗੇ ਪਰ ਉਹ ਤੁਹਾਨੂੰ ਅੱਗੇ ਵਧਣ ਤੋਂ ਰੋਕ ਨਹੀਂ ਸਕਦੇ। ਉਹ ਸਿਰਫ਼ ਵਕਤੀ ਢੁੱਚਰਾਂ ਡਾਹ ਸਕਦੇ ਹਨ। ਫਿਲਮ ਉੱਤੇ ਪੈਸਾ ਲਾਉਣ ਵਾਲੇ, ਵਰਤਾਉਣ ਵਾਲੇ, ਮਸ਼ਹੂਰੀ ਕਰਨ ਵਾਲੇ ਜਾਂ ਫਿਲਮ ਦਿਖਾਉਣ ਵਾਲੇ ਕਦੇ ਫਿਲਮਸਾਜ਼ ਨਹੀਂ ਹੁੰਦੇ। ਉਨ੍ਹਾਂ ਦੀ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ ਕਿ ਫਿਲਮਸਾਜ਼ ਫਿਲਮ ਬਾਬਤ ਨਿੱਜੀ ਧਾਰਨਾ ਜਾਂ ਵਪਾਰ ਬਾਰੇ ਨਿੱਜੀ ਰਾਏ ਰੱਖੇ। ਇਸ ਕਰ ਕੇ ਫਿਲਮਸਾਜ਼ ਦੀ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਹੋਣੀ ਚਾਹੀਦੀ ਕਿ ਉਹ ਇਨ੍ਹਾਂ ਗ਼ੈਰ-ਫਿਲਮਸਾਜ਼ਾਂ ਨੂੰ ਆਪਣੇ ਉੱਤੇ ਹਾਵੀ ਹੋਣ ਦੀ ਅਗਿਆ ਨਾ ਦੇਵੇ। ਉਨ੍ਹਾਂ ਨੂੰ ਹੱਕ ਨਹੀਂ ਦਿੱਤਾ ਜਾ ਸਕਦਾ ਕਿ ਉਹ ਫਿਲਮਸਾਜ਼ ਨੂੰ ਸਮਝਾਉਣ ਕਿ ਫਿਲਮ ਕਿਵੇਂ ਬਣਾਉਣੀ ਚਾਹੀਦੀ ਹੈ।"



# ਪ੍ਰਿਟੀ ਜ਼ਿੰਟਾ ਦਾ ਜਹਾਦ

ਫਿਲਮ ਅਦਾਕਾਰਾ ਪ੍ਰਿਟੀ ਜ਼ਿੰਟਾ ਅੱਜ ਕੱਲ੍ਹ ਖ਼ੂਬ ਖਬਰਾਂ ਵਿਚ ਹੈ। ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਕ੍ਰਿਕਟ ਮੈਚਾਂ ਕਰ ਕੇ ਉਹ ਅਕਸਰ ਖਬਰਾਂ ਵਿਚ ਰਹਿੰਦੀ ਹੈ, ਪਰ ਇਸ ਵਾਰ ਉਸ ਨੇ ਆਪਣੇ ਨੇੜਲੇ ਸਾਥੀ ਰਹਿ ਚੁੱਕੇ ਬਿਜ਼ਨੈੱਸਮੈਨ ਨੈੱਸ ਵਾਡੀਆ ਖਿਲਾਫ ਝੰਡਾ ਚੁੱਕਿਆ ਹੈ। ਉਸ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ ਕਿ 30 ਮਈ ਨੂੰ ਆਈ.ਪੀ.ਐਲ. ਮੈਚ ਦੌਰਾਨ ਨੈੱਸ ਨੇ ਉਸ ਨਾਲ ਛੇੜਖਾਨੀ ਕੀਤੀ ਅਤੇ ਗਾਲੀ-ਗਲੋਚ ਵੀ ਕੀਤਾ। ਇਹ ਪਹਿਲੀ ਵਾਰ ਨਹੀਂ ਕਿ ਪ੍ਰਿਟੀ ਇਸ ਤਰ੍ਹਾਂ ਸਖਤ ਪੈਂਤੜੇ ਨਾਲ ਸਭ ਦੇ ਸਾਹਮਣੇ ਆਈ ਹੈ। ਪਹਿਲਾਂ ਵੀ ਕਈ ਮੌਕਿਆ 'ਤੇ ਉਹ ਆਪਣਾ ਜੁਝਾਰੂਪਣ ਜ਼ਾਹਿਰ ਕਰ ਚੁੱਕੀ ਹੈ। ਉਸ ਦਾ ਸਪਸ਼ਟ ਆਖਣਾ ਹੈ ਕਿ ਕੋਈ ਉਸ ਦੀ ਬੇਇਜ਼ਤੀ ਕਰ ਕੇ ਫਿਰ ਸੁੱਕਾ ਨਹੀਂ ਜਾ ਸਕਦਾ। ਨੈੱਸ ਵਾਡੀਆ ਨਾਲ ਉਸ ਦੇ ਪ੍ਰੇਮੀ-ਪ੍ਰੇਮਿਕਾ ਵਾਲੇ ਸਬੰਧ ਰਹੇ ਹਨ ਅਤੇ ਦੋਵੇਂ ਆਈ.ਪੀ.ਐਲ. ਦੀ ਕਿੰਗਜ਼ ਇਲੈਵਨ ਪੰਜਾਬ ਟੀਮ ਦੇ ਸਾਂਝੇ ਮਾਲਕ ਵੀ ਹਨ। ਦੋਹਾਂ ਦੇ ਵਿਅਕਤੀਗਤ ਸਬੰਧ ਭਾਵੇਂ ਟੁੱਟ ਗਏ ਸਨ, ਪਰ ਦੋਹਾਂ ਨੇ ਆਪਣੀ ਕਾਰੋਬਾਰੀ ਸਾਂਝ ਬਰਕਰਾਰ ਰੱਖੀ ਹੋਈ ਸੀ। ਹੁਣ ਜਦੋਂ ਨੈੱਸ ਵਾਡੀਆ ਨੇ ਉਸ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪ੍ਰਿਟੀ ਇਕ ਵਾਰ ਫਿਰ ਆਪਣੇ ਅਸਲੀ ਰੰਗ ਵਿਚ ਆ ਗਈ। ਉਸ ਮੁਤਾਬਕ ਕਾਰੋਬਾਰੀ ਸਾਂਝ ਜਾਂ ਵਿਅਕਤੀਗਤ ਸਬੰਧ ਆਪੋ-ਆਪਣੀ ਥਾਂ ਹਨ, ਪਰ ਕੋਈ ਉਸ ਨਾਲ ਇਉਂ ਨਹੀਂ ਕਰ ਸਕਦਾ। ਕੁਝ ਲੋਕਾਂ ਨੇ ਭਾਵੇਂ ਇਸ ਨੂੰ 'ਅਮੀਰਾਂ ਦੀ ਲੜਾਈ' ਕਹਿ ਕੇ ਪਾਸਾ ਬਚਾਉਣ ਦਾ ਯਤਨ ਕੀਤਾ ਹੈ, ਪਰ ਪ੍ਰਿਟੀ ਲਈ ਇਹ ਔਰਤ ਦੀ ਆਜ਼ਾਦੀ ਦਾ ਮਸਲਾ ਹੈ। ਉਸ ਅਨੁਸਾਰ, ਔਰਤ ਜੇ ਆਜ਼ਾਦਾਨਾ ਤੌਰ 'ਤੇ ਕੰਮ ਕਰਦੀ ਹੈ ਤਾਂ ਉਹ ਪੂਰੀ ਤਰ੍ਹਾਂ ਸੁਰਖਿਅਤ ਹੋਣੀ ਚਾਹੀਦੀ ਹੈ। ਕੰਮ ਵਾਲੀਆਂ ਥਾਵਾਂ 'ਤੇ ਮਰਦਾਂ ਦਾ ਹੈਂਕੜ ਵਾਲਾ ਰਵੱਈਆ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਹੋਣਾ ਚਾਹੀਦਾ।



ਪ੍ਰਿਟੀ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਫਿਲਮ 'ਦਿਲ ਸੇ' ਤੋਂ 1998 ਵਿਚ ਕੀਤਾ ਸੀ ਅਤੇ ਹੁਣ ਤੱਕ ਕਈ ਸਫਲ ਫਿਲਮ ਉਹ ਹਿੰਦੀ ਫਿਲਮ ਜਗਤ ਨੂੰ ਦੇ ਚੁੱਕੀ ਹੈ। ਉਸ ਨੇ ਪਰਵਾਸ ਬਾਰੇ ਇਕ ਪੰਜਾਬੀ ਫਿਲਮ 'ਹੈਵਨ ਔਨ ਅਰਥ' ਵੀ ਕੀਤੀ ਸੀ ਜੋ ਮਗਰੋਂ 'ਵਿਦੇਸ਼' ਨਾਂ ਹੇਠ ਹਿੰਦੀ ਵਿਚ ਵੀ ਰਿਲੀਜ਼ ਹੋਈ। ਇਸ ਵਿਚ ਪਰਵਾਸ ਦਾ ਦਰਦ ਸਮੋਇਆ ਪਿਆ ਹੈ। ਉਸ ਮੁਤਾਬਕ ਜਿਸ ਤਰ੍ਹਾਂ ਦਾ ਦਰਦ ਇਸ ਫਿਲਮ ਦੀ ਨਾਇਕਾ ਝੱਲਦੀ ਹੈ, ਉਹ ਹਰ ਕੁੜੀ ਨੂੰ ਝੱਲਣਾ ਪੈਂਦਾ ਹੈ। ਇਸੇ ਕਰ ਕੇ ਉਹ ਇਸ ਦਰਦ ਨੂੰ ਕੱਟਣ ਖਾਤਰ ਹੁਣ ਨੈੱਸ ਵਾਡੀਆ ਨੂੰ ਸਬਕ ਸਿਖਾਉਣ ਦੇ ਰਾਹ ਪੈ ਗਈ ਹੈ।

# ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ

## Begaumpura Cultural and Education Society

6221 16th Street Rio Linda (Sacramento) CA 95673

ਵਲੋਂ

# ਡਾ.ਬੀ.ਆਰ.ਅੰਬੇਡਕਰ ਜੀ

## ਭਾਰਤ ਦੇ ਸੰਵਿਧਾਨ ਨਿਰਮਾਤਾ



Dr. B.R.Ambedkar

ਦਾ ਜਨਮ ਦਿਨ
ਮਿਤੀ 28 ਜੂਨ, 2014
ਦਿਨ ਸ਼ਨੀਵਾਰ ਸ਼ਾਮ 7 ਵਜੇ
ਮਨਾਇਆ ਜਾ ਰਿਹਾ ਹੈ।

**CHIEF GUEST**

## Sh. N. Parthasarathi

(Consulate General India) San Francisco CA

**Celebration**

**Dr. B.R.Ambedkar ji**

Birthday 28 June 2014, Saturday 7pm

*Snakes and food will be Served.*

**ਸਥਾਨ** ਇੰਡੀਆ ਪਲੇਟ ਰੈਸਟੋਰੈਂਟ

3025 west Capital Ave West Sacramento, CA 95691

**MORE INFORMATION CALL**

Jassie Banga (916-796-5003), Joe Chumber (916-439-4043),
Jaswant Sheemar (916-293-6030)

*Support by all Shri Guru Ravidass Sabha Sacramento, Yuba City, Pittsburgh, Bay Area, Selma, Fresno. Satguru Valmik ji Sabha Sacramento, Yuba City, Dr.B.R.Ambedkar Sikhs Foundation USA. Dr.B.R.Ambedkar education society CA , BAMCEF and All Indian Communities.*

HD IP

**Security Solution**

ULTRA High Resolution

Gas stations, Liquor Store, Hotel/Motels, Homes

or

Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr.Sukhpal

1-661-586-5080

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

**Punjab Truck Wash & Repair 2301 Simpson Street, Kingsburg, CA 93631**

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ

ਫੋਨ: 559-897-2323, ਸੈਲ: 209-923-1110